# PUNJAB VIDHAN SABHA

## DEBATES

*Tuesday, the 24th March, 2015*

***Vol. X– No. 7***

OFFICIAL REPORT

CONTENTS




**Punjab Vidhan Sabha Secretariat, Chandigarh**

Price : Rs._________.

ਪੰਜਾਬ ਮੰਤਰੀ ਮੰਡਲ ਦੀ ਸੂਚੀ

## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ,ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |

| | |
|---|---|
| 9) ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ, ਸੈਨਿਕ ਸੇਵਾਵਾਂ ਦੀ ਭਲਾਈ, ਸ਼ਿਕਾਇਤ ਨਿਵਾਰਣ ਅਤੇ ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਐਨ.ਆਰ.ਆਈ. ਮਾਮਲੇ ਮੰਤਰੀ |
| 12) ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਚਾਈ ਮੰਤਰੀ |
| 17) ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 18) ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

-----

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਚੌਧਰੀ ਨੰਦ ਲਾਲ | ਵਣ ਤੇ ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 2) | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 3) | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 4) | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 5) | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 6) | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਸਿੰਚਾਈ |
| 7) | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 8) | ਸ਼੍ਰੀ ਕੇ.ਡੀ.ਭੰਡਾਰੀ | ਸਹਿਕਾਰਤਾ |
| 9) | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 10) | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 11) | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 12) | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ |
| 13) | ਸ਼੍ਰੀ ਐਨ.ਕੇ.ਸ਼ਰਮਾ | ਉਦਯੋਗ ਅਤੇ ਵਣਜ |
| 14) | ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |

| | |
|---|---|
| 15) ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 16) ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 17) ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਐਸ.ਸੀ.,ਬੀ.ਸੀ. ਦੀ ਭਲਾਈ |
| 18) ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਅਤੇ ਕਰ |
| 19) ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |

-----

## PUNJAB VIDHAN SABHA

### Tuesday, the 24th March, 2015

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr Speaker (Doctor Charnjit Singh Atwal) in the Chair.*

---

## OBITUARY REFERENCES

**ਮਾਨਯੋਗ ਸਪੀਕਰ :** ਪਹਿਲਾਂ ਸ਼ਰਧਾਂਜਲੀ ਦਿੱਤੀ ਜਾਵੇਗੀ। ਸਰਦਾਰ ਕਰਮ ਸਿੰਘ ਜਗੀਰਦਾਰ, ਸਾਬਕਾ ਰਾਜ ਮੰਤਰੀ ਜੀ ਸਾਨੂੰ ਮਿਤੀ 23 ਮਾਰਚ, 2015 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1917 ਨੂੰ ਪਿੰਡ ਬੂਲੇਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹ ਸਾਲ 1968-69 ਵਿੱਚ ਸ੍ਰੀ ਹਰਗੋਬਿੰਦਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਐਮ.ਐਲ.ਏ. ਚੁਣੇ ਗਏ ਅਤੇ ਉਸ ਸਮੇਂ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਰਹੇ। ਇਨ੍ਹਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆਂ ਜਾਣ ਵਾਲਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਵਿਛੜੀ ਸ਼ਖਸੀਅਤ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਨੂੰ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀ ਸ਼ਖਸੀਅਤ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਚੜ੍ਹਦੀਕਲਾ ਵਿੱਚ ਰੱਖੇ ਅਤੇ ਭਾਣਾ ਮੰਨਣ ਦਾ ਬਲ ਬਖਸ਼ੇ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਵਿਛੜੀ ਸ਼ਖਸੀਅਤ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਵੇਗਾ। ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਵਿਛੜੀ ਰੂਹ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਲਈ ਖੜ੍ਹੇ ਹੋ ਜਾਣ।

(ਇਸ ਉਪਰੰਤ ਸਮੂਹ ਸਦਨ ਨੇ ਵਿਛੜੀ ਰੂਹ ਦੀ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

-----

## POSTPONED STARRED QUESTIONS AND ANSWERS

**ਮਾਨਯੋਗ ਸਪੀਕਰ :** ਧੰਨਵਾਦ। ਪਹਿਲਾਂ ਮੁਲਤਵੀ ਕੀਤੇ ਗਏ ਪ੍ਰਸ਼ਨ ਲਏ ਜਾਣਗੇ।

### ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵੰਡੀ ਗਈ ਵਜ਼ੀਫੇ ਦੀ ਰਕਮ

***1759. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ ਸਾਲ 2012–13, 2013–14 ਅਤੇ 2014–15 ਦੌਰਾਨ ਸਰਕਾਰ ਦੁਆਰਾ ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਵਜ਼ੀਫਿਆਂ ਦੇ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਾਲ–ਵਾਰ ਕੁੱਲ ਕਿੰਨੀ ਰਾਸ਼ੀ ਵੰਡੀ ਗਈ;

(ਅ) ਉਪਰੋਕਤ ਵਰਣਿਤ ਸਾਲਾਂ ਦੌਰਾਨ ਵੰਡੀ ਗਈ ਰਾਸ਼ੀ ਵਿੱਚ ਕੇਂਦਰ ਅਤੇ ਰਾਜ ਸਰਕਾਰ ਦਾ ਸਾਲ–ਵਾਰ ਹਿੱਸਾ ਕਿੰਨਾ ਕਿੰਨਾ ਸੀ?

**ਸਰਦਾਰ ਗੁਲਜਾਰ ਸਿੰਘ ਰਣੀਕੇ :** (ੳ) ਮੰਗੀ ਗਈ ਸੂਚਨਾ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

(ਅ) ਮੰਗੀ ਗਈ ਸੂਚਨਾ ਅਨੁਲੱਗ 'ਅ' ਤੇ ਰੱਖੀ ਜਾਂਦੀ ਹੈ।

### ਅਨੁਲੱਗ 'ੳ'

**ਸਾਲ 2012–13, 2013–14 ਅਤੇ 2014–15 ਦੌਰਾਨ ਰਾਜ ਸਰਕਾਰ ਦੁਆਰਾ ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਵਜ਼ੀਫਿਆਂ ਦੇ ਤੌਰ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਾਲ–ਵਾਰ ਵੰਡੀ ਗਈ ਰਾਸ਼ੀ ਦਾ ਵੇਰਵਾ:**

**(ਰਾਸ਼ੀ ਕਰੋੜਾਂ ਵਿੱਚ)**

| ਲੜੀ ਨੰ: | ਸਕੀਮ ਦਾ ਨਾਂ | 2012–13 | 2013–14 | 2014–15 |
|---|---|---|---|---|
| **1.** | **ਮੈਟ੍ਰਿਕ ਵਜ਼ੀਫਾ ਸਕੀਮਾਂ** | | | |
| (i) | ਪ੍ਰੀ–ਮੈਟ੍ਰਿਕ ਐਸ.ਸੀ (100% ਕੇਂਦਰੀ ਪ੍ਰਯੋਜਿਤ) | ਨਿਲ | 21.54 | 87.79 |

| | | | | |
|---|---|---|---|---|
| (ii) | Promotion of Education among educationally Backward Classes Scheme (6ਵੀਂ ਤੋਂ 8ਵੀਂ ਜਮਾਤ) (ਰਾਜ ਪੱਧਰੀ) | 11.98 | ਨਿਲ | 8.03 |
| (iii) | ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਲਈ ਹਾਜ਼ਰੀ ਵਜ਼ੀਫਾ (ਰਾਜ ਪੱਧਰੀ) | 6.23 | 9.28 | 5.22 |
| | **ਜੋੜ** | **18.21** | **30.82** | **101.04** |
| **2.** | **ਪੋਸਟ ਮੈਟ੍ਰਿਕ ਵਜ਼ੀਫਾ ਸਕੀਮਾਂ** | | | |
| (i) | ਪੋਸਟ ਮੈਟ੍ਰਿਕ ਐਸ.ਸੀ (100% ਕੇਂਦਰੀ ਪ੍ਰਾਯੋਜਿਤ ਰਾਜ ਸਰਕਾਰ ਦੀ ਕੁਮਿਟਿੱਡ ਲਾਇਬਿਲਟੀ 60.80 ਕਰੋੜ ਰੁਪਏ ਤੋਂ ਉੱਪਰ) | 13.83 | 383.16 | 437.67 |
| (ii) | ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਸਪੈਸ਼ਲ ਗਰਾਂਟ (ਰਾਜ ਪੱਧਰੀ) | ਨਿਲ | ਨਿਲ | 1.15 |
| | **ਜੋੜ** | **13.83** | **383.16** | **438.82** |
| | **ਕੁੱਲ ਜੋੜ** | **32.04** | **413.98** | **539.86** |

**ਅਨੁਲੱਗ 'ਅ'**

ਸਾਲ 2012-13, 2013-14 ਅਤੇ ਸਾਲ 2014-15 ਦੌਰਾਨ ਵੰਡੀ ਗਈ ਰਾਸ਼ੀ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੇ ਹਿੱਸੇ ਦਾ ਸਾਲ-ਵਾਰ ਵੇਰਵਾ:-

[ ਭਲਾਈ ਮੰਤਰੀ ]

**(ਰਕਮ ਕਰੋੜਾਂ ਵਿੱਚ)**

| ਲੜੀ ਨੰ: | ਸਕੀਮ ਦਾ ਨਾਂ | 2012-13 | | 2013-14 | | 2014-15 | |
|---|---|---|---|---|---|---|---|
| | | ਕੇਂਦਰ | ਰਾਜ | ਕੇਂਦਰ | ਰਾਜ | ਕੇਂਦਰ | ਰਾਜ |
| **1.** | **ਮੈਟ੍ਰਿਕ ਵਜ਼ੀਫਾ ਸਕੀਮਾਂ** | | | | | | |
| (i) | ਪ੍ਰੀ-ਮੈਟ੍ਰਿਕ ਐਸ.ਸੀ (100% ਕੇਂਦਰੀ ਪ੍ਰਯੋਜਿਤ) | ਨਿਲ | ਨਿਲ | 21.54 | ਨਿਲ | 87.79 | ਨਿਲ |
| (ii) | ਪਰਮੋਸ਼ਨ ਆਫ ਐਜੂਕੇਸ਼ਨ ਅਮੰਗ ਐਜੂਕੇਸ਼ਨਲੀ ਬੈਕਵਰਡ ਕਲਾਸਿਜ਼ ਸਕੀਮ (6ਵੀਂ ਤੋਂ 8ਵੀਂ ਜਮਾਤ) (ਰਾਜ ਪੱਧਰੀ) | ਨਿਲ | 11.98 | ਨਿਲ | ਨਿਲ | ਨਿਲ | 8.03 |
| (iii) | ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਲਈ ਹਾਜ਼ਰੀ ਵਜ਼ੀਫਾ (ਰਾਜ ਪੱਧਰੀ) | ਨਿਲ | 6.23 | ਨਿਲ | 9.28 | ਨਿਲ | 5.22 |
| | **ਜੋੜ** | -- | **18.21** | **21.54** | **9.28** | **87.79** | **13.25** |
| **2.** | **ਪੋਸਟ ਮੈਟ੍ਰਿਕ ਵਜ਼ੀਫਾ ਸਕੀਮਾਂ** | | | | | | |
| (i) | ਪੋਸਟ ਮੈਟ੍ਰਿਕ ਐਸ.ਸੀ (100% ਕੇਂਦਰੀ ਪ੍ਰਾਯੋਜਿਤ ਰਾਜ ਸਰਕਾਰ ਦੀ ਕੁਮਿਟਿੱਡ ਲਾਇਬਿਲਟੀ 60.80 ਕਰੋੜ ਰੁਪਏ ਤੋਂ ਉੱਪਰ) | 3.99 | 9.84 | 279.77 | 103.39 | 376.87 | 60.80 |
| (ii) | ਪੋਸਟ ਮੈਟ੍ਰਿਕ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਸਪੈਸ਼ਲ ਗਰਾਂਟ (ਰਾਜ ਪੱਧਰੀ) | ਨਿਲ | ਨਿਲ | ਨਿਲ | ਨਿਲ | ਨਿਲ | 1.15 |
| | **ਜੋੜ** | **3.99** | **9.84** | **279.77** | **103.39** | **376.87** | **61.95** |
| | **ਕੁੱਲ ਜੋੜ** | **3.99** | **28.05** | **301.31** | **112.67** | **464.66** | **75.20** |

ਮਾਨਯੋਗ ਸਪੀਕਰ ਸਾਹਿਬ, (ੳ) ਮੈਟ੍ਰਿਕ ਸਕਾਲਰਸ਼ਿਪ ਸਕੀਮਜ਼ ਤਹਿਤ ਸਾਲ 2012-13 ਵਿੱਚ ਰਾਜ ਸਰਕਾਰ ਦਾ ਹਿੱਸਾ 18.21 ਕਰੋੜ ਅਤੇ ਕੇਂਦਰ ਸਰਕਾਰ ਦਾ ਬਕਾਇਆ 21.54 ਲੱਖ ਆਉਣਾ ਸੀ ਪਰ ਉਹ ਨਹੀਂ ਆਇਆ। ਇਹ ਸਾਲ 2013-14 ਵਿੱਚ ਆਇਆ ਹੈ। ਜਿਹੜੇ ਬੈਨੀਫਿਸ਼ਰੀਜ਼ ਹਨ, ਉਹ 3,86,107 ਹਨ। ਸਾਲ 2013-14 ਵਿੱਚ ਰਾਜ ਸਰਕਾਰ ਦਾ ਹਿੱਸਾ 9.28 ਕਰੋੜ ਸੀ ਅਤੇ ਕੇਂਦਰ ਸਰਕਾਰ ਦਾ ਹਿੱਸਾ 21.54 ਕਰੋੜ ਸੀ। ਇਸ ਨਾਲ 2,86,132 ਬੈਨੀਫਿਸ਼ਰੀਜ਼ ਕਵਰ ਹੋਏ ਹਨ। ਸਾਲ 2014-15 ਵਿੱਚ ਰਾਜ ਸਰਕਾਰ ਦਾ ਹਿੱਸਾ 13.25 ਕਰੋੜ ਸੀ ਅਤੇ ਕੇਂਦਰ ਸਰਕਾਰ ਦੇ ਬਕਾਇਆਂ ਨੂੰ ਮਿਲਾ ਕੇ 87.79 ਕਰੋੜ ਰੁਪਿਆ ਬਣਦਾ ਸੀ ਅਤੇ ਇਸ ਦੇ ਨਾਲ 6,54,650 ਬੈਨੀਫਿਸ਼ਰੀਜ਼ ਕਵਰ ਹੋਏ ਹਨ। ਕੁੱਲ ਮਿਲਾ ਕੇ ਰਾਜ ਸਰਕਾਰ ਦਾ 40.74 ਕਰੋੜ ਰੁਪਿਆ ਅਤੇ ਕੇਂਦਰ ਸਰਕਾਰ ਦਾ 109.33 ਕਰੋੜ ਰੁਪਿਆ ਬਣਦਾ ਹੈ। ਕੁੱਲ ਮਿਲਾ ਕੇ ਲਾਭਪਾਤਰੀਆਂ ਦੀ ਗਿਣਤੀ 13,76,879 ਹੈ, ਜਿਹੜੇ ਕਵਰ ਹੋਏ ਹਨ।

(ਅ) ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਜ਼ ਤਹਿਤ ਸਾਲ 2012-13 ਵਿੱਚ ਰਾਜ ਦਾ ਹਿੱਸਾ 9.84 ਕਰੋੜ ਰੁਪਏ ਹੈ ਅਤੇ ਕੇਂਦਰ ਸਰਕਾਰ ਦਾ 3.99 ਕਰੋੜ ਰੁਪਏ ਹੈ। ਇਸ ਨਾਲ 1,59,887 ਬੈਨੀਫਿਸ਼ਰੀਜ਼ ਕਵਰ ਹੋਏ ਹਨ। ਇਸ ਸਕੀਮ ਤਹਿਤ ਸਾਲ 2013-14 ਦੌਰਾਨ ਰਾਜ ਦਾ ਹਿੱਸਾ 103.39 ਕਰੋੜ ਰੁਪਏ ਹੈ ਅਤੇ 279.77 ਕਰੋੜ ਰੁਪਏ ਕੇਂਦਰ ਦਾ ਹਿੱਸਾ ਹੈ ਅਤੇ ਇਸ ਨਾਲ 3,75,580 ਦੇ ਕਰੀਬ ਲਾਭਪਾਤਰੀ ਕਵਰ ਹੋਏ ਹਨ। ਸਾਲ 2014-15 ਦੌਰਾਨ 61.95 ਕਰੋੜ ਰੁਪਏ ਰਾਜ ਸਰਕਾਰ ਦਾ ਹਿੱਸਾ ਹੈ ਅਤੇ ਕੇਂਦਰ ਸਰਕਾਰ ਦਾ ਹਿੱਸਾ 376.87 ਕਰੋੜ ਰੁਪਏ ਹੈ ਅਤੇ ਇਸ ਨਾਲ 4,69,802 ਬੈਨੀਫਿਸ਼ਰੀ ਕਵਰ ਹੋਏ ਹਨ। ਇਸ ਤਰੀਕੇ ਨਾਲ ਰਾਜ ਸਰਕਾਰ ਦਾ 175.18 ਕਰੋੜ ਰੁਪਏ ਬਣ ਜਾਂਦਾ ਹੈ ਅਤੇ ਕੇਂਦਰ ਸਰਕਾਰ ਦਾ 660.63 ਕਰੋੜ ਰੁਪਿਆ ਕੁੱਲ ਬਣ ਜਾਂਦਾ ਹੈ ਜਿਸ ਨਾਲ ਕੁੱਲ 10,05,239 ਬੈਨੀਫਿਸ਼ਰੀ ਕਵਰ ਹੋਏ ਹਨ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਬੱਚਿਆਂ ਦੇ ਵਜ਼ੀਫੇ ਰਹਿ ਗਏ ਹਨ ਅਤੇ ਉਹ ਕਦੋਂ ਤੱਕ ਦੇ ਦਿੱਤੇ ਜਾਣਗੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਰਾਜ ਸਰਕਾਰ ਦਾ ਹੁਣ ਤਕਰੀਬਨ ਸਾਰਾ ਹਿੱਸਾ ਚਲਾ ਗਿਆ ਹੈ। ਕੇਂਦਰ ਸਰਕਾਰ ਦਾ ਹਿੱਸਾ 245 ਕਰੋੜ ਰੁਪਏ ਬਣਦਾ ਹੈ ਜਿਸ ਦੀ ਤਜਵੀਜ਼ ਭੇਜੀ ਹੋਈ ਹੈ, ਉਹ ਆਉਣ ਵਾਲੀ ਹੈ। ਉਹ ਇਸ ਚਾਲੂ ਵਿੱਤੀ ਸਾਲ ਵਿੱਚ ਆਉਣ ਦੀ ਉਮੀਦ ਹੈ। ਜਦੋਂ ਇਹ ਰਾਸ਼ੀ ਆ ਜਾਂਦੀ ਹੈ ਤਾਂ ਇਸ ਨਾਲ ਬਾਕੀ ਰਹਿੰਦੇ ਬੱਚਿਆਂ ਦੇ ਵਜ਼ੀਫੇ ਇਸ ਰਾਸ਼ੀ ਵਿੱਚੋਂ ਦੇ ਦਿੱਤੇ ਜਾਣਗੇ। ਸਾਰੇ ਬੱਚੇ ਪੂਰੇ ਕਰ ਲਵਾਂਗੇ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਇਹ ਨਾ ਹੋਵੇ ਕਿ ਕਿਤੇ ਕੇਂਦਰ ਸਰਕਾਰ ਦਾ ਹਿੱਸਾ ਆ ਗਿਆ ਹੋਵੇ ਅਤੇ ਉਹ ਸੱਜੇ ਖੱਬੇ ਲਗ ਗਿਆ ਹੋਵੇ।

**ਮੰਤਰੀ :** ਮੈਂ ਮੈਂਬਰ ਸਾਹਿਬ ਨੂੰ ਦੱਸ ਰਿਹਾ ਹਾਂ ਕਿ ਰਾਜ ਸਰਕਾਰ ਦਾ ਸਾਰਾ ਹਿੱਸਾ ਇਸ ਵਿੱਤੀ ਸਾਲ ਵਿੱਚ ਪੂਰਾ ਆ ਗਿਆ ਹੈ। 245 ਕਰੋੜ ਰੁਪਏ ਦੀ ਤਜਵੀਜ਼ ਕੇਂਦਰ ਸਰਕਾਰ ਕੋਲ ਗਈ ਹੋਈ ਹੈ ਅਤੇ ਉਨ੍ਹਾਂ ਨੂੰ ਦੋ ਵਾਰ ਚਿੱਠੀਆਂ ਵੀ ਇਸ ਸਬੰਧੀ ਲਿਖੀਆਂ ਹਨ। ਸੀ.ਐਮ ਸਾਹਿਬ ਵੀ ਪਿੱਛੇ ਜਿਹੇ ਗਏ ਸੀ, ਉਹ ਵੀ ਇਸ ਬਾਰੇ ਕਹਿ ਕੇ ਆਏ ਹਨ। ਅਸੀਂ ਉਨ੍ਹਾਂ ਦਾ ਇਸ ਵਾਸਤੇ ਧੰਨਵਾਦ ਕਰਦੇ ਹਾਂ। ਸਾਨੂੰ ਇਨ੍ਹਾਂ ਨਾਲੋਂ ਵੀ ਵੱਧ ਚਿੰਤਾ ਹੈ। ਖਜ਼ਾਨੇ ਵਿੱਚੋਂ ਰਾਜ ਸਰਕਾਰ ਦਾ ਹਿੱਸਾ ਪੂਰਾ ਪੈ ਗਿਆ ਹੈ, ਕੇਂਦਰ ਸਰਕਾਰ ਦਾ ਹਿੱਸਾ ਰਹਿੰਦਾ ਹੈ, ਉਹ ਜਦੋਂ ਵੀ ਆਉਂਦਾ ਹੈ, ਅਸੀਂ ਉਦੋਂ ਹੀ ਪੈਸੇ ਦੇ ਦਿਆਂਗੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੋ ਸਵਾਲ ਹੈ, ਮੈਂ ਸਿਰਫ ਉਸੇ ਤੇ ਸਪਲੀਮੈਂਟਰੀ ਲਗਾ ਰਿਹਾ ਹਾਂ। ਮਾਨਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਸ 2014-15 ਸਾਲ ਦੇ ਦੌਰਾਨ 376.87 ਕਰੋੜ ਰੁਪਏ ਤੁਸੀਂ ਦੇ ਦਿੱਤੇ ਹਨ। ਕੀ ਇਹ ਇਸ ਫਿਗਰ ਤੇ ਸਟੈਂਡ ਕਰਦੇ ਹਨ ਕਿ ਇਹ ਇਸੇ ਸਾਲ ਦੇ ਪੈਸੇ ਦਿੱਤੇ ਹਨ? ਇਹ ਜਿਹੜੇ ਪੈਸੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿਦਿਆਰਥੀਆਂ ਨੂੰ ਦਿੱਤੇ ਹਨ, ਕੀ ਇਹ ਸਾਲ 2014-15 ਦੇ ਹੀ ਦਿੱਤੇ ਹਨ ਜਾਂ ਹੋਰ ਕਿਹੜੇ ਸਾਲ ਦੇ ਦਿੱਤੇ ਹਨ?

**ਮੰਤਰੀ :** ਸਪੀਕਰ ਸਾਹਿਬ, ਸਾਡੀ ਪੰਜ ਸਾਲਾ ਯੋਜਨਾ ਤਹਿਤ 60:80 ਦੀ ਰੇਸ਼ੋ ਹੁੰਦੀ ਹੈ। ਇਸ ਵਿੱਚ ਸਟੇਟ ਸਰਕਾਰ ਦਾ ਹਿੱਸਾ ਵੀ ਹੁੰਦਾ ਹੈ। ਇਹ ਜਿਹੜਾ ਤੁਸੀਂ 376.87 ਕਰੋੜ ਰੁਪਏ ਬਾਰੇ ਪੁੱਛ ਰਹੇ ਹੋ, ਇਸ ਵਿੱਚ ਸਾਲ 2014-15 ਦੇ ਸਾਡੇ ਸਟੇਟ ਗੌਰਮਿੰਟ ਦੇ ਹਿੱਸੇ ਦੇ ਪੈਸੇ ਕਵਰ ਹੋ ਗਏ ਹਨ,

ਇਹ ਕੇਂਦਰ ਸਰਕਾਰ ਦਾ ਹਿੱਸਾ ਆਉਣਾ ਹੈ, ਉਸ ਵਿੱਚੋਂ ਬੱਚਿਆਂ ਦੇ ਵਜ਼ੀਫੇ ਕਵਰ ਕੀਤੇ ਜਾਣਗੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਬੜਾ ਮਹਿਸੂਸ ਕੀਤਾ, ਪਿਛਲੀ ਵਾਰੀ ਤੁਸੀਂ ਮੈਨੂੰ ਵੀ ਤਾੜਿਆ ਸੀ ਕਿ you have to be very precise, ਮੇਰਾ ਸਵਾਲ ਬੜਾ precise ਸੀ ਕਿ ਮੈਂ 376.87 ਕਰੋੜ ਰੁਪਏ ਬਾਰੇ ਕਿਉਂ ਪੁੱਛ ਰਿਹਾ ਹਾਂ, ਹੁਣ ਤਾਂ ਇਜ਼ਾਜ਼ਤ ਦੇ ਦਿਉ, ਕਿਉਂਕਿ ਮੇਰਾ ਖਿਆਲ ਹੈ, I am unable to explain myself. ਸਪੀਕਰ ਸਾਹਿਬ, ਕੇਂਦਰ ਦੇ ਮਾਨਯੋਗ ਮੰਤਰੀ ਸਾਂਪਲਾ ਸਾਹਿਬ ਆਏ ਸੀ, ਮੇਰੇ ਕੋਲ ਉਨ੍ਹਾਂ ਦੀ ਸਟੇਟਮੈਂਟ ਵੀ ਹੈ ਅਤੇ ਗੌਰਮਿੰਟ ਆਫ ਇੰਡੀਆ ਦਾ ਇਹ ਲੈਟਰ ਵੀ ਹੈ ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਇਹ ਜਿਹੜਾ 376.87 ਕਰੋੜ ਰੁਪਿਆ ਰਿਲੀਜ਼ ਹੋਇਆ ਹੈ, ਇਸ ਵਿੱਚੋਂ 149 ਕਰੋੜ ਰੁਪਏ ਸਾਲ 2014-15 ਲਈ ਰਿਲੀਜ਼ ਕੀਤੇ ਗਏ ਹਨ। ਜਿਹੜੇ ਤੁਸੀਂ ਕਹਿ ਰਹੇ ਹੋ ਕਿ 245 ਕਰੋੜ ਤੁਸੀਂ ਮੰਗੇ ਹਨ, ਉਹ ਆਲਰੇਡੀ ਇਸ ਦੇ ਵਿੱਚ ਤੁਹਾਨੂੰ ਰਿਲੀਜ਼ ਹੋ ਚੁੱਕੇ ਹਨ। ਮੇਰਾ ਮੰਤਰੀ ਜੀ ਨੂੰ ਸਿੱਧਾ ਸਵਾਲ ਹੈ ਕਿ ਕੀ ਤੁਸੀਂ ਇਸ ਸਾਲ 150 ਕਰੋੜ ਰੁਪਏ ਦੇ ਕਰੀਬ ਪੈਸੇ ਦਿੱਤੇ ਹਨ ਜਾਂ ਤੁਸੀਂ ਪਿਛਲੇ ਸਾਲ ਦੇ ਪੈਸੇ ਦੇ ਰਹੇ ਹੋ? ਸਪੀਕਰ ਸਾਹਿਬ, ਇੱਕ ਤਾਂ ਮੇਰਾ ਸਵਾਲ ਇਹ ਹੈ ਕਿ ਇੱਕ ਸਾਲ ਦਾ ਉਨ੍ਹਾਂ ਬੱਚਿਆਂ ਦਾ ਪੈਸਾ ਕਿੱਥੇ ਗਿਆ? ਇਸ ਤੋਂ ਇਲਾਵਾ ਮੇਰੇ ਪ੍ਰਸ਼ਨ ਦੀ ਤੁਸੀਂ ਐਕਸਟੈਂਸ਼ਨ ਦਿਵਾਈ ਸੀ ਕਿਉਂਕਿ ਮੈਂ ਸ਼ਡਿਊਲਡ ਕਾਸਟ ਅਤੇ ਮਨਿਆਰਟੀਜ਼ ਦੋਵਾਂ ਕੈਟਾਗਰੀਜ਼ ਲਈ ਪੁੱਛਿਆ ਸੀ ਤੇ ਕਿਹਾ ਸੀ ਕਿ ਮੇਰੇ ਸ਼ਡਿਊਲਡ ਕਾਸਟ ਵਰਗ ਅਤੇ ਮਾਈਨਾਰਟੀਜ਼ ਵਰਗ ਨਾਲ ਸਬੰਧਿਤ ਦੋ ਸਵਾਲ ਹਨ। ਮਾਈਨਾਰਟੀਜ਼ ਵਰਗ ਨਾਲ ਸਬੰਧਿਤ ਪ੍ਰਸ਼ਨ ਤੇ ਤਾਂ ਮੇਰਾ ਤੁਹਾਡੇ ਨਾਲ ਲੜਾਈ ਕਰਨ ਦਾ ਹੱਕ ਬਣਦਾ ਹੈ, ਉਹ ਮੈਂ ਬਾਅਦ ਵਿੱਚ ਕਰਾਂਗਾ। ਪਹਿਲਾਂ ਮੈਂ ਇਹ ਜਵਾਬ ਲੈ ਲਵਾਂ। ਸਪੀਕਰ ਸਾਹਿਬ, ਮੇਰਾ ਇਕ ਸਪੈਸੀਫਾਈਡ ਪ੍ਰਸ਼ਨ ਸੀ ਕਿ ਜਿਹੜੀਆਂ ਇਹ ਰਕਮਾਂ ਕੇਂਦਰ ਸਰਕਾਰ ਤੋਂ ਮਿਲੀਆਂ ਹਨ, ਇਹ ਕਿੰਨੀ ਤਾਰੀਖ ਨੂੰ ਤੁਹਾਡੇ ਫਾਈਨਾਂਸ ਮਹਿਕਮੇ ਨੂੰ ਮਿਲੀਆਂ ਹਨ ਅਤੇ ਕਿੰਨੀ ਤਾਰੀਖ ਨੂੰ ਅੱਗੇ ਸਬੰਧਿਤ ਵਿਭਾਗਾਂ ਕੋਲ ਇਹ ਰਕਮਾਂ ਗਈਆਂ ਹਨ? ਇਸ ਦਾ ਵੇਰਵਾ ਦਿਵਾ ਦਿਉ।

**ਮੰਤਰੀ :** ਮਾਨਯੋਗ ਮੈਂਬਰ ਸਾਹਿਬ ਨੇ ਪ੍ਰਸ਼ਨ ਵਿੱਚ ਸਾਨੂੰ ਤਾਰੀਖਾਂ ਨਹੀਂ ਪੁੱਛੀਆਂ ਸੀ, ਇਨ੍ਹਾਂ ਨੇ ਪੁੱਛਿਆ ਸੀ ਕਿ ਇਸ ਵਿੱਚ ਰਾਜ ਸਰਕਾਰ ਦਾ ਹਿੱਸਾ

[ ਭਲਾਈ ਮੰਤਰੀ ]

ਕਿੰਨਾ ਹੈ ਅਤੇ ਕੇਂਦਰ ਸਰਕਾਰ ਦਾ ਕਿੰਨਾ ਪੈਸਾ ਹੈ। ਇਸ ਦਾ ਜਵਾਬ ਅਸੀਂ ਦੇ ਦਿੱਤਾ ਹੈ। ਇਨ੍ਹਾਂ ਨੇ ਤਾਰੀਖਾਂ ਬਾਰੇ ਸਵਾਲ ਨਹੀਂ ਪੁੱਛਿਆ ਸੀ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਅੱਜ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਦਾ ਸਵਾਲ ਲੱਗਿਆ ਹੈ, ਇਹ ਤੁਹਾਡੇ ਵਾਲਾ ਸਵਾਲ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਸੀਂ ਮੈਨੂੰ ਦੋ ਵਾਰੀ ਵਾਅਦਾ ਕੀਤਾ ਸੀ, ਪਹਿਲਾਂ ਤੁਸੀਂ ਕਿਹਾ ਕਿ ਮੈਂ 24 ਤਾਰੀਖ ਨੂੰ ਤੁਹਾਡਾ ਸਵਾਲ ਲਗਾਵਾਂਗਾ, ਅੱਜ 24 ਤਾਰੀਖ ਆ ਗਈ ਹੈ। ਸੋ, ਸਦਨ ਦਾ ਟਾਈਮ ਵੇਸਟ ਨਾ ਹੋਵੇ, ਕਿਉਂਕਿ ਸਵਾਲ ਦਾ ਜਵਾਬ ਤਾਂ ਇਹੀ ਹੈ। Speaker Sahib, Rupees 376 crore is stated wrongly.

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਤੁਹਾਡਾ ਸਵਾਲ ਕੱਲ੍ਹ ਲੱਗਾ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮਾਈਨਾਰਟੀਜ਼ ਦੇ ਨਾਲ ਮੇਰਾ ਐਸ.ਸੀ/ਬੀ.ਸੀ. ਵਰਗ ਲਈ ਵੀ ਸਵਾਲ ਹੈ।ਮੇਰਾ ਸਵਾਲ ਐਸ.ਸੀ./ਬੀ.ਸੀ. ਐਂਡ ਮਾਈਨਾਰਟੀਜ਼ ਨਾਲ ਕੰਪੋਜ਼ਿਟ ਸੀ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਇੰਨਾ ਲੰਬਾ ਜਵਾਬ ਤਾਂ ਦਿੱਤਾ ਵੀ ਨਹੀਂ ਜਾ ਸਕਦਾ। ਤੁਸੀਂ ਆਪ ਦੇਖੋ ਕਿ ਕੀ ਇੰਨਾ ਲੰਬਾ ਜਵਾਬ ਦਿੱਤਾ ਜਾ ਸਕਦਾ ਹੈ? ਮੰਤਰੀ ਜੀ ਨੇ ਇਨਫਰਮੇਸ਼ਨ ਵੀ ਇਕੱਠੀ ਕਰਨੀ ਹੁੰਦੀ ਹੈ।(ਵਿਘਨ..ਸ਼ੋਰ)

**ਸ਼੍ਰੀ ਸੁਨੀਲ ਜਾਖੜ :** ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** **ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਮੇਰੀ ਆਗਿਆ ਤੋਂ ਬਿਨਾਂ ਜੋ ਕੁਝ ਵੀ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਇਹ ਐਕਸਪੰਜ ਕਰ ਦਿੱਤਾ ਜਾਵੇ।

**ਸ਼੍ਰੀ ਸੁਨੀਲ ਜਾਖੜ :** ** **

**ਮਾਨਯੋਗ ਸਪੀਕਰ :** ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ। ਮੇਰੀ

** **Not recorded/Expunged as ordered by the Chair.

ਆਗਿਆ ਤੋਂ ਬਿਨਾਂ ਜੋ ਕੁਝ ਵੀ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ** **ਇਹ ਅਨਪਾਰਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਮੈਂ ਆਲਰੇਡੀ ਐਕਸਪੰਜ ਕਰਵਾ ਦਿੱਤਾ ਹੈ। ਜਾਖੜ ਸਾਹਿਬ, ਤੁਹਾਡਾ ਕੱਲ੍ਹ ਨੂੰ ਮਾਈਨਾਰਟੀਜ਼ ਪ੍ਰੀ-ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ ਪ੍ਰਸ਼ਨ ਲੱਗਾ ਹੋਇਆ ਹੈ, ਤੁਸੀਂ ਕੱਲ੍ਹ ਬੋਲ ਲੈਣਾ।

**ਸ਼੍ਰੀ ਸੁਨੀਲ ਜਾਖੜ :** ** **

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਰਿਕਾਰਡ ਨਾ ਕੀਤਾ ਜਾਵੇ।

**ਉਪ ਮੁੱਖ ਮੰਤਰੀ :** ** **

**ਸ਼੍ਰੀ ਸੁਨੀਲ ਜਾਖੜ :** ** **

**ਮਾਨਯੋਗ ਸਪੀਕਰ :** ਮੇਰੀ ਆਗਿਆ ਤੋਂ ਬਿਨਾਂ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

**ਉਪ ਮੁੱਖ ਮੰਤਰੀ :** ਜਾਖੜ ਸਾਹਿਬ, ਤੁਸੀਂ ਵਿਰੋਧੀ ਧਿਰ ਦੇ ਨੇਤਾ ਹੋ। ਪ੍ਰਸ਼ਨ ਕਾਲ ਵਿੱਚ ਕਿਵੇਂ ਪ੍ਰਸ਼ਨ ਪੁੱਛੇ ਜਾਂਦੇ ਹਨ, ਤੁਹਾਨੂੰ ਸਾਰਾ ਪਤਾ ਹੈ। ਜਿਹੜਾ ਪ੍ਰਸ਼ਨ ਤੁਸੀਂ ਪੁੱਛਿਆ ਹੈ, He has given a reply. Now you have asked a question about which he has no information at the moment, ਸੋ, ਤੁਸੀਂ ਨਵਾਂ ਪ੍ਰਸ਼ਨ ਦਿਉ, ਅਸੀਂ ਜਵਾਬ ਦੇ ਦਿੰਦੇ ਹਾਂ। ਤੁਸੀਂ ਇੰਝ ਨਾ ਕਰੋ।

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੇਰਾ ਮਨ ਬੜਾ ਕਰਦਾ ਹੈ ਕਿ ਮੈਂ ਡਿਪਟੀ ਸੀ.ਐਮ ਦੀ ਗੱਲ ਮੰਨ ਲਵਾਂ। ਪਿਛਲੀ ਵਾਰ ਵੀ ਇਨ੍ਹਾਂ ਨੇ ਇਹੀ ਕਿਹਾ ਸੀ ਅਤੇ ਮੇਰੇ ਕੋਲ ਦੋ ਸਾਲ ਤੋਂ ਬਾਅਦ ਸਵਾਲ ਦਾ ਜਵਾਬ ਆਇਆ ਸੀ। ਮੈਂ ਸਾਲ 2012 ਵਿੱਚ ਜਵਾਬ ਮੰਗਿਆ ਸੀ ਜਿਸ ਦਾ ਜਵਾਬ ਸਾਲ 2014 ਵਿੱਚ ਆਇਆ।

** **Expunged/Not recorded as ordered by the Chair.

**ਉਪ ਮੁੱਖ ਮੰਤਰੀ :** ਤੁਹਾਡੇ ਕੋਲ ਚਾਹੇ ਦੋ ਸਾਲ ਵਿੱਚ ਜਵਾਬ ਆਇਆ ਪਰ ਆ ਤਾਂ ਗਿਆ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ** ** ਤੁਸੀਂ ਇੱਕ ਮੀਟਿੰਗ ਬੁਲਾਈ ਸੀ (ਵਿਘਨ)

**Mr. Speaker :** That's a separate thing.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, Baba Ambedkar Sahib ਦੇ ਨਾਂ ਨੂੰ ਲੈ ਕੇ ਤੁਸੀਂ ਇੱਕ ਮੀਟਿੰਗ ਬੁਲਾਈ ਸੀ, ਇੱਕ ਉਨ੍ਹਾਂ ਦੀ ਰਾਜਨੀਤੀ ਹੈ ਅਤੇ ਇੱਕ ਇਹ ਰਾਜਨੀਤੀ ਹੈ। You have called all the MLAs, ਉਸ ਵਿੱਚ ਸਾਨੂੰ ਨਹੀਂ ਬੁਲਾਇਆ, ਕਿਉਂ ਨਹੀਂ ਬੁਲਾਇਆ? ਕੀ ਅਸੀਂ ਲੋਕਾਂ ਦੇ ਨੁਮਾਇੰਦੇ ਨਹੀਂ ਹਾਂ? (ਵਿਘਨ) Speaker Sahib, Sorry to say, but you are the custodian of the House. We respect your position. ** **ਪਲੀਜ਼।

**ਮਾਨਯੋਗ ਸਪੀਕਰ :** ਦੇਖੋ ਜੀ, ਮੇਰੀ ਇੱਕ ਬੇਨਤੀ ਸੁਣ ਲਓ। ਉਨ੍ਹਾਂ ਨੇ ਇੱਕ ਪਰਸਨਲ ਗੱਲ ਕੀਤੀ ਹੈ। ਅਸੀਂ ਜਿਹੜਾ ਉਥੇ ਬਾਬਾ ਅੰਬੇਦਕਰ ਸਾਹਿਬ ਦਾ Monument ਬਣਾਉਣ ਨੂੰ ਕਹਿੰਦੇ ਹਾਂ, ਉਸ ਵਿੱਚ ਇਹ ਕਿਹਾ ਸੀ ਕਿ ਜਿਥੇ ਉਨ੍ਹਾਂ ਦੀ ਡੈੱਥ ਹੋਈ ਹੈ, ਜਿਥੇ ਉਨ੍ਹਾਂ ਨੇ Constitution ਲਿਖਿਆ, ਉਥੇ ਇਹ ਬਣੇ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) :** ਸਪੀਕਰ ਸਾਹਿਬ, ਇੱਕ ਮਿੰਟ ਜੀ, ਜਿਹੜੀਆਂ ਇਹ ਡੇਟਸ ਪੁੱਛ ਰਹੇ ਸੀ.........

**ਮਾਨਯੋਗ ਸਪੀਕਰ :** ਮੰਤਰੀ ਸਾਹਿਬ, ਬੈਠ ਜਾਓ। ਮੇਰੀ ਗੱਲ ਪੂਰੀ ਹੋ ਲੈਣ ਦਿੰਦੇ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ :** ਸਪੀਕਰ ਸਾਹਿਬ, ਜਾਖੜ ਸਾਹਿਬ ਜਿਹੜੀਆਂ ਡੇਟਸ ਪੁੱਛ ਰਹੇ ਹਨ, ਅਸੀਂ ਉਨ੍ਹਾਂ ਨੂੰ ਇਹ ਡੇਟਸ ਦਾ ਵੇਰਵਾ ਵੀ ਦੇ ਦਿਆਂਗੇ। (ਵਿਘਨ) ਜੋ ਡਿਟੇਲ ਮੰਗੋਗੇ, ਸਾਰੀ ਦੇ ਦਿਆਂਗੇ। ਇੱਕ ਮਿੰਟ ਸੁਣ ਲਉ ਜੀ। (ਵਿਘਨ)

-----------

**Expunged as ordered by the Chair.

## ਸੜਕਾਂ ਦੀ ਮੁਰੰਮਤ ਕਰਨਾ

*1773. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਫੁਲਾਂਵਾਲ, ਦਾਦ, ਧਾਂਦਰਾ, ਗਿੱਲ, ਨਿਊ ਰਾਜ ਗੁਰੂ ਨਗਰ, ਭਗਤ ਸਿੰਘ ਨਗਰ, ਮਣਕਵਾਲ, ਰਾਂਚੀ ਕਲੋਨੀ, ਬਹਾਦਰਕੇ, ਥਰੀਕੇ ਅਤੇ ਝਾਂਡੇ ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਲਈ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਤੋਤਾ ਸਿੰਘ :** ਪੰਜਾਬ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਵੱਲੋਂ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਅਤੇ ਦੇਖਭਾਲ ਦਾ ਕੰਮ ਕਰਵਾਇਆ ਜਾਂਦਾ ਹੈ। ਜ਼ਿਲ੍ਹਾ ਲੁਧਿਆਣਾ ਵਿੱਚ ਫੁਲਾਂਵਾਲ, ਦਾਦ, ਧਾਂਦਰਾ, ਗਿੱਲ, ਨਿਊ ਰਾਜ ਗੁਰੂ ਨਗਰ, ਭਗਤ ਸਿੰਘ ਨਗਰ, ਮਣਕਵਾਲ, ਰਾਂਚੀ ਕਲੋਨੀ, ਬਹਾਦਰਕੇ, ਥਰੀਕੇ ਅਤੇ ਝਾਂਡੇ ਪਿੰਡਾਂ ਦੀਆਂ ਲਿੰਕ ਸੜਕਾਂ ਜੋ ਕਿ ਮੰਡੀ ਬੋਰਡ ਦੇ ਕਾਰਜ ਖੇਤਰ ਵਿੱਚ ਆਉਂਦੀਆਂ ਹਨ, ਉਨ੍ਹਾਂ ਦੀ ਮੁਰੰਮਤ ਦੀ ਸਮਾਂ-ਸਾਰਣੀ ਬਾਰੇ ਸਰਕਾਰ ਵੱਲੋਂ ਸਾਲ 2015-16 ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਅਤੇ ਦੇਖਭਾਲ ਲਈ ਜੋ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ, ਦੇ ਫਾਈਨਲ ਹੋਣ ਉਪਰੰਤ ਹੀ ਦੱਸਿਆ ਜਾ ਸਕੇਗਾ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਲਿਸਟ ਵਿੱਚ ਹੈ ਨਹੀਂ ਜੀ।

**ਮਾਨਯੋਗ ਸਪੀਕਰ :** ਕੁਝ ਤਿਆਰੀ ਵੀ ਕਰ ਆਇਆ ਕਰੋ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਧੰਨਵਾਦ ਜੀ।

----------

## 66 ਕੇ.ਵੀ. ਗਰਿੱਡ ਸਥਾਪਿਤ ਕਰਨਾ

*1770. **ਸ੍ਰੀ ਪ੍ਰੇਮ ਮਿੱਤਲ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਵੀਂ ਦਾਣਾ ਮੰਡੀ ਮਾਨਸਾ ਦੇ ਨੇੜੇ ਇੱਕ 66 ਕੇ.ਵੀ. ਦਾ ਦੂਜਾ ਸ਼ਹਿਰੀ ਗਰਿੱਡ ਸਥਾਪਿਤ ਕਰਨ ਲਈ ਇਸ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਗਰਿੱਡ ਦੀ ਉਸਾਰੀ ਦਾ ਕੰਮ ਕਦੋਂ ਸ਼ੁਰੂ ਕਰ ਦਿੱਤਾ ਜਾਵੇਗਾ ?

**ਸਰਦਾਰ ਸੁਖਬੀਰ ਸਿੰਘ ਬਾਦਲ :** ਹਾਂ ਜੀ, ਨਵੀਂ ਦਾਣਾ ਮੰਡੀ ਮਾਨਸਾ ਦੇ ਨੇੜੇ ਇੱਕ 66 ਕੇ.ਵੀ ਦਾ ਦੂਜਾ ਸ਼ਹਿਰੀ ਗਰਿੱਡ ਸਥਾਪਿਤ ਕਰਨ ਲਈ ਨੀਂਹ ਪੱਥਰ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵੱਲੋਂ ਮਿਤੀ 03.08.2013 ਨੂੰ ਰੱਖਿਆ ਗਿਆ ਸੀ। ਇਸ ਸਬ-ਸਟੇਸ਼ਨ ਦੀ ਉਸਾਰੀ ਵਾਸਤੇ ਜਗ੍ਹਾ ਤੇ ਕਬਜ਼ਾ ਲੈ ਲਿਆ ਗਿਆ ਹੈ ਅਤੇ ਇਸ ਦੇ ਆਲੇ-ਦੁਆਲੇ ਬਾਊਂਡਰੀ ਵਾਲ ਕਰ ਦਿੱਤੀ ਗਈ ਹੈ। ਉਸਾਰੀ ਦੇ ਕੰਮ ਲਈ ਅਲਾਟਮੈਂਟ ਆਰਡਰ ਜਾਰੀ ਕਰ ਦਿੱਤਾ ਗਿਆ ਹੈ। ਲੋੜੀਂਦੇ ਬਿਜਲੀ ਯੰਤਰ ਸਮੇਤ 20 ਐਮ.ਵੀ.ਏ. 66/11 ਕੇ.ਵੀ. ਪਾਵਰ ਟਰਾਂਸਫਾਰਮਰ ਨਵੇਂ 66 ਕੇ.ਵੀ. ਸਬ-ਸਟੇਸ਼ਨ ਅਨਾਜ ਮੰਡੀ, ਮਾਨਸਾ ਵਾਸਤੇ ਐਲੋਕੇਟ ਕਰ ਦਿੱਤੇ ਗਏ ਹਨ। ਇਸ ਸਬ-ਸਟੇਸ਼ਨ ਦੇ ਮਿਤੀ 30.9.2015 ਤੱਕ ਚਾਲੂ ਕੀਤੇ ਜਾਣ ਦੀ ਉਮੀਦ ਹੈ।

ਸਪੀਕਰ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ ਕਿ ਮੇਰੇ ਸਟਾਫ ਨੇ ਪੁਰਾਣੇ ਨਾਂ ਦੇ ਅੱਜ ਦੇ ਕੁਐਸਚਨ ਦਿੱਤੇ ਹਨ, I did not have any knowledge because I have just come from Delhi. ਮੇਰੇ ਕੋਲ ਕੁਐਸਚਨ ਨੰਬਰ 1815 ਤੋਂ ਸ਼ੁਰੂ ਹੁੰਦੇ ਪ੍ਰਸ਼ਨਾਂ ਦੀ ਲਿਸਟ ਆਈ ਹੈ। ਤੁਸੀਂ ਸ਼ਾਇਦ previous questions ਬਾਰੇ ਪੁੱਛਿਆ ਹੈ।

**ਮਾਨਯੋਗ ਸਪੀਕਰ :** ਜੋ ਕੁਐਸਚਨ ਪੋਸਟਪੋਨ ਹੋਏ ਹਨ, ਉਨ੍ਹਾਂ ਨੂੰ ਪਹਿਲਾਂ ਲਿਆ ਗਿਆ ਹੈ।

**ਉਪ ਮੁੱਖ ਮੰਤਰੀ :** ਖੈਰ, ਹੁਣ ਮੇਰੇ ਕੋਲ ਜਵਾਬ ਆ ਗਿਆ ਹੈ। ਮੈਂ ਪੜ੍ਹ ਦਿੰਦਾ ਹਾਂ।

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਸਵਾਲ ਨੰਬਰ 1871 ਵੀ ਤੁਹਾਡਾ ਹੈ।

**ਸ਼੍ਰੀ ਪ੍ਰੇਮ ਮਿੱਤਲ :** ਮੈਂ ਸਾਡੇ ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਦਿਨ ਉਨ੍ਹਾਂ ਨੇ ਦੋ ਨੀਂਹ ਪੱਥਰ ਰੱਖੇ ਸਨ, ਇੱਕ ਪਿੰਡ ਦਲੇਰ ਸਿੰਘ ਵਾਲਾ ਅਤੇ ਇੱਕ ਮਾਨਸਾ ਵਿਖੇ। ਪਿੰਡ ਦਲੇਰ ਸਿੰਘ ਵਾਲਾ ਦਾ ਗਰਿੱਡ ਤਕਰੀਬਨ ਇੱਕ ਸਾਲ ਪਹਿਲਾਂ ਚਾਲੂ ਹੋ ਚੁੱਕਾ ਹੈ। ਮੈਂ ਉਸ ਲਈ ਬਹੁਤ ਧੰਨਵਾਦ ਕਰਦਾ ਹਾਂ। ਇਸ ਤੋਂ ਪਹਿਲਾਂ ਸਾਲ 2012 ਵਿੱਚ ਹੀਰੋ ਕਲਾਂ ਇੱਕ ਗਰਿੱਡ ਦਾ ਨੀਂਹ ਪੱਥਰ ਰੱਖਿਆ ਸੀ, ਉਹ ਵੀ

ਚਾਲੂ ਹੋ ਗਿਆ ਹੈ। ਉਸ ਲਈ ਵੀ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਇਸ ਗਰਿੱਡ ਦੇ ਚਾਲੂ ਹੋਣ ਲਈ 30.09.2015 ਤਾਰੀਖ ਦਿੱਤੀ ਹੈ, ਇਹ ਉਦੋਂ ਤੱਕ ਚਾਲੂ ਹੋ ਜਾਵੇਗਾ। ਮਾਨਸਾ ਸ਼ਹਿਰ ਦੇ ਇਸ ਪਾਸੇ ਇੱਕ ਹੀ ਗਰਿੱਡ ਹੈ। ਪੁਰਾਣੇ ਸ਼ਹਿਰ ਵਾਸਤੇ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਬੇਨਤੀ ਹੈ ਕਿ ਇਸ ਨੂੰ 30 ਸਤੰਬਰ, 2015 ਤੱਕ ਕੰਪਲੀਟ ਕਰਵਾ ਦੇਣ। ਮੈਂ ਇਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਮੇਰੇ ਏਰੀਏ ਵਿੱਚ ਇਨ੍ਹਾਂ ਨੇ ਤਿੰਨ ਗਰਿੱਡ ਦਿੱਤੇ ਹਨ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1762 **

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਰ, ਇਹ ਡਿਪਟੀ ਸੀ.ਐਮ. ਸਾਹਿਬ ਕੋਲ ਹੈ।

**ਮਾਨਯੋਗ ਸਪੀਕਰ :** ਰਿਪਲਾਈ ਤਾਂ ਤੁਹਾਡੇ ਵੱਲੋਂ ਆਇਆ ਹੈ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਮੈਂ ਇੱਕ ਗੱਲ ਅਪਾਲੋਜ਼ਾਈਜ਼ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਕੁਐਸਚਨ ਮੈਨੂੰ ਮੇਰੇ ਸਟਾਫ ਨੇ ਨਹੀਂ ਦਿੱਤੇ ਅਤੇ ਮੈਨੂੰ ਸ਼ਿਰਫ ਅੱਜ ਦੀ ਕੁਐਸਚਨ ਲਿਸਟ ਦਿੱਤੀ ਹੈ।

**ਮਾਨਯੋਗ ਸਪੀਕਰ :** ਤੁਸੀਂ ਆਪ ਹੀ ਕਿਹਾ ਸੀ ਕਿ ਮੰਗਲਵਾਰ ਨੂੰ ਲਗਾ ਦਿਉ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਜੇ ਕੱਲ੍ਹ ਨੂੰ ਲਗਾ ਦਿਉ ਤਾਂ ਮੈਂ ਸਾਰੇ ਜਵਾਬ ਦੇ ਦੇਵਾਂਗਾ।

**ਮਾਨਯੋਗ ਸਪੀਕਰ :** ਠੀਕ ਹੈ, ਇਹ ਸਵਾਲ ਕੱਲ੍ਹ ਮਿਤੀ 25.3.2015 ਤੱਕ ਲਈ ਪੋਸਟਪੋਨ ਕੀਤਾ ਜਾਂਦਾ ਹੈ। (ਵਿਘਨ) ਇਸ ਵਿੱਚ ਤਾਂ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਕੱਲ੍ਹ ਜ਼ਰੂਰ ਕਰਵਾ ਦਿਉ।

---

**For Starred Question No. 1762 and reply thereto, please see Debates dated 25.3.2015

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1871**

**ਮਾਨਯੋਗ ਸਪੀਕਰ :** ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1871 ਵੀ ਕੱਲ੍ਹ ਮਿਤੀ 25.3.2015 ਤੱਕ ਪੋਸਟਪੋਨ ਕੀਤਾ ਜਾਂਦਾ ਹੈ।

---

## ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣਾ

***1861. ਸ਼੍ਰੀ ਸੁਨੀਲ ਜਾਖੜ :** ਕੀ ਕਿਰਤ ਅਤੇ ਰੁਜ਼ਗਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2013-14 ਅਤੇ 2014-15 ਦੌਰਾਨ ਸਰਕਾਰ ਨੇ ਕਿੰਨੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ;

(ਅ) ਇਸ ਸਮੇਂ ਸਰਕਾਰੀ ਰਿਕਾਰਡ ਮੁਤਾਬਿਕ ਕਿੰਨੇ ਬੇਰੁਜ਼ਗਾਰ ਹਨ?

**ਸਰਦਾਰ ਅਜੀਤ ਸਿੰਘ ਕੋਹਾੜ :** ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਉਨ੍ਹਾਂ ਅਧੀਨ ਕੰਮ ਕਰਦੇ ਅਦਾਰਿਆਂ ਵੱਲੋਂ ਸਾਲ 2013-14 ਦੌਰਾਨ 12309 ਅਤੇ ਸਾਲ 2014-15 ਦੌਰਾਨ 23829 ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਕੁੱਲ 36138 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ।

(ਅ) ਰੁਜ਼ਗਾਰ ਜੈਨਰੇਸ਼ਨ ਐਂਡ ਟ੍ਰੇਨਿੰਗ ਵਿਭਾਗ ਪੰਜਾਬ ਦੇ ਰੁਜ਼ਗਾਰ ਦਫਤਰਾਂ ਪਾਸ ਦਰਜ ਬੇਰੁਜ਼ਗਾਰਾਂ ਦੇ ਰਿਕਾਰਡ ਅਨੁਸਾਰ ਮਹੀਨਾ ਜਨਵਰੀ, 2015 ਤੱਕ 365771 ਬੇਰੁਜ਼ਗਾਰ ਦਰਜ ਹਨ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਵਿੱਚ ਜਿਹੜੇ ਲਗਭਗ 36 ਹਜ਼ਾਰ ਬੱਚਿਆਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ, ਉਨ੍ਹਾਂ ਵਿੱਚੋਂ ਕਿੰਨੇ ਬੱਚੇ ਇੰਪਲਾਇਮੈਂਟ ਐਕਸਚੇਂਜ ਵਿੱਚ ਰਜਿਸਟਰਡ ਸਨ?

**ਮਾਨਯੋਗ ਸਪੀਕਰ :** ਮੰਤਰੀ ਸਾਹਿਬ, ਇਨ੍ਹਾਂ ਵਿੱਚੋਂ ਇੰਪਲਾਇਮੈਂਟ ਐਕਸਚੇਂਜ ਵਿੱਚ ਬੇਰੁਜ਼ਗਾਰ ਕਿੰਨੇ ਰਜਿਸਟਰਡ ਸਨ, ਕੀ ਤੁਹਾਡੇ ਕੋਲ ਕੋਈ ਰਿਕਾਰਡ ਹੈ?

---

**For Starred Question No. 1871 and reply thereto, please see Debates dated 25.3.2015.

**ਮੰਤਰੀ :** ਸ਼੍ਰੀਮਾਨ ਜੀ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਅਧੀਨ ਕੰਮ ਕਰਦੇ ੪੪ ਵਿਭਾਗਾਂ ਅਤੇ ਉਨ੍ਹਾਂ ਅਧੀਨ ਕੰਮ ਕਰਦੇ ਬੋਰਡ ਤੇ ਕਾਰਪੋਰੇਸ਼ਨਾਂ ਆਦਿ ਵੱਲੋਂ ਵੱਖ-ਵੱਖ ਆਸਾਮੀਆਂ ਅਤੇ ਸ਼੍ਰੇਣੀਆਂ ਵਿੱਚ ਸਾਲ 2013-14 ਦੌਰਾਨ 8622 ਅਤੇ 2014-15 ਦੌਰਾਨ 20459 ਭਾਵ ਕੁੱਲ 29,081 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਸੀ। ਰੁਜ਼ਗਾਰ ਜਨਰੇਸ਼ਨ ਤੇ ਟ੍ਰੇਨਿੰਗ ਵਿਭਾਗ ਵੱਲੋਂ ਰੁਜ਼ਗਾਰ ਦਫ਼ਤਰਾਂ ਰਾਹੀਂ ਸਾਲ 2013-14 ਦੌਰਾਨ 3687 ਅਤੇ ਸਾਲ 2014-15 ਦੌਰਾਨ 3370 ਭਾਵ ਕੁੱਲ 7057 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਰੁਜ਼ਗਾਰ ਜਨਰੇਸ਼ਨ ਐਂਡ ਟਰੇਨਿੰਗ ਵਿਭਾਗ, ਪੰਜਾਬ ਦੇ ਰੁਜ਼ਗਾਰ ਦਫ਼ਤਰਾਂ ਪਾਸ ਵੱਖ-ਵੱਖ ਸ਼੍ਰੇਣੀਆਂ ਤੇ ਵਿੱਦਿਅਕ ਯੋਗਤਾਵਾਂ ਦੇ ਬੇਰੁਜ਼ਗਾਰ ਦਰਜ ਉਮੀਦਵਾਰਾਂ ਦੀ ਜ਼ਿਲ੍ਹਾ ਵਾਰ ਗਿਣਤੀ ਮਹੀਨਾ ਜਨਵਰੀ, 2015 ਤੱਕ 3,65,771 ਹੈ।

**ਸ੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਜਨਵਰੀ, 2015 ਤੱਕ ਰੁਜ਼ਗਾਰ ਦਫ਼ਤਰਾਂ ਪਾਸ 365771 ਦੇ ਕਰੀਬ ਬੱਚੇ ਰਜਿਸਟਰਡ ਹਨ। ਇਨ੍ਹਾਂ ਦੇ ਮੁਤਾਬਿਕ 7 ਹਜ਼ਾਰ ਦੇ ਕਰੀਬ ਬੰਦਿਆਂ ਨੂੰ ਰੁਜ਼ਗਾਰ ਦਿੱਤਾ ਹੈ। ਮੇਰੀ ਸਪਲੀਮੈਂਟਰੀ ਬੜੀ ਸਪੈਸੀਫਿਕ ਹੈ ਕਿ ਉਨ੍ਹਾਂ ਲੋਕਾਂ ਨੂੰ ਮੈਂ ਇੱਕ ਹਜ਼ਾਰ ਰੁਪਿਆ ਮਹੀਨਾ ਦੇਣ ਦੀ ਗੱਲ ਨਹੀਂ ਕਰ ਰਿਹਾ ਤਾਂ ਕਿ ਡਿਪਟੀ ਸੀ.ਐਮ. ਸਾਹਿਬ ਕਿਤੇ ਇਹ ਨਾ ਸਮਝ ਜਾਣ ਕਿ ਮੈਂ ਉਨ੍ਹਾਂ ਦੀ ਗੱਲ ਕਰ ਰਿਹਾ ਹਾਂ। ਮੈਂ ਤਾਂ ਪੁੱਛਣਾ ਚਾਹੁੰਦਾ ਹਾਂ ਕਿ ਬੇਰੁਜ਼ਗਾਰੀ ਭੱਤਾ ਕਿੰਨੇ ਬੰਦਿਆਂ ਨੂੰ ਦੇ ਰਹੇ ਹੋ ਜਿਹੜਾ ਕਿ ਉਨ੍ਹਾਂ ਦਾ ਹੱਕ ਬਣਦਾ ਹੈ? ..(ਵਿਘਨ) ਜਿਹੜੇ ਇੰਪਲਾਇਮੈਂਟ ਐਕਸਚੇਂਜਾਂ ਵਿੱਚ ਬੰਦੇ ਰਜਿਸਟਰਡ ਹਨ, ਉਨ੍ਹਾਂ ਵਿੱਚੋਂ ਕਿੰਨੇ ਬੱਚਿਆਂ ਨੂੰ ਅਨਇੰਪਲਾਇਮੈਂਟ ਅਲਾਊਂਸ ਮਿਲ ਰਿਹਾ ਹੈ ਅਤੇ ਕਿੰਨਾ ਕਿੰਨਾ ਮਿਲ ਰਿਹਾ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਪਹਿਲਾਂ ਆਪਣਾ ਸਵਾਲ ਪੜ੍ਹ ਲੈਣ।

**ਮਾਨਯੋਗ ਸਪੀਕਰ:** ਇਹ ਤੁਹਾਡੇ ਸਵਾਲ ਵਿੱਚ ਪੁੱਛਿਆ ਹੀ ਨਹੀਂ ਗਿਆ।

**ਮੰਤਰੀ :** ਤੁਹਾਡਾ ਇਹ ਸਵਾਲ ਹੀ ਨਹੀਂ ਹੈ। ਤੁਸੀਂ ਇੰਨੇ ਸੀਨੀਅਰ

[ ਕਿਰਤ ਅਤੇ ਰੁਜ਼ਗਾਰ ਮੰਤਰੀ ]

ਲੀਡਰ ਹੋ। ਸਰਦਾਰ ਲਾਲ ਸਿੰਘ ਜੀ ਇਨ੍ਹਾਂ ਨੂੰ ਸਮਝਾਉ। (ਵਿਘਨ) ਮੇਰੇ ਚੈਂਬਰ ਵਿੱਚ ਆ ਜਾਣਾ, ਜੋ ਤੁਸੀਂ ਸਵਾਲ ਕੀਤਾ ਸੀ, ਉਸ ਦਾ ਤੁਹਾਨੂੰ to the point ਜਵਾਬ ਮਿਲ ਗਿਆ ਹੈ। ਸਿਆਸੀ ਗੱਲਾਂ ਕਿਸੇ ਹੋਰ ਨਾਲ ਕਰ ਲਉ। ਮੇਰੇ ਨਾਲ ਕਿਉਂ ਕਰਦੇ ਹੋ?

**ਸ਼੍ਰੀ ਸੁਨੀਲ ਜਾਖੜ :** ਸਿਆਸੀ ਗੱਲਾਂ ਤਾਂ ਮੈਂ ਇਨ੍ਹਾਂ (ਡਿਪਟੀ ਸੀ.ਐਮ. ਵੱਲ ਇਸ਼ਾਰਾ) ਨਾਲ ਕਰਾਂਗਾ। ਤੁਹਾਡੇ ਨਾਲ ਕਿਉਂ ਕਰਾਂਗਾ? ** **ਤੁਹਾਨੂੰ ਤਾਂ ਇਨ੍ਹਾਂ ਨੇ ** ** ਰੱਖਿਆ ਹੈ। ਮੇਰਾ ਮਸਲਾ ਤਾਂ ਡਿਪਟੀ ਸੀ.ਐਮ. ਸਾਹਿਬ ਨਾਲ ਆਉਣਾ ਹੈ।

**Mr. Speaker :** Jakhar ji, please address the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, I have the answer. ਮੰਤਰੀ ਜੀ ਕੋਲ ਭਾਵੇਂ ਜਵਾਬ ਨਹੀਂ ਹੈ। ਮੈਂ ਤੁਹਾਨੂੰ ਦੱਸਦਾ ਹਾਂ।

**ਮਾਨਯੋਗ ਸਪੀਕਰ :** ਮੈਨੂੰ ਦੱਸਣ ਦੀ ਲੋੜ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, according to the rules ਜਿਹੜੇ ਬੱਚੇ (ਵਿਘਨ) ਸ਼੍ਰੀ ਰਾਕੇਸ਼ ਪਾਂਡੇ ਜੀ, ਇੱਕ ਮਿੰਟ ਬੈਠੋ, ਬੜਾ ਸੀਰੀਅਸ ਮਸਲਾ ਹੈ, ਬੱਚਿਆਂ ਦੇ ਬੇਰੁਜ਼ਗਾਰੀ ਭੱਤੇ ਦਾ ਮਸਲਾ ਹੈ। ਸਪੀਕਰ ਸਾਹਿਬ, they are not going by their promises according to the existing rules. ਜਿਹੜੇ ਬੱਚੇ 3 ਸਾਲ ਤੱਕ ਰਜਿਸਟਰਡ ਰਹਿੰਦੇ ਹਨ, ਉਨ੍ਹਾਂ ਵਿੱਚੋਂ ਮੈਟ੍ਰਿਕ ਪਾਸ ਨੂੰ 150/- ਰੁਪਏ ਪ੍ਰਤੀ ਮਹੀਨਾ ਅਤੇ ਪੋਸਟ ਮੈਟ੍ਰਿਕ/ਗਰੈਜੂਏਟ/ਪੋਸਟ ਗਰੈਜੂਏਟ ਨੂੰ 200/- ਰੁਪਿਆ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਮਿਲਦਾ ਹੈ। ਸਪੀਕਰ ਸਾਹਿਬ, ਇਹ ਕਿੰਨੇ ਬੱਚਿਆਂ ਨੂੰ ਬੇਰੁਜ਼ਗਾਰੀ ਭੱਤਾ ਦੇ ਰਹੇ ਹਨ? ਸਾਲ 2013-14 ਵਿੱਚ ਕੇਵਲ 309 ਬੱਚਿਆਂ ਨੂੰ ਅਤੇ ਸਾਲ 2014-15 (14 ਦਸੰਬਰ ਤੱਕ) 352 ਬੱਚਿਆਂ ਨੂੰ ਇਹ ਭੱਤਾ ਦੇ ਰਹੇ ਹਨ ਜਦਕਿ ਇਨ੍ਹਾਂ ਕੋਲ ਰਜਿਸਟਰਡ ਬੱਚੇ ਸਾਢੇ ਤਿੰਨ ਲੱਖ ਦੇ ਕਰੀਬ ਹਨ। ਉਨ੍ਹਾਂ ਵਿੱਚੋਂ ਕੇਵਲ 352 ਬੱਚਿਆਂ ਨੂੰ ਭੱਤਾ ਦੇ ਰਹੇ ਹਨ। ਡਿਪਟੀ ਸੀ.ਐਮ. ਸਾਹਿਬ, ਤੁਹਾਨੂੰ ਇਹ ਤਾਂ ਯਾਦ ਹੋਣਾ ਹੈ। (ਮੈਨੀਫੈਸਟੋ ਵਿਖਾਉਂਦੇ ਹੋਏ)

**ਉਪ ਮੁੱਖ ਮੰਤਰੀ :** ਪੂਰਾ ਯਾਦ ਹੈ।

---

** **Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਇਹ ਇਨ੍ਹਾਂ ਦਾ ਚੋਣ ਮੈਨੀਫੈਸਟੋ ਹੈ। ਇਸ ਵਿੱਚ ਲਿਖਿਆ ਹੈ ਕਿ 10 ਲੱਖ ਨਵੀਆਂ ਨੌਕਰੀਆਂ ਮੁਹੱਈਆ ਹੋਣਗੀਆਂ। ਸਪੀਕਰ ਸਾਹਿਬ, ਪੰਜ ਸਾਲਾਂ ਵਿੱਚ 2 ਲੱਖ ਬੱਚਿਆਂ ਦੀ ਔਸਤ ਬਣਦੀ ਹੈ।

**ਮੰਤਰੀ :** ਸਵਾਲ ਤਾਂ ਮੇਰਾ ਹੈ, ਤੁਸੀਂ ਡਿਪਟੀ ਮੁੱਖ ਮੰਤਰੀ ਜੀ ਨੂੰ ਪੁੱਛ ਰਹੇ ਹੋ?

**ਸ਼੍ਰੀ ਸੁਨੀਲ ਜਾਖੜ :** ਤੁਸੀਂ ਤਾਂ ਕਹਿ ਰਹੇ ਹੋ ਕਿ ਮੇਰੇ ਨਾਲ ਕਿਉਂ ਰਾਜਨੀਤੀ ਕਰ ਰਹੇ ਹੋ? ਫਿਰ ਮੈਂ ਇਨ੍ਹਾਂ ਨਾਲ ਕਰਾਂਗਾ।

**ਮੰਤਰੀ :** ਮੇਰਾ ਸਵਾਲ ਮੁੱਕ ਗਿਆ ਹੈ।

**ਸ਼੍ਰੀ ਸੁਨੀਲ ਜਾਖੜ :** ਮੁੱਕ ਗਿਆ ਹੈ ਤਾਂ ਬੈਠ ਜਾਉ। ** ** ਸਪੀਕਰ ਸਾਹਿਬ, ਕੱਲ੍ਹ ਪਵਿੱਤਰ ਧਰਤੀ ਤੇ ਖੜ੍ਹ ਕੇ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਸਵਾ ਲੱਖ ਬੱਚਿਆਂ ਨੂੰ ਨੌਕਰੀ ਦਿੱਤੀ ਹੈ। ਅੱਠ ਸਾਲਾਂ ਵਿੱਚ ਅਸੀਂ 10 ਲੱਖ ਬੱਚਿਆਂ ਨੂੰ ਰੁਜ਼ਗਾਰ ਦੇਣ ਦਾ ਪ੍ਰਾਮਿਸ ਕੀਤਾ ਹੈ। ਕੀ ਮੈਂ ਚੁੱਪ ਕਰ ਜਾਵਾਂ?

**ਮਾਨਯੋਗ ਸਪੀਕਰ :** ਅਜੇ ਟਾਈਮ ਬਾਕੀ ਹੈ, ਅਜੇ ਟਾਈਮ ਬਾਕੀ ਪਿਆ ਹੈ।

**ਉਪ ਮੁੱਖ ਮੰਤਰੀ :** ਜਾਖੜ ਸਾਹਿਬ, ਤੁਸੀਂ ਇਹ ਮੈਨੀਫੈਸਟੋ ਬੜਾ ਸੰਭਾਲ ਕੇ ਰੱਖਿਆ ਹੋਇਆ ਹੈ। (ਵਿਘਨ)

**ਸ਼੍ਰੀ ਸੁਨੀਲ ਜਾਖੜ :** ਕੀ ਸੁੱਟ ਦਿਆਂ ਇਸ ਨੂੰ ?

**ਉਪ ਮੁੱਖ ਮੰਤਰੀ :** ਨਹੀਂ, ਨਹੀਂ। ਜਾਖੜ ਸਾਹਿਬ, ਤੁਸੀਂ ਮੈਨੀਫੈਸਟੋ ਦੀ ਇਕ ਲਾਈਨ ਪੜ੍ਹਦੇ ਹੋ, ਅੱਧੀ ਛੱਡ ਦਿੰਦੇ ਹੋ। ਜਿਹੜੀ ਲਾਈਨ ਚੰਗੀ ਲੱਗਦੀ ਹੈ, ਉਨਾ ਹੀ ਪੋਰਸ਼ਨ ਪੜ੍ਹਦੇ ਹੋ। ਅਸੀਂ ਪਹਿਲਾਂ ਵੀ ਤੁਹਾਨੂੰ ਇੱਕ ਗੱਲ ਕਹੀ ਸੀ।। ਜਿਹੜਾ ਅਸੀਂ 1000 ਰੁਪਿਆ ਅਨਇੰਪਲਾਇਮੈਂਟ ਅਲਾਊਂਸ ਕਿਹਾ ਸੀ, ਅਸੀਂ ਇੰਪਲਾਏਬਲ ਅਲਾਊਂਸ ਕਿਹਾ ਸੀ ਕਿ ਜੇਕਰ ਕਿਸੇ ਨੇ ਪਲੰਬਰ ਦੀ ਟ੍ਰੇਨਿੰਗ ਕਿਸੇ ਇੰਸਟੀਚਿਊਟ ਵਿੱਚ ਲੈਣੀ ਹੈ ਤਾਂ ਐਡਮਿਸ਼ਨ ਲੈਣ ਤੇ ਉਸ ਨੂੰ ਹਜ਼ਾਰ ਰੁਪਿਆ ਅਲਾਊਂਸ ਦਿੱਤਾ ਜਾਵੇਗਾ। This is what it is. ਦੂਸਰਾ ਜਿਹੜਾ ਤੁਸੀਂ 10 ਲੱਖ ਨੌਕਰੀ ਦਾ ਕਿਹਾ ਹੈ, ਅਸੀਂ ਇਹ ਨਹੀਂ ਕਿਹਾ ਕਿ ਸਰਕਾਰੀ ਨੌਕਰੀਆਂ ਦੇਣੀਆਂ ਹਨ।

** **Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰਾ ਸਵਾਲ ਸਰਕਾਰੀ ਨੌਕਰੀ ਦਾ ਨਹੀਂ ਹੈ। ਕੋਹਾੜ ਸਾਹਿਬ, ਤੁਸੀਂ ਵੀ ਪੜ੍ਹ ਕੇ ਵੇਖੋ, ਮੈਂ ਪੁੱਛਿਆ ਹੈ ਕਿ ਸਰਕਾਰ ਨੇ ਕਿੰਨੇ ਬੱਚਿਆਂ ਨੂੰ ਨੌਕਰੀ ਮੁਹੱਈਆ ਕਰਵਾਈ ਹੈ?

**ਮੰਤਰੀ :** ਉਹ ਤਾਂ ਮੈਨੂੰ ਪੁੱਛੋ। ਉਹ ਰਿਕਾਰਡ ਮੇਰੇ ਕੋਲ ਹੈ।

**ਸ਼੍ਰੀ ਸੁਨੀਲ ਜਾਖੜ :** ਕੀ ਤੁਸੀਂ ਦੋ ਲੱਖ ਬੱਚਿਆਂ ਨੂੰ ਨੌਕਰੀ ਲਗਾਉਣ ਦਾ ਪ੍ਰਾਮਿਸ ਨਹੀਂ ਕੀਤਾ ? ਡਿਪਟੀ ਸੀ. ਐਮ. ਸਾਹਿਬ ਅਕਾਲੀ ਦਲ ਦੇ ਪ੍ਰਧਾਨ ਹਨ । (ਵਿਘਨ) (ਸ਼ੋਰ)

**Mr. Speaker :** Silence please.

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਚੌਧਰੀ ਸਾਹਿਬ ਅੱਗੇ ਗੁਜਾਰਿਸ਼ ਹੈ । ਜਿੰਨੇ ਵੀ ਸਵਾਲ ਹੁੰਦੇ ਹਨ, ਇਹ ਹਰ ਸਵਾਲ ਨੂੰ ਜ਼ੀਰੋ ਆਵਰ ਬਣਾ ਲੈਂਦੇ ਹਨ । ਹੁਣ ਸਵਾਲ ਕੀਤਾ, ਕੋਹਾੜ ਸਾਹਿਬ ਨੇ ਜਵਾਬ ਦੇ ਦਿੱਤਾ। ਹੁਣ ਇਹ ਮੈਨੀਫੈਸਟੋ ਡਿਸਕਸ ਕਰਨ ਲੱਗ ਪਏ ਹਨ । ਤੁਹਾਡੇ ਕੋਲ ਪਹਿਲਾਂ ਗਵਰਨਰ ਐਡਰੈਸ ਤੇ ਟਾਈਮ ਸੀ, ਹੁਣ ਬਜਟ ਤੇ ਹੈ । ਤੁਸੀਂ ਉਥੇ ਮੈਨੀਫੈਸਟੋ ਸਮੇਤ ਜੋ ਮਰਜ਼ੀ ਕਹਿ ਲੈਣਾ । ਜੇ ਤਾਂ ਉਨ੍ਹਾਂ ਨੇ ਸਵਾਲ ਦਾ ਕੋਈ ਜਵਾਬ ਨਾ ਦਿੱਤਾ ਹੋਵੇ ਤਾਂ ਫਿਰ ਹੋਰ ਗੱਲ ਹੈ ਪਰ ਉਨ੍ਹਾਂ ਨੇ ਤਾਂ ਸਾਰਾ ਜਵਾਬ ਦੇ ਦਿੱਤਾ ਹੈ । ਹੁਣ ਤੁਸੀਂ ਕਹਿੰਦੇ ਹੋ ਕਿ ਕਿਹੜੀ ਤਾਰੀਖ ਨੂੰ ਕਿਹੜਾ ਪੈਸਾ ਆਇਆ? ਉਨ੍ਹਾਂ ਨੇ ਕਿਹਾ ਕਿ ਮੈਨੂੰ ਸੈਪਰੇਟ ਕੁਐਸਚਨ ਦੇ ਦਿਉ, ਗੱਲ ਮੁੱਕ ਗਈ । ਇਹ ਕੋਈ ਚੰਗੀ ਗੱਲ ਨਹੀਂ ਕਿ ਹਰ ਗੱਲ ਤੇ ਬਾਈਕਾਟ ਹੋਵੇ, ਹਰ ਗੱਲ ਤੇ ਜ਼ੀਰੋ ਆਵਰ ਬਣਾ ਲਿਆ ਜਾਵੇ। ਇਹ ਕੋਈ ਜੱਚਦਾ ਨਹੀਂ । ਬਾਕੀ ਤੁਸੀਂ ਮਾਲਕ ਹੋ, ਮੈਂ ਤਾਂ ਤੁਹਾਨੂੰ ਬਹੁਤਾ ਕੁਝ ਆਖ ਨਹੀਂ ਸਕਦਾ ।

**Mr. Speaker :** Now regular List of Questions. Sardar Surinder Singh Ji. (ਵਿਘਨ) (ਸ਼ੋਰ) ਤੁਸੀਂ ਜੋ ਲਿਸਟ ਦਿੱਤੀ ਹੈ, ਉਨ੍ਹਾਂ ਵਿੱਚੋਂ ਕੋਈ ਵੀ ਬੰਦਾ ਬੋਲਣ ਤੋਂ ਬਗੈਰ ਰਹਿ ਗਿਆ ਹੈ ? (ਵਿਘਨ) (ਸ਼ੋਰ) ਮੇਰੀ ਇੱਕ ਬੇਨਤੀ ਸੁਣ ਲਉ। (ਵਿਘਨ) ਜੋ ਮੈਂ ਗੱਲ ਕਹਿ ਰਿਹਾ ਹਾਂ, ਉਹ ਸੁਣ ਲਓ । ਮੇਰੀ ਇੱਕ ਪਹਿਲਾਂ ਬੇਨਤੀ ਸੁਣ ਲਉ ।

**ਉਪ ਮੁੱਖ ਮੰਤਰੀ :** ਜਾਖੜ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਜਿਹੜਾ ਅਵਾਰਾ ਪਸ਼ੂਆਂ ਦਾ ਸਵਾਲ ਸੀ, ਉਹ ਵੀ ਮੋਫਰ ਸਾਹਿਬ, ਕਾਂਗਰਸ ਪਾਰਟੀ ਦੇ ਮੈਂਬਰ ਦੇ ਤਰਫੋਂ ਆਇਆ ਸੀ ਤੇ ਅਸੀਂ ਤਾਂ ਵੀ ਟਾਈਮ ਦਿੱਤਾ ਸੀ ।

**ਸ਼੍ਰੀ ਸੁਨੀਲ ਜਾਖੜ :** ਬਹੁਤ ਮਿਹਰਬਾਨੀ । ਕੀ ਤੁਸੀਂ ਸਾਰਾ ਕੰਮ ਸਾਨੂੰ ਪੁੱਛ ਕੇ ਕਰਦੇ ਹੋ ?

**Mr. Speaker :** Please listen to me. ਜੋ ਤੁਸੀਂ ਗਵਰਨਰ ਐਡਰੈਸ ਤੇ ਲਿਸਟ ਦਿੱਤੀ, ਕੀ ਉਸ ਵਿੱਚ ਤੁਹਾਡਾ ਇੱਕ ਬੰਦਾ ਵੀ ਬੋਲਣ ਤੋਂ ਰਹਿ ਗਿਆ ਹੈ ? (ਵਿਘਨ) (ਸ਼ੋਰ) ਤੁਸੀਂ ਜਿੰਨੀ ਲਿਸਟ ਦਿੱਤੀ, ਜਿੰਨਾ ਟਾਈਮ ਮੰਗਿਆ, ਉਹ ਦਿੱਤਾ ਗਿਆ । (ਵਿਘਨ) This is not the way. ਜੋ ਕੁਝ ਗਵਰਨਰ ਸਾਹਿਬ ਦੇ ਐਡਰੈਸ ਤੇ ਹੋ ਸਕਦਾ ਹੈ, ਜੋ ਕੁਝ ਬਜਟ ਤੇ ਹੋ ਸਕਦਾ ਹੈ, how can I allow them? (ਵਿਘਨ) ਹਾਂ ਜੀ, ਹੁਣ ਸਵਾਲਾਂ ਦੀ ਰੈਗੂਲਰ ਲਿਸਟ ਲਈ ਜਾਵੇਗੀ।

------

## STARRED QUESTIONS AND ANSWERS

### ਫੁੱਟਬਾਲ ਸਟੇਡੀਅਮ ਦੀ ਉਸਾਰੀ ਕਰਨਾ

*1815. **ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਵਿੱਚ ਫੁੱਟਬਾਲ ਸਟੇਡੀਅਮ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਸਟੇਡੀਅਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ ?

**ਸਰਦਾਰ ਸੁਖਬੀਰ ਸਿੰਘ ਬਾਦਲ :** ਰਾਜ ਸਰਕਾਰ ਵੱਲੋਂ ਕਸਬਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 5.45 ਕਰੋੜ ਰੁਪਏ ਦੀ ਲਾਗਤ ਨਾਲ ਸਿੰਥੈਟਿਕ ਫੁੱਟਬਾਲ ਗਰਾਊਂਡ ਬਣਾਉਣ ਦੀ ਤਜਵੀਜ਼ ਹੈ ਜਿਸ ਸੰਬੰਧ ਵਿੱਚ ਭਾਰਤ ਸਰਕਾਰ ਦੀ "ਅਰਬਨ ਸਪੋਰਟਸ ਇਨਫਰਾਸਟਰਕਚਰ ਸਕੀਮ" ਅਧੀਨ 100% ਕੇਂਦਰੀ ਸਹਾਇਤਾ ਲਈ ਕੇਸ ਪ੍ਰਵਾਨਗੀ ਹਿੱਤ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ । ਭਾਰਤ ਸਰਕਾਰ ਵੱਲੋਂ ਫੰਡਜ਼ ਉਪਲਬਧ ਕਰਵਾਉਣ ਉਪਰੰਤ ਇਹ ਸਿੰਥੈਟਿਕ ਫੁੱਟਬਾਲ ਗਰਾਊਂਡ ਤਿਆਰ ਕਰ ਲਿਆ ਜਾਵੇਗਾ ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੈਂ ਉਪ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਵੱਲੋਂ ਫੰਡਜ਼ ਕਿੰਨੇ ਚਿਰ ਤੱਕ ਉਪਲਬਧ ਹੋਣਗੇ ਅਤੇ ਕਿੰਨੇ ਚਿਰ ਤੱਕ ਮਾਹਿਲਪੁਰ ਵਾਲਾ ਫੁੱਟਬਾਲ ਸਟੇਡੀਅਮ ਮੁਕੰਮਲ ਹੋ ਜਾਵੇਗਾ ?

**Mr. Speaker :** How can he reply? ਇਹ ਕਿਵੇਂ ਕਹਿ ਸਕਦੇ ਹਨ ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮਾਹਿਲਪੁਰ ਫੁੱਟਬਾਲ ਵਾਸਤੇ ਬਹੁਤ ਫੇਮਸ ਹੈ । ਅਸੀਂ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਜਿਹੜਾ ਬਣਾਇਆ ਹੈ, ਉਹ ਫਸਟ ਅਪ੍ਰੈਲ ਤੋਂ ਚਾਲੂ ਹੋ ਰਿਹਾ ਹੈ, ਉਸ ਵਿੱਚ ਅਸੀਂ ਇੰਸਟੀਚਿਊਟ ਆਫ ਫੁੱਟਬਾਲ ਐਕਸੀਲੈਂਸ ਮਾਹਿਲਪੁਰ ਨੂੰ ਬਣਾਇਆ ਹੈ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਲਿਖਿਆ ਹੈ ਤੇ ਜੇ ਗੌਰਮਿੰਟ ਆਫ ਇੰਡੀਆ ਤੋਂ ਬਾਈਚਾਂਸ ਪੈਸੇ ਨਹੀਂ ਆਉਂਦੇ, ਫਿਰ ਪੰਜਾਬ ਸਰਕਾਰ ਤਰਫੋਂ ਅਰੇਂਜ ਕਰਕੇ we will develop Institute of Sports Complex.

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਬਹੁਤ ਬਹੁਤ ਧੰਨਵਾਦ ਜੀ ।

---

## ਸ਼ਗਨ ਸਕੀਮ ਅਧੀਨ ਪੈਂਡਿੰਗ ਪਈ ਅਦਾਇਗੀ

*2019. **ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਟਾਂਡਾ ਹਲਕੇ ਵਿੱਚ ਪੈਂਡਿੰਗ ਸ਼ਗਨ ਸਕੀਮਾਂ ਦਾ ਵੇਰਵਾ ਕੀ ਹੈ ਅਤੇ ਇਸ ਦੀ ਕੁੱਲ ਅਦਾਇਗੀਯੋਗ ਰਕਮ ਕਿੰਨੀ ਹੈ ਅਤੇ ਇਸ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ ?

**ਸਰਦਾਰ ਗੁਲਜਾਰ ਸਿੰਘ ਰਣੀਕੇ :** ਟਾਂਡਾ ਹਲਕੇ ਵਿੱਚ ਸ਼ਗਨ ਸਕੀਮ ਤਹਿਤ ਮਿਤੀ 28.2.2015 ਤੱਕ ਅਦਾਇਗੀ ਲਈ ਕੋਈ ਕੇਸ ਪੈਂਡਿੰਗ ਨਹੀਂ ਹੈ ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਮੰਤਰੀ ਸਾਹਿਬ ਤੋਂ ਟਾਂਡਾ ਹਲਕੇ ਦੀ ਪੈਂਡਿੰਗ ਸ਼ਗਨ ਸਕੀਮ ਬਾਰੇ ਪੁੱਛਿਆ ਸੀ ।

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਟਾਂਡਾ ਤਾਂ ਹਲਕਾ ਹੀ ਨਹੀਂ ਹੈ। ਟਾਂਡਾ ਉੜਮੁੜ ਹੈ।

**ਸਰਦਾਰ ਸੰਗਤ ਸਿੰਘ ਗਿਲਜੀਆਂ :** ਹਾਂ ਜੀ, ਟਾਂਡਾ ਉੜਮੁੜ ਹੈ।

**ਮਾਨਯੋਗ ਸਪੀਕਰ :** ਤੁਸੀਂ ਪੈਂਡਿੰਗ ਸ਼ਗਨ ਸਕੀਮਾਂ ਬਾਰੇ ਪੁੱਛਿਆ ਹੈ ?

**ਸਰਦਾਰ ਸੰਗਤ ਸਿੰਘ ਗਿਲਜੀਆਂ :** ਸਪੀਕਰ ਸਾਹਿਬ, ਚੀਮਾ ਸਾਹਿਬ

ਹਲਕੇ ਦੀ ਗੱਲ ਕਰਨ ਲੱਗ ਪਏ ਸਨ । ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕਿੰਨੀ ਪੈਂਡਿੰਗ ਸ਼ਗਨ ਸਕੀਮ ਪਈ ਹੈ ਪਰ ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਕਿ 28.2.2015 ਤੱਕ ਕੋਈ ਸ਼ਗਨ ਸਕੀਮ ਪੈਂਡਿੰਗ ਨਹੀਂ ਹੈ । (ਵਿਘਨ) ਮੈਂ ਪੜ੍ਹਿਆ ਹੈ ਜੀ ਕਿ ਸਾਰੇ ਪੈਸੇ ਦੇ ਦਿੱਤੇ ਹਨ। (ਵਿਘਨ) ਇਹ ਲਿਖਿਆ ਗਿਆ ਹੈ ਕਿ (ਵਿਘਨ) ਤੁਸੀਂ ਸਾਰੀ ਪੇਮੈਂਟ 28.2.2015 ਤੱਕ ਕਰ ਦਿੱਤੀ ਹੈ। ਸਪੀਕਰ ਸਾਹਿਬ, ਬੇਨਤੀ ਹੈ ਕਿ ਇਨ੍ਹਾਂ ਨੂੰ ਮੇਰੇ ਸਵਾਲ ਦਾ ਗਲਤ ਜਵਾਬ ਮਿਲਿਆ ਹੈ। ਮੇਰੇ ਹਲਕੇ ਵਿੱਚ ਪਿਛਲੇ ਪੰਜ ਸਾਲ ਤੋਂ ਸ਼ਗਨ ਸਕੀਮਾਂ ਦੇ ਕੇਸ ਪੈਂਡਿੰਗ ਹਨ। ਜਿਨ੍ਹਾਂ ਲੜਕੀਆਂ ਨੂੰ ਸ਼ਗਨ ਸਕੀਮ ਤੋਂ ਲਾਭ ਮਿਲਣਾ ਸੀ, ਉਨ੍ਹਾਂ ਦੇ ਵਿਆਹ ਤੋਂ ਬਾਅਦ 2-2, 3-3 ਬੱਚੇ ਵੀ ਹੋ ਗਏ ਹਨ ਪਰ ਪੈਸੇ ਨਹੀਂ ਮਿਲੇ ...(ਵਿਘਨ)... ਤੁਹਾਡੇ ਅਫਸਰਾਂ ਨੇ ਤੁਹਾਨੂੰ ਗਲਤ ਗਾਈਡ ਕੀਤਾ ਹੈ।

**Mr. Speaker :** No, no, no.

**ਸਰਦਾਰ ਸੰਗਤ ਸਿੰਘ ਗਿਲਜੀਆਂ :** ਪਿਛਲੇ ਪੰਜ-ਪੰਜ ਸਾਲ ਦੀਆਂ ਮੇਰੇ ਹਲਕੇ ਵਿੱਚ ਸ਼ਗਨ ਸਕੀਮਾਂ ਪੈਂਡਿੰਗ ਰਹਿੰਦੀਆਂ ਹਨ ....(ਵਿਘਨ)..

**ਮਾਨਯੋਗ ਸਪੀਕਰ :** ਜੇਕਰ ਤੁਹਾਡੀ ਕੋਈ ਅਜਿਹੀ ਪ੍ਰਾਬਲਮ ਹੈ ਤਾਂ ਉਨ੍ਹਾਂ ਦੀ ਨਾਲੇਜ ਵਿੱਚ ਲੈ ਆਉ ....(ਵਿਘਨ)... ਜੇ ਕੋਈ ਗੱਲ ਰਹਿ ਗਈ ਤਾਂ ਲਿਖ ਕੇ ਦੇ ਦੇਣਾ ....(ਵਿਘਨ).... ਲਿਖ ਕੇ ਦੇ ਦੇਣਾ ਜੀ। ਜਿੰਦੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਨਹੀਂ, ਇਸ ਦੀ ਸਪਲੀਮੈਂਟਰੀ ਨਹੀਂ ਬਣਦੀ। ਇਹ ਸਵਾਲ ਉਨ੍ਹਾਂ ਨਾਲ ਸਬੰਧਤ ਸੀ, ਉਹ ਲਿਖ ਕੇ ਦੇ ਦੇਣ ਅਤੇ ਜਵਾਬ ਲੈ ਲੈਣ। ਨਹੀਂ, please sit down, ਤੁਹਾਡੀ ਨਹੀਂ ਬਣਦੀ। ...ਵਿਘਨ)... ਅਗਲਾ ਕੁਐਸਚਨ ਹੈ ਜੀ, ਸਰਦਾਰ ਜੋਗਿੰਦਰ ਸਿੰਘ ਜਿੰਦੂ ਜੀ।

**ਸਰਦਾਰ ਬਲਬੀਰ ਸਿੰਘ ਸਿੱਧੂ :** ** ** **

**Mr. Speaker :** Please sit down. Expunge the words which have been said against me and without my permission.

------

**Expunged as ordered by the Chair.

## ਪਿੰਡ ਟਿੱਬੀ ਕਲਾਂ ਵਿਖੇ ਆਈ.ਟੀ.ਆਈ. ਖੋਲ੍ਹਣਾ

*1939. **ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਟਿੱਬੀ ਕਲਾਂ ਵੱਲੋਂ ਆਈ.ਟੀ.ਆਈ. ਸਥਾਪਿਤ ਕਰਨ ਲਈ ਸਬੰਧਤ ਮਹਿਕਮੇ ਨੂੰ ਦਿੱਤੀ ਗਈ 3 ਏਕੜ ਜ਼ਮੀਨ ਤੇ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ?

**ਸ਼੍ਰੀ ਮਦਨ ਮੋਹਨ ਮਿੱਤਲ :** ਹਾਂ ਜੀ, ਨੈਸ਼ਨਲ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਵਿਭਾਗ ਵੱਲੋਂ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਭਾਰਤ ਸਰਕਾਰ ਨੂੰ ਪਹੁੰਚ ਕੀਤੀ ਹੋਈ ਹੈ। ਇਸ ਸਕੀਮ ਦੇ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਮੋਡੇਲਿਟੀਜ ਭਾਰਤ ਸਰਕਾਰ ਵੱਲੋਂ ਜਲਦ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ। ਪਾਲਿਸੀ ਮੁਕੰਮਲ ਹੋਣ ਉਪਰੰਤ ਇਸ ਉਦਯੋਗਿਕ ਸਿਖਲਾਈ ਸੰਸਥਾ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

**ਸਰਦਾਰ ਜੋਗਿੰਦਰ ਸਿੰਘ ਜਿੰਦੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਿੰਡ ਦੇ ਲੋਕਾਂ ਵੱਲੋਂ ਜ਼ਮੀਨ ਦਿੱਤੇ ਨੂੰ ਚਾਰ ਸਾਲ ਹੋ ਗਏ ਹਨ। ਇਹ ਜ਼ਮੀਨ ਪਿੰਡ ਦੇ ਲੋਕਾਂ ਨੇ ਆਈ.ਟੀ.ਆਈ. ਖੋਲ੍ਹਣ ਵਾਸਤੇ ਦਿੱਤੀ ਸੀ ਲੇਕਿਨ ਹੁਣ ਪਿੰਡ ਦੇ ਲੋਕਾਂ ਨੂੰ ਪਤਾ ਲੱਗਿਆ ਹੈ ਕਿ ਉਥੇ ਕੋਈ ਹੋਰ ਹੀ ਚੀਜ਼ ਬਣਾਈ ਜਾ ਰਹੀ ਹੈ। ਉਸ ਪਿੰਡ ਦੇ ਲੋਕ ਇਸ ਦੇ ਵਿਰੋਧ ਵਿੱਚ ਉਠ ਗਏ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਈ.ਟੀ.ਆਈ. ਕਦੋਂ ਤੱਕ ਬਣ ਜਾਵੇਗੀ ਔਰ ਇਸ ਦੇ ਵਾਸਤੇ ਜਿਹੜੀ ਜ਼ਮੀਨ ਪਿੰਡ ਦੇ ਲੋਕਾਂ ਨੇ ਦਿੱਤੀ ਹੈ, ਉਹ ਜ਼ਮੀਨ ਸਿਰਫ ਆਈ.ਟੀ.ਆਈ. ਬਣਨ ਲਈ ਦਿੱਤੀ ਹੈ, ਹੋਰ ਕਿਸੇ ਪਰਪਜ਼ ਵਾਸਤੇ ਨਹੀਂ। ਚਾਰ ਸਾਲ ਦੇ ਵਿੱਚ ਤਾਂ ਇਹ ਬਣੀ ਨਹੀਂ ਜੇ ਅੱਗੇ ਵਾਸਤੇ ਵੀ ਨਹੀਂ ਬਣ ਸਕਦੀ ਤਾਂ ਫਿਰ ਇਹ ਜ਼ਮੀਨ ਪਿੰਡ ਦੇ ਲੋਕਾਂ ਨੂੰ ਵਾਪਸ ਦੇ ਦੇਣ।

**ਮੰਤਰੀ :** ਸਰ, ਜਿਹੜੀ ਇਨ੍ਹਾਂ ਦੀ ਪ੍ਰਪੋਜ਼ਲ ਸੀ, ਉਹ ਅਸੀਂ ਮੰਨ ਲਈ ਹੈ ਔਰ ਜਿਸ ਜਿਸ ਬਲਾਕ ਦੇ ਵਿੱਚ ਕੋਈ ਸਰਕਾਰੀ ਜਾਂ ਪ੍ਰਾਈਵੇਟ ਆਈ.ਟੀ.ਆਈ. ਨਹੀਂ ਸੀ, ਪਹਿਲਾਂ ਉਨ੍ਹਾਂ ਸਾਰਿਆਂ ਵਾਸਤੇ ਪ੍ਰੋਪੋਜ਼ਲ ਬਣੀ ਸੀ। ਫਿਰ ਬਾਅਦ ਵਿੱਚ ਪਾਲਿਸੀ ਬਣਨ ਤੋਂ ਬਾਅਦ ਅਸੀਂ 26 ਆਈ.ਟੀ.ਆਈਜ਼ ਆਈਡੈਂਟੀਫਾਈ ਕੀਤੀਆਂ ਹਨ, ਜਿਸ ਵਿੱਚ ਐਮ.ਐਲ.ਏ. ਸਾਹਿਬ ਨੇ ਜੋ

ਟਿੱਬੀ ਕਲਾਂ ਬਾਰੇ ਪੁੱਛਿਆ ਹੈ, ਉਹ ਵੀ ਸ਼ਾਮਿਲ ਹੈ। ਇਸ ਦੇ ਵਾਸਤੇ ਮਿਤੀ 24.1.2014 ਰਾਹੀਂ ਭਾਰਤ ਸਰਕਾਰ ਨੂੰ ਪ੍ਰਪੋਜ਼ਲ ਭੇਜ ਦਿੱਤੀ ਗਈ ਹੈ। ਇਸ ਸਬੰਧ ਵਿੱਚ ਮੁੱਖ ਮੰਤਰੀ ਜੀ ਨੇ ਸਾਡੇ ਇਸ ਮਹਿਕਮੇ ਦੇ ਸੈਂਟਰ ਦੇ ਉਸ ਸਮੇਂ ਦੇ ਮਨਿਸਟਰ ਸਰਦਾਰ ਨਰਿੰਦਰ ਸਿੰਘ ਤੋਮਰ ਜੀ ਨਾਲ ਖੁਦ ਗੱਲਬਾਤ ਵੀ ਕੀਤੀ ਸੀ। ਹੁਣ ਦੁਬਾਰਾ ਮਿਤੀ 2 ਫਰਵਰੀ, 2015 ਨੂੰ ਮੌਜੂਦਾ ਮੰਤਰੀ ਸ਼੍ਰੀ ਰਾਜੀਵ ਕੁਮਾਰ ਰੂਡੀ ਜੀ ਜੋ ਇਸ ਨੂੰ ਡੀਲ ਕਰ ਰਹੇ ਹਨ, ਉਨ੍ਹਾਂ ਨਾਲ ਵੀ ਮੁੱਖ ਮੰਤਰੀ ਜੀ ਦੀ ਪਰਸਨਲੀ ਗੱਲਬਾਤ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਜਲਦੀ ਜਲਦੀ ਫਾਰਮੈਲਟੀਜ਼ ਅਤੇ ਦਿਸ਼ਾ ਨਿਰਦੇਸ਼ ਦੇ ਕੇ ਇਹ ਭੇਜ ਰਹੇ ਹਨ ਔਰ ਜਿਵੇਂ ਹੀ ਉਪਰੋਂ ਕੇਸ ਆ ਜਾਵੇਗਾ, ਜੋ ਇਨ੍ਹਾਂ ਦੀ ਮੰਗ ਹੈ, ਉਸ ਨੂੰ ਪੂਰਾ ਕਰ ਦਿੱਤਾ ਜਾਵੇਗਾ। ਜ਼ਮੀਨ ਵਾਪਸ ਕਰਨ ਦੀ ਲੋੜ ਤਾਂ ਫਿਰ ਹੈ ਜੇ ਅਸੀਂ ਕਹੀਏ ਕਿ ਅਸੀਂ ਨਹੀਂ ਬਣਾਉਣਾ। We are ready to build it ਔਰ ਇਹ ਸਾਡੀ ਪ੍ਰਪੋਜ਼ਲ ਵਿੱਚ ਹੈ ਔਰ ਇਹ ਪ੍ਰਪੋਜ਼ਲ ਪੂਰੀ ਤਰ੍ਹਾਂ ਐਕਸੈਪਟ ਹੋਈ ਪਈ ਹੈ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ....

**ਮਾਨਯੋਗ ਸਪੀਕਰ :** ਦੱਸਣਾ ਨਹੀਂ ਜੀ, ਕੋਈ ਸਪਲੀਮੈਂਟਰੀ ਪੁੱਛੋ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਜ਼ਮੀਨ ਦਿੱਤੀ ਸੀ, ਇਹ ਆਈ.ਟੀ.ਆਈ. ਬਣਾਉਣ ਲਈ ਦਿੱਤੀ ਸੀ ....(ਵਿਘਨ)....

**ਮਾਨਯੋਗ ਸਪੀਕਰ :** ਉਹ ਜਵਾਬ ਤਾਂ ਆ ਗਿਆ ਹੈ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਰ, ਇੱਕ ਮਿੰਟ ਗੱਲ ਕਰ ਲੈਣ ਦਿਓ ਜੀ। ਉਥੇ ਇੱਕ ਡਰਾਈਵਿੰਗ ਟਰੇਨਿੰਗ ਸੈਂਟਰ ਖੋਲ੍ਹਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਕੀ ਮੰਤਰੀ ਜੀ ਤੁਹਾਡੇ ਰਾਹੀਂ ਵਿਸ਼ਵਾਸ ਦਿਵਾਉਣਗੇ ਕਿ ਉਥੇ ਸਿਰਫ ਆਈ.ਟੀ.ਆਈ. ਖੋਲ੍ਹੀ ਜਾਵੇਗੀ, ਹੋਰ ਕੁਝ ਨਹੀਂ ਬਣਾਇਆ ਜਾਵੇਗਾ ਕਿਉਂਕਿ ਦੂਸਰੇ ਕੰਮ ਲਈ ਪਿੰਡ ਆਪਣੀ ਜ਼ਮੀਨ ਨਹੀਂ ਦੇਵੇਗਾ।

**ਮਾਨਯੋਗ ਸਪੀਕਰ :** ਇਨ੍ਹਾਂ ਦਾ ਸਵਾਲ ਹੈ ਕਿ ਸਿਰਫ ਉਸੇ ਕੰਮ ਲਈ ਜ਼ਮੀਨ ਵਰਤੀ ਜਾਵੇ, ਉਥੇ ਸਿਰਫ ਆਈ.ਟੀ.ਆਈ. ਬਣੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸਪੱਸ਼ਟ ਕਰ ਦਿੰਦਾ ਹਾਂ ਕਿ ਆਈ.ਟੀ.ਆਈ. ਵੀ ਖੁਲ੍ਹੇਗੀ ਔਰ ਉਸ ਦੇ ਨਾਲ ਐਕਸਟਰਾ ਟਾਈਮ ਵਿੱਚ ਸਕਿਲਡ ਡਿਵੈਲਪਮੈਂਟ ਸੈਂਟਰ ਖੋਲ੍ਹਣਾ ਹੈ। ਇਹ ਸਕਿੱਲ ਡਿਵੈਲਪਮੈਂਟ ਸੈਂਟਰਜ਼ ਸਾਰੇ ਪੰਜਾਬ ਦੇ ਵਿੱਚ ਖੋਲ੍ਹ ਰਹੇ ਹਾਂ। ਸਾਰੀਆਂ ਆਈ.ਟੀ.ਆਈ ਬਿਲਡਿੰਗਜ਼ ਵਿੱਚ ਆਈ.ਟੀ.ਆਈ. ਕੋਰਸਾਂ ਦੇ ਟਾਈਮ ਤੋਂ ਬਾਅਦ, ਉਸ ਬਿਲਡਿੰਗ ਦਾ ਉਪਯੋਗ ਕਰਕੇ, ਸਕਿੱਲ ਡਿਵੈਲਪਮੈਂਟ ਰਾਹੀਂ ਲੋਕਾਂ ਨੂੰ ਟਰੇਂਡ ਕਰਾਂਗੇ ਤਾਂ ਕਿ ਲੋਕ ਕਾਰੋਬਾਰ ਕਰ ਸਕਣ। ਸੋ, ਆਈ.ਟੀ.ਆਈ. ਦੇ ਨਾਲ ਜੇਕਰ ਸਕਿੱਲ ਡਿਵੈਲਪਮੈਂਟ ਕੋਰਸ ਕਰਵਾਵਾਂਗੇ ਤਾਂ ਜ਼ਿਆਦਾ ਵਧੀਆ ਰਹੇਗਾ। ਸਾਡੇ ਕੋਲ ਤਾਂ ਬਹੁਤ ਜ਼ਿਆਦਾ ਮੰਗ ਹੈ ਕਿ ਇਹ ਸੈਂਟਰ ਸਾਡੇ ਵੀ ਖੋਲ੍ਹੋ ਪਰ ਇਹ ਕਹਿੰਦੇ ਹਨ ਕਿ ਸੈਂਟਰ ਬੰਦ ਕਰ ਦਿਓ।

------------

## ਡਾਕਟਰਾਂ ਦੀਆਂ ਖਾਲੀ ਅਸਾਮੀਆਂ ਭਰਨਾ

*1985. **ਸ਼੍ਰੀਮਤੀ ਕਰਨ ਕੌਰ ਬਰਾੜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਸਿਵਲ ਹਸਪਤਾਲ ਵਿੱਚ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਅਤੇ ਕਿੰਨੀਆਂ ਖਾਲੀ ਹਨ;

(ਅ) ਉਪਰੋਕਤ ਵਰਣਿਤ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** (ੳ) ਜ਼ਿਲ੍ਹਾ ਹਸਪਤਾਲ, ਸ੍ਰੀ ਮੁਕਤਸਰ ਸਾਹਿਬ ਵਿਖੇ ਡਾਕਟਰਾਂ ਦੀਆਂ ਕੁੱਲ 26 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 14 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 12 ਅਸਾਮੀਆਂ ਖਾਲੀ ਹਨ।

(ਅ) ਸਰਕਾਰ ਵੱਲੋਂ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਲਗਾਤਾਰ ਪ੍ਰਕਿਰਿਆ ਜਾਰੀ ਹੈ।

**ਸ਼੍ਰੀਮਤੀ ਕਰਨ ਕੌਰ ਬਰਾੜ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ

ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਡਿਸਟ੍ਰਕਿਟ ਹੈਡਕੁਆਰਟਰ ਦਾ ਹਸਪਤਾਲ ਹੈ ਤੇ ਜੇ ਇਥੇ 12 ਅਸਾਮੀਆਂ ਖਾਲੀ ਹਨ ਤਾਂ ਉਥੇ ਡਾਕਟਰ ਕਿਹੜੇ ਕਿਹੜੇ ਹਨ? ਸਪੀਕਰ ਸਾਹਿਬ, ਉਥੇ ਸਟਾਫ ਪੂਰਾ ਨਹੀਂ ਹੈ, ਉਥੇ ਡਾਕਟਰਾਂ ਦੀ ਬਹੁਤ ਕਿੱਲਤ ਹੈ । ਮੈਂ ਦੂਜੀ ਗੱਲ ਪੁੱਛਣਾ ਚਾਹੁੰਦੀ ਹਾਂ ਕਿ ਜਵਾਬ ਵਿੱਚ ਜੋ ਇਹ ਲਗਾਤਾਰ ਪ੍ਰਕਿਰਿਆ ਦੀ ਗੱਲ ਕੀਤੀ ਗਈ ਹੈ, ਇਸ ਦਾ ਕੀ ਮਤਲਬ ਹੋਇਆ? ਸਾਲ 1990 ਤੋਂ ਬਾਅਦ ਇਹ ਹਸਪਤਾਲ ਬਣਿਆ ਸੀ ਤੇ ਹੁਣ ਸਾਲ 2015 ਵਿੱਚ ਉਥੇ ਕਾਂ ਬੋਲਦੇ ਹਨ। ਇਹ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ, ਇਸ ਬਾਰੇ ਕੋਈ ਟਾਈਮ ਲਾਈਨ ਦਿੱਤੀ ਜਾਵੇ ਤੇ ਨਾਲ ਇਹ ਜਨਰਲ ਹਸਪਤਾਲ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਆਪਾਂ ਕੋਈ ਟਾਈਮ ਬਾਊਂਡ ਕਰ ਸਕਦੇ ਹਾਂ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਭਰਤੀ ਕਰਨ ਦੀ ਪ੍ਰੋਪੋਜ਼ਲ ਪਬਲਿਕ ਸਰਵਿਸ ਕਮਿਸ਼ਨ ਦੇ ਰਾਹੀਂ ਹੁੰਦੀ ਸੀ, ਅਸੀਂ ਕੈਬਨਿਟ ਤੋਂ ਮਨਜ਼ੂਰੀ ਲਈ ਅਤੇ ਬਹੁਤ ਸਾਰੇ ਡਾਕਟਰਾਂ ਦੀ ਡਿਪਾਰਟਮੈਂਟ ਦੇ ਜ਼ਰੀਏ ਭਰਤੀ ਕੀਤੀ। ਫਿਰ ਦੁਬਾਰਾ ਮਨਜ਼ੂਰੀ ਲਈ ਤਾਂ ਉਸ ਨਾਲ ਵੀ ਘਰ ਪੂਰਾ ਨਹੀਂ ਸੀ ਹੁੰਦਾ ਕਿਉਂਕਿ ਸਪੈਸੇਫਿਕ ਡਾਕਟਰਾਂ ਦੀ ਸਾਡੇ ਕੋਲ ਬੜੀ ਘਾਟ ਸੀ, ਫਿਰ ਇਸ ਵਾਸਤੇ ਅਸੀਂ ਕੈਬਨਿਟ ਕੋਲੋਂ ਵਾਕ ਇੰਨ ਇੰਟਰਵਿਊ ਦੀ ਪਰਮਿਸ਼ਨ ਲਈ ਤੇ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ। ਉਸ ਦੇ ਜ਼ਰੀਏ ਵੀ ਅਸੀਂ ਬਹੁਤ ਸਾਰੇ ਡਾਕਟਰ ਭਰੇ ਹਨ।

**ਇੱਕ ਅਵਾਜ਼ :** ਸਾਰੇ ਡਾਕਟਰ ਭੱਜ ਗਏ ਹਨ।

**ਮੰਤਰੀ:** ਕੋਈ ਨਹੀਂ ਭੱਜਿਆ, ਅਸੀਂ ਰੱਖੇ ਹੋਏ ਹਨ। ਹੁਣ ਵੀ ਜਿਵੇਂ ਹੀ ਡਾਕਟਰ ਆਉਣਗੇ ਤਾਂ ਅਸੀਂ ਦੇ ਦਿਆਂਗੇ। ਜੇਕਰ ਇਸ ਦਾ ਵੇਰਵਾ ਚਾਹੀਦਾ ਹੈ ਤਾਂ ਮੈਂ ਵੇਰਵਾ ਵੀ ਦੇ ਦਿੰਦਾ ਹਾਂ। ਸੀਨੀਅਰ ਮੈਡੀਕਲ ਅਫਸਰ ਦੀ ਇੱਕ ਪੋਸਟ ਹੈ, ਇਹ ਭਰੀ ਹੋਈ ਹੈ। ਮੈਡੀਕਲ ਅਫਸਰ, ਸਪੈਸ਼ੇਲਿਸਟ ਦੀਆਂ 20 ਪੋਸਟਾਂ ਹਨ ਤੇ ਉਸ ਵਿੱਚੋਂ 9 ਭਰੀਆਂ ਹਨ ਤੇ 11 ਖਾਲੀ ਹਨ ਤੇ ਜਿਹੜੀਆਂ ਖਾਲੀ ਹਨ, ਉਨ੍ਹਾਂ ਬਾਰੇ ਮੈਂ ਅਲੱਗ ਦੱਸ ਦਿੰਦਾ ਹਾਂ ਅਤੇ ਗਾਇਨੀ ਦਾ ਇੱਕ ਡਾਕਟਰ ਐਨ.ਆਰ.ਐਚ.ਐਮ ਵੱਲੋਂ ਸਪੈਸ਼ਲ ਉਥੇ ਲਗਾਇਆ ਹੈ। ਮੈਡੀਕਲ ਅਫਸਰ, ਜਨਰਲ ਦੀਆਂ 6 ਪੋਸਟਾਂ ਵਿੱਚੋਂ 5 ਲੱਗੇ ਹੋਏ ਹਨ, ਸਿਰਫ ਇੱਕ ਖਾਲੀ ਹੈ। ਮੈਡੀਕਲ ਅਫਸਰ, ਡੈਂਟਲ ਦੀ ਉਥੇ ਇੱਕ ਹੀ ਪੋਸਟ ਹੈ ਤੇ ਇੱਕੋ

ਹੀ ਭਰੀ ਹੋਈ ਹੈ। ਮੈਡੀਕਲ ਅਫਸਰ, ਮੈਡੀਸਨ ਉਥੇ ਨਹੀਂ ਹੈ ਅਤੇ ਮੈਡੀਕਲ ਅਫਸਰ, ਸਰਜਨ ਦੀ ਇੱਕੋ ਹੀ ਪੋਸਟ ਹੈ ਤੇ ਇੱਕੋ ਹੀ ਉਥੇ ਕੰਮ ਕਰ ਰਿਹਾ ਹੈ। ਚਾਈਲਡ ਸਪੈਸ਼ੇਲਿਸਟ ਦੀਆਂ ਚਾਰ ਪੋਸਟਾਂ ਹਨ ਤੇ ਉਨ੍ਹਾਂ ਵਿੱਚੋਂ ਇਕ ਕੰਮ ਕਰ ਰਿਹਾ ਹੈ, ਤਿੰਨ ਖਾਲੀ ਹਨ। ਇਸੇ ਤਰੀਕੇ ਨਾਲ ਐਨਸਥੀਸੀਆ ਦੀਆਂ ਚਾਰ ਪੋਸਟਾਂ ਸੈਂਕਸ਼ਨਡ ਹਨ ਤੇ ਇੱਕ ਡਾਕਟਰ ਕੰਮ ਕਰ ਰਿਹਾ ਹੈ। ਮੈਡੀਕਲ ਅਫਸਰ, ਔਪਥਾਲਮੋਲੋਜੀ ਦੀ ਇੱਕ ਪੋਸਟ ਹੈ ਤੇ ਇੱਕੋ ਭਰੀ ਹੋਈ ਹੈ। ਸਕਿਨ ਤੇ ਵੀਡੀ ਦੀ ਇੱਕ ਪੋਸਟ ਹੈ ਤੇ ਇੱਕੋ ਹੀ ਭਰੀ ਹੋਈ ਹੈ। ਮੈਡੀਕਲ ਅਫਸਰ, ਈ.ਐਨ.ਟੀ ਦੀ ਇਕ ਪੋਸਟ ਸੈਂਕਸ਼ਨਡ ਹੈ ਤੇ ਇੱਕੋ ਹੀ ਭਰੀ ਹੋਈ ਹੈ। ਗਾਇਨੀ ਦੇ ਬਾਰੇ ਮੈਂ ਪਹਿਲਾਂ ਹੀ ਦੱਸ ਚੁਕਿਆ ਹਾਂ ਕਿ ਡਾਕਟਰ ਉਥੇ ਲੱਗਿਆ ਹੋਇਆ ਹੈ। ਮੈਡੀਕਲ ਅਫਸਰ, ਆਰਥੋਪੈਡਿਕਸ ਦੀ ਇੱਕ ਦੀ ਪੋਸਟ ਹੈ ਤੇ ਇੱਕੋ ਹੀ ਉਥੇ ਲੱਗਿਆ ਹੋਇਆ ਹੈ। ਮੈਡੀਕਲ ਅਫਸਰ, ਪੈਥੋਲੋਜੀ ਦੀ ਇੱਕ ਪੋਸਟ ਹੈ ਤੇ ਲੇਕਿਨ ਉਹ ਸਾਡੇ ਕੋਲ ਇਸ ਸਮੇਂ ਨਹੀਂ ਹੈ। ਮੈਡੀਕਲ ਅਫਸਰ, ਰੈਡਿਓਲੋਜੀ ਦੀ ਇੱਕੋ ਹੀ ਪੋਸਟ ਹੈ ਤੇ ਇੱਕੋ ਹੀ ਭਰੀ ਹੋਈ ਹੈ। ਮੈਡੀਕਲ ਅਫਸਰ, ਚੈਸਟ ਐਂਡ ਟੀ.ਬੀ. ਦੀ ਇੱਕੋ ਹੀ ਪੋਸਟ ਹੈ ਤੇ ਇੱਕੋ ਹੀ ਉਥੇ ਭਰੀ ਹੋਈ ਹੈ ਔਰ ਬੀ.ਟੀ.ਓ. (Blood Transfusion Officer) ਦੀ ਇੱਕ ਪੋਸਟ ਹੈ ਤੇ ਉਹ ਹਾਲੇ ਨਹੀਂ ਲੱਗਿਆ। ਮੈਡੀਕਲ ਅਫਸਰ, ਸਾਈਕੈਟਰੀ ਦੀ ਇੱਕ ਪੋਸਟ ਹੈ ਤੇ ਉਹ ਹਾਲੇ ਅਵੇਲੇਬਲ ਨਹੀਂ ਹੋਇਆ। ਮੈਂ ਫਿਰ ਵੀ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਿਹੜਾ ਮੈਡੀਕਲ ਅਫਸਰ ਰੇਡਿਉਲੋਜੀ ਦਾ ਹੈ, ਉਸਦੀ ਇੱਕ ਪੋਸਟ ਹੈ ਤੇ ਉਹ ਡਾਕਟਰ ਮਿਤੀ 19.1.15 ਤੋਂ ਡਿਊਟੀ ਤੋਂ ਐਬਸੈਂਟ ਹੈ । ਜਿਹੜੀ ਤੁਸੀਂ ਕਾਂ ਬੋਲਣ ਦੀ ਗੱਲ ਕਰਦੇ ਹੋ ਉਥੇ ਕਾਂ ਨਹੀਂ ਬੋਲਦੇ ਸਗੋਂ ਮਰੀਜ਼ ਆਉਂਦੇ ਹਨ, ਪੂਰੇ ਮਰੀਜ਼ ਅਟੈਂਡ ਵੀ ਹੁੰਦੇ ਹਨ। ਦਰਅਸਲ ਤੁਹਾਨੂੰ ਉਥੇ ਜਾਣ ਦਾ ਮੌਕਾ ਨਹੀਂ ਲੱਗਿਆ, ਜ਼ਰੂਰ ਜਾ ਕੇ ਆਉ ਅਤੇ ਮੈਂ ਹੈਲਥ ਮਨਿਸਟਰ ਨੂੰ ਕਹਾਂਗਾ ਕਿ ਉਹ ਵੀ ਤੁਹਾਡੇ ਨਾਲ ਚਲੇ ਜਾਣ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੈਂ ਤਾਂ ਇੱਕ ਟਾਈਮ ਲਾਈਨ ਮੰਗੀ ਸੀ ਕਿ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ਕਿਉਂਕਿ ਬਹੁਤ ਸਾਲ ਹੋ ਗਏ ਹਨ। ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਅਸਾਮੀਆਂ ਕਦੋਂ ਤੱਕ ਭਰੀਆਂ ਜਾਣਗੀਆਂ ।

**ਮਾਨਯੋਗ ਸਪੀਕਰ :** ਹਾਂ ਜੀ, ਕਦੋਂ ਤੱਕ ਭਰੀਆਂ ਜਾਣਗੀਆਂ?

**ਮੰਤਰੀ :** ਬੀਬੀ ਜੀ, ਅਸੀਂ ਤਾਂ ਤੁਹਾਨੂੰ ਭਰੋਸਾ ਦਿੱਤਾ ਹੈ, ਰਿਕਰੂਟਮੈਂਟ ਦਾ ਪ੍ਰਾਸੈਸ ਚਲ ਰਿਹਾ ਹੈ। ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਜਿਉਂ ਹੀ ਜਿਹੜੀਆਂ ਪੋਸਟਾਂ ਖਾਲੀ ਹਨ, ਉਨ੍ਹਾਂ ਦੀ ਭਰਤੀ ਹੋਵੇਗੀ ਤਾਂ ਟਾਪ ਪ੍ਰਾਇਰਿਟੀ ’ਤੇ ਤੁਹਾਡੇ ਹਸਪਤਾਲ ਵਿੱਚ ਡਾਕਟਰ ਭੇਜਾਂਗੇ। ਵੈਸੇ ਮੁਕਤਸਰ ਤਾਂ ਸਾਡੇ ਵਾਸਤੇ ਪਵਿੱਤਰ ਹੈ। ਇਸ ਕਰਕੇ ਸ੍ਰੀ ਮੁਕਤਸਰ ਸਾਹਿਬ ਕਹਿੰਦੇ ਹਾਂ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਰਫ਼ ਸ੍ਰੀ ਮੁਕਤਸਰ ਸਾਹਿਬ ਵਿੱਚ ਹੀ ਡਾਕਟਰਾਂ ਦੀ ਕਮੀ ਨਹੀਂ ਹੈ, ਇਹ ਕਮੀ ਸਾਰੇ ਪੰਜਾਬ ਵਿੱਚ ਹੈ...

**Mr. Speaker :** No.

**ਰਾਣਾ ਗੁਰਮੀਤ ਸਿੰਘ ਸੋਢੀ :** ਇਹ ਕਹਿ ਰਹੇ ਹਨ ਕਿ ਡਾਕਟਰਾਂ ਦੀ ਜਿਹੜੀ ਕਮੀ ਹੈ, ਸ਼ਾਰਟੇਜ ਹੈ, ਇਸ ਨੂੰ ਕਦੋਂ ਤੱਕ ਪੂਰਾ ਕਰ ਦੇਣਗੇ? ਇਨ੍ਹਾਂ ਦੀ ਪੋਸਟਾਂ ਭਰਨ ਦੀ ਪ੍ਰਕ੍ਰਿਆ ਕਦੋਂ ਤੱਕ ਚੱਲੇਗੀ, ਇਹ ਟਾਈਮ ਬਾਊਂਡ ਕਰਨ। ਬੀਬੀ ਜੀ, ਮੈਡਮ ਕਰਨ ਕੌਰ ਬਰਾੜ ਜੀ ਦਾ ਵੀ ਇਹੀ ਕੁਐਸਚਨ ਸੀ।

**Mr. Speaker :** Next question, Sardar Gurkirat Singh ji.

**ਰਾਣਾ ਗੁਰਮੀਤ ਸਿੰਘ ਸੋਢੀ :** ਇਹ ਤਾਂ ਦੱਸ ਦੇਣ ਕਿ ਇਹ ਪ੍ਰਕ੍ਰਿਆ ਕਦੋਂ ਤੱਕ ਚੱਲੇਗੀ?

**ਮਾਨਯੋਗ ਸਪੀਕਰ :** ਇਹ ਸਪਲੀਮੈਂਟਰੀ ਇਸ ਨਾਲ ਰਿਲੇਟਿਡ ਨਹੀਂ ਹੈ। ਸੋਢੀ ਜੀ, ਤੁਸੀਂ ਇੰਨੇ ਸਿਆਣੇ ਬੰਦੇ ਹੋ। ਜੇਕਰ ਤੁਸੀਂ ਪੂਰੇ ਪੰਜਾਬ ਦਾ ਜਵਾਬ ਮੰਗਦੇ ਤਾਂ ਮੈਂ ਜਵਾਬ ਦਿਵਾ ਦੇਣਾ ਸੀ। (ਵਿਘਨ)

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ** ** **

**ਮਾਨਯੋਗ ਸਪੀਕਰ :** ਨਹੀਂ ਜੀ। Not to be recorded. ਅਗਲਾ ਸਵਾਲ, ਸਰਦਾਰ ਗੁਰਕੀਰਤ ਸਿੰਘ ਜੀ।

-------------

**Expunged as ordered by the Chair.

## ਪਾਇਲ-ਦੋਰਾਹਾ ਅਤੇ ਖੰਨਾ-ਮਲੇਰਕੋਟਲਾ ਸੜਕ ਦੀ ਮੁਰੰਮਤ ਕਰਨਾ

***1970. ਸਰਦਾਰ ਗੁਰਕੀਰਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਾਇਲ-ਦੋਰਾਹਾ ਅਤੇ ਖੰਨਾ-ਮਲੇਰਕੋਟਲਾ ਸੜਕਾਂ ਦੀ ਪਿਛਲੀ ਵਾਰ ਰਿਪੇਅਰ ਕਦੋਂ ਕੀਤੀ ਗਈ ਸੀ; ਹੁਣ ਇਨ੍ਹਾਂ ਦੀ ਰਿਪੇਅਰ ਕਦੋਂ ਤੋਂ ਡਿਊ ਹੈ ਅਤੇ ਇਨ੍ਹਾਂ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਪਾਇਲ ਤੋਂ ਦੋਰਾਹਾ ਸੜਕ ਜਿਸ ਦੀ ਲੰਬਾਈ 7.80 ਕਿਲੋਮੀਟਰ ਹੈ, ਜੋ ਕਿ ਪੀ.ਐਮ.ਜੀ.ਐਸ.ਵਾਈ. ਸਕੀਮ ਫੇਜ-7 ਅਧੀਨ ਸਾਲ, 2009 ਵਿੱਚ ਅਪਗ੍ਰੇਡ ਕੀਤੀ ਗਈ ਸੀ। ਇਸ ਸੜਕ ਦਾ 5 ਸਾਲ ਦਾ ਮੈਨਟੀਨੈਂਸ ਸਮਾਂ ਅਪ੍ਰੈਲ, 2014 ਨੂੰ ਖਤਮ ਹੋ ਗਿਆ ਹੈ ਅਤੇ ਹੁਣ ਇਹ ਸੜਕ ਰਿਪੇਅਰ ਲਈ ਡਿਊ ਹੈ। ਇਸ ਸੜਕ ਦੀ ਰਿਪੇਅਰ ਸਾਲ 2015-16 ਦੌਰਾਨ ਕਰ ਦਿੱਤੀ ਜਾਵੇਗੀ।

ਖੰਨਾ-ਮਲੇਰਕੋਟਲਾ ਸੜਕ ਦੀ ਕੁੱਲ ਲੰਬਾਈ 42.11 ਕਿਲੋਮੀਟਰ ਹੈ ਜਿਸ ਵਿੱਚੋਂ 23.91 ਕਿਲੋਮੀਟਰ ਲੰਬਾਈ ਲੁਧਿਆਣਾ ਜ਼ਿਲ੍ਹੇ ਵਿੱਚ ਅਤੇ ਬਾਕੀ 18.20 ਕਿਲੋਮੀਟਰ ਲੰਬਾਈ ਸੰਗਰੂਰ ਜ਼ਿਲ੍ਹੇ ਵਿੱਚ ਪੈਂਦੀ ਹੈ। ਇਸ ਸੜਕ ਦੀ ਪਿਛਲੇ ਵੱਖ ਵੱਖ ਵਿੱਤੀ ਸਾਲਾਂ ਦੌਰਾਨ ਕੀਤੀ ਗਈ ਮੁਰੰਮਤ ਦੇ ਵੇਰਵੇ ਨਾਲ ਨੱਥੀ ਅਨੁਲੱਗ 'ੳ' ਵਿੱਚ ਦਰਜ ਹਨ। ਸੜਕ ਦੀ ਕੁੱਲ ਲੰਬਾਈ 42.11 ਕਿਲੋਮੀਟਰ ਵਿੱਚੋਂ 5.40 ਕਿਲੋਮੀਟਰ ਰਿਪੇਅਰ ਲਈ ਡਿਊ ਹੈ ਅਤੇ ਇਸ ਨੂੰ ਸਾਲ 2015-16 ਦੌਰਾਨ ਮੁਰੰਮਤ ਕਰ ਦਿੱਤਾ ਜਾਵੇਗਾ। ਬਾਕੀ ਰਹਿੰਦੀ 36.71 ਕਿਲੋਮੀਟਰ ਅਜੇ ਰਿਪੇਅਰ ਲਈ ਡਿਊ ਨਹੀਂ ਹੈ। ਇਸ 36.71 ਕਿਲੋਮੀਟਰ ਲੰਬਾਈ ਵਿੱਚੋਂ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੀ ਲੰਬਾਈ 23.91 ਕਿਲੋਮੀਟਰ ਨੂੰ 31 ਮਾਰਚ, 2015 ਤੱਕ ਪੈਚ ਵਰਕ ਨਾਲ ਰਿਪੇਅਰ ਕਰ ਦਿੱਤਾ ਜਾਵੇਗਾ ਅਤੇ ਸੰਗਰੂਰ ਜ਼ਿਲ੍ਹੇ ਵਿੱਚ ਪੈਂਦੀ ਲੰਬਾਈ 12.80 ਕਿਲੋਮੀਟਰ ਨੂੰ ਅਗਲੇ ਵਿੱਤੀ ਵਰ੍ਹੇ ਦੌਰਾਨ ਪੈਚਵਰਕ ਨਾਲ ਠੀਕ ਕਰ ਦਿੱਤਾ ਜਾਵੇਗਾ।

### ਅਨੁਲੱਗ 'ੳ'

### ਪਿਛਲੇ ਵਿੱਤੀ ਸਾਲਾਂ ਦੌਰਾਨ ਖੰਨਾ-ਮਲੇਰਕੋਟਲਾ ਸੜਕ ਦੀ ਮੁਰੰਮਤ ਕਰਨ ਦੇ ਮਿਤੀਵਾਰ ਵੇਰਵੇ

| ਆਰ.ਡੀ. | ਲੰਬਾਈ (ਕਿਲੋਮੀਟਰ) | ਵਿੱਤੀ ਸਾਲ |
|---|---|---|
| 7.00 ਤੋਂ 10.00 ਕਿ.ਮੀ. ਅਤੇ 11.00 ਤੋਂ 12.00 ਕਿ.ਮੀ. | 4.00 | ਮਾਰਚ, 2011 |

| | | |
|---|---|---|
| 0.00 ਤੋਂ 7.00 ਕਿ.ਮੀ., 10.00 ਤੋਂ 11.00 ਕਿ.ਮੀ. ਅਤੇ 18.00 ਤੋਂ 19.34 ਕਿ.ਮੀ. | 9.34 | ਮਾਰਚ, 2012 |
| 12.00 ਤੋਂ 18.00 ਕਿ.ਮੀ. ਅਤੇ 20.22 ਤੋਂ 20.41 ਕਿ.ਮੀ | 6.91 | ਅਪ੍ਰੈਲ, 2013 |
| 19.34 ਤੋਂ 20.22 ਕਿ.ਮੀ. ਅਤੇ 20.41 ਤੋਂ 23.91 ਕਿ.ਮੀ. | 4.38 | ਸਤੰਬਰ, 2014 |
| 23.91 ਤੋਂ 26.31 ਕਿ.ਮੀ. | 2.40 | ਨਵੰਬਰ, 2006 |
| 26.31 ਕਿ.ਮੀ. 33.11 ਕਿ.ਮੀ. | 6.80 | ਸਤੰਬਰ, 2014 |
| 33.11 ਤੋਂ 39.11 ਕਿ.ਮੀ. | 6.00 | ਮਾਰਚ, 2012 |
| 39.11 ਤੋਂ 42.11 ਕਿ.ਮੀ. | 3.00 | ਨਵੰਬਰ, 2006 |
| **ਕੁੱਲ ਲੰਬਾਈ** | **42.11** ਕਿਲੋਮੀਟਰ | |

**ਸਰਦਾਰ ਗੁਰਕੀਰਤ ਸਿੰਘ :** ਸਪਲੀਮੈਂਟਰੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਾਇਲ ਤੋਂ ਦੋਰਾਹਾ ਸੜਕ ਬਾਰੇ ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਆਪ ਮੰਨਿਆ ਹੈ ਕਿ ਸਾਲ, 2014 ਵਿੱਚ ਇਹ ਸੜਕ ਰਿਪੇਅਰ ਵਾਸਤੇ ਡਿਊ ਸੀ। ਸਪੀਕਰ ਸਾਹਿਬ, ਪਾਇਲ-ਦੋਰਾਹਾ ਸੜਕ ਤੋਂ ਤੁਹਾਨੂੰ ਵੀ ਦਿਹਾੜੀ ਵਿੱਚ ਦੋ ਵਾਰ ਲੰਘਣਾ ਪੈਂਦਾ ਹੈ।

**ਮਾਨਯੋਗ ਸਪੀਕਰ :** ਮੈਂ ਰੋਜ਼ ਲੰਘਦਾ ਹਾਂ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਇਹ ਸੜਕ ਬਿਲਕੁਲ ਟੁੱਟ ਚੁੱਕੀ ਹੈ। ਇੱਕ ਸਾਲ ਬੀਤਣ ਤੋਂ ਬਾਅਦ ਇਸ ਦੀ ਰਿਪੇਅਰ ਕਿਉਂ ਨਹੀਂ ਕੀਤੀ ਗਈ? ਕੀ ਮੰਤਰੀ ਜੀ ਤੁਹਾਡੇ ਰਾਹੀਂ ਕਿਰਪਾ ਕਰਕੇ ਦੱਸਣਗੇ ਕਿ ਪੰਜ ਸਾਲ ਬੀਤਣ ਉਪਰੰਤ ਉਸ ਸੜਕ ਦੀ ਤੁਰੰਤ ਰਿਪੇਅਰ ਕਿਉਂ ਨਹੀਂ ਕੀਤੀ ਗਈ? ਸਰਕਾਰ ਦੀ ਪੰਜ ਸਾਲ ਬਾਅਦ ਰਿਪੇਅਰ ਕਰਨ ਸਬੰਧੀ ਕੀ ਪਾਲਿਸੀ ਹੈ? ਕਿਰਪਾ ਕਰਕੇ ਮੰਤਰੀ ਜੀ ਇਸ ਰਿਪੇਅਰ ਲਈ ਡਿਊ ਸੜਕ ਸਬੰਧੀ ਟਾਈਮ ਬਾਊਂਡ ਐਸ਼ੋਰੈਂਸ ਦੇਣ ਕਿ ਇਹ ਜਲਦੀ ਤੋਂ ਜਲਦੀ ਕਦੋਂ ਤੱਕ ਰਿਪੇਅਰ ਕਰ ਦਿੱਤੀ ਜਾਵੇਗੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਜਵਾਬ ਦੇ ਦਿੱਤਾ ਹੈ ਕਿ ਸਾਲ, 2015-16 ਵਿੱਚ ਇਹ ਰਿਪੇਅਰ ਲਈ ਡਿਊ ਹੈ।

**ਮਾਨਯੋਗ ਸਪੀਕਰ :** ਇਸ ਦੀ ਰਿਪੇਅਰ ਕਰਵਾ ਦਿਉ ਕਿਉਂਕਿ ਇਸ ਸੜਕ ਦੀ ਹਾਲਤ ਮਾੜੀ ਹੈ। ਇਹ ਸੜਕ ਮੇਰੇ ਆਪਣੇ ਹਲਕੇ ਦੀ ਹੈ ਅਤੇ ਮੈਂ ਰੋਜ਼ ਉਥੋਂ ਲੰਘਦਾ ਹਾਂ। ਵਾਕਿਆ ਹੀ ਇਸ ਸੜਕ ਦੀ ਹਾਲਤ ਮਾੜੀ ਹੈ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਮੇਰੀ ਦੂਜੀ ਸਪਲੀਮੈਂਟਰੀ ਹੈ। ਖੰਨਾ-ਮਲੇਰਕੋਟਲਾ ਸੜਕ ਬਾਰੇ ਮੰਤਰੀ ਜੀ ਨੇ ਦੱਸਿਆ ਹੈ ਕਿ 42.11 ਕਿਲੋਮੀਟਰ ਲੰਬਾਈ ਬਣਦੀ ਹੈ ਅਤੇ ਇਸ ਸੜਕ ਦੀ ਵੀ ਬੜੀ ਖਸਤਾ ਹਾਲਤ ਹੋ ਚੁੱਕੀ ਹੈ। ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਇਸ ਸੜਕ ਦਾ ਕਿਸ਼ਤਾਂ ਵਿੱਚ ਰਿਪੇਅਰ ਵਰਕ ਕਿਉਂ ਚੱਲ ਰਿਹਾ ਹੈ? ਕਿਉਂ ਨਹੀਂ ਇੱਕੋ ਸਮੇਂ ਵਿੱਚ ਸਾਰੀ ਸੜਕ ਦੀ ਰਿਪੇਅਰ ਕੀਤੀ ਜਾਂਦੀ?.ਇਹ ਸੜਕ ਜੋ ਕਿ ਰਿਪੇਅਰ ਵਾਸਤੇ ਡਿਊ ਹੋ ਚੁੱਕੀ ਹੈ, ਇਸ ਨੂੰ ਜਲਦੀ ਤੋਂ ਜਲਦੀ ਟਾਈਮ ਬਾਊਂਡ ਕਰਕੇ ਮੰਤਰੀ ਜੀ ਐਸ਼ੋਰੈਂਸ ਦੇਣ ਕਿ ਇਸ ਦੀ ਰਿਪੇਅਰ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਡਿਟੇਲ ਵਿੱਚ ਦੱਸਿਆ ਹੈ ਕਿ ਸਿਰਫ਼ 5.40 ਕਿਲੋਮੀਟਰ ਸੜਕ ਰਿਪੇਅਰ ਲਈ ਡਿਊ ਹੈ ਅਤੇ ਇਸ ਨੂੰ ਸਾਲ, 2015-16 ਵਿੱਚ ਰਿਪੇਅਰ ਕਰ ਦੇਵਾਂਗੇ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਇਹ ਇਸ ਨੂੰ ਟਾਈਮ ਬਾਊਂਡ ਤਾਂ ਕਰਨ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਸਾਲ, 2015-16 ਕਹਿ ਦਿੱਤਾ ਹੈ।

**ਸਰਦਾਰ ਗੁਰਕੀਰਤ ਸਿੰਘ :** ਸਪੀਕਰ ਸਾਹਿਬ, ਪਹਿਲਾਂ ਹੀ ਸਾਲ ਬੀਤ ਚੁੱਕਿਆ ਹੈ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 2015-16 ਵਿੱਚ ਰਿਪੇਅਰ ਕਰ ਦੇਵਾਂਗੇ। ਨੈਕਸਟ ਕੁਐਸਚਨ, ਸਰਦਾਰ ਜੋਗਿੰਦਰ ਸਿੰਘ ਜਿੰਦੂ।

-----------

## ਲਿੰਕ ਸੜਕਾਂ ਤੇ ਪੁਲਾਂ ਦੀ ਉਸਾਰੀ ਕਰਨਾ

*1940. **ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਮਦੋਟ ਡ੍ਰੇਨ ਤੇ ਪੈਂਦੀਆਂ ਟਿੱਬੀ ਕਲਾਂ ਤੋਂ ਲੱਖਾ ਹਾਜੀ ਰੋਡ, ਤਰਾਂ ਵਾਲੀ ਰੋਡ ਬਸਤੀ ਪਠਾਣਾ ਰੋਡ, ਹੁਸੈਨ ਸ਼ਾਹ ਰੋਡ ਅਤੇ ਮੁਰਕ ਵਾਲਾ ਰੋਡ ਦੀਆਂ ਲਿੰਕ ਸੜਕਾਂ ਤੇ ਪੁਲ ਨਾ ਹੋਣ ਕਾਰਨ ਆਮ ਲੋਕਾਂ ਨੂੰ ਕਾਫੀ ਮੁਸ਼ਕਿਲ ਹੁੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਨਵੇਂ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤੋਤਾ ਸਿੰਘ :** ਹਾਲ ਦੀ ਘੜੀ ਇਸ ਤਰ੍ਹਾਂ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਕਿ ਇਹ ਚਾਰ ਰੋਡਜ਼ ਹਨ। ਇੱਕ ਉਥੋਂ ਸੇਮ ਨਾਲਾ ਲੰਘਦਾ ਹੈ, ਉਥੇ ਲੋਕਾਂ ਨੂੰ ਬਹੁਤ ਜ਼ਿਆਦਾ ਦਿੱਕਤ ਹੈ। ਲੋਕਾਂ ਨੇ ਛੋਟੀਆਂ ਛੋਟੀਆਂ ਪਾਈਪਾਂ ਪਾ ਕੇ ਰਸਤਾ ਬਣਾਇਆ ਹੋਇਆ ਹੈ। ਉਸ ਦੇ ਨਾਲ ਲੋਕ ਤੰਗ ਵੀ ਹੁੰਦੇ ਹਨ ਅਤੇ ਜਦੋਂ ਬਰਸਾਤਾਂ ਆਉਂਦੀਆਂ ਹਨ ਤਾਂ ਜ਼ਿਮੀਦਾਰਾਂ ਦੀ ਫਸਲ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ ਕਿਉਂਕਿ ਉਦੋਂ ਇਹ ਪੁਲ ਬੰਦ ਹੋਏ ਹੁੰਦੇ ਹਨ। ਫਸਲ ਨੂੰ ਵੀ ਇਸ ਦਾ ਨੁਕਸਾਨ ਹੁੰਦਾ ਹੈ ਅਤੇ ਲੋਕਾਂ ਦੇ ਲੰਘਣ ਦੀ ਵੀ ਬਹੁਤ ਵੱਡੀ ਮੁਸ਼ਕਿਲ ਹੈ। ਇਹ ਚਾਰ ਸੜਕਾਂ ਹਨ ਜਿਨ੍ਹਾਂ ਤੇ ਪੁਲ ਬਣਨੇ ਬਹੁਤ ਜ਼ਰੂਰੀ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ....

**ਮਾਨਯੋਗ ਸਪੀਕਰ:** ਬੇਨਤੀ ਨਹੀਂ ਕਰਨੀ, ਜੋ ਕੁਝ ਪੁੱਛਣਾ ਹੈ, ਉਹ ਪੁੱਛੋ।

**ਸਰਦਾਰ ਜੋਗਿੰਦਰ ਸਿੰਘ ਜਿੰਦੂ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦਾ ਕੋਈ ਹੱਲ ਹੋ ਸਕਦਾ ਹੈ ਅਤੇ ਕਦੋਂ ਤੱਕ ਹੱਲ ਹੋ ਜਾਵੇਗਾ? ਇਸ ਦੇ ਕਾਰਨ ਕੀ ਹਨ, ਇਹ ਵੀ ਦੱਸੇ ਜਾਣ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਾਲ ਦੀ ਘੜੀ ਪੰਜਾਬ ਸਰਕਾਰ ਦੀਆਂ ਨਵੀਆਂ ਲਿੰਕ ਸੜਕਾਂ ਜਾਂ ਉਨ੍ਹਾਂ ਦੇ ਉਤੇ ਪੁਲਾਂ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਜਦੋਂ

ਵੀ ਨਵੀਆਂ ਲਿੰਕ ਸੜਕਾਂ ਅਤੇ ਪੁਲਾਂ ਦੀ ਉਸਾਰੀ ਕਰਨ ਦਾ ਪ੍ਰੋਗਰਾਮ ਫੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਲੀਕਿਆ ਜਾਵੇਗਾ ਤਾਂ ਇਨ੍ਹਾਂ ਸੜਕਾਂ ਤੇ ਪੁਲਾਂ ਦੀ ਉਸਾਰੀ ਕਰਨ ਲਈ ਵਿਚਾਰ ਲਿਆ ਜਾਵੇਗਾ। ਨੰਬਰ ਇੱਕ: ਟਿੱਬੀ ਕਲਾਂ ਤੋਂ ਲੱਖਾ ਹਾਜੀ ਰੋਡ ਸੜਕ ਕੇਵਲ 4.26 ਕਿਲੋਮੀਟਰ ਲੰਬੀ ਹੈ ਅਤੇ ਇਸ ਸੜਕ ਤੇ ਮਮਦੋਟ ਡਰੇਨ ਕਰਾਸ ਕਰਦੀ ਹੈ ਜਿਸ ਤੇ ਪਹਿਲਾਂ ਹੀ ਤਿੰਨ ਤਰ੍ਹਾਂ ਦੀਆਂ ਪਾਈਪਾਂ ਪਾ ਕੇ ਕਲਵਰਟ ਦੀ ਉਸਾਰੀ ਕੀਤੀ ਗਈ ਹੈ ਅਤੇ ਲੋਕਾਂ ਦੇ ਲੰਘਣ ਵਾਸਤੇ ਆਰਜ਼ੀ ਪ੍ਰਬੰਧ ਕੀਤਾ ਗਿਆ ਹੈ। ਨੰਬਰ ਦੋ: ਤਰ੍ਹਾਂ ਵਾਲੀ ਰੋਡ ਬਸਤੀ ਪਠਾਣਾ ਰੋਡ ਜੋ ਦੂਜੀ ਸੜਕ ਹੈ, ਇਹ ਸਿਰਫ ਅੱਧਾ ਕਿਲੋਮੀਟਰ ਲੰਬਾਈ ਦੀ ਹੈ, ਇਸ ਤੇ ਵੀ ਪਾਈਪਾਂ ਪਾ ਕੇ ਲੰਘਣ ਲਈ ਆਰਜ਼ੀ ਪ੍ਰਬੰਧ ਕੀਤਾ ਗਿਆ ਹੈ। ਹੁਸੈਨ ਸ਼ਾਹ ਰੋਡ ਜੋ ਹੈ, ਇਹ ਤਕਰੀਬਨ ਡੇਢ ਕਿਲੋਮੀਟਰ ਲੰਬੀ ਹੈ, ਇਸ ਨੂੰ ਕੋਈ ਡਰੇਨ ਕਰਾਸ ਨਹੀਂ ਕਰਦੀ। ਜਿਹੜੀ ਮੁਰਕ ਵਾਲਾ ਰੋਡ ਹੈ, ਇਸ ਦੀ ਲੰਬਾਈ 1.70 ਕਿਲੋਮੀਟਰ ਹੈ ਅਤੇ ਚੌੜਾਈ 3.5 ਮੀਟਰ ਹੈ, ਇਸ ਸੜਕ ਨੂੰ ਆਰ.ਡੀ.- । ਮਮਦੋਟ ਡਰੇਨ ਕਰਾਸ ਕਰਦੀ ਹੈ, ਜਿਸ ਤੇ ਪਹਿਲਾਂ ਹੀ ਸਪੈਨ ਬ੍ਰਿਜ ਦੀ ਉਸਾਰੀ ਕੀਤੀ ਹੋਈ ਹੈ। ਇਸ ਪੁਲ ਦੀ 7.50 ਮੀਟਰ ਦੀ ਚੌੜਾਈ ਦਾ ਨਵੀਂ ਉਸਾਰੀ ਦਾ ਅਨੁਮਾਨ 35 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕਰਕੇ ਨਬਾਰਡ ਸਕੀਮ ਅਧੀਨ ਤਜਵੀਜ਼ ਕੀਤਾ ਗਿਆ ਹੈ, ਪ੍ਰਵਾਨਗੀ ਆਉਣ ਉਪਰੰਤ ਇਹ ਕੰਮ ਕਰਵਾ ਦਿੱਤਾ ਜਾਵੇਗਾ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਧੰਨਵਾਦ ਜੀ।

-----------

## ਸੀਵਰੇਜ ਦਾ ਕੰਮ ਮੁਕੰਮਲ ਕਰਨਾ

***1907. ਸ਼੍ਰੀ ਦੀਪ ਮਲਹੋਤਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰੀਦਕੋਟ ਸ਼ਹਿਰ ਵਿੱਚ ਸੀਵਰੇਜ ਪਾਉਣ ਸਬੰਧੀ ਮਿਤੀ 26.2.2014 ਨੂੰ ਰੱਖੇ ਗਏ ਨੀਂਹ ਪੱਥਰ ਦੇ ਕੰਮ ਦੀ ਗਰਾਂਟ ਕਦੋਂ ਆ ਰਹੀ ਹੈ ਅਤੇ ਟੈਂਡਰ ਲੱਗ ਕੇ ਕੰਮ ਕਦੋਂ ਸ਼ੁਰੂ ਹੋ ਜਾਵੇਗਾ?

**ਸ਼੍ਰੀ ਅਨਿਲ ਜੋਸ਼ੀ :** ਫਰੀਦਕੋਟ ਸ਼ਹਿਰ ਵਿਖੇ ਸੀਵਰੇਜ ਪਾਉਣ ਲਈ ਡਿਟੇਲਡ ਪ੍ਰੋਜੈਕਟ ਰਿਪੋਰਟ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੂੰ Urban Infrastructure Development Scheme for Small and Medium Towns ਅਧੀਨ ਪ੍ਰਵਾਨਗੀ ਹਿੱਤ ਭੇਜੀ ਗਈ ਸੀ ਅਤੇ ਭਾਰਤ

ਸਰਕਾਰ ਦੇ ਨੁਮਾਇੰਦਿਆਂ ਸਮੇਤ ਸਟੇਟ ਲੈਵਲ ਸੈਂਕਸ਼ਨਿੰਗ ਕਮੇਟੀ ਵੱਲੋਂ ਮਿਤੀ 11.2.2014 ਨੂੰ ਕਲੀਅਰ ਕੀਤੀ ਗਈ ਸੀ ਪਰ ਇਸ ਦੀ ਭਾਰਤ ਸਰਕਾਰ ਤੋਂ ਕੋਈ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਕੋਈ ਫੰਡ ਜਾਰੀ ਕੀਤੇ ਗਏ। ਫਿਰ ਭਾਰਤ ਸਰਕਾਰ ਵੱਲੋਂ ਇਹ ਸਕੀਮ ਵਾਪਸ ਲੈ ਲਈ ਗਈ।

ਭਾਰਤ ਸਰਕਾਰ ਵੱਲੋਂ ਨਵੀਂ ਸਕੀਮ ਐਲਾਨੇ ਜਾਣ ਉਪਰੰਤ ਡਿਟੇਲਡ ਪ੍ਰੋਜੈਕਟ ਰਿਪੋਰਟ ਨਵੇਂ ਪੈਟਰਨ ਤੇ ਤਿਆਰ ਕਰਕੇ ਪ੍ਰਵਾਨਗੀ ਲੈਣ ਹਿੱਤ ਉਪਰਾਲੇ ਕੀਤੇ ਜਾਣਗੇ ਅਤੇ ਫੰਡ ਪ੍ਰਾਪਤ ਹੋਣ ਉਪਰੰਤ ਇਹ ਕੰਮ ਸ਼ੁਰੂ ਕੀਤਾ ਜਾਵੇਗਾ।

**ਮਾਨਯੋਗ ਸਪੀਕਰ :** ਇਹ ਕੰਮ ਤਾਂ ਨਿਬੜ ਗਿਆ।

**ਸ਼੍ਰੀ ਦੀਪ ਮਲਹੋਤਰਾ :** ਸਪੀਕਰ ਸਾਹਿਬ, ਨਹੀਂ ਜੀ। ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਹ ਸਾਡਾ ਸਰਕਾਰਾਂ ਦਾ ਕੰਮ ਹੈ, ਚਾਹੇ ਪੰਜਾਬ ਸਰਕਾਰ ਕਰੇ ਅਤੇ ਚਾਹੇ ਕੇਂਦਰ ਸਰਕਾਰ ਕਰੇ। ਇਸ ਪ੍ਰੋਜੈਕਟ ਦੀ ਸਾਲ ਜਾਂ ਛੇ ਮਹੀਨੇ ਦੀ ਡਿਟੇਲ ਮੰਨ ਕੇ ਪ੍ਰੋਜੈਕਟ ਬਣਾ ਲਿਆ ਗਿਆ ਕਿ ਸੀਵਰੇਜ ਸਿਸਟਮ ਪੈਣਾ ਹੈ, ਇਸ ਤੇ 80-90 ਕਰੋੜ ਰੁਪਿਆ ਲਗਣਾ ਹੈ। ਡਿਪਟੀ ਸੀ.ਐਮ. ਸਾਹਿਬ ਨੇ ਨੀਂਹ ਪੱਥਰ ਰੱਖ ਦਿੱਤਾ। ਅੱਜ ਇਕ ਸਾਲ ਦਾ ਸਮਾਂ ਹੋ ਗਿਆ ਹੈ। (ਵਿਘਨ) ਦੇਖੋ, ਅਸੀਂ ਲੋਕਾਂ ਵਾਸਤੇ ਜਵਾਬਦੇਹ ਹਾਂ। ਅਸੀਂ ਤੁਹਾਡੀ ਗੱਲ ਤੇ ਆਵਾਂਗੇ, ਇਸ ਤਰ੍ਹਾਂ ਨਾ ਕਰੋ, ਸਾਡੇ ਵਾਸਤੇ ਡੇਟ ਬਾਊਂਡ ਕੋਈ ਚੀਜ਼ ਕਰੋ। (ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ) ਫਰੀਦਕੋਟ ਸ਼ਹਿਰ ਦੀ ਇੱਕੋ ਇੱਕ ਮੰਗ ਹੈ ਕਿ ਉਥੇ ਸੀਵਰੇਜ ਹੋਣਾ ਚਾਹੀਦਾ ਹੈ। ਸਾਰਿਆਂ ਨੂੰ ਬੜੀ ਬੇਨਤੀ ਕਰਨ ਤੋਂ ਬਾਅਦ ਇਸ ਸ਼ਹਿਰ ਵਾਸਤੇ ਸੀਵਰੇਜ ਸਿਸਟਮ ਅਪਰੂਵ ਹੋਇਆ ਹੈ, ਸੀ.ਐਮ. ਸਾਹਿਬ ਨੇ ਸਾਨੂੰ ਬਾਬਾ ਫਰੀਦ ਯੂਨੀਵਰਸਿਟੀ ਦੇ ਕੇ ਸਾਡਾ ਸ਼ਹਿਰ ਵੱਡਾ ਕਰ ਦਿੱਤਾ ਹੈ। ਲੇਕਿਨ ਜਿਹੜੀ ਸੀਵਰੇਜ ਦੀ ਵਿਵਸਥਾ ਹੈ, ਇਹ ਵੀ ਜ਼ਰੂਰੀ ਹੈ। ਸੈਂਟਰ ਵਿੱਚ ਵੀ ਜੋਸ਼ੀ ਸਾਹਿਬ ਦੀ ਸਰਕਾਰ ਹੈ, ਸਾਡੇ ਨਾਲ ਇਕੱਠੇ ਹੋ ਕੇ ਜਿਥੇ ਮਰਜ਼ੀ ਚੱਲਣ, ਜੋ ਮਰਜ਼ੀ ਹੱਲ ਕਰਨ ਪਰ ਮੇਰੇ ਸ਼ਹਿਰ ਵਿੱਚ ਸੀਵਰੇਜ ਪਾਉਣ ਦੇ ਕੰਮ ਨੂੰ ਡੇਟ ਬਾਊਂਡ ਕਰਕੇ ਮੈਨੂੰ ਜਵਾਬ ਦੇਣ ਜੀ। ਸਪੀਕਰ ਸਾਹਿਬ, ਇਹ ਮੇਰਾ ਹੱਕ ਹੈ। ਮੇਰੇ ਸ਼ਹਿਰ ਵਾਸਤੇ ਕੋਈ ਨਾ ਕੋਈ ਹੱਲ ਕੱਢ ਕੇ ਇਹ ਕੰਮ ਕਰੋ। ਮੇਰੇ ਸ਼ਹਿਰ ਵਿੱਚ ਸੀਵਰੇਜ ਪਾਉਣ ਦਾ ਕੰਮ ਟਾਈਮ ਬਾਊਂਡ ਕਰ ਦਿੱਤਾ ਜਾਵੇ। (ਆਪੋਜੀਸ਼ਨ ਬੈਂਚਿਜ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਜੋਸ਼ੀ ਸਾਹਿਬ, ਕੋਈ ਹੱਲ ਕੱਢੋ, ਇਹ ਕੰਮ ਤਾਂ ਇਨ੍ਹਾਂ ਦਾ ਜ਼ਰੂਰੀ ਹੈ।

**ਮੰਤਰੀ :** ਸਪੀਕਰ ਸਾਹਿਬ, ਇਹੀ ਇੱਕ ਨਹੀਂ ਸਗੋਂ 29 ਸ਼ਹਿਰਾਂ ਦਾ ਪ੍ਰੋਜੈਕਟ ਸੀ ਜਿਹੜਾ ਕਿ ਅਸੀਂ ਬਣਾਇਆ ਹੈ। ਕਾਫ਼ੀ ਵਾਰੀ ਇਹ ਸਵਾਲ ਉਠਾਇਆ ਗਿਆ ਹੈ, ਮੇਰਾ ਖਿਆਲ ਹੈ ਕਿ ਇਸੇ ਸੈਸ਼ਨ ਵਿੱਚ ਘੱਟੋ ਘੱਟ 6-7 ਵਾਰੀ ਇਸ ਬਾਰੇ ਕੁਐਸਚਨ ਆ ਚੁੱਕੇ ਹਨ। ਇਸ ਦਾ ਸੇਮ ਜਵਾਬ ਹੈ ਕਿ ਅਸੀਂ ਦੁਬਾਰਾ ਪ੍ਰੋਜੈਕਟ ਰਿਪੋਰਟ ਬਣਾ ਕੇ ਭੇਜਾਂਗੇ। ਉਨ੍ਹਾਂ ਨੇ ਕਿਹਾ ਸੀ ਕਿ ਬਜਟ ਤੋਂ ਬਾਅਦ ਅਸੀਂ ਇੱਕ ਨਵੀਂ ਸਕੀਮ ਸ਼ੁਰੂ ਕਰਾਂਗੇ, ਇਹ ਪ੍ਰੋਜੈਕਟ ਰਿਪੋਰਟ ਹੁਣ ਭੇਜ ਦੇਵਾਂਗੇ ਅਤੇ ਇਹ ਇਮੀਜੀਏਟਲੀ ਹੋ ਜਾਵੇਗੀ। ਬਾਕੀ ਜਿਹੜੇ ਪ੍ਰੋਜੈਕਟਾਂ ਦਾ ਡਿਪਟੀ ਸੀ.ਐਮ ਸਾਹਿਬ ਨੇ ਨੀਂਹ ਪੱਥਰ ਰੱਖਿਆ ਸੀ, ਅਸੀਂ ਸ਼ੁਰੂਆਤ ਉਨ੍ਹਾਂ ਤੋਂ ਕਰਾਂਗੇ। (ਥੰਪਿੰਗ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ (ਵਿਘਨ)

**ਮੰਤਰੀ :** ਜਾਖੜ ਸਾਹਿਬ, ਇਹ ਹੋ ਗਿਆ ਹੈ, ਤੁਸੀਂ ਇਸ ਤੇ ਕੋਈ 10 ਵਾਰੀ ਗੱਲ ਕਰ ਲਈ ਹੈ।

**ਸ਼੍ਰੀ ਸੁਨੀਲ ਜਾਖੜ :** ਇਸ ਦਾ ਕੋਈ ਨਤੀਜਾ ਨਿਕਲਿਆ। (ਵਿਘਨ)..... (ਸ਼ੋਰ)

**ਮੰਤਰੀ :** ਜਿਹੜੀ ਗੱਲ ਉਸ ਦਿਨ ਕਹੀ ਸੀ, ਅੱਜ ਵੀ ਉਹੀ ਹੈ। ਜਿਹੜਾ ਨਤੀਜਾ ਪਰਸੋਂ ਨਹੀਂ ਨਿਕਲਿਆ ਤਾਂ ਅੱਜ ਕਿਥੋਂ ਕੱਢ ਦਿਆਂਗੇ। ਜਿਹੜੀ ਅਸਲੀ ਗੱਲ ਹੈ, ਉਹ ਤੁਹਾਨੂੰ ਦੱਸ ਦਿੱਤੀ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜਵਾਬ ਤਾਂ ਆ ਗਿਆ ਹੈ । ਮੈਂ ਮਲਹੋਤਰਾ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹਿੰਮਤ ਤਾਂ ਕੀਤੀ ਹੈ।

**ਮਾਨਯੋਗ ਸਪੀਕਰ :** ਇਨ੍ਹਾਂ ਦੇ ਹਲਕੇ ਦੀ ਲੋੜ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।ਮੇਰਾ ਸਵਾਲ ਮਾਨਯੋਗ ਮੰਤਰੀ ਜੀ ਨੂੰ ਹੈ, ਇਹ ਕਹਿੰਦੇ ਹਨ ਨਵੀਂ ਪ੍ਰਾਜੈਕਟ ਰਿਪੋਰਟ ਬਣਾ ਕੇ ਭੇਜਾਂਗੇ। ਇਨ੍ਹਾਂ ਨੂੰ ਪਤਾ ਹੈ ਕਿ ਨਵਾਂ ਪ੍ਰਾਜੈਕਟ ਭੇਜਣਗੇ ਤਾਂ 20 ਵਾਰੀ

ਆਬਜੈਕਸ਼ਨ ਲੱਗਣਗੇ। Across the party line, ਅਸੀਂ ਹਾਊਸ ਦੇ ਸਾਰੇ ਮੈਂਬਰ ਚੱਲ ਕੇ ਸ਼੍ਰੀ ਵੈਂਕੱਈਆ ਨਾਇਡੂ ਜੀ, ਕੇਂਦਰੀ ਮੰਤਰੀ ਜਾਂ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੂੰ ਮਿਲ ਲੈਂਦੇ ਹਾਂ ਕਿ ਪੰਜਾਬ ਲਈ 1200 ਕਰੋੜ ਦਾ ਜਿਹੜਾ ਪਹਿਲਾਂ ਪ੍ਰਾਜੈਕਟ ਦਿੱਤਾ ਸੀ, ਉਹ ਹੀ ਰਿਲੀਜ਼ ਕਰ ਦਿਉ। ਕੀ ਤੁਸੀਂ ਸਾਡੇ ਨਾਲ ਸਹਿਮਤ ਹੋ? ਅਸੀਂ ਵੀ ਨਾਲ ਚੱਲਣ ਨੂੰ ਤਿਆਰ ਹਾਂ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ:** ਜਾਖੜ ਸਾਹਿਬ, ਬੈਠ ਜਾਉ।

**ਉਪ ਮੁੱਖ ਮੰਤਰੀ :** ਜਾਖੜ ਸਾਹਿਬ, ਉਸ ਸਮੇਂ ਤੁਸੀਂ ਕਹਿੰਦੇ ਸੀ ਕਿ ਮੈਂ ਕਰਵਾ ਕੇ ਆਇਆ ਹਾਂ, ਹੁਣ ਤੁਸੀਂ ਮੈਨੂੰ ਵਧਾਈ ਦਿੰਦੇ ਹੋ।

**ਸ਼੍ਰੀ ਸੁਨੀਲ ਜਾਖੜ :** ** **

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਰਿਕਾਰਡ ਨਾ ਕੀਤਾ ਜਾਵੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਸੱਚਾਈ ਦੱਸਦਾ ਹਾਂ। ਸ਼ਾਇਦ ਮੇਰੇ ਬੋਲਣ ਨਾਲ ਮੇਰੇ ਸਾਹਮਣੇ ਬੈਠੇ ਭਰਾ ਗੁੱਸੇ ਹੋ ਜਾਣਗੇ। ਜਦੋਂ ਪਿਛਲੀ ਸਰਕਾਰ ਸੀ ਤਾਂ ਕਾਂਗਰਸੀ ਭਰਾਵਾਂ ਨੇ ਕੇਂਦਰ ਵਿੱਚ ਜਾ ਕੇ ਕਿਹਾ ਕਿ ਪੰਜਾਬ ਦੀਆਂ ਜਿੰਨੀਆਂ ਵੀ ਪੈਂਡਿੰਗ ਸਕੀਮਾਂ ਹਨ, ਉਹ ਮਨਜ਼ੂਰ ਨਹੀਂ ਕਰਨੀਆਂ। (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) (ਵਿਘਨ..ਸ਼ੋਰ) ਮੇਰੀ ਗੱਲ ਸੁਣ ਲਉ। ਤੁਹਾਡਾ ਬਹੁਤ ਧੰਨਵਾਦ ਕਿ ਚੌਧਰੀ ਸਾਹਿਬ ਨੇ ਆਫਰ ਕੀਤਾ ਹੈ ਕਿ ਅਸੀਂ ਵੀ ਨਾਲ ਜਾਣ ਨੂੰ ਤਿਆਰ ਹਾਂ। ਇਹ ਪੰਜਾਬ ਦੇ ਸੇਮ ਦੇ ਇਲਾਕਿਆਂ ਨਾਲ ਸਬੰਧਤ ਬਹੁਤ ਵੱਡਾ ਪ੍ਰਾਜੈਕਟ ਸੀ, ਮੈਂ ਤੇ ਚੌਧਰੀ ਸਾਹਿਬ ਨੇ ਡਾਕਟਰ ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਤਾਂ ਉਨ੍ਹਾਂ ਨੇ ਇਹ ਮਨਜੂਰ ਕਰ ਦਿੱਤਾ ਸੀ। ਸੋ, ਜਿੱਥੇ ਵੀ ਪੰਜਾਬ ਵਾਸਤੇ ਤੁਹਾਡੀ ਲੋੜ ਹੈ, ਅਸੀਂ ਜ਼ਰੂਰ ਤੁਹਾਨੂੰ ਨਾਲ ਲਿਜਾਵਾਂਗੇ ਔਰ ਜਿੰਨੇ ਵੀ ਪੈਂਡਿੰਗ ਕੰਮ ਹਨ, ਉਹ ਕਰਵਾਉਣ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਸਾਡੇ ਬਹੁਤ ਸਤਿਕਾਰਯੋਗ ਹਨ ਪਰ ਇਨ੍ਹਾਂ ਨੇ ਸਾਡੇ ਤੇ ਬਹੁਤ ਵੱਡਾ ਇਲਜ਼ਾਮ ਲਗਾਇਆ ਹੈ। ਪਰ ਇਨ੍ਹਾਂ ਤੋਂ ਕੋਈ ਨਰਾਜ਼ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਵੱਡੀ ਗੱਲ ਕਹਿ ਦਿੱਤੀ ਹੈ ਕਿ ਅਸੀਂ ਜਾ ਕੇ ਰੋਕਿਆ ਹੈ। ਪਰ ਮੇਰਾ ਸਪੈਸੀਫਿਕ

**Not recorded as ordered by the Chair.

[ ਸ਼੍ਰੀ ਸੁਨੀਲ ਜਾਖੜ ]

ਸਵਾਲ ਹੈ ਕਿ JNNURM ਦੇ ਤਹਿਤ ਸਟਿਪੁਲੇਸ਼ਨ ਸੀ unless and until there is a local body in place, funds cannot be released. ਵੇਵ ਕਰਕੇ ਪੰਜਾਬ ਵਾਸਤੇ ਪੈਸੇ ਰਿਲੀਜ਼ ਕੀਤੇ ਜਾਂ ਨਹੀਂ, ਇਸ ਦਾ ਜਵਾਬ ਹਾਂ ਜਾਂ ਨਾਂਹ ਵਿੱਚ ਦੇ ਦੇਣ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਅਗਲਾ ਸਵਾਲ, ਸ਼੍ਰੀਮਤੀ ਕਰਨ ਕੌਰ ਬਰਾੜ ਜੀ।

------------

## ਸੇਮ ਨਾਲਿਆਂ ਦੀ ਉਸਾਰੀ ਕਰਨਾ

***1984. ਸ਼੍ਰੀਮਤੀ ਕਰਨ ਕੌਰ ਬਰਾੜ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡਾਂ ਖੋਖਰ, ਹਰਾਜ, ਕੋਟਲੀ ਸੰਗਰ ਅਤੇ ਠੰਡੇਵਾਲਾ ਵਿੱਚ ਸੇਮ ਨਾਲਿਆਂ ਨੂੰ ਕਦੋਂ ਤੱਕ ਬਣਾਇਆ ਜਾਵੇਗਾ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸ੍ਰੀ ਮੁਕਤਸਰ ਸਾਹਿਬ ਦੇ ਪਿੰਡਾਂ ਖੋਖਰ, ਹਰਾਜ, ਕੋਟਲੀ ਸੰਗਰ ਅਤੇ ਠੰਡੇਵਾਲਾ (ਥਾਂਦੇਵਾਲਾ) ਦੇ ਏਰੀਏ ਵਿੱਚ ਬਰਸਾਤੀ ਪਾਣੀ ਦੇ ਨਿਕਾਸ ਲਈ ਦੋ ਡਰੇਨਾਂ ਫੰਡਾਂ ਅਤੇ ਜ਼ਮੀਨ ਦੀ ਉਪਲਬਧਤਾ ਅਨੁਸਾਰ 31 ਮਾਰਚ, 2017 ਤੱਕ ਮੁਕੰਮਲ ਕਰਨ ਦੀ ਤਜਵੀਜ਼ ਹੈ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਥਾਂਦੇਵਾਲਾ ਦੀ ਜਿਹੜੀ ਡਰੇਨ ਹੈ, ਉਹ ਨਹਿਰ ਦੇ ਨਾਲ ਸਰਕਾਰੀ ਜ਼ਮੀਨ ਵਿੱਚ ਪੁੱਟੀ ਜਾ ਰਹੀ ਸੀ। ਉਥੇ ਕਿਸੇ ਨੇ ਸਟੇਅ ਲੈ ਲਈ ਸੀ ਅਤੇ ਤਿੰਨ ਵਾਰੀ ਇਸ ਦੀ ਤਾਰੀਖ ਪੈ ਚੁੱਕੀ ਹੈ। ਹੁਣ ਅਗਲੀ ਤਾਰੀਖ 24 ਅਪ੍ਰੈਲ, 2015 ਹੈ। ਜਿੱਥੇ ਸਰਕਾਰੀ ਜ਼ਮੀਨ ਉਪਲਬਧ ਹੈ, ਉਥੇ ਜ਼ਮੀਨ ਖਰੀਦਣ ਦੀ ਕੋਈ ਲੋੜ ਨਹੀਂ ਹੈ। ਜਦੋਂ ਉਥੇ ਸਰਕਾਰੀ ਜ਼ਮੀਨ ਹੈ ਫਿਰ ਇਹ ਡਰੇਨ ਕਿਉਂ ਬੰਦ ਕੀਤੀ ਗਈ ਹੈ? ਸੋ, ਮੰਤਰੀ ਜੀ ਦੱਸਣ ਕਿ ਇਹ ਕਦੋਂ ਤੱਕ ਸ਼ੁਰੂ ਹੋ ਜਾਵੇਗੀ ਅਤੇ ਕਦੋਂ ਤੱਕ ਮੁਕੰਮਲ ਹੋਵੇਗੀ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਦੱਸ ਦਿੱਤਾ ਹੈ ਕਿ 31 ਮਾਰਚ, 2017 ਤੱਕ ਕਰ ਦੇਣਗੇ।

**ਸ਼੍ਰੀਮਤੀ ਕਰਨ ਕੌਰ ਬਰਾੜ :** ਸਪੀਕਰ ਸਾਹਿਬ, ਇੱਥੇ ਤਾਂ ਕੋਈ

ਜ਼ਮੀਨ ਖਰੀਦਣ ਦੀ ਲੋੜ ਨਹੀਂ ਹੈ ਕਿਉਂਕਿ ਸਰਕਾਰੀ ਜ਼ਮੀਨ ਹੈ। ਮੈਂ ਇਸ ਬਾਰੇ ਗੱਲ ਕਰ ਰਹੀ ਹਾਂ।

**ਮੰਤਰੀ :** ਸਪੀਕਰ ਸਾਹਿਬ, ਅਸੀਂ ਡਰੇਨਾਂ ਵਾਸਤੇ ਕਾਫੀ ਜਗ੍ਹਾ ਉਤੇ ਜ਼ਮੀਨ ਐਕਵਾਇਰ ਕਰਨੀ ਹੈ ਪਰ ਜਿੰਨਾ ਚਿਰ ਅਸੀਂ ਲੋਕਾਂ ਨੂੰ ਰਜ਼ਾਮੰਦ ਨਹੀਂ ਕਰ ਲੈਂਦੇ, ਉਨੀ ਦੇਰ ਤੱਕ ਇਹ ਕੰਮ ਸਿਰੇ ਨਹੀਂ ਚੜ੍ਹ ਸਕਦਾ। ਪਰ ਫਿਰ ਵੀ ਸਾਡੀ ਪੂਰੀ ਕੋਸ਼ਿਸ਼ ਹੈ ਕਿ 31 ਮਾਰਚ, 2017 ਤੱਕ ਇਸ ਨੂੰ ਮੁਕੰਮਲ ਕਰਨਾ ਹੈ। ਮਿਸਾਲ ਦੇ ਤੌਰ ਤੇ ਪਿੰਡ ਭੁੱਲਰ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਹੈ। ਹਾਈ ਕੋਰਟ ਵਿੱਚ ਕੇਸ ਪੈਂਡਿੰਗ ਹੈ। ਹਰਾਜ ਲਿੰਕ ਡਰੇਨ ਬਣਾਉਣ ਲਈ ਪਿੰਡ ਭੁੱਲਰ ਦੇ ਲੋਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਲੋਕਾਂ ਵੱਲੋਂ ਮਾਨਯੋਗ ਹਾਈ ਕੋਰਟ ਵਿੱਚ ਪਟੀਸ਼ਨ ਨੰ. 11953 ਆਫ 2014 ਦਾਇਰ ਕੀਤੀ ਹੋਈ ਹੈ। ਹਾਈ ਕੋਰਟ ਵੱਲੋਂ ਸਟੇਅ ਦਿੱਤੀ ਗਈ ਹੈ। ਅਗਲੀ ਪੇਸ਼ੀ ਮਿਤੀ 20.4.2015 ਦੀ ਹੈ। ਡਰੇਨਾਂ ਦੀ ਉਸਾਰੀ ਲਈ ਜ਼ਮੀਨ ਐਕੁਆਇਰ ਕਰਨ ਵਾਸਤੇ ਸਹਿਮਤੀ ਲੈਣੀ ਬਹੁਤ ਜ਼ਿਆਦਾ ਜ਼ਰੂਰੀ ਹੈ।

**ਮਾਨਯੋਗ ਸਪੀਕਰ :** ਧੰਨਵਾਦ।

---

## ਪੰਜਵੀਂ ਅਤੇ ਅੱਠਵੀਂ ਜਮਾਤ ਦੀਆਂ ਪ੍ਰੀਖਿਆਵਾਂ ਕਰਵਾਉਣਾ

***1897. (1) ਸ਼੍ਰੀ ਤਰਲੋਚਨ ਸਿੰਘ :**

**(2) ਜਸਟਿਸ ਨਿਰਮਲ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਦੁਆਰਾ ਵਿਧਾਨ ਸਭਾ ਦੇ ਪਿਛਲੇ ਸਮਾਗਮ ਦੇ ਦੌਰਾਨ ਆਸ਼ਵਾਸਨ ਦਿੱਤਾ ਗਿਆ ਸੀ ਕਿ ਭਵਿੱਖ ਵਿੱਚ ਪੰਜਵੀਂ ਅਤੇ ਅੱਠਵੀਂ ਜਮਾਤ ਦੀਆਂ ਪ੍ਰੀਖਿਆਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਈਆਂ ਜਾਣਗੀਆਂ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿੱਚ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** ਨਹੀਂ ਜੀ, ਵਿਧਾਨ ਸਭਾ ਵਿੱਚ ਆਸ਼ਵਾਸਨ ਨਹੀਂ ਦਿੱਤਾ ਗਿਆ ਸੀ ਸਗੋਂ ਵਿਧਾਨ ਸਭਾ ਵਿੱਚ ਮਿਤੀ 18.7.2014 ਨੂੰ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਕੇਂਦਰ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇ ਕਿ ਉਹ ਪੰਜਾਬ ਅਤੇ ਦੇਸ਼ ਦੇ ਸੁਨਹਿਰੇ ਭਵਿੱਖ ਲਈ

ਪਹਿਲੀ ਤੋਂ ਅੱਠਵੀਂ ਜਮਾਤ ਤੱਕ ਇਮਤਿਹਾਨ ਪ੍ਰਥਾ ਦੁਬਾਰਾ ਸ਼ੁਰੂ ਕਰਨ ਅਤੇ ਸਕੂਲਾਂ ਵਿੱਚ ਪੰਜਵੀਂ ਅਤੇ ਅੱਠਵੀਂ ਜਮਾਤ ਲਈ ਬੋਰਡ ਦਾ ਇਮਤਿਹਾਨ ਸ਼ੁਰੂ ਕਰਨ ਅਤੇ ਸਿਰਫ ਪਾਸ ਬੱਚਿਆਂ ਨੂੰ ਹੀ ਅਗਲੀ ਜਮਾਤ ਵਿੱਚ ਭੇਜਣਾ ਯਕੀਨੀ ਬਣਾਉਣ ਅਤੇ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ, 2009 ਵਿੱਚ ਲੋੜੀਂਦੀ ਸੋਧ ਕਰੇ।

ਇਸ ਮਤੇ ਮੁਤਾਬਕ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ, 2009 ਵਿੱਚ ਲੋੜੀਂਦੀ ਸੋਧ ਕਰਨ ਲਈ ਲਿਖ ਦਿੱਤਾ ਗਿਆ ਸੀ। ਮਾਮਲਾ ਹੁਣ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਤਰਲੋਚਨ ਸਿੰਘ:** ਸਪੀਕਰ ਸਾਹਿਬ, ਆਪਾਂ ਸਾਰੇ ਹੀ ਜਾਣਦੇ ਹਾਂ ਕਿ ਪੰਜਾਬ ਦੀ ਪਾਪੂਲੇਸ਼ਨ 2 ਕਰੋੜ ਤੇ 98 ਲੱਖ ਹੈ ਅਤੇ ਉਸ ਵਿੱਚੋਂ 32% ਵਸੋਂ ਸ਼ਡਿਊਲਡ ਕਾਸਟਸ ਦੀ ਹੈ ਅਤੇ ਇਸ 32% ਵਿੱਚੋਂ 86% ਗਰੀਬ ਲੋਕ ਹਨ ਜਿਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਦੇ ਹਨ। ਕਿਉਂਕਿ ਪੰਜਵੀਂ ਅਤੇ ਅੱਠਵੀਂ ਦਾ ਇਮਤਿਹਾਨ ਲੈਣ ਸਬੰਧੀ ਇਸ ਹਾਊਸ ਵਿੱਚ ਪਹਿਲਾਂ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਸੀ, ਜੇਕਰ ਬੱਚਿਆਂ ਦਾ 8ਵੀਂ ਜਮਾਤ ਤੱਕ ਕੋਈ ਐਗਜ਼ਾਮ ਨਹੀਂ ਲੈਣਾ ਫਿਰ ਮਤਾ ਪਾਸ ਕਰਨ ਦਾ ਕੀ ਫਾਇਦਾ ਹੋਇਆ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਲੈਟਰ ਕਿਹੜੇ ਮਹੀਨੇ ਕੇਂਦਰ ਸਰਕਾਰ ਨੂੰ ਲਿਖਿਆ ਗਿਆ, ਮੈਂ ਤਾਰੀਖ ਨਹੀਂ ਪੁੱਛਦਾ ਸਿਰਫ ਮਹੀਨਾ ਹੀ ਮੰਤਰੀ ਸਾਹਿਬ ਦੱਸ ਦੇਣ। ਸਪੀਕਰ ਸਾਹਿਬ, ਕਿਉਂਕਿ ਜੋ ਮੇਰੇ ਕੋਲ ਇਨਫਰਮੇਸ਼ਨ ਹੈ, ਉਸ ਮੁਤਾਬਿਕ ਇਨ੍ਹਾਂ ਨੇ ਕੋਈ ਵੀ ਚਿੱਠੀ ਕੇਂਦਰ ਸਰਕਾਰ ਨੂੰ ਨਹੀਂ ਲਿਖੀ। ਮੰਤਰੀ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ 14 ਅਗਸਤ, 2014 ਨੂੰ ਕੇਂਦਰ ਸਰਕਾਰ ਦੇ ਮਾਨਯੋਗ Human Resource Development Minister ਨੂੰ ਲੈਟਰ ਲਿਖਿਆ ਹੈ। ਉਨ੍ਹਾਂ ਦਾ ਜਿਹੜਾ ਜਵਾਬ ਆਇਆ ਹੈ, ਉਹ ਵੀ ਮੈਂ ਤੁਹਾਨੂੰ ਕੋਟ ਕਰਕੇ ਦੱਸ ਦਿੰਦਾ ਹਾਂ:

"Please refer to your letter dated 14 August 2014, regarding proposal for amendment in Sections 16 and 30 (1) of the Right

of Children to Free and Compulsory Education (RTE) Act, 2009 to resume examinations at primary and upper primary stage of schooling.

In this connection, I would like to inform you that matter is under review.

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਸਵਾਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ।

-----------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਪੰਜਾਬ ਸਟੇਟ ਕੋਆਪਰੇਟਿਵ ਬੈਂਕ ਨੂੰ ਆਨ ਲਾਈਨ ਕਰਨਾ

***1977. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਨੂੰ ਆਨ ਲਾਈਨ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਆਨ ਲਾਈਨ ਕਰ ਦਿੱਤਾ ਜਾਵੇਗਾ?

**ਸਰਦਾਰ ਪਰਕਾਸ਼ ਸਿੰਘ ਬਾਦਲ :** ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਦੀਆਂ ਸਾਰੀਆਂ ਬਰਾਂਚਾਂ ਅਤੇ ਰਾਜ ਦੇ 20 ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵਿੱਚ ਆਨ ਲਾਈਨ ਸੇਵਾਵਾਂ ਸ਼ੁਰੂ ਹੋ ਚੁੱਕੀਆਂ ਹਨ। ਬੈਂਕ ਵੱਲੋਂ ਹੋਰ ਆਨ ਲਾਈਨ ਸੇਵਾਵਾਂ ਜਿਵੇਂ ਕਿ ਮੋਬਾਈਲ ਬੈਂਕਿੰਗ, ਨੈੱਟ ਬੈਂਕਿੰਗ ਆਦਿ ਨਵੰਬਰ, 2016 ਤੱਕ ਲਾਗੂ ਕਰਨ ਦੀ ਤਜਵੀਜ਼ ਹੈ।

------------

### ਨਿਹਾਲ ਸਿੰਘ ਵਾਲਾ ਵਿਖੇ ਪਸ਼ੂ ਡਿਸਪੈਂਸਰੀ ਖੋਲ੍ਹਣਾ

***2014. ਸ਼੍ਰੀਮਤੀ ਰਾਜਵਿੰਦਰ ਕੌਰ ਭਾਗੀਕੇ :** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ ਨਿਹਾਲ ਸਿੰਘ ਵਾਲਾ ਵਿਖੇ ਪਸ਼ੂ ਡਿਸਪੈਂਸਰੀ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਨਹੀਂ ਜੀ। ਇਸ ਸਮੇਂ ਜ਼ਿਲ੍ਹਾ ਮੋਗਾ ਵਿੱਚ ਨਿਹਾਲ ਸਿੰਘ ਵਾਲਾ ਵਿਖੇ ਪਸ਼ੂ ਡਿਸਪੈਂਸਰੀ ਖੋਲ੍ਹਣ ਦੀ ਸਰਕਾਰ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

----------

## ਸਰਕਾਰੀ ਬਿਲਡਿੰਗਾਂ ਦੀ ਮੁਰੰਮਤ ਕਰਨਾ

***1992 ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਸ਼ਿਆਰਪੁਰ ਵਿੱਚ ਬਣੀਆਂ ਸਰਕਾਰੀ ਬਿਲਡਿੰਗਾਂ ਦੀ ਮੁਰੰਮਤ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਹੁਸ਼ਿਆਰਪੁਰ ਵਿੱਚ ਬਣੀਆਂ ਸਰਕਾਰੀ ਬਿਲਡਿੰਗਾਂ ਕਾਫ਼ੀ ਪੁਰਾਣੀਆਂ ਹਨ। ਇਨ੍ਹਾਂ ਦੀ ਮੁਰੰਮਤ ਹੈਡ-2059 ਅਧੀਨ ਕੀਤੀ ਜਾਂਦੀ ਹੈ ਪ੍ਰੰਤੂ ਪਿਛਲੇ 4-5 ਸਾਲਾਂ ਤੋਂ ਇਸ ਹੈਡ ਅਧੀਨ ਫੰਡਜ ਨਾ ਮਿਲਣ ਕਰਕੇ ਇਨ੍ਹਾਂ ਇਮਾਰਤਾਂ ਦੀ ਕੋਈ ਖਾਸ ਮੁਰੰਮਤ ਨਹੀਂ ਹੋ ਸਕੀ। ਇਸ ਸਾਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇਸ ਹੈਡ ਅਧੀਨ ਸਿਰਫ 63 ਲੱਖ ਰੁਪਏ ਉਪਲਬਧ ਹੋਏ ਜਦ ਕਿ ਸਰਕਾਰੀ ਇਮਾਰਤਾਂ ਦੀ ਮੁਰੰਮਤ ਵਾਸਤੇ 250 ਲੱਖ ਰੁਪਏ ਲੋੜੀਂਦੇ ਸਨ।

----------

## ਸੰਮੇਵਾਲੀ-ਮਹਾਂਬੱਧਰ ਲਿੰਕ ਸੜਕ ਦੀ ਮੁਰੰਮਤ ਕਰਨਾ

***1831. ਸਰਦਾਰ ਹਰਪ੍ਰੀਤ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮਲੋਟ ਵਿੱਚ ਪੈਂਦੇ ਪਿੰਡ ਸੰਮੇਵਾਲੀ ਤੋਂ ਮਹਾਂਬੱਧਰ (ਵਾਇਆ ਪਿੰਡ ਲੱਖੇਵਾਲੀ-ਭਾਗਸਰ) ਲਿੰਕ ਸੜਕ ਦੀ ਮੁਰੰਮਤ ਦਾ ਕੰਮ ਕਦੋਂ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੀ ਅਜੋਕੀ ਸਥਿਤੀ ਕੀ ਹੈ?

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ):** ਸੰਮੇਵਾਲੀ-ਮਹਾਂਬੱਧਰ ਵਾਇਆ ਨੰਦਗੜ੍ਹ-ਲੱਖੇਵਾਲੀ ਸੜਕ ਦੀ ਕੁੱਲ ਲੰਬਾਈ 18.33 ਕਿਲੋਮੀਟਰ ਹੈ। ਹੁਣ ਤੱਕ ਇਸ ਸੜਕ ਤੇ 70% ਕੰਮ ਹੋ ਚੁੱਕਾ ਹੈ ਅਤੇ ਬਾਕੀ ਦਾ ਕੰਮ ਮਿਤੀ 30.04.2015 ਤੱਕ ਮੁਕੰਮਲ ਹੋ ਜਾਵੇਗਾ।

----------

## ਬਾਬਾ ਫਰੀਦ ਯੂਨੀਵਰਸਿਟੀ ਵਿੱਚ ਮੁਲਾਜ਼ਮਾਂ ਦੀ ਭਰਤੀ ਸਬੰਧੀ

***1910. ਸ਼੍ਰੀ ਦੀਪ ਮਲਹੋਤਰਾ :** ਕੀ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਾਬਾ ਫਰੀਦ ਯੂਨੀਵਰਸਿਟੀ ਵਿੱਚ ਮੁਲਾਜ਼ਮਾਂ ਦੀ ਭਰਤੀ ਸਬੰਧੀ ਕੀ ਮਾਪ-ਦੰਡ ਹਨ ਅਤੇ ਇਸ ਹਲਕੇ ਦੇ ਯੋਗ ਉਮੀਦਵਾਰਾਂ ਨੂੰ ਪਹਿਲ ਦੇ ਅਧਾਰ ਤੇ ਭਰਤੀ ਕਰਨ ਸਬੰਧੀ ਸਰਕਾਰ ਦੀ ਕੀ ਯੋਜਨਾ ਹੈ?

**ਸ਼੍ਰੀ ਅਨਿਲ ਜੋਸ਼ੀ :** ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਵਿਖੇ ਮੁਲਾਜ਼ਮਾਂ (ਟੀਚਿੰਗ ਅਤੇ ਨਾਨ-ਟੀਚਿੰਗ) ਦੀ ਭਰਤੀ ਸਬੰਧੀ ਮਾਪ-ਦੰਡ ਯੂਨੀਵਰਸਿਟੀ ਵੱਲੋਂ ਬਣਾ ਲਏ ਗਏ ਹਨ ਅਤੇ ਬੋਰਡ ਆਫ ਮੈਨੇਜਮੈਂਟ ਦੀ ਇਕੱਤਰਤਾ ਮਿਤੀ 01.03.2015 ਵਿੱਚ ਪ੍ਰਵਾਨ ਕੀਤੇ ਗਏ ਹਨ। ਇਨ੍ਹਾਂ ਦੀ ਪ੍ਰਵਾਨਗੀ ਸਰਕਾਰ ਦੇ ਵਿਚਾਰ ਅਧੀਨ ਹੈ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਵਿਖੇ ਹਲਕੇ ਦੇ ਯੋਗ ਉਮੀਦਵਾਰਾਂ ਨੂੰ ਪਹਿਲ ਦੇ ਅਧਾਰ ਤੇ ਭਰਤੀ ਕਰਨ ਸਬੰਧੀ ਨਿਯਮਾਂ ਵਿੱਚ ਕੋਈ ਉਪਬੰਧ ਨਹੀਂ ਹੈ ਜੀ।

---------

## ਸਿੱਧਵਾਂ ਨਹਿਰ ਅਤੇ ਇਸ ਦੀਆਂ ਪੱਟੜੀਆਂ ਦੀ ਸਫ਼ਾਈ ਕਰਨਾ

***2000. ਸ਼੍ਰੀ ਰਾਕੇਸ਼ ਪਾਂਡੇ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਸ਼ਹਿਰ ਵਿੱਚੋਂ ਲੰਘਦੀ ਮਾਡਲ ਟਾਊਨ ਨਹਿਰ (ਸਿੱਧਵਾਂ ਨਹਿਰ) ਅਤੇ ਇਸ ਦੀਆਂ ਪੱਟੜੀਆਂ ਨੂੰ ਸਾਫ਼ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਜੀ ਹਾਂ। ਲੁਧਿਆਣਾ ਸ਼ਹਿਰ ਵਿੱਚੋਂ ਲੰਘਦੀ ਮਾਡਲ ਟਾਊਨ ਨਹਿਰ (ਸਿੱਧਵਾਂ ਨਹਿਰ) ਅਤੇ ਇਸ ਦੀਆਂ ਪੱਟੜੀਆਂ ਨੂੰ ਸਾਫ਼ ਕਰਨ ਲਈ, ਫੰਡਜ਼ ਉਪਲਬਧ ਹੋਣ ਉਪਰੰਤ ਅਪ੍ਰੈਲ, 2015 ਵਿੱਚ ਲਗਭਗ 25 ਲੱਖ ਰੁਪਏ ਦੀ ਰਾਸ਼ੀ ਖਰਚ ਕੇ ਸਫਾਈ ਕਰਵਾਉਣ ਦੀ ਤਜਵੀਜ਼ ਹੈ।

---------

## ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀਆਂ ਖਾਲੀ ਅਸਾਮੀਆਂ ਭਰਨਾ

***2021. ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਸਿੱਖਿਆ ਮੰਤਰੀ

[ ਸਰਦਾਰ ਸੰਗਤ ਸਿੰਘ ਗਿਲਜੀਆਂ ]

ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ–ਕਿੰਨੀ ਹੈ ਅਤੇ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾਣਗੇ।

(ਅ) ਉਪਰੋਕਤ ਵਰਣਿਤ ਸਕੂਲਾਂ ਦੇ ਅਧਿਆਪਕਾਂ ਦੀਆਂ ਪੈਂਡਿੰਗ ਪਈਆਂ ਤਨਖਾਹਾਂ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਡਾਕਟਰ ਦਲਜੀਤ ਸਿੰਘ ਚੀਮਾ:** (ੳ) ਪੰਜਾਬ ਰਾਜ ਦੇ ਪ੍ਰਾਈਵੇਟ ਏਡਿਡ ਸਕੂਲਾਂ ਵਿੱਚ ਕੁੱਲ 5250 ਅਸਾਮੀਆਂ ਖਾਲੀ ਹਨ ਜਿਨ੍ਹਾਂ ਦਾ ਕਾਡਰ ਵਾਈਜ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਕਾਡਰ** | **ਗਿੰਣਤੀ** |
|---|---|
| ਪ੍ਰਿੰਸੀਪਲ | 99 |
| ਹੈੱਡਮਾਸਟਰ | 180 |
| ਲੈਕਚਰਾਰ | 76 |
| ਮਾਸਟਰ ਕਾਡਰ | 1668 |
| ਸੀ.ਐਂਡ ਵੀ. | 345 |
| ਜੇ.ਬੀ.ਟੀ. | 2027 |
| ਨਾਨ ਟੀਚਿੰਗ | 219 |
| ਦਰਜਾ ਚਾਰ | 528 |
| ਪਾਰਟ ਟਾਈਮ | 108 |
| ਕੁੱਲ | 5250 |

ਇਨ੍ਹਾਂ ਖਾਲੀ ਪਈਆਂ ਅਸਾਮੀਆਂ ਵਿੱਚੋਂ 4445 ਅਸਾਮੀਆਂ ਨੂੰ ਭਰਨ ਦੀ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਜੇ.ਬੀ.ਟੀ. ਕਾਡਰ ਦੀਆਂ 805 ਅਸਾਮੀਆਂ ਦੀ ਪ੍ਰਵਾਨਗੀ ਇਸ ਲਈ ਨਹੀਂ ਦਿੱਤੀ ਗਈ ਕਿਉਂਕਿ ਜਿਨ੍ਹਾਂ ਸਕੂਲਾਂ ਵਿੱਚ ਪ੍ਰਾਇਮਰੀ ਸ਼੍ਰੇਣੀਆਂ (1 ਤੋਂ 5ਵੀਂ ਸ਼੍ਰੇਣੀ) ਦੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ, ਉਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ

ਤੇ ਆਰ.ਟੀ.ਈ. ਐਕਟ ਅਨੁਸਾਰ ਹੀ ਅਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸੇਵਾ ਨਿਯਮਾਂ ਵਿੱਚ ਯੋਗਤਾਵਾਂ ਦੀ ਸੋਧ ਕਰਵਾਉਣ ਸਬੰਧੀ ਕਾਰਵਾਈ ਚੱਲ ਰਹੀ ਹੈ। ਸੇਵਾ ਨਿਯਮਾਂ ਵਿੱਚ ਸੋਧ ਹੋਣ ਉਪਰੰਤ ਇਨ੍ਹਾਂ ਨੂੰ ਭਰਨ ਦੀ ਪ੍ਰਕ੍ਰਿਆ ਆਰੰਭੀ ਜਾਵੇਗੀ।

(ਅ) ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਅਧੀਨ ਆਉਂਦੇ ਸਕੂਲ ਦੇ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕਾਂ ਦੀਆਂ ਤਨਖਾਹਾਂ ਦੀ ਅਦਾਇਗੀ ਮਿਤੀ 11.03.2015 ਨੂੰ ਕੀਤੀ ਜਾ ਚੁੱਕੀ ਹੈ।

ਸਰਕਾਰੀ ਸਹਾਇਤਾ ਪ੍ਰਾਪਤ ਐਲੀਮੈਂਟਰੀ ਏਡਿਡ ਸਕੂਲਾਂ ਦੀਆਂ ਤਨਖਾਹਾਂ ਜੁਲਾਈ, 2014 ਤੋਂ ਫਰਵਰੀ, 2015 ਤੱਕ ਪੈਂਡਿੰਗ ਹਨ। ਜਿਸ ਦੀ ਰਕਮ 5.03 ਕਰੋੜ ਬਣਦੀ ਹੈ। ਸੋਧੇ ਬਜਟ ਅਨੁਸਾਰ ਸਾਲ, 2014-15 ਵਿੱਚ 6 ਕਰੋੜ ਰੁਪਏ ਬਜਟ ਦੀ ਮੰਗ ਕੀਤੀ ਹੋਈ ਹੈ। ਜਿਹੜੀ ਕਿ ਵਿੱਤ ਸਕੱਤਰ ਜੀ ਵੱਲੋਂ ਰਸਮੀ ਤੌਰ ਤੇ ਪ੍ਰਵਾਨ ਕਰ ਲਈ ਗਈ ਹੈ। ਇਹ 6 ਕਰੋੜ ਰੁਪਏ ਜਲਦੀ ਹੀ ਰਿਲੀਜ ਹੋਣ ਵਾਲਾ ਹੈ। ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਅਧੀਨ ਆਉਂਦੇ ਸਕੂਲਾਂ ਦੀਆਂ ਬਕਾਇਆ ਤਨਖਾਹਾਂ ਵੀ 31 ਮਾਰਚ, 2015 ਤੱਕ ਜਾਰੀ ਕਰ ਦਿੱਤੀਆਂ ਜਾਣਗੀਆਂ।

------------

## ਸੁਤੰਤਰਤਾ ਸੰਗਰਾਮੀ ਗਦਰੀ ਬਾਬੇ ਦਾ ਬੁੱਤ ਤੋੜਨਾ

***1999. ਸ਼੍ਰੀ ਰਾਕੇਸ਼ ਪਾਂਡੇ :** ਕੀ ਸ਼ਿਕਾਇਤ ਨਿਵਾਰਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਜ਼ਿਲ੍ਹਾ ਲੁਧਿਆਣਾ ਵਿੱਚ ਲਲਤੋਂ ਵਿਖੇ ਸੁਤੰਤਰਤਾ ਸੰਗਰਾਮੀ, ਗਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੇ ਬੁੱਤ ਨੂੰ ਤੋੜਨ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਇਸ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ:** ਹਾਂ ਜੀ। ਇਸ ਸਬੰਧੀ ਇੱਕ ਐਫ.ਆਈ.ਆਰ. ਮਿਤੀ 5.10.2014 ਨੂੰ ਧਾਰਾ 295 ਅਤੇ 427 ਆਈ.ਪੀ.ਸੀ. ਅਧੀਨ ਪੁਲਿਸ ਥਾਣਾ ਸਦਰ, ਲੁਧਿਆਣਾ ਵਿਖੇ ਦਰਜ ਕੀਤੀ ਗਈ ਹੈ ਅਤੇ ਇਹ ਮਾਮਲਾ ਤਫਤੀਸ਼ ਅਧੀਨ ਹੈ। ਬੁੱਤ ਦੀ ਰਿਪੇਅਰ ਕੀਤੀ ਜਾ ਚੁੱਕੀ ਹੈ।

--------

## ਲਿੰਕ ਸੜਕਾਂ ਦੀ ਮੁਰੰਮਤ ਕਰਨਾ

***2016. ਸ਼੍ਰੀਮਤੀ ਰਾਜਵਿੰਦਰ ਕੌਰ ਭਾਗੀਕੇ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਲਿੰਕ ਸੜਕਾਂ ਦੀ ਖਸਤਾ ਹਾਲਤ ਦੇ ਮੱਦੇਨਜ਼ਰ ਇਨ੍ਹਾਂ ਦੀ ਰਿਪੇਅਰ ਕਦੋਂ ਤੱਕ ਕਰਨ ਦੀ ਸੰਭਾਵਨਾ ਹੈ?

**ਸਰਦਾਰ ਤੋਤਾ ਸਿੰਘ :** ਰਾਜ ਸਰਕਾਰ ਵੱਲੋਂ ਸਾਲ 2015-16 ਵਿੱਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਰੱਖ-ਰਖਾਉ ਲਈ ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਫਾਈਨਲ ਹੋਣ ਉਪਰੰਤ ਹੀ ਨਿਹਾਲ ਸਿੰਘ ਵਾਲਾ ਹਲਕੇ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਦੇ ਸ਼ਡਿਊਲ ਬਾਰੇ ਦੱਸਿਆ ਜਾ ਸਕੇਗਾ।

-----------

## ਡਿਸਟ੍ਰੀਬਿਊਟਰੀ ਸਿਸਟਮ ਦੀ ਰਿਪੇਅਰ ਕਰਨਾ

***1829. ਸਰਦਾਰ ਹਰਪ੍ਰੀਤ ਸਿੰਘ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਅਰਨੀਵਾਲਾ ਡਿਸਟ੍ਰੀਬਿਊਟਰੀ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਜੀ ਹਾਂ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਅਰਨੀਵਾਲਾ ਡਿਸਟ੍ਰੀਬਿਊਟਰੀ ਦੀ ਰਿਪੇਅਰ (ਨਵੀਨੀਕਰਨ) ਦੇ ਕੰਮ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਡਿਸਟ੍ਰੀਬਿਊਟਰੀ ਨੂੰ ਨਵਰੂਪ ਕਰਨ ਲਈ ਪ੍ਰੋਜੈਕਟ ਅਨੁਮਾਨ ਲਾਗਤ 4001.25 ਲੱਖ ਮਿੱਥੀ ਗਈ ਹੈ। ਇਸ ਪ੍ਰੋਜੈਕਟ ਲਈ ਵਿੱਤੀ ਸਾਲ 2015-16 ਦੌਰਾਨ ਲੋੜੀਂਦੇ ਫੰਡ ਪ੍ਰਾਪਤ ਕਰਕੇ ਇਹ ਕੰਮ ਕਰਵਾਏ ਜਾਣ ਦੀ ਤਜਵੀਜ਼ ਹੈ।

-----------

## ਸਰਕਾਰੀ ਸਕੂਲਾਂ ਵਿੱਚ ਸਫ਼ਾਈ ਕਰਮਚਾਰੀਆਂ ਦੀ ਗਿਣਤੀ

***1994. ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ ਵਿੱਚ ਕਿੰਨੇ ਸਫਾਈ ਕਰਮਚਾਰੀ ਹਨ ਅਤੇ ਜਿਨ੍ਹਾਂ ਸਕੂਲਾਂ ਵਿੱਚ ਸਫਾਈ ਕਰਮਚਾਰੀ ਨਹੀਂ

ਹਨ, ਉਨ੍ਹਾਂ ਸਕੂਲਾਂ ਵਿੱਚ ਸਫਾਈ ਦਾ ਕੀ ਪ੍ਰਬੰਧ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ (ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ) ਵਿੱਚ ਸਫਾਈ ਕਰਮਚਾਰੀਆਂ (ਸਵੀਪਰ) ਦੀਆਂ 188 ਅਸਾਮੀਆਂ ਮਨਜ਼ੂਰ ਹਨ। ਇਨ੍ਹਾਂ ਵਿੱਚੋਂ 182 ਸਫਾਈ ਕਰਮਚਾਰੀ ਕੰਮ ਕਰ ਰਹੇ ਹਨ ਅਤੇ 6 ਅਸਾਮੀਆਂ ਖਾਲੀ ਹਨ, ਇਨ੍ਹਾਂ ਤੋਂ ਇਲਾਵਾ 31 ਪਾਰਟ ਟਾਈਮ ਸਫਾਈ ਕਰਮਚਾਰੀ (ਸਵੀਪਰ) ਵੀ ਕੰਮ ਕਰ ਰਹੇ ਹਨ। ਜਿੱਥੋਂ ਤੱਕ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦਾ ਸਬੰਧ ਹੈ, ਇਨ੍ਹਾਂ ਸਕੂਲਾਂ ਵਿੱਚ ਸਫਾਈ ਕਰਮਚਾਰੀਆਂ (ਸਵੀਪਰ) ਦੀਆਂ ਪੱਕੀਆਂ ਅਸਾਮੀਆਂ ਮਨਜ਼ੂਰ ਨਹੀਂ ਹਨ ਪਰ ਇਨ੍ਹਾਂ ਸਕੂਲਾਂ ਵਿੱਚ 164 ਪਾਰਟ ਟਾਈਮ ਸਵੀਪਰ ਕੰਮ ਕਰ ਰਹੇ ਹਨ। ਜਿਨ੍ਹਾਂ ਸਕੂਲਾਂ ਵਿੱਚ ਸਫਾਈ ਕਰਮਚਾਰੀਆਂ ਦੀਆਂ ਅਸਾਮੀਆਂ ਖਾਲੀ ਹਨ, ਉਥੇ ਸਕੂਲ ਮੁਖੀ ਵੱਲੋਂ ਆਪਣੇ ਪੱਧਰ ਤੇ ਕੰਟਨਜੈਂਸੀ, ਮੈਂਟੀਨੈਂਸ ਫੰਡਾਂ ਅਤੇ ਲੋਕਲ ਪੱਧਰ ਤੇ ਪ੍ਰਬੰਧ ਕੀਤਾ ਜਾਂਦਾ ਹੈ।

-----------

## UNSTARRED QUESTIONS AND ANSWERS

### ਸ਼ੂਗਰ ਮਿੱਲ ਮੋਰਿੰਡਾ ਵੱਲੋਂ ਕਿਸਾਨਾਂ ਨੂੰ ਗੰਨੇ ਦੀ ਅਦਾਇਗੀ

**159. ਸਰਦਾਰ ਚਰਨਜੀਤ ਸਿੰਘ ਚੰਨੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ੂਗਰ ਮਿੱਲ, ਮੋਰਿੰਡਾ ਵੱਲੋਂ ਕਿਸਾਨਾਂ ਨੂੰ ਗੰਨੇ ਦੀ ਕਿੰਨੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਕਿੰਨੀ ਪੇਮੈਂਟ ਮਿੱਲ ਵੱਲ ਬਕਾਇਆ ਰਹਿੰਦੀ ਹੈ ਅਤੇ ਬਕਾਇਆ ਰਹਿੰਦੀ ਪੇਮੈਂਟ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਪਰਕਾਸ਼ ਸਿੰਘ ਬਾਦਲ :** ਸ਼ੂਗਰ ਮਿੱਲ, ਮੋਰਿੰਡਾ ਵੱਲੋਂ ਮਿਤੀ 9.3.2015 ਤੱਕ ਕਿਸਾਨਾਂ ਨੂੰ ਗੰਨੇ ਦੀ ਬਣਦੀ 66.87 ਕਰੋੜ ਰੁਪਏ ਵਿੱਚੋਂ 16.84 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ 50.03 ਕਰੋੜ ਰੁਪਏ ਦੀ ਪੇਮੈਂਟ ਮਿੱਲ ਵੱਲ ਬਕਾਇਆ ਰਹਿੰਦੀ ਹੈ ਅਤੇ ਬਕਾਇਆ ਰਹਿੰਦੀ ਪੇਮੈਂਟ ਦੀ ਅਦਾਇਗੀ ਦਾ ਪ੍ਰਬੰਧ ਛੇਤੀ ਤੋਂ ਛੇਤੀ ਕੀਤਾ ਜਾਵੇਗਾ।

---------

## ਸੜਕਾਂ ਦੀ ਮੁਰੰਮਤ ਕਰਨਾ

173. **ਸ਼੍ਰੀ ਰਜਨੀਸ਼ ਕੁਮਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮੁਕੇਰੀਆਂ ਵਿੱਚ ਕਸਬਾ ਹਾਜੀਪੁਰ ਤੋਂ ਭਵਨਾਲ ਵਾਇਆ ਗੋਧਾ ਵਜੀਰਾਂ, ਭੰਗਾਲਾ ਤੋਂ ਹਰਦੋਖੁੰਦਪੁਰ ਵਾਇਆ ਮਹਿਮੂਦਪੁਰ, ਬਟਾਲਾ, ਖੁਸ਼ ਨਗਰ, ਮਾਨਸਰ ਤੋਂ ਬੁੱਢਾਬੜ ਵਾਇਆ ਚੱਕ ਕਲਾਂ ਅਤੇ ਟਾਂਡਾ ਚੂਹੜੀਆਂ ਆਦਿ ਸੜਕਾਂ ਦੀ ਹਾਲਤ ਕਾਫੀ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਸੜਕਾਂ ਦੀ ਉਸਾਰੀ/ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਹਾਲ ਦੀ ਘੜੀ ਇਨ੍ਹਾਂ ਸੜਕਾਂ ਦੀ ਰਿਪੇਅਰ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-------------

## ਸਕੂਲਾਂ ਦੇ ਖੇਡ ਗਰਾਊਂਡਾਂ ਦੀ ਚਾਰਦੀਵਾਰੀ ਕਰਨਾ

175. **ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੋਪੜ ਦੀ ਤਹਿਸੀਲ ਚਮਕੌਰ ਸਾਹਿਬ ਦੇ ਪਿੰਡ ਬਡਵਾਲੀ, ਕੋਟਲੀ, ਭਾਗੋਮਾਜਰਾ ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਦੇ ਸਰਕਾਰੀ ਸਕੂਲਾਂ ਦੇ ਖੇਡ ਦੇ ਮੈਦਾਨਾਂ ਦੀ ਚਾਰਦੀਵਾਰੀ ਅਜੇ ਤੱਕ ਨਹੀਂ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪਿੰਡਾਂ ਦੇ ਸਕੂਲਾਂ ਦੇ ਖੇਡ ਮੈਦਾਨਾਂ ਦੀ ਚਾਰਦੀਵਾਰੀ/ਉਸਾਰੀ ਕਰਨ ਦਾ ਕੰਮ ਕਦੋਂ ਤੱਕ ਕਰ ਦਿੱਤਾ ਜਾਵੇਗਾ. ਅਤੇ ਇਨ੍ਹਾਂ ਉਤੇ ਕੁੱਲ ਕਿੰਨਾ ਖਰਚ ਆਵੇਗਾ ?

**ਡਾਕਟਰ ਦਲਜੀਤ ਸਿੰਘ ਚੀਮਾ :** ਇਨ੍ਹਾਂ ਸਕੂਲਾਂ ਦੇ ਕੈਂਪਸ ਸਮੇਤ ਖੇਡ ਦੇ ਮੈਦਾਨਾਂ ਦੀ ਚਾਰਦੀਵਾਰੀ ਬਣੀ ਹੋਈ ਹੈ । ਤਫਸੀਲ "ਅਨੁਲੱਗ ੳ" ਤੇ ਹੈ।

### ਅਨੁਲੱਗ 'ੳ'

| ਲੜੀ ਨੰ:. | ਸਰਕਾਰੀ ਸਕੂਲ ਦਾ ਨਾਮ | ਚਾਰਦੀਵਾਰੀ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|---|
| 1 | ਸਪਸ ਬਡਵਾਲੀ | ਸਕੂਲ ਦੇ ਕੈਂਪਸ ਸਮੇਤ ਪਲੇਅ ਗਰਾਊਂਡ ਵਿਖੇ ਚਾਰਦੀਵਾਰੀ ਬਣੀ ਹੋਈ ਹੈ | ਪਿੰਡ ਵਿੱਚ ਪੰਚਾਇਤ ਦਾ ਖੇਡਾਂ ਲਈ ਪਲੇਅ ਗਰਾਊਂਡ ਹੈ ਜੋ ਕਿ ਸਿੱਖਿਆ ਵਿਭਾਗ ਦੇ ਖੇਤਰ ਵਿੱਚ ਨਹੀਂ ਆਉਂਦਾ। |

| | | | |
|---|---|---|---|
| 2 | ਸਪਸ ਕੋਟਲੀ | ਸਕੂਲ ਦੇ ਕੈਂਪਸ ਸਮੇਤ ਪਲੇਅ ਗਰਾਊਂਡ ਵਿਖੇ ਚਾਰਦੀਵਾਰੀ ਬਣੀ ਹੋਈ ਹੈ | ਪਿੰਡ ਵਿੱਚ ਪੰਚਾਇਤ ਦਾ ਖੇਡਾਂ ਲਈ ਪਲੇਅ ਗਰਾਊਂਡ ਹੈ ਜੋ ਕਿ ਸਿੱਖਿਆ ਵਿਭਾਗ ਦੇ ਖੇਤਰ ਵਿੱਚ ਨਹੀਂ ਆਉਂਦਾ। |
| 3 | ਸਪਸ ਭਾਗੋ ਮਾਜਰਾ | ਸਕੂਲ ਦੇ ਕੈਂਪਸ ਸਮੇਤ ਪਲੇਅ ਗਰਾਊਂਡ ਵਿਖੇ ਚਾਰਦੀਵਾਰੀ ਬਣੀ ਹੋਈ ਹੈ | ਪਿੰਡ ਵਿੱਚ ਪੰਚਾਇਤ ਦਾ ਖੇਡਾਂ ਲਈ ਪਲੇਅ ਗਰਾਊਂਡ ਹੈ ਜੋ ਕਿ ਸਿੱਖਿਆ ਵਿਭਾਗ ਦੇ ਖੇਤਰ ਵਿੱਚ ਨਹੀ ਆਉਂਦਾ। |

-------------

## ਪਿੰਡਾਂ ਵਿੱਚ ਸੀਵਰੇਜ ਪਾਉਣਾ

**176. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਸੈਦਪੁਰ, ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਅਤੇ ਪਿੰਡ ਪੋਪਨਾ ਅਤੇ ਭਾਗੋ ਮਾਜਰਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ ਵਿਖੇ ਸੀਵਰੇਜ ਪਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪਿੰਡਾਂ ਵਿੱਚ ਸੀਵਰੇਜ ਪਾਉਣ ਦਾ ਕੰਮ ਕਦੋਂ ਤੱਕ ਕਰ ਦਿੱਤਾ ਜਾਵੇਗਾ ਅਤੇ ਇਸ ਤੇ ਕੁੱਲ ਕਿੰਨਾ ਖਰਚ ਆਵੇਗਾ?

**ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ (ਸਰਦਾਰ ਸੁਰਜੀਤ ਸਿੰਘ ਰੱਖੜਾ) :** ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਨਹੀਂ ਹੈ।

-----------

## ਗਲੀਆਂ ਦੀ ਉਸਾਰੀ ਕਰਨਾ

**177. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਖਾਨਪੁਰ, ਸੇਖੂਪੁਰ, ਸਾਰੰਗਪੁਰ, ਸ਼ਾਂਤਪੁਰ ਤਹਿਸੀਲ ਸ੍ਰੀ ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ ਵਿਖੇ ਗਲੀਆਂ ਬਣਨ ਵਾਲੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪਿੰਡਾਂ ਦੀਆਂ ਗਲੀਆਂ ਦੀ ਉਸਾਰੀ ਦਾ ਕੰਮ ਕਦੋਂ ਤੱਕ ਕਰ ਦਿੱਤਾ ਜਾਵੇਗਾ ਅਤੇ ਇਨ੍ਹਾਂ ਉੱਤੇ ਕੁੱਲ ਕਿੰਨਾ ਖਰਚ ਆਵੇਗਾ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, ਹਾਂ ਜੀ। ਪਿੰਡ ਖਾਨਪੁਰ, ਸੇਖੂਪੁਰ, ਸਾਰੰਗਪੁਰ ਅਤੇ ਸ਼ਾਂਤਪੁਰ ਵਿੱਚ ਗਲੀਆਂ ਬਣਨ ਵਾਲੀਆਂ ਹਨ। ਇਨ੍ਹਾਂ ਤੇ ਕੁੱਲ 59,82,677/-ਰੁਪਏ ਖਰਚ ਆਉਣ ਦੀ ਸੰਭਾਵਨਾ ਹੈ, ਪਰੰਤੂ ਇਨ੍ਹਾਂ ਪੰਚਾਇਤਾਂ ਕੋਲ ਇਸ ਸਮੇਂ ਕੋਈ ਫੰਡਜ਼/ਗਰਾਂਟ ਉਪਲਬਧ ਨਹੀਂ ਹੈ। ਫੰਡਜ਼/ਗਰਾਂਟ ਉਪਲਬਧ ਹੋਣ ਤੇ ਇਹ ਕੰਮ ਪਹਿਲ ਦੇ ਅਧਾਰ ਤੇ ਕਰਵਾ ਦਿੱਤਾ ਜਾਵੇਗਾ।

------

## ਬਰਨਾਲਾ ਵਿਖੇ ਸਰਕਾਰੀ ਕਾਲਜ ਖੋਲ੍ਹਣਾ

**178. ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਰਨਾਲਾ ਸ਼ਹਿਰ ਅੰਦਰ ਘੜੂੰਆਂ ਰੋਡ ਉੱਤੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਹਾਂ, ਸ਼੍ਰੀਮਾਨ ਜੀ। ਬਰਨਾਲਾ ਸ਼ਹਿਰ ਅੰਦਰ ਘੜੂੰਆਂ ਰੋਡ ਉੱਤੇ ਸਰਕਾਰੀ ਕਾਲਜ ਖੋਲ੍ਹਿਆ ਜਾ ਰਿਹਾ ਹੈ, ਜਿਸ ਦੀ ਉਸਾਰੀ ਦਾ ਕੰਮ ਪੀ.ਡਬਲਯੂ.ਡੀ. (ਬੀ.ਐਂਡ ਆਰ.) ਦੀ ਦੇਖ-ਰੇਖ ਵਿੱਚ ਚੱਲ ਰਿਹਾ ਹੈ। ਸਾਲ 2015-16 ਦੌਰਾਨ ਫੰਡਜ਼ ਉਪਲਬਧ ਹੋਣ ਤੇ ਕੰਮ ਕਰਵਾ ਦਿੱਤਾ ਜਾਵੇਗਾ।

-------

## ਸਰਕਾਰੀ ਹਾਈ ਸਕੂਲ ਨੂੰ ਅਪਗ੍ਰੇਡ ਕਰਨਾ

**179. ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਜ਼ਿਲ੍ਹਾ ਬਰਨਾਲਾ ਵਿੱਚ ਸਰਕਾਰੀ ਹਾਈ ਸਕੂਲ, ਬਰਨਾਲਾ ਅਤੇ ਸਰਕਾਰੀ ਹਾਈ ਸਕੂਲ, ਹੰਡਿਆਇਆ ਨੂੰ ਅਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਸਕੂਲ ਕਦੋਂ ਤੱਕ ਅਪਗ੍ਰੇਡ ਕਰ ਦਿੱਤੇ ਜਾਣਗੇ?

**ਡਾਕਟਰ ਦਲਜੀਤ ਸਿੰਘ ਚੀਮਾ :** ਜ਼ਿਲ੍ਹਾ ਬਰਨਾਲਾ ਵਿੱਚ ਸਰਕਾਰੀ ਹਾਈ ਸਕੂਲ, ਬਰਨਾਲਾ ਅਤੇ ਸਰਕਾਰੀ ਹਾਈ ਸਕੂਲ, ਹੰਡਿਆਇਆ ਨੂੰ ਸੀਨੀਅਰ ਸੈਕੰਡਰੀ ਸਕੂਲ ਪੱਧਰ ਤੱਕ ਅਪਗ੍ਰੇਡ ਕਰਨ ਲਈ ਜੇਕਰ ਇਹ ਸਕੂਲ ਸਰਕਾਰ ਦੀ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਤਾਂ

ਇਨ੍ਹਾਂ ਸਕੂਲਾਂ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਨ ਲਈ ਵਿਚਾਰ ਲਿਆ ਜਾਵੇਗਾ ਜੀ।

-----------

## ਬਰਨਾਲਾ ਸ਼ਹਿਰ ਦੇ ਬੱਸ ਅੱਡੇ ਤੇ ਉਡੀਕ ਘਰ ਬਣਾਉਣਾ

**180. ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਬਰਨਾਲਾ ਸ਼ਹਿਰ ਦੇ ਬੱਸ ਅੱਡੇ ਤੇ ਉਡੀਕ ਘਰ (waiting room) ਬਣਾਉਣ ਦਾ ਕੋਈ ਵਿਚਾਰ ਰੱਖਦੀ ਹੈ;

(ਅ) ਕੀ ਉਪਰੋਕਤ ਬੱਸ ਅੱਡੇ ਤੇ ਸਵਾਰੀਆਂ ਨੂੰ ਸ਼ੁੱਧ ਅਤੇ ਸਾਫ ਪਾਣੀ ਮੁਹੱਈਆ ਕਰਾਉਣ ਲਈ ਆਰ.ਓ. ਸਿਸਟਮ ਲਗਾਉਣ ਦੀ ਕੋਈ ਤਜਵੀਜ਼ ਹੈ;

(ੲ) ਉਪਰੋਕਤ ਬੱਸ ਅੱਡੇ ਤੇ ਦੁਕਾਨਦਾਰਾਂ ਵੱਲੋਂ ਲਿਖੇ ਮੁੱਲ ਤੋਂ ਵੱਧ ਪੈਸੇ ਵਸੂਲੇ ਜਾਣ ਤੇ ਕੋਈ ਰੋਕ ਲਗਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾਣਗੇ?

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** (ੳ) ਇਸ ਵੇਲੇ ਬਰਨਾਲਾ ਸ਼ਹਿਰ ਦੇ ਬੱਸ ਅੱਡੇ ਤੇ ਨਵਾਂ ਉਡੀਕ ਘਰ (waiting room) ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਕਿਉਂਜੋ ਸਵਾਰੀਆਂ ਦੇ ਬੈਠਣ ਲਈ ਪਹਿਲਾਂ ਹੀ ਸਾਲ 1985-86 ਅਤੇ 1986-87 ਦੌਰਾਨ ਤਕਰੀਬਨ 10,000 ਵਰਗ ਗਜ ਦਾ ਵਰਾਂਡਾ/ਉਡੀਕ ਘਰ ਬਣਾਇਆ ਹੋਇਆ ਹੈ ਜੋ ਕਿ ਇਸ ਸਮੇਂ ਵਧੀਆ ਹਾਲਤ ਵਿੱਚ ਹੈ।

(ਅ) ਬੱਸ ਸਟੈਂਡ, ਬਰਨਾਲਾ ਸਿਟੀ ਵਿੱਚ ਦੋ ਵਾਟਰ ਕੂਲਰ ਸਮੇਤ ਤਿੰਨ ਆਰ.ਓ. ਸਿਸਟਮ ਸਾਲ 2011 ਵਿੱਚ ਇੱਕ ਲੱਖ ਰੁਪਏ ਖਰਚ ਕਰਕੇ ਲਗਾਏ ਗਏ ਸਨ ਜੋ ਕਿ ਇਸ ਸਮੇਂ ਚਾਲੂ ਹਾਲਤ ਵਿੱਚ ਹਨ ਅਤੇ ਗਰਮੀ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਦੀ ਸਰਵਿਸ ਕਰਵਾ ਦਿੱਤੀ ਜਾਂਦੀ ਹੈ।

(ੲ) ਬੱਸ ਸਟੈਂਡ ਤੇ ਖਾਣ-ਪੀਣ ਦੀਆਂ ਵਸਤੂਆਂ ਦਾ ਠੇਕਾ ਨਗਰ ਸੁਧਾਰ ਟਰੱਸਟ, ਬਰਨਾਲਾ ਵਿਖੇ ਨਿਲਾਮੀ ਰਾਹੀਂ ਦਿੱਤਾ ਜਾਂਦਾ ਹੈ। ਖਾਣ-ਪੀਣ

ਵਾਲੀਆਂ ਵਸਤੂਆਂ ਦੀਆਂ ਦੁਕਾਨਾਂ ਵੱਲੋਂ ਫਿਕਸ ਰੇਟ ਤੋਂ ਵੱਧ ਪੈਸੇ ਵਸੂਲੇ ਜਾਣ ਨੂੰ ਰੋਕਣ ਲਈ ਫਿਕਸ ਕੀਤੇ ਰੇਟਾਂ ਦੇ ਨੋਟਿਸ ਬੋਰਡ ਅਤੇ ਸ਼ਿਕਾਇਤ ਬਕਸੇ 15 ਦਿਨਾਂ ਦੇ ਅੰਦਰ ਅੰਦਰ ਲਗਾ ਦਿੱਤੇ ਜਾਣਗੇ ਅਤੇ ਸਬੰਧਤ ਕੰਟ੍ਰੈਕਟਰਜ਼ ਵਿਰੁੱਧ ਲੋੜ ਅਨੁਸਾਰ ਸ਼ਿਕਾਇਤ ਆਉਣ ਤੇ ਕਾਰਵਾਈ ਕੀਤੀ ਜਾਵੇਗੀ।

------------

## ਜ਼ਿਲ੍ਹਾ ਬਰਨਾਲਾ ਵਿੱਚ ਜ਼ਿਲ੍ਹਾ ਪੱਧਰੀ ਦਫ਼ਤਰ ਖੋਲ੍ਹਣਾ

**181. ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਬਰਨਾਲਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਦਫਤਰ ਜਿਵੇਂ ਕਿ ਜ਼ਿਲ੍ਹਾ ਆਬਕਾਰੀ ਅਤੇ ਕਰ ਵਿਭਾਗ, ਸੈਨਿਕ ਭਲਾਈ ਵਿਭਾਗ, ਪ੍ਰੋਗਰਾਮ ਅਧਿਕਾਰੀ, ਜ਼ਿਲ੍ਹਾ ਨਹਿਰੂ ਕੇਂਦਰ, ਪਬਲਿਕ ਹੈਲਥ ਵਿਭਾਗ, ਹੋਮ ਗਾਰਡ, ਮੱਛੀ ਪਾਲਣ ਵਿਭਾਗ, ਪਸ਼ੂ ਪਾਲਣ ਵਿਭਾਗ, ਬਾਗਬਾਨੀ ਅਤੇ ਜੰਗਲਾਤ ਵਿਭਾਗ, ਖਰੀਦ ਏਜੰਸੀਆਂ ਨਾਲ ਸਬੰਧਤ ਵਿਭਾਗ, ਜ਼ਿਲ੍ਹਾ ਮੈਨੇਜਰ ਫੂਡ ਕਾਰਪੋਰੇਸ਼ਨ ਆਫ ਇੰਡੀਆ, ਮਾਰਕਫੈੱਡ, ਪੰਜਾਬ ਸਟੇਟ ਵੇਅਰ ਹਾਊਸ, ਪੰਜਾਬ ਐਗਰੋ, ਐਕਸੀਅਨ ਪੰਚਾਇਤੀ ਰਾਜ, ਐਕਸੀਅਨ ਸੀਵਰੇਜ ਬੋਰਡ, ਐਕਸੀਅਨ ਇਰੀਗੇਸ਼ਨ ਅਤੇ ਡਰੇਨੇਜ ਵਿਭਾਗ, ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਆਦਿ ਕਦੋਂ ਤੱਕ ਖੋਲ੍ਹੇ ਜਾਣਗੇ?

**ਸਰਦਾਰ ਪਰਕਾਸ਼ ਸਿੰਘ ਬਾਦਲ :** ਸ਼੍ਰੀਮਾਨ ਜੀ, ਬਰਨਾਲਾ ਜ਼ਿਲ੍ਹੇ ਵਿੱਚ ਪੁੱਛੇ ਵਿਭਾਗਾਂ ਦੇ ਜ਼ਿਲ੍ਹਾ ਪੱਧਰੀ ਦਫਤਰ ਖੋਲ੍ਹਣ ਸਬੰਧੀ ਸਥਿਤੀ ਅਨੁਲੱਗ 'ੳ' ਅਨੁਸਾਰ ਨੱਥੀ ਹੈ।

### ਅਨੁਲੱਗ 'ੳ'

| ਨੰ: ਵਿਭਾਗ ਦਾ ਨਾਂ | ਜ਼ਿਲ੍ਹਾ ਪੱਧਰੀ ਦਫ਼ਤਰ ਖੋਲਣ ਸਬੰਧੀ ਸਥਿਤੀ |
|---|---|
| 1. ਵਿਕਾਸ ਵਿਭਾਗ | 1. **ਬਾਗਬਾਨੀ:** ਬਰਨਾਲਾ ਜ਼ਿਲ੍ਹੇ ਲਈ ਇੱਕ ਡਿਪਟੀ ਡਾਇਰੈਕਟਰ ਬਾਗਬਾਨੀ ਦੀ ਨਵੀਂ ਅਸਾਮੀ ਮਨਜ਼ੂਰ ਕੀਤੀ ਹੋਈ ਹੈ ਪ੍ਰੰਤੂ ਕਿਸੇ ਅਧਿਕਾਰੀ ਦੀ ਨਿਯੁਕਤੀ ਨਾ ਹੋਣ ਕਾਰਨ ਡਿਪਟੀ |

| | | |
|---|---|---|
| | | ਡਾਇਰੈਕਟਰ, ਬਾਗਬਾਨੀ ਦਾ ਵੱਖਰਾ ਦਫ਼ਤਰ ਸਥਾਪਿਤ ਨਹੀਂ ਕੀਤਾ ਜਾ ਸਕਿਆ। ਫਿਲਹਾਲ ਬਰਨਾਲੇ ਜ਼ਿਲ੍ਹੇ ਦਾ ਵਾਧੂ ਕੰਮ ਡਿਪਟੀ ਡਾਇਰੈਕਟਰ ਬਾਗਬਾਨੀ, ਸੰਗਰੂਰ ਨੂੰ ਸੌਂਪਿਆ ਹੋਇਆ ਹੈ। ਇਸ ਅਸਾਮੀ ਤੇ ਸਰਕਾਰ ਵੱਲੋਂ ਕਿਸੇ ਅਧਿਕਾਰੀ ਦੀ ਨਿਯੁਕਤੀ ਕੀਤੇ ਜਾਣ ਤੇ ਵੱਖਰਾ ਦਫ਼ਤਰ ਖੋਲ੍ਹ ਦਿੱਤਾ ਜਾਵੇਗਾ। |
| | | 2 **ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ:** ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਜ਼ਿਲ੍ਹਾ ਬਰਨਾਲਾ ਵਿਖੇ ਦਫ਼ਤਰ ਦਸੰਬਰ, 2006 ਤੋਂ ਖੋਲ੍ਹਿਆ ਹੋਇਆ ਹੈ। |
| | | 3 **ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ :** ਜਦੋਂ ਜ਼ਿਲ੍ਹਾ ਬਰਨਾਲੇ ਦਾ ਦਫ਼ਤਰ ਐਫ.ਸੀ.ਆਈ ਵੱਲੋਂ ਬਰਨਾਲਾ ਸ਼ਹਿਰ ਵਿੱਚ ਖੋਲ੍ਹਿਆ ਜਾਵੇਗਾ ਤਾਂ ਪੰਜਾਬ ਰਾਜ ਗੁਦਾਮ ਨਿਗਮ ਦਾ ਦਫ਼ਤਰ ਤਿੰਨ ਮਹੀਨੇ ਦੇ ਅੰਦਰ-ਅੰਦਰ ਖੋਲ੍ਹ ਦਿੱਤਾ ਜਾਵੇਗਾ। |
| 2 | ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ | 1. **ਪਸ਼ੂ ਪਾਲਣ ਵਿਭਾਗ :** ਵਿਭਾਗ ਦਾ ਜ਼ਿਲ੍ਹਾ ਪੱਧਰੀ ਦਫਤਰ ਬਰਨਾਲਾ ਨੂੰ ਗਠਿਤ ਕਰਨ ਲਈ ਲੋੜੀਂਦੀਆਂ ਅਸਾਮੀਆਂ ਦਾ ਪ੍ਰਬੰਧ ਇਨ੍ਹਾਂ ਦੀ ਅੰਦਰੂਨੀ ਸ਼ਿਫਟਿੰਗ ਕਰਨ ਲਈ ਜ਼ਰੂਰੀ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਜ਼ਿਲ੍ਹਾ ਬਰਨਾਲਾ ਦਾ ਦਫਤਰ ਕਾਰਜਸ਼ੀਲ ਹੈ । <br><br> 2 **ਮੱਛੀ ਪਾਲਣ ਵਿਭਾਗ :** ਜ਼ਿਲ੍ਹਾ ਬਰਨਾਲਾ ਸਾਲ 2007 ਵਿੱਚ ਹੋਂਦ ਵਿੱਚ ਆਇਆ। ਜਿਸ ਵਿੱਚ ਅਜੇ ਤੱਕ ਸਹਾਇਕ ਡਾਇਰੈਕਟਰ, ਮੱਛੀ ਪਾਲਣ ਦੀ ਅਸਾਮੀ ਮਨਜ਼ੂਰਸ਼ੁਦਾ ਨਾ ਹੋਣ ਸਦਕਾ |

| | | |
|---|---|---|
| | | ਦਫਤਰ ਨਹੀ ਖੋਲ੍ਹਿਆ ਗਿਆ। ਇਸ ਜ਼ਿਲ੍ਹੇ ਦਾ ਸਾਰਾ ਕੰਮ ਸਹਾਇਕ ਡਾਇਰੈਕਟਰ, ਮੱਛੀ ਪਾਲਣ, ਸੰਗਰੂਰ ਵੱਲੋਂ ਬਤੌਰ ਵਾਧੂ ਚਾਰਜ ਕੀਤਾ ਜਾ ਰਿਹਾ ਹੈ। |
| 3 | ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ | (1) ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦਾ ਜ਼ਿਲ੍ਹਾ ਪੱਧਰੀ ਦਫਤਰ ਨਵੰਬਰ, 2006 ਤੋਂ ਖੋਲ੍ਹਿਆ ਗਿਆ ਸੀ ਅਤੇ ਸਾਲ, 2006 ਤੋਂ ਹੀ ਜ਼ਿਲ੍ਹਾ ਖੁਰਾਕ ਅਤੇ ਸਪਲਾਈਜ ਕੰਟਰੋਲਰ-ਕਮ-ਜ਼ਿਲ੍ਹਾ ਮੈਨੇਜਰ, ਪਨਗਰੇਨ ਦੇ ਜ਼ਿਲ੍ਹਾ ਪੱਧਰ ਤੇ ਅਫ਼ਸਰ ਹਨ।<br>(2) ਜਨਰਲ ਮੈਨੇਜਰ, ਐਫ.ਸੀ.ਆਈ. ਰੀਜ਼ਨਲ ਆਫਿਸ ਪੰਜਾਬ,ਚੰਡੀਗੜ੍ਹ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਬਰਨਾਲਾ ਵਿਖੇ ਜ਼ਿਲ੍ਹਾ ਪੱਧਰ ਦਾ ਦਫ਼ਤਰ ਖੋਲ੍ਹਣ ਬਾਰੇ ਕੋਈ ਯੋਜਨਾ ਨਹੀਂ ਹੈ।<br>(3) ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਸਿਵਲ ਸਪਲਾਈਜ ਕਾਰਪੋਰੇਸ਼ਨ ਲਿਮਿਟਡ (ਪਨਸਪ) ਨੇ ਵੀ ਆਪਣਾ ਜ਼ਿਲ੍ਹਾ ਪੱਧਰ ਦਾ ਦਫ਼ਤਰ ਬਰਨਾਲਾ ਵਿਖੇ ਮਹੀਨਾ ਜੂਨ, 2012 ਤੋਂ ਖੋਲ੍ਹਿਆ ਹੋਇਆ ਹੈ। |
| 4 | ਸਿੰਚਾਈ | **ਸਿੰਚਾਈ ਵਿਭਾਗ :** ਸਿੰਜਾਈ ਵਿਭਾਗ ਵੱਲੋਂ ਬਰਨਾਲਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰ ਤੇ ਕੋਈ ਨਵਾਂ ਦਫ਼ਤਰ ਖੋਲ੍ਹਣ ਦੀ ਤਜਵੀਜ਼ ਨਹੀਂ ਹੈ। |
| 5 | ਸਥਾਨਕ ਸਰਕਾਰ ਵਿਭਾਗ | **ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ :** ਬਰਨਾਲਾ ਵਿਖੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਿੱਚ ਕਾਰਜਭਾਰ ਨੂੰ ਦੇਖਦੇ |

| | | |
|---|---|---|
| | | ਹੋਏ ਸੀਵਰੇਜ ਬੋਰਡ ਦੇ ਐਕਸੀਅਨ ਦਾ ਦਫਤਰ ਖੋਲ੍ਹਣ ਦੀ ਅਜੇ ਕੋਈ ਤਜਵੀਜ਼ ਨਹੀਂ ਹੈ। |
| 6 | ਸਹਿਕਾਰਤਾ | **ਮਾਰਕਫੈੱਡ :** ਮਾਰਕਫੈੱਡ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਮਿਤੀ 4.3.2015 ਦੀ ਮੀਟਿੰਗ ਵਿੱਚ ਜ਼ਿਲ੍ਹਾ ਬਰਨਾਲਾ ਵਿਖੇ ਮਾਰਕਫੈੱਡ ਦਾ ਜ਼ਿਲ੍ਹਾ ਦਫਤਰ ਖੋਲ੍ਹਣ ਸਬੰਧੀ ਫੈਸਲਾ ਕਰ ਦਿੱਤਾ ਗਿਆ ਹੈ। ਇਹ ਦਫਤਰ ਛੇਤੀ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗਾ। |
| 7 | ਵਣ ਤੇ ਜੰਗਲੀ ਜੀਵ | **ਵਣ ਵਿਭਾਗ :** ਬਰਨਾਲਾ ਜ਼ਿਲ੍ਹੇ ਵਿੱਚ ਵਣ ਵਿਭਾਗ ਦਾ ਜ਼ਿਲ੍ਹਾ ਪੱਧਰ ਦਾ ਦਫ਼ਤਰ ਖੋਲ੍ਹਣ ਬਾਰੇ ਵਿਭਾਗ ਦੀ ਅਜੇ ਕੋਈ ਤਜਵੀਜ਼ ਨਹੀਂ ਹੈ। |
| 8 | ਸਾਇੰਸ ਤਕਨੀਕੀ ਤੇ ਵਾਤਾਵਰਣ | **ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ :** ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਜ਼ਿਲ੍ਹਾ ਬਰਨਾਲਾ ਵਿਖੇ ਦਫ਼ਤਰ ਖੋਲਣ ਦੀ ਕੋਈ ਤਜਵੀਜ਼ ਨਹੀ ਹੈ। |
| 9 | ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ | **ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :** ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਇੰਜੀਨੀਅਰ ਵਿੰਗ ਦੀ ਐਕਸੀਅਨ, ਦੀ ਅਸਾਮੀ ਮਨਜ਼ੂਰ ਨਹੀਂ ਹੈ। ਇਸ ਲਈ ਜ਼ਿਲ੍ਹਾ ਬਰਨਾਲਾ ਵਿਖੇ ਕਾਰਜਕਾਰੀ ਇੰਜੀਨੀਅਰ (ਪਰਡ) ਦਾ ਦਫ਼ਤਰ ਖੋਲਣ ਦੀ ਕਾਰਵਾਈ ਇਸ ਅਸਾਮੀ ਦੀ ਮਨਜ਼ੂਰੀ ਉਪਰੰਤ ਹੀ ਕੀਤੀ ਜਾ ਸਕਦੀ ਹੈ। |
| 10 | ਰੱਖਿਆ ਸੇਵਾਵਾਂ ਭਲਾਈ ਵਿਭਾਗ | **ਰੱਖਿਆ ਸੇਵਾਵਾਂ ਭਲਾਈ:** ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਬਰਨਾਲਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੋਲ੍ਹਿਆ ਜਾ ਚੁੱਕਾ ਹੈ। |
| 11. | ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ | **ਖੇਡ ਵਿਭਾਗ :** ਯੁਵਕ ਕੇਂਦਰ ਦਾ ਦਫਤਰ ਫਰਵਰੀ, 2013 ਦੌਰਾਨ ਖੋਲ੍ਹਿਆ ਜਾ ਚੁੱਕਾ ਹੈ। |
| 12. | ਯੋਜਨਾਬੰਦੀ ਵਿਭਾਗ | **ਯੋਜਨਾਬੰਦੀ ਵਿਭਾਗ :** ਯੋਜਨਾਬੰਦੀ ਵਿਭਾਗ ਅਧੀਨ ਆਉਂਦੇ ਦਫਤਰ ਆਰਥਿਕ ਸਲਾਹਕਾਰ, ਪੰਜਾਬ |

| | | |
|---|---|---|
| | | ਦਾ ਜ਼ਿਲ੍ਹਾ ਅੰਕੜਾ ਦਫਤਰ, ਬਰਨਾਲਾ ਪਹਿਲਾਂ ਹੀ ਹੋਂਦ ਵਿੱਚ ਹੈ। |
| 13 | ਕਰ ਤੇ ਆਬਕਾਰੀ | **ਕਰ ਤੇ ਆਬਕਾਰੀ ਵਿਭਾਗ :** ਜ਼ਿਲ੍ਹਾ ਬਰਨਾਲਾ ਵਿਖੇ ਆਬਕਾਰੀ ਤੇ ਕਰ ਵਿਭਾਗ, ਪੰਜਾਬ ਦਾ ਜ਼ਿਲ੍ਹਾ ਪੱਧਰੀ ਦਫਤਰ ਪਹਿਲਾਂ ਹੀ ਸਥਾਪਿਤ ਕੀਤਾ ਜਾ ਚੁੱਕਾ ਹੈ। |
| 14 | ਗ੍ਰਹਿ ਮਾਮਲੇ ਤੇ ਨਿਆਂ ਵਿਭਾਗ | **ਸਿਵਲ ਰੱਖਿਆ :** ਜ਼ਿਲ੍ਹਾ ਬਰਨਾਲਾ ਵਿਖੇ ਪੰਜਾਬ ਹੋਮ ਗਾਰਡ ਦਾ ਦਫ਼ਤਰ ਖੋਲ੍ਹਣ ਲਈ ਸਟਾਫ ਦੀ ਰਚਨਾ ਕਰਨ ਸਬੰਧੀ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਸਟਾਫ ਦੀ ਰਚਨਾ ਹੋ ਜਾਣ ਉਪਰੰਤ ਜ਼ਿਲ੍ਹਾ ਬਰਨਾਲਾ ਵਿੱਚ ਪੰਜਾਬ ਹੋਮ ਗਾਰਡ ਦਾ ਜ਼ਿਲ੍ਹਾ ਪੱਧਰੀ ਦਫਤਰ ਖੋਲ੍ਹਣ ਬਾਰੇ ਕਾਰਵਾਈ ਕੀਤੀ ਜਾਵੇਗੀ। |
| 15 | ਜਲ ਸਪਲਾਈ ਤੇ ਸੈਨੀਟੇਸ਼ਨ | **ਜਲ ਸਪਲਾਈ ਤੇ ਸੈਨੀਟੇਸ਼ਨ:** ਜ਼ਿਲ੍ਹਾ ਬਰਨਾਲਾ ਸੰਗਰੂਰ ਸਰਕਲ ਅਧੀਨ ਆਉਂਦਾ ਹੈ ਅਤੇ ਇੱਥੇ ਜਲ ਸਪਲਾਈ ਤੇ ਸੈਨੀਟੇਸ਼ਨ ਦਾ ਡਵੀਜ਼ਨਲ ਦਫਤਰ ਪਹਿਲਾਂ ਤੋਂ ਹੀ ਹੋਂਦ ਵਿੱਚ ਹੈ। ਇਸ ਡਵੀਜ਼ਨਲ ਦਫਤਰ ਅਧੀਨ ਤਿੰਨ ਸਬ ਡਵੀਜ਼ਨਲ ਦਫਤਰ ਪਹਿਲਾਂ ਤੋਂ ਹੀ ਚਲ ਰਹੇ ਹਨ ਅਤੇ ਇਸ ਲਈ ਬਰਨਾਲਾ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਾ ਨਵਾਂ ਦਫਤਰ ਖੋਲ੍ਹਣ ਦੀ ਕੋਈ ਲੋੜ ਨਹੀਂ ਹੈ। |

-------

## ਨਰੇਗਾ ਅਧੀਨ ਖਰਚ ਕੀਤੀ ਗਈ ਰਕਮ

**186. ਸ਼੍ਰੀ ਰਜਨੀਸ਼ ਕੁਮਾਰ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿਛਲੇ ਪੰਜ ਸਾਲਾਂ ਦੌਰਾਨ ਹਲਕਾ ਮੁਕੇਰੀਆਂ ਦੇ ਪਿੰਡਾਂ ਵਿੱਚ ਨਰੇਗਾ ਅਧੀਨ ਪਿੰਡ- ਵਾਰ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਪਿੰਡਾਂ ਵਿੱਚ ਠੇਕੇਦਾਰਾਂ ਦੁਆਰਾ ਕਰਵਾਏ ਗਏ ਕੰਮਾਂ ਦੀ ਪੇਮੈਂਟ ਕਰ ਦਿੱਤੀ ਗਈ ਹੈ, ਜਦ ਕਿ ਪੰਚਾਇਤਾਂ ਦੁਆਰਾ ਕਰਵਾਏ ਗਏ ਕੰਮਾਂ ਦੀ ਪੇਮੈਂਟ ਨਹੀਂ ਕੀਤੀ ਗਈ ਹੈ:

(ੲ) ਉਪਰੋਕਤ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਰਵਾਏ ਗਏ ਕੰਮਾਂ ਦੀ ਪੇਮੈਂਟ ਕਦੋਂ ਤੱਕ ਕਰ ਦਿੱਤੀ ਜਾਵੇਗੀ ਅਤੇ ਬਕਾਇਆ ਰਹਿੰਦੀ ਪੇਮੈਂਟ ਦੇ ਪਿੰਡ- ਵਾਰ ਵੇਰਵੇ ਕੀ ਹਨ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, (ੳ) ਪਿਛਲੇ ਪੰਜ ਸਾਲਾਂ ਦੌਰਾਨ ਹਲਕਾ ਮੁਕੇਰੀਆਂ ਦੇ ਪਿੰਡਾਂ ਵਿੱਚ ਨਰੇਗਾ ਅਧੀਨ ਪਿੰਡ-ਵਾਰ ਕੀਤੀ ਗਈ ਰਕਮ ਦੇ ਖਰਚ ਦਾ ਵੇਰਵਾ ** **ਅਨੁਲਗ 'ੳ' ਉੱਤੇ ਰੱਖਿਆ ਗਿਆ ਹੈ।

(ਅ) ਨਹੀਂ ਜੀ, ਹਲਕਾ ਮੁਕੇਰੀਆਂ ਵਿਖੇ ਪਿੰਡਾਂ ਵਿੱਚ ਕੋਈ ਵੀ ਕੰਮ ਠੇਕੇਦਾਰ ਦੁਆਰਾ ਨਹੀਂ ਕਰਵਾਇਆ ਗਿਆ, ਕੰਮ ਪੰਚਾਇਤਾਂ ਵੱਲੋਂ ਕਰਵਾਏ ਜਾਂਦੇ ਹਨ । ਜਿਨ੍ਹਾਂ ਪੰਚਾਇਤਾਂ ਦੀ ਪੇਮੈਂਟ ਨਹੀਂ ਕੀਤੀ ਗਈ, ਉਸ ਦੀ ਪੇਮੈਂਟ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਹੋਣ ਤੋਂ ਬਾਅਦ ਕਰ ਦਿੱਤੀ ਜਾਵੇਗੀ ।

(ੲ) ਉਪਰੋਕਤ ਪਿੰਡਾਂ ਦੀਆਂ ਪੰਚਾਇਤਾਂ ਨੂੰ ਕਰਵਾਏ ਗਏ ਕੰਮਾਂ ਦੀ ਪੇਮੈਂਟ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਹੋਣ ਤੋਂ ਬਾਅਦ ਕਰ ਦਿੱਤੀ ਜਾਵੇਗੀ ਅਤੇ ਬਕਾਇਆ ਰਹਿੰਦੀ ਪੇਮੈਂਟ ਦੇ ਪਿੰਡ-ਵਾਰ ਵੇਰਵੇ ** **ਅਨੁਲਗ 'ਅ' ਤੇ ਰੱਖੇ ਗਏ ਹਨ।

-------

## ਸੀ.ਪੀ.ਐੱਫ ਅਧਿਆਪਕਾਂ ਦੇ ਖਾਤੇ ਵਿੱਚ ਪਾਉਣਾ

**189. ਸ਼੍ਰੀ ਰਜਨੀਸ਼ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸਾਲ, 2014 ਤੋਂ ਸਕੂਲ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤੇ ਗਏ ਈ.ਟੀ.ਟੀ. ਅਧਿਆਪਕਾਂ ਦਾ ਬਣਦਾ ਸਾਰਾ ਸੀ.ਪੀ.ਐੱਫ (ਸਟੇਟ ਸ਼ੇਅਰ) ਉਨ੍ਹਾਂ ਦੇ ਖਾਤੇ ਵਿੱਚ ਪਾ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ?

** ** Placed in the Revisor Branch.

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ, ਨਹੀਂ। ਕਾਰਨ ਝੰਡੀ "ੳ" ਤੇ ਰੱਖੇ ਜਾਂਦੇ ਹਨ।

## ਅਨੁਲੱਗ "ੳ"

## ਈ.ਟੀ.ਟੀ. ਟੀਚਰਾਂ ਦੇ ਸੀ.ਪੀ.ਐਫ. (ਸਟੇਟ ਸ਼ੇਅਰ) ਨਾ ਪਾਉਣ ਸਬੰਧੀ ਜ਼ਿਲ੍ਹਾਵਾਰ ਸੂਚਨਾ ਦਾ ਵੇਰਵਾ

| ਲੜੀ ਨੰਬਰ | ਜ਼ਿਲ੍ਹੇ ਦਾ ਨਾਮ | ਬਲਾਕ ਦੇ ਨਾਂ ਜਿਹੜੇ ਵਿੱਚ ਸੀ.ਪੀ.ਐਫ. (ਸਟੇਟ ਸ਼ੇਅਰ) ਨਹੀਂ ਪਾਇਆ ਗਿਆ | ਵਿਸ਼ੇਸ਼ ਕਥਨ |
|---|---|---|---|
| 1. | ਅੰਮ੍ਰਿਤਸਰ | ਚੋਗਾਵਾਂ ਅਤੇ ਤਰਸਿੱਕਾ | 1. **ਚੋਗਾਵਾਂ:** ਖਜਾਨਿਆਂ ਵਿੱਚ ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਪਾਸ ਨਾ ਹੋਣ ਕਾਰਨ ਪੈਂਡਿੰਗ ਹਨ।<br>2. **ਤਰਸਿੱਕਾ:** ਸੀ.ਪੀ.ਐਫ. (ਸਟੇਟ ਸ਼ੇਅਰ ਦੇ ਬਿਲ ਖਜਾਨੇ ਵਿੱਚ ਭੇਜੇ ਹੋਏ ਹਨ। |
| 2. | ਗੁਰਦਾਸਪੁਰ | ਧਾਰੀਵਾਲ, ਸ੍ਰੀ ਹਰਗੋਬਿੰਦਪੁਰ ਅਤੇ ਕਲਾਨੌਰ | 1. **ਧਾਰੀਵਾਲ :** ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਖਜਾਨੇ ਵਿੱਚ ਭੇਜੇ ਹੋਏ ਹਨ।<br>2. **ਸ੍ਰੀ ਹਰਗੋਬਿੰਦਪੁਰ:** ਬਜਟ ਉਪਲਬਧ ਨਾ ਹੋਣ ਕਾਰਨ ਅਦਾਇਗੀ ਨਹੀਂ ਕੀਤੀ ਜਾ ਸਕੀ।<br>3. **ਕਲਾਨੌਰ:** ਬਜਟ ਰੀਵੋਕ ਹੋਣ ਕਾਰਨ ਅਦਾਇਗੀ ਬਕਾਇਆ ਹੈ। |
| 3. | ਹੁਸ਼ਿਆਰਪੁਰ | ਦਸੂਹਾ | ਬਲਾਕ ਦਸੂਹਾ ਦੇ ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਖਜਾਨਾ ਦਫ਼ਤਰ ਵਿਖੇ ਭੇਜੇ ਗਏ ਹਨ, ਅਦਾਇਗੀਆਂ ਬੰਦ ਹੋਣ ਕਰਕੇ ਬਿਲ |

| | | | |
|---|---|---|---|
| | | | ਪਾਸ ਨਹੀਂ ਹੋਇਆ ਅਤੇ ਅਲਾਟਮੈਂਟ ਪ੍ਰਾਪਤ ਨਾ ਹੋਣ ਕਾਰਨ ਮੰਗ ਕੀਤੀ ਗਈ ਹੈ। |
| 4. | ਕਪੂਰਥਲਾ | ਫਗਵਾੜਾ ਅਤੇ ਕਪੂਰਥਲਾ | ਬਜਟ ਵਾਪਸ ਲਏ ਜਾਣ ਕਾਰਨ ਕਰਕੇ ਅਦਾਇਗੀ ਨਹੀਂ ਕੀਤੀ ਗਈ। |
| 5. | ਲੁਧਿਆਣਾ | ਲੁਧਿਆਣਾ-1, ਸਿੱਧਵਾ ਬੇਟ, ਖੰਨਾ ਅਤੇ ਡੇਹਲੋਂ | **1. ਲੁਧਿਆਣਾ-1:** ਪਰਾਨ ਖਾਨੇ ਨਾ ਖੁਲਣ ਕਰਕੇ ਕਰਮਚਾਰੀਆਂ ਦਾ ਹਿੱਸਾ ਤਨਖਾਹ ਵਿੱਚੋਂ ਨਹੀਂ ਕੱਟਿਆ ਗਿਆ ਅਤੇ ਨਾ ਹੀ ਸਰਕਾਰੀ ਸ਼ੇਅਰ ਖਜਾਨੇ ਵਿੱਚੋਂ ਡਰਾਅ ਕੀਤਾ ਗਿਆ।<br>**2. ਸਿੱਧਵਾ ਬੇਟ:** ਮਿਤੀ 01.08.2006 ਤੋਂ ਮਿਤੀ 28.02.2010 ਤੱਕ ਸੀ.ਪੀ.ਐਫ. (ਸਟੇਟ ਸ਼ੇਅਰ) ਸਰਕਾਰੀ ਖਜਾਨੇ ਵਿੱਚੋਂ ਨਹੀਂ ਕਢਵਾਇਆ ਗਿਆ ਕਿਉਂਕਿ ਸਾਲ 2014-15 ਦਾ ਬਜਟ ਸਰਕਾਰ ਵੱਲੋਂ ਵਾਪਸ ਲੈ ਲਿਆ ਗਿਆ ਹੈ।<br>**3. ਖੰਨਾ:** ਦੂਸਰੇ ਬਲਾਕਾਂ ਤੋਂ ਬਦਲ ਕੇ ਆਏ ਕਰਮਚਾਰੀਆਂ ਦੀਆਂ ਡਿਊ ਡਰਾਨ ਸਟੇਟਮੈਂਟਾਂ ਸਮੇਂ-ਸਿਰ ਨਾ ਪੁੱਜਣ ਕਰਕੇ ਅਦਾਇਗੀਆਂ ਬਕਾਇਆ ਹਨ।<br>**4. ਡੇਹਲੋਂ:** ਪਰਾਨ ਖਾਤੇ ਨਾ ਖੁਲਣ ਕਰਕੇ (ਸਟੇਟ ਸ਼ੇਅਰ) ਦੀ ਅਦਾਇਗੀ ਬਕਾਇਆ ਹੈ। |

| | | | |
|---|---|---|---|
| 6. | ਰੂਪਨਗਰ | ਰੂਪਨਗਰ, ਚਮਕੌਰ ਸਾਹਿਬ, ਨੂਰਪੁਰ ਬੇਦੀ | **1. ਰੂਪਨਗਰ:** ਸਾਲ 2006 ਤੋਂ ਫਰਵਰੀ, 2010 ਤੱਕ ਸੀ.ਪੀ.ਐਫ (ਸਟੇਟ ਸ਼ੇਅਰ) ਖਜ਼ਾਨੇ ਭੇਜਿਆ ਗਿਆ ਹੈ। ਇਸ ਤੇ ਸਰਕਾਰ ਵੱਲੋਂ ਰੋਕ ਲਗਾਈ ਗਈ ਹੈ।<br>**2. ਚਮਕੌਰ ਸਾਹਿਬ:** ਮਹੀਨਾ 06-07 ਅਤੇ 08/2014 ਦਾ ਸੀ.ਪੀ.ਐਫ. ਬਕਾਇਆ ਹੋਣ ਕਰਕੇ ਜਮ੍ਹਾਂ ਹੋਣ ਤੋਂ ਰਹਿੰਦਾ ਹੈ ਅਤੇ ਸਟੇਟ ਸ਼ੇਅਰ ਸਬੰਧੀ ਸਰਕਾਰ ਤੋਂ ਮੰਗ ਕੀਤੀ ਗਈ ਹੈ।<br>**3. ਨੂਰਪੁਰ ਬੇਦੀ :** ਬਜਟ ਉਪਲਬਧ ਨਾ ਹੋਣ ਕਰਕੇ ਖਜ਼ਾਨੇ ਵੱਲੋਂ ਬਿਲ ਵਾਪਸ ਭੇਜ ਦਿੱਤੇ ਗਏ ਹਨ। |
| 7. | ਸਾਹਿਬਜਾਦਾ ਅਜੀਤ ਸਿੰਘ ਨਗਰ | ਖਰੜ, ਡੇਰਾਬਸੀ ਅਤੇ ਮਾਜਰੀ | **1. ਖਰੜ:** ਖਜਾਨਾ ਦਫ਼ਤਰ ਖਰੜ ਵਿਖੇ ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਭੇਜੇ ਗਏ ਹਨ, ਡਰਾਅ ਹੋਣ ਉਪਰੰਤ ਕਰਮਚਾਰੀਆਂ ਦੇ ਖਾਤੇ ਵਿੱਚ ਰਾਸ਼ੀ ਤਬਦੀਲ ਕਰ ਦਿੱਤੀ ਜਾਵੇਗੀ।<br>**2. ਡੇਰਾਬੱਸੀ :** ਖਜ਼ਾਨਾ ਦਫ਼ਤਰ ਡੇਰਾਬਸੀ ਵਿਖੇ ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਭੇਜੇ ਗਏ ਹਨ, ਡਰਾਅ ਹੋਣ ਉਪਰੰਤ ਕਰਮਚਾਰੀਆਂ ਦੇ ਖਾਤੇ ਵਿੱਚ ਰਾਸ਼ੀ ਤਬਦੀਲ ਕਰ ਦਿੱਤੀ ਜਾਵੇਗੀ।<br>**3. ਮਾਜਰੀ :** ਸੀ.ਪੀ.ਐਫ. (ਸਟੇਟ ਸ਼ੇਅਰ) ਦੇ ਬਿਲ ਆਨ ਲਾਈਨ ਕਰ ਦਿੱਤੇ ਗਏ ਹਨ। |

| | | | |
|---|---|---|---|
| 8. | ਬਠਿੰਡਾ | | ਜ਼ਿਲ੍ਹਾ ਬਠਿੰਡਾ ਵੱਲੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਅਗਸਤ 2006 ਤੋਂ ਫਰਵਰੀ 2010 ਤੱਕ ਸਟੇਟ ਸ਼ੇਅਰ ਜਮ੍ਹਾਂ ਨਹੀਂ ਹੋਏ, ਕਿਉਂਕਿ ਕਰਮਚਾਰੀਆਂ ਦੇ ਪਰਾਨ ਨੰਬਰ ਨਹੀਂ ਜਾਰੀ ਹੋਏ ਸਨ। ਬਜਟ ਵਾਪਸ ਹੋਣ ਕਾਰਨ ਕਰਕੇ ਅਦਾਇਗੀ ਨਹੀਂ ਕੀਤੀ ਜਾ ਸਕੀ। |
| 9. | ਫਰੀਦਕੋਟ | ਫਰੀਦਕੋਟ ਅਤੇ ਕੋਟਕਪੂਰਾ | **1. ਫਰੀਦਕੋਟ :** 1 ਗੈਰ ਹਾਜ਼ਰ 2 ਸਸਪੈਂਡ ਅਤੇ 11 ਟੀਚਰਾਂ ਦੀ ਬਦਲੀ ਹੋ ਕੇ ਆਉਣ ਕਾਰਨ ਸੀ.ਪੀ.ਐਫ (ਸਟੇਟ ਸ਼ੇਅਰ) ਖਾਤੇ ਵਿੱਚ ਨਹੀਂ ਪਾਇਆ ਗਿਆ।<br>**2. ਕੋਟਕਪੂਰਾ:** 9 ਟੀਚਰਾਂ ਦੀ ਬਦਲੀ ਹੋਣ ਕਾਰਨ ੜਰਾਨ ਸਟੇਟਮੈਂਟ ਪ੍ਰਾਪਤ ਨਾ ਹੋਣ ਕਾਰਨ ਕਰਕੇ ਸਟੇਟ ਸ਼ੇਅਰ ਨਹੀਂ ਪਾਇਆ ਜਾ ਸਕਿਆ। |
| 10. | ਫਾਜ਼ਿਲਕਾ | ਫਾਜ਼ਿਲਕਾ ਅਤੇ ਜਲਾਲਾਬਾਦ | **1. ਫਾਜ਼ਿਲਕਾ:** ਸੀ.ਪੀ.ਐਫ. (ਸਟੇਟ ਸ਼ੇਅਰ) ਬਜਟ ਨਾ ਹੋਣ ਕਾਰਨ ਕਰਕੇ ਬਜਟ ਦੀ ਮੰਗ ਕੀਤੀ ਗਈ ਹੈ।<br>**2. ਜਲਾਲਾਬਾਦ:** ਸੀ.ਪੀ.ਐਫ. (ਸਟੇਟ ਸ਼ੇਅਰ) ਬਜਟ ਨਾ ਹੋਣ ਕਾਰਨ ਕਰਕੇ ਬਜਟ ਦੀ ਮੰਗ ਕੀਤੀ ਗਈ ਹੈ। |

------

## ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਉਸਾਰੀਆਂ ਗਈਆਂ ਸੜਕਾਂ

**193. ਸ਼੍ਰੀਮਤੀ ਚਰਨਜੀਤ ਕੌਰ ਬਾਜਵਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਕਾਦੀਆਂ ਵਿੱਚ ਅਪ੍ਰੈਲ, 2007

[ ਸ਼੍ਰੀਮਤੀ ਚਰਨਜੀਤ ਕੌਰ ਬਾਜਵਾ ]

ਤੋਂ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਉਸਾਰੀਆਂ ਗਈਆਂ ਸੜਕਾਂ ਦਾ ਵੇਰਵਾ ਕੀ ਹੈ ਅਤੇ ਉਸਾਰੀ ਅਧੀਨ ਸੜਕਾਂ ਦੇ ਨਾਂ ਕੀ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਨੇਪਰੇ ਚਾੜ੍ਹਿਆਂ ਜਾਵੇਗਾ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਹਲਕਾ ਕਾਦੀਆਂ ਅਧੀਨ ਅਪ੍ਰੈਲ, 2007 ਤੋਂ ਬਾਅਦ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਕਿਸੇ ਵੀ ਸੜਕ ਦੀ ਨਵੀਂ ਉਸਾਰੀ ਨਹੀ ਕੀਤੀ ਗਈ ਹੈ। ਇਸ ਤੋਂ ਇਲਾਵਾ ਚੌੜੀਆਂ ਅਤੇ ਮਜ਼ਬੂਤ ਕੀਤੀਆਂ ਸੜਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਮੁਕੰਮਲ ਕੀਤੀਆਂ ਗਈਆਂ ਸੜਕਾਂ**

**(1) ਸੜਕ ਕਾਦੀਆਂ ਤੋਂ ਉਧਨਵਾਲ (ਪੈਕੇਜ ਨੰ: ਪੀ.ਬੀ.-06-040, ਫੇਜ-IX)**

ਇਸ ਸੜਕ ਦੀ ਕੁੱਲ ਲੰਬਾਈ 9.00 ਕਿਲੋਮੀਟਰ ਹੈ। ਇਸ ਸੜਕ ਨੂੰ 10 ਫੁੱਟ ਤੋਂ 18 ਫੁੱਟ ਪੱਕਾ/ਚੌੜਾ ਕੀਤਾ ਗਿਆ ਹੈ । ਇਸ ਸੜਕ ਦੀ ਕੁੱਲ ਲੰਬਾਈ ਵਿੱਚੋਂ ਸਿਰਫ 3.00 ਕਿਲੋਮੀਟਰ ਅਸੈਂਬਲੀ ਹਲਕਾ ਕਾਦੀਆਂ ਵਿੱਚ ਪੈਂਦੀ ਹੈ । ਇਸ ਸੜਕ ਦੀ ਖਾਸ ਮੁਰੰਮਤ ਅਤੇ ਚੌੜਾ ਕਰਨ ਦਾ ਕੰਮ 30 ਜੂਨ, 2013 ਤੱਕ ਮੁਕੰਮਲ ਕਰ ਦਿੱਤਾ ਗਿਆ ਸੀ ਅਤੇ ਸੜਕ ਦੀ ਹਾਲਤ ਠੀਕ ਹੈ ।

**(2) ਧਾਰੀਵਾਲ ਕੋਟ ਸੰਤੋਖ ਰਾਏ ਆਲੋਵਾਲ ਜਾਗੋਵਾਲ ਜੱਟਾਂ ਅਟਾਰੀ ਬਖਸ਼ੀਵਾਲ ਰੋਡ (ਪੈਕੇਜ ਨੰ: ਪੀ.ਬੀ.-06-063, ਫੇਜ-XI)**

ਇਸ ਸੜਕ ਦੀ ਕੁੱਲ ਲੰਬਾਈ 11.80 ਕਿਲੋਮੀਟਰ ਹੈ । ਇਸ ਸੜਕ ਦੀ ਕੁੱਲ ਲੰਬਾਈ ਵਿੱਚੋਂ 4.50 ਕਿਲੋਮੀਟਰ ਅਸੈਂਬਲੀ ਹਲਕਾ ਕਾਦੀਆਂ ਵਿੱਚ ਪੈਂਦੀ ਹੈ । ਇਸ ਸੜਕ ਦੀ ਖਾਸ ਮੁਰੰਮਤ ਦਾ ਕੰਮ 28.02.2015 ਨੂੰ ਮੁਕੰਮਲ ਕਰ ਦਿੱਤਾ ਗਿਆ ਸੀ ਅਤੇ ਸੜਕ ਦੀ ਹਾਲਤ ਠੀਕ ਹੈ ।

**(ਅ) ਪ੍ਰਗਤੀ ਅਧੀਨ ਸੜਕਾਂ**

**(1) ਸੜਕ ਸ਼ਾਲਾ ਚੱਕ ਸ਼ਰੀਫ ਤੋਂ ਕਾਹਨੂੰਵਾਨ ਅਪਟੂ ਸੇਖਵਾਂ ਅੱਡਾ (ਪੈਕੇਜ ਨੰ: ਪੀ.ਬੀ-06-050, ਫੇਜ-XI)**

ਇਸ ਸੜਕ ਦੀ ਕੁੱਲ ਲੰਬਾਈ 19.16 ਕਿਲੋਮੀਟਰ ਹੈ । ਇਸ ਸੜਕ ਦੀ ਕੁੱਲ ਲੰਬਾਈ ਵਿੱਚੋਂ 15.66 ਕਿਲੋਮੀਟਰ ਅਸੈਂਬਲੀ ਹਲਕਾ ਕਾਦੀਆਂ ਵਿੱਚ ਪੈਂਦੀ ਹੈ ।

ਇਸ ਸੜਕ ਦੀ ਖਾਸ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਲਗਭਗ 45% ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ, ਬਾਕੀ ਰਹਿੰਦਾ ਕੰਮ 30 ਜੂਨ, 2015 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ।

-------------

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 195****

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

---------

**ਪੰਚਾਇਤੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨਾ**

**196. ਸਰਦਾਰ ਰਣਦੀਪ ਸਿੰਘ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਆਮ ਲੋਕਾਂ ਦੁਆਰਾ ਨਜਾਇਜ਼ ਤੌਰ ਤੇ ਕੁੱਲ ਕਿੰਨੀ ਪੰਚਾਇਤੀ ਜ਼ਮੀਨ ਤੇ ਕਬਜ਼ਾ ਕੀਤਾ ਗਿਆ ਹੈ ਜਾਂ ਪੰਚਾਇਤ ਦੁਆਰਾ ਪੱਟੇ ਤੇ ਦਿੱਤੀ ਗਈ ਹੈ;

(ਅ) ਸਰਕਾਰ ਦੁਆਰਾ ਉਕਤ ਜ਼ਮੀਨ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਗਏ ਹਨ ਅਤੇ ਇਸਦੇ ਨਤੀਜੇ ਕੀ ਹਨ?

**ਸਰਦਾਰ ਸਿਕੰਦਰ ਸਿੰਘ ਮਲੂਕਾ :** ਸ਼੍ਰੀਮਾਨ ਜੀ,

(ੳ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਕੁੱਲ 2470 ਏਕੜ ਜ਼ਮੀਨ ਨਜਾਇਜ਼ ਕਬਜ਼ੇ ਅਧੀਨ ਹੈ ।

(ਅ) ਨਜਾਇਜ਼ ਕਬਜ਼ੇ ਛਡਾਉਣ ਲਈ 2470 ਏਕੜ ਜ਼ਮੀਨ ਦੇ ਵੱਖ-ਵੱਖ ਅਦਾਲਤਾਂ ਵਿੱਚ ਕੇਸ ਕੀਤੇ ਹੋਏ ਹਨ।

----------

**ਫਿਜ਼ੀਓਥੈਰਿਪੀ ਸਪੈਸ਼ਲਿਸਟ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ**

**197. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਵੱਖ-ਵੱਖ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ

** Reply to this Unstarred Question No. 195 has not been received till 24.05.2016 i.e. the date on which this debates was sent to the press for final printing.

[ ਸਰਦਾਰ ਜੋਗਿੰਦਰ ਸਿੰਘ ਜਿੰਦੂ ]

ਕਿੰਨੇ ਫਿਜ਼ੀਓਥੈਰਿਪੀ ਸੈਂਟਰ ਚੱਲਦੇ ਹਨ ਅਤੇ ਉਨ੍ਹਾਂ ਸੈਂਟਰਾਂ ਵਿੱਚ ਫਿਜ਼ੀਓਥੈਰਿਪੀ ਸਪੈਸ਼ਲਿਸਟ ਦੀਆਂ ਮਨਜ਼ੂਰ ਕਿੰਨੀਆਂ ਅਸਾਮੀਆਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਹਨ;

(ਅ) ਕੀ ਭਵਿੱਖ ਵਿੱਚ ਸਰਕਾਰ ਦੀ ਫਿਜ਼ੀਓਥੈਰਿਪੀ ਸਪੈਸ਼ਲਿਸਟ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ,

(ੳ) ਇਸ ਸਮੇਂ ਪੰਜਾਬ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ 25 ਫਿਜ਼ੀਓਥਰੈਪੀ ਸੈਂਟਰ ਚੱਲ ਰਹੇ ਹਨ ਅਤੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿੱਚ 3 ਫਿਜ਼ੀਓਥਰੈਪੀ ਸੈਂਟਰ ਚੱਲ ਰਹੇ ਹਨ। ਇਨ੍ਹਾਂ ਹਸਪਤਾਲਾਂ ਵਿੱਚ ਭਰੀਆਂ ਅਤੇ ਖਾਲੀ ਆਸਾਮੀਆਂ ਦਾ ਵੇਰਵਾ ਅਨੁਲੱਗ 'ੳ' ਤੇ ਉਪਲਬੱਧ ਹੈ।

(ਅ) ਫਿਜ਼ੀਓਥਰੈਪਿਸਟਾਂ ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ ਤਜਵੀਜ਼ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:ਪੀ.ਬੀ.(5)ਪੰ:-2014/3647 ਮਿਤੀ 17.10:2014 ਰਾਹੀਂ ਪਹਿਲਾਂ ਹੀ ਸਰਕਾਰ ਨੂੰ ਭੇਜੀ ਹੋਈ ਹੈ। ਸਰਕਾਰ ਵੱਲੋਂ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਕੇਸ ਵਿਚਾਰ ਅਧੀਨ ਹੈ।

**ਅਨੁਲੱਗ 'ੳ'**

**ਪੰਜਾਬ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਫਿਜ਼ੀਓਥਰੈਪਿਸਟਾਂ ਦੀਆਂ ਮਨਜ਼ੂਰਸ਼ੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

| ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ | ਭਰੀਆਂ ਅਸਾਮੀਆਂ ਦੀ ਗਿਣਤੀ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|
| 50 | 21 | 29 |

----------

## ਬਲਾਕ ਡੇਰਾ ਬਾਬਾ ਨਾਨਕ ਵਿੱਚ ਸੀਡ ਫਾਰਮਾਂ ਦਾ ਵੇਰਵਾ

**198. ਸਰਦਾਰ ਸੁਖਜਿੰਦਰ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਉਨ੍ਹਾਂ ਸੀਡ ਫਾਰਮਾਂ ਦੇ ਨਾਂ ਅਤੇ ਪਤੇ ਕੀ-ਕੀ ਹਨ, ਜਿਨ੍ਹਾਂ ਨੂੰ ਸਰਕਾਰ ਨੇ ਮਿਤੀ 1.4.2010 ਤੋਂ ਹੁਣ ਤੱਕ ਮਾਰਕੀਟ ਫੀਸ, ਆਰ.ਡੀ.ਐਫ. ਆਦਿ ਸਬੰਧੀ ਮੰਗ ਨੋਟਿਸ ਜਾਰੀ ਕੀਤੇ ਹਨ ਅਤੇ ਸਰਕਾਰ ਵੱਲੋਂ ਮਾਰਕੀਟ ਫੀਸ, ਆਰ.ਡੀ.ਐਫ, ਜੁਰਮਾਨਾ ਜਾਂ ਵਿਆਜ ਵਜੋਂ ਇਕੱਠੀ ਕੀਤੀ ਰਕਮ ਕਿੰਨੀ ਹੈ?

**ਸਰਦਾਰ ਤੋਤਾ ਸਿੰਘ :** ਡੇਰਾ ਬਾਬਾ ਨਾਨਕ ਬਲਾਕ ਵਿੱਚ ਕੁੱਲ 17 ਫਰਮਾਂ ਸੀਡ ਦਾ ਕੰਮ ਕਰਦੀਆਂ ਹਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ: | ਫਰਮ ਦਾ ਨਾਂ | ਪਤਾ |
|---|---|---|
| 1 | ਜ਼ਿਮੀਂਦਾਰਾਂ ਖਾਦ ਸਟੋਰ | ਪੁਰਾਣਾ ਬੱਸ ਸਟੈਂਡ ਡੇਰਾ ਬਾਬਾ ਨਾਨਕ |
| 2 | ਕੁਲਦੀਪ ਸਿੰਘ ਬੇਦੀ ਐਂਡ ਸੰਨਜ਼ | ਪੱਖੋਕੇ ਰੋਡ, ਡੇਰਾ ਬਾਬਾ ਨਾਨਕ |
| 3 | ਨੂਰ ਇੰਟਰਪ੍ਰਾਈਜਜ | ਡੇਰਾ ਬਾਬਾ ਨਾਨਕ |
| 4 | ਦਿਉਲ ਪੈਸਟੀਸਾਈਡ | ਬੱਸ ਸਟੈਂਡ ਰੋਡ, ਡੇਰਾ ਬਾਬਾ ਨਾਨਕ |
| 5 | ਰੰਧਾਵਾ ਖੇਤੀ ਸਟੋਰ | ਪਿੰਡ ਉਦੋਵਾਲੀ ਖੁਰਦ |
| 6 | ਕਿਸਾਨ ਖੇਤੀ ਸਟੋਰ | ਬਟਾਲਾ ਰੋਡ ਕੋਟਲੀ ਸੂਰਤ ਮੱਲੀ |
| 7 | ਲਵਲੀ ਖੇਤੀ ਸਟੋਰ | ਧਿਆਨਪੁਰ ਰੋਡ ਕੋਟੀ ਸੂਰਤ ਮੱਲੀ |
| 8 | ਸ਼ਾਹ ਖੇਤੀ ਸਟੋਰ | ਧਿਆਨਪੁਰ ਰੋਡ ਕੋਟੀ ਸੂਰਤ ਮੱਲੀ |
| 9 | ਕੁੰਦਰਾ ਖੇਤੀ ਸਟੋਰ | ਕਸਬਾ ਧਿਆਨਪੁਰ |
| 10 | ਭਾਰਤਵਾਜ ਖਾਦ ਅਤੇ ਪੈਸਟੀਸਾਈਡ ਸਟੋਰ | ਕਸਬਾ ਧਿਆਨਪੁਰ |
| 11 | ਵਿਜੈ ਇੰਟਰਪ੍ਰਾਈਜ਼ਜ਼ | ਕਸਬਾ ਧਿਆਨਪੁਰ |
| 12 | ਕਿਸਾਨ ਸੇਵਾ ਕੇਂਦਰ | ਪਿੰਡ ਸ਼ਿਕਾਰ ਮਾਛੀਆਂ |

[ ਖੇਤੀਬਾੜੀ ਮੰਤਰੀ ]

| | | |
|---|---|---|
| 13 | ਗੁਰਾਇਆ ਖਾਦ ਸਟੋਰ | ਪਿੰਡ ਸ਼ਿਕਾਰ ਮਾਛੀਆਂ |
| 14 | ਗਿੱਲ ਖਾਦ ਸਟੋਰ | ਪਿੰਡ ਤਲਵੰਡੀ ਰਾਮਾਂ |
| 15 | ਜਤਿੰਦਰ ਖਾਦ ਸਟੋਰ | ਪਿੰਡ ਤਲਵੰਡੀ ਰਾਮਾਂ |
| 16 | ਜਤਿੰਦਰ ਖਾਦ ਸਟੋਰ | ਪਿੰਡ ਰਹੀਮਾਬਾਦ |
| 17 | ਨਵਦੀਪ ਸੀਡਜ਼ ਫਾਰਮ | ਪਿੰਡ ਵੈਰੋਕੇ, ਬਲਾਕ ਡੇਰਾ ਬਾਬਾ ਨਾਨਕ |

ਲੜੀ ਨੰ: 1 ਤੋਂ 16 ਤੇ ਦਰਜ ਫਰਮਾਂ ਸਰਟੀਫਾਈਡ ਬੀਜ ਖਰੀਦ ਕੇ ਵੇਚਣ ਦਾ ਕੰਮ ਕਰਦੀਆਂ ਹਨ, ਜਿਸ ਨੂੰ ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ, 1961 ਅਧੀਨ ਬਣੇ ਰੂਲ 29(1) ਤਹਿਤ ਮਾਰਕੀਟ ਫੀਸ ਤੋ ਛੋਟ ਪ੍ਰਾਪਤ ਹੈ।

ਲੜੀ ਨੰ: 17 ਤੇ ਦਰਜ ਫਰਮ ਨਵਦੀਪ ਸੀਡ ਫਾਰਮ, ਪਿੰਡ ਵੈਰੋਕੇ, ਜ਼ਿਲ੍ਹਾ ਗੁਰਦਾਸਪੁਰ ਜ਼ਿਮੀਂਦਾਰਾਂ ਤੋ ਕਣਕ, ਪੈਡੀ ਖਰੀਦ ਕੇ ਗਰੇਡਿੰਗ ਕਰਕੇ ਉਸ ਨੂੰ ਸੀਡ ਵਜੋਂ ਵੇਚਦੀ ਹੈ ਜੋ ਕਿ ਸਰਟੀਫਾਈਡ ਸੀਡ ਨਹੀਂ ਹੈ। ਇਸ ਫਰਮ ਵੱਲੋਂ ਖੇਤੀਬਾੜੀ ਵਿਭਾਗ, ਪੰਜਾਬ, ਚੰਡੀਗੜ ਵੱਲੋਂ ਸੀਡ ਡੀਲਰ ਦਾ ਮਿਤੀ 10.05.2010 ਨੂੰ ਲਾਇਸੰਸ ਲਿਆ ਹੋਇਆ ਹੈ। ਇਸ ਫਰਮ ਦੀ ਮਿਤੀ 1.4.2010 ਤੋ 30.9.2010 ਤੱਕ ਦੇ ਸਮੇਂ ਦੀ ਅਸੈਸਮੈਂਟ ਕੀਤੀ ਗਈ ਸੀ। ਅਸੈਸਿੰਗ ਅਥਾਰਟੀ ਵੱਲੋਂ 4,19,802/- ਰੁਪਏ ਮਾਰਕੀਟ ਫੀਸ, 4,19,802/- ਰੁਪਏ ਆਰ.ਡੀ.ਐਫ ਸਮੇਤ ਪਨੈਲਟੀ 41,98,020/- ਰੁਪਏ ਅਤੇ 50,376/- ਰੁਪਏ ਵਿਆਜ, ਕੁੱਲ 50,88,000/- ਰੁਪਏ ਵਸੂਲਣਯੋਗ ਰਕਮ ਦੀ ਅਸੈਸਮੈਂਟ ਕੀਤੀ ਗਈ ਸੀ ਅਤੇ ਫਰਮ ਨੂੰ ਰਿਕਵਰੀ ਨੋਟਿਸ ਜਾਰੀ ਕੀਤੇ ਗਏ ਸਨ।

ਫਰਮ ਵੱਲੋਂ ਅਸੈਸਮੈਂਟਾਂ ਦੇ ਹੁਕਮਾਂ ਵਿਰੁੱਧ ਐਪੀਲੇਟ ਅਥਾਰਟੀ, ਪੰਜਾਬ ਮੰਡੀ ਬੋਰਡ, ਮੋਹਾਲੀ ਪਾਸ ਅਪੀਲ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਕਰਦੇ ਹੋਏ ਐਪੀਲੇਟ ਅਥਾਰਟੀ ਵੱਲੋਂ ਅਸੈਸਮੈਂਟ ਦੇ ਹੁਕਮ ਰੱਦ ਕਰਦੇ ਹੋਏ ਅਸੈਸਿੰਗ ਅਥਾਰਟੀ ਨੂੰ ਹੁਕਮ ਕੀਤੇ ਗਏ ਕਿ ਫਰਮ ਨੂੰ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟਸ ਐਕਟ, 1961 ਦੀ ਧਾਰਾ 6 (3) ਅਧੀਨ ਜੇਕਰ ਲਾਇਸੰਸ ਜਾਰੀ ਕਰਨਾ ਬਣਦਾ ਹੈ ਤਾਂ ਪਹਿਲਾਂ ਲਾਇਸੰਸ ਜਾਰੀ ਕੀਤਾ ਜਾਵੇ। ਇਸ ਉਪਰੰਤ ਸਬੰਧਤ ਫਰਮ ਤੋਂ ਵਸੂਲਣਯੋਗ ਫੀਸ ਦੀ

ਅਸੈਸਮੈਂਟ ਕਰਨ ਲਈ ਯੋਗ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ। ਕਮੇਟੀ ਵੱਲੋਂ ਫਰਮ ਨੂੰ ਲਾਇਸੰਸ ਲੈਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ, ਪਰੰਤੂ ਫਰਮ ਵੱਲੋਂ ਅਜੇ ਤੱਕ ਲਾਇਸੰਸ ਪ੍ਰਾਪਤ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਰਕਮ ਮਾਰਕੀਟ ਫੀਸ, ਆਰ.ਡੀ.ਐਫ, ਜੁਰਮਾਨਾ ਜਾਂ ਵਿਆਜ ਵਜੋਂ ਜਮ੍ਹਾਂ ਕਰਵਾਈ ਗਈ ਹੈ।

------------

## ਲਿੰਕ ਸੜਕਾਂ ਦੀ ਮੁਰੰਮਤ ਕਰਨਾ

199. **ਰਾਣਾ ਗੁਰਜੀਤ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ-

(ੳ) ਹਲਕਾ ਕਪੂਰਥਲਾ ਵਿੱਚ ਪਿਛਲੇ 5 ਸਾਲਾਂ ਤੋਂ ਮੁਰੰਮਤ ਨਾ ਕੀਤੀਆਂ ਗਈਆਂ ਲਿੰਕ ਸੜਕਾਂ ਦੇ ਨਾਂ ਕੀ ਕੀ ਹਨ?

(ਅ) ਉਪਰੋਕਤ ਭਾਗ 'ੳ' ਵਿੱਚ ਵਰਣਿਤ ਸੜਕਾਂ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

**ਸਰਦਾਰ ਤੋਤਾ ਸਿੰਘ:** (ੳ) ਹਲਕਾ ਕਪੂਰਥਲਾ ਵਿੱਚ ਅਜਿਹੀਆਂ ਲਿੰਕ ਸੜਕਾਂ ਜੋ ਪਿਛਲੇ 5 ਸਾਲਾਂ ਤੋਂ ਮੁਰੰਮਤ ਨਹੀਂ ਕੀਤੀਆਂ ਗਈਆਂ, ਉਨ੍ਹਾਂ ਦੇ ਨਾਵਾਂ ਦੀ ਸੂਚੀ ਅਨੁਲੱਗ 'ੳ'** ਅਨੁਸਾਰ ਹੈ।

(ਅ) ਰਾਜ ਵਿੱਚ ਸਾਲ 2015-16 ਦੌਰਾਨ ਫੰਡਾਂ ਦੀ ਉਪਲਬਧਤਾ ਨੂੰ ਵੇਖਦੇ ਹੋਏ ਸੜਕਾਂ ਦੀ ਮੁਰੰਮਤ/ਦੇਖਭਾਲ ਕਰਨ ਸਬੰਧੀ ਇਕ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਨ੍ਹਾਂ ਸੜਕਾਂ ਦੀ ਮੁਰੰਮਤ/ਦੇਖਭਾਲ ਕਰਨ ਸਬੰਧੀ ਸ਼ਡਿਊਲ ਇਸ ਪ੍ਰੋਗਰਾਮ ਦੇ ਫਾਈਨਲ ਹੋਣ ਉਪਰੰਤ ਹੀ ਦੱਸਿਆ ਜਾ ਸਕੇਗਾ।

--------

## MATTERS RAISED DURING ZERO HOUR AND STATEMENTS BY THE CHIEF MINISTER AND THE MINISTERS THEREON

**ਮਾਨਯੋਗ ਸਪੀਕਰ :** ਜ਼ੀਰੋ ਆਵਰ। ਸਰਦਾਰ ਅਜੀਤ ਇੰਦਰ ਸਿੰਘ ਮੋਫਰ।

** Placed in the Revisor's Branch.

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਜੀ। ਇੱਕ ਬੜਾ ਅਹਿਮ ਮੁੱਦਾ ਹੈ। ਇੱਕ ਪਾਸੇ ਤਾਂ ਸਵੱਛ ਭਾਰਤ ਬਣਾਉਣ, ਕਾਲਾ ਧਨ ਵਾਪਸ ਲਿਆਉਣ ਦੀ ਦੀ ਗੱਲ ਹੋ ਰਹੀ ਹੈ। ਦੂਜੇ ਪਾਸੇ ਜਿਹੜਾ ਸਾਡਾ ਇਸਤਰੀ ਤੇ ਬਾਲ ਵਿਭਾਗ ਹੈ, ਉਸ ਨੂੰ ਸੈਂਟਰ ਤੋਂ ਪੈਸਾ ਆਉਂਦਾ ਹੈ, ਹੁਣ 10 ਕਰੋੜ ਰੁਪਏ ਦੇ ਕਰੀਬ ਪੈਸਾ ਆਇਆ ਹੈ। 27,000 ਆਂਗਨਵਾੜੀ ਸੈਂਟਰਾਂ ਵਿੱਚ ਬੱਚਿਆਂ ਲਈ ਕਿਟਸ ਖਰੀਦਣੀਆਂ ਹਨ, ਉਹ ਬੱਚਿਆਂ ਦੇ ਖੇਡਣ ਲਈ ਖਿਡਾਉਣੇ ਆਦਿ ਲਿਆ ਦਿੰਦੇ ਹਨ। ਇਸ ਵਾਸਤੇ 3000/- ਰੁਪਏ ਦੇ ਕਰੀਬ ਇੱਕ ਆਂਗਨਵਾੜੀ ਸੈਂਟਰ ਨੂੰ ਪੈਸਾ ਦਿੰਦੇ ਹਨ ਤਾਂਕਿ ਚੰਗਾ ਵਧੀਆ ਕਿਸਮ ਦੇ ਖਿਡੌਣੇ ਬੱਚਿਆਂ ਵਾਸਤੇ ਖਰੀਦੇ ਜਾਣ। ਇਸ ਕੰਮ ਵਾਸਤੇ ਇਨ੍ਹਾਂ ਦੇ ਮਹਿਕਮੇ ਨੇ ਈ-ਟੈਂਡਰਿੰਗ ਕਰਨ ਦੀ ਗੱਲ ਕੀਤੀ ਅਤੇ ਇੱਕੋ ਹੀ ਫਰਮ ਦੀਆਂ ਤਿੰਨ-ਚਾਰ ਜਗ੍ਹਾ ਤੋਂ ਕੁਟੇਸ਼ਨਾਂ ਲੈ ਲਈਆਂ। ਜਿਹੜੀਆਂ 5-6 ਫਰਮਾਂ ਹੋਰ ਸਨ, ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਹਾਡੀ ਤਾਂ ਡਾਈ ਨਹੀਂ ਮਿਲਦੀ। ਉਸ ਖਿਡੌਣੇ ਦੀ ਕੀਮਤ ਇਨ੍ਹਾਂ ਨੇ 3000/-ਰੁਪਏ ਰੱਖੀ ਹੈ ਪਰ ਅਸਲ ਵਿੱਚ ਇਹ 1000/-ਰੁਪਏ ਵਿੱਚ ਬਣਦਾ ਹੈ। ਦੇਖ ਲਉ, 2000/- ਰੁਪਏ ਪ੍ਰਤੀ ਖਿਡੌਣਾ ਦੇ ਹਿਸਾਬ ਨਾਲ ਕਿੰਨਾ ਵੱਡਾ ਘਪਲਾ ਹੋ ਰਿਹਾ ਹੈ। ਸ਼੍ਰੀਮਤੀ ਅਲਕਨੰਦਾ ਦਿਆਲ ਉਸ ਮਹਿਕਮੇ ਦੀ ਸੈਕਟਰੀ ਹੈ, she went on leave ਕਿ ਮੈਂ ਇਹ ਕੰਮ ਨਹੀਂ ਕਰਨਾ। ਹੁਣ ਸ਼੍ਰੀ ਗੁਰਕੀਰਤ ਕਿਰਪਾਲ ਜੀ ਨੂੰ ਲਗਾ ਦਿੱਤਾ ਹੈ, ਦੇਖੋ, ਉਹ ਕਰਦੇ ਹਨ ਕਿ ਨਹੀਂ। ਮਿਹਰਬਾਨੀ ਕਰਕੇ ਇਹ ਪੈਸਾ ਖਰਾਬ ਨਾ ਕਰੋ। 10-10 ਕਰੋੜ ਦੇ ਘਪਲੇ ਨਿਕਲਣ ਲੱਗ ਗਏ ਤਾਂ ਸਵੱਛ ਭਾਰਤ ਕਿਵੇਂ ਬਣੇਗਾ।

**ਮਾਨਯੋਗ ਸਪੀਕਰ :** ਧੰਨਵਾਦ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਅਹਿਮ ਮੁੱਦਾ ਜਿਹੜਾ ਕਿ ਪੰਜਾਬ ਨਾਲ ਜੁੜਿਆ ਹੋਇਆ ਹੈ, ਉਹ ਉਠਾਉਣਾ ਚਾਹੁੰਦਾ ਹਾਂ। ਪਿੱਛੇ ਜਿਹੇ ਸਾਡੇ ਡਿਪਟੀ ਸੀ.ਐਮ. ਸਾਹਿਬ ਨੇ ਖੇਡਾਂ ਵਿੱਚ ਬਹੁਤ ਇੰਟਰਸਟ ਲਿਆ। ਕਬੱਡੀ ਦੇ ਮੈਚਾਂ ਨੂੰ ਵਰਲਡ ਲੈਵਲ ਤੱਕ ਹਾਈਲਾਈਟ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ 2010 ਵਿੱਚ ਇੱਕ ਪਾਲਿਸੀ ਬਣਾਈ ਸੀ। ਕਈ ਅਜਿਹੇ ਸਪੋਰਟਸਮੈਨ ਹਨ, ਜਿਨ੍ਹਾਂ ਨੇ ਸਟੇਟ ਲੈਵਲ, ਨੈਸ਼ਨਲ ਲੈਵਲ ਅਤੇ ਅੰਤਰਰਾਸ਼ਟਰੀ ਲੈਵਲ ਤੇ ਗੋਲਡ ਮੈਡਲ, ਚਾਂਦੀ ਦੇ ਜਾਂ ਹੋਰ ਤਮਗੇ ਜਿੱਤੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਇੱਕ ਵੀ ਪੈਸਾ ਨਹੀਂ

ਦਿੱਤਾ ਗਿਆ। ਕੀ ਸਰਕਾਰ ਉਹ ਪੈਸੇ ਉਨ੍ਹਾਂ ਨੂੰ ਦੇਵੇਗੀ? ਦੂਜੀ ਗੱਲ ਇਹ ਹੈ ਕਿ ਬਾਕੀ ਸਟੇਟਾਂ ਦੇ ਮੁਕਾਬਲੇ ਪੰਜਾਬ ਵਿੱਚ ਵੱਖ-ਵੱਖ ਅਵਾਰਡਾਂ ਤਹਿਤ ਮਿਲਣ ਵਾਲੀ ਰਕਮ ਬਹੁਤ ਘੱਟ ਹੈ, ਕੀ ਇਹ ਉਨ੍ਹਾਂ ਦੇ ਬਰਾਬਰ ਕਰਨਗੇ?

**ਮਾਨਯੋਗ ਸਪੀਕਰ :** ਧੰਨਵਾਦ। ਵੜਿੰਗ ਸਾਹਿਬ ਜੀ। ਇਹ ਬੜੇ ਦਿਨਾਂ ਬਾਅਦ ਆਏ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :**ਸਪੀਕਰ ਸਾਹਿਬ, ਜਿਹੜੀ ਸ਼ੁੱਕਰਵਾਰ ਨੂੰ ਬੜੀ ਮੰਦਭਾਗੀ ਘਟਨਾ ਹੋਈ ਹੈ, ਮੈਂ ਉਸ ਵੱਲ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ** **

**ਮਾਨਯੋਗ ਸਪੀਕਰ :** ਵੜਿੰਗ ਜੀ, this is wrong. (ਵਿਘਨ) ਮੇਰੀ ਬੇਨਤੀ ਸੁਣ ਲਉ। (ਵਿਘਨ) ਇਹ ਰਿਕਾਰਡ ਤੇ ਨਹੀਂ ਆਵੇਗਾ। (ਵਿਘਨ) ਪਹਿਲਾਂ ਮੇਰੀ ਬੇਨਤੀ ਸੁਣ ਲਉ। ਪ੍ਰਧਾਨ ਮੰਤਰੀ ਜੀ ਦੀ ਸਕਿਉਰਿਟੀ, ਸੀ.ਐਮ. ਜੀ ਦੀ ਸਕਿਉਰਿਟੀ ਵਿੱਚ ਕੋਈ ਕਾਰ ਐਂਟਰ ਨਹੀਂ ਹੋ ਸਕਦੀ ਪਰ ਜੇ ਕੋਈ ਜਾਣ ਬੁੱਝ ਕੇ ਕਰੇ ਤਾਂ ਉਸ ਦਾ ਕੀ. ਰਿਜ਼ਲਟ ਨਿਕਲੇਗਾ। ਇਸ ਲਈ please sit down now. (ਵਿਘਨ) I know about the incident. ਮੈਂ ਅਲਾਉ ਨਹੀਂ ਕੀਤਾ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਜ਼ੀਰਾ ਸਾਹਿਬ ਨੂੰ ਇਸੇ ਹਾਊਸ ਵਿੱਚ ਹੀ ਕੁੱਟਿਆ ਸੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਮਿੱਤਲ ਸਾਹਿਬ, ਦੱਸੋ ਜੀ।

**ਸਰਦਾਰ ਰਣਦੀਪ ਸਿੰਘ :** ਤੁਸੀਂ ਤਾਂ ਮੈਨੂੰ ਟਾਈਮ ਦਿੱਤਾ ਸੀ।

**ਮਾਨਯੋਗ ਸਪੀਕਰ :** ਪਹਿਲਾਂ ਉਨ੍ਹਾਂ ਦੀ ਗੱਲ ਸੁਣ ਲਈਏ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਇਸ ਮੁੱਦੇ ਨੂੰ ਉਠਾਉਣ ਦਾ ਮੇਰਾ ਮਨ ਸੀ। ਫਿਰ ਮੈਂ ਕਿਹਾ ਕਿ ਚੱਲੋ ਨਾ ਉਠੇ, ਇਹ ਲੀਗਲ ਮੈਟਰ ਹੈ, ਸਬ-ਜੁਡਿਸ ਹੈ। ਅਸੀਂ ਤਾਂ ਸ਼੍ਰੀ ਵੜਿੰਗ ਜੀ ਨੂੰ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਬਣਨ ਤੇ ਵਧਾਈ ਦਿੰਦੇ ਸੀ। ਇਨ੍ਹਾਂ ਨੂੰ ਤਾਂ ਇਹ ਮੁੱਦਾ ਉਠਾਉਣਾ ਹੀ ਨਹੀਂ ਚਾਹੀਦਾ ਸੀ ਕਿ ਕੋਈ ਮੁੱਖ

**Not recorded as ordered by the Chair.

[ ਸੰਸਦੀ ਮਾਮਲੇ ਮੰਤਰੀ ]

ਮੰਤਰੀ ਦੀ ਕਾਰ ਉਤੇ ਹਮਲਾ ਕਰਨ ਦੀ ਕੋਸ਼ਿਸ਼ ਕਰੇ ਅਤੇ ਇਹ ਉਸ ਨੂੰ ਡਿਫੈਂਡ ਕਰਨ। ਇਨ੍ਹਾਂ ਦਾ ਪੰਜਾਬ ਦਾ ਪ੍ਰਧਾਨ ਤੇ ਪੰਜਾਬ ਦਾ ਇੰਚਾਰਜ All India General Secretary of the Congress Party, ਉਸ ਬੰਦੇ ਨੂੰ ਹਸਪਤਾਲ ਵਿੱਚ ਆ ਕੇ ਸ਼ਾਬਾਸ਼ ਦੇਣ, ਮੈਂ ਤਾਂ ਇਸ ਵਾਸਤੇ ਨਿੰਦਾ ਪ੍ਰਸਤਾਵ ਲਿਆਉਣਾ ਚਾਹੁੰਦਾ ਸੀ ਪਰ ਮੈਂ ਪ੍ਰਸਤਾਵ ਨਹੀਂ ਲਿਆਂਦਾ। ਜੇਕਰ ਅਸੀਂ ਮੁੱਖ ਮੰਤਰੀ ਦੀ ਇੱਜ਼ਤ ਨਹੀਂ ਕਰ ਸਕਦੇ ਤਾਂ ਅਸੀਂ ਕਿਸ ਦੀ ਇੱਜ਼ਤ ਕਰ ਸਕਦੇ ਹਾਂ? (ਵਿਘਨ) ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਨੀ ਥੋੜ੍ਹੀ ਹੈ। (ਵਿਘਨ)

**ਮਾਨਯੋਗ ਸਪੀਕਰ :** ਵੜਿੰਗ ਸਾਹਿਬ, ਤੁਹਾਡਾ ਪੁਆਇੰਟ ਹੀ ਗਲਤ ਹੈ। (ਵਿਘਨ) (ਸ਼ੋਰ) ਹਾਂ ਜੀ, ਨਾਭਾ ਜੀ ਦੱਸੋ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਨਹੀਂ ਜੀ, ਦੋ ਮਿੰਟ ਨਹੀਂ ਮਿਲ ਸਕਦੇ।

**ਸਰਦਾਰ ਰਣਦੀਪ ਸਿੰਘ :** ਮੇਰੀ ਬੇਨਤੀ ਤਾਂ ਸੁਣ ਲਉ ਜੀ। ਇਸ ਸਰਕਾਰ ਦੀ ਜਿਹੜੀ ਕਾਰਗੁਜ਼ਾਰੀ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ। ਮੇਰਾ ਸਵਾਲ ਤੁਸੀਂ ਵਿਸ਼ੇਸ਼ ਤੌਰ ਤੇ 24 ਤਾਰੀਖ ਨੂੰ ਲਗਵਾਇਆ ਸੀ। ਚੱਲੋ, ਇਹ ਗੱਲ ਵੱਖਰੀ ਹੈ ਕਿ ਡਿਪਟੀ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਕੱਲ੍ਹ ਨੂੰ ਲਗਾ ਦੇਵਾਂਗੇ। ਤੁਹਾਡਾ ਧੰਨਵਾਦ ਕਿ ਮੇਰਾ ਇਹ ਸਵਾਲ 6 ਮਹੀਨੇ ਦਾ ਪੋਸਟਪੋਨਡ ਸੀ। ਮੈਂ ਸਰਕਾਰ ਦਾ ਧਿਆਨ ਇਸ ਗੱਲ ਵੱਲ ਵਿਸ਼ੇਸ਼ ਤੌਰ ਤੇ ਦਿਵਾਉਣਾ ਚਾਹੁੰਦਾ ਹਾਂ ਕਿ ਵੈਸੇ it amounts to breach of privilege. In your presence, on Thursday, The Hon'ble C.M. gave a statement on the floor of the House ਕਿ ਕੰਸਟੀਚਿਊਸ਼ਨਲੀ ਸਾਡਾ ਕੋਈ ਹਲਕਾ ਇੰਚਾਰਜ ਨਹੀਂ ਹੈ। ਸੀ.ਐਮ. ਸਾਹਿਬ ਨੇ ਇਸੇ ਹਾਊਸ ਵਿੱਚ ਜ਼ੀਰੋ ਆਵਰ ਵਿੱਚ ਇਹ ਕਿਹਾ ਸੀ। ਸਪੀਕਰ ਸਾਹਿਬ, ਮੈਂ ਇੱਕ ਸਰਕਾਰੀ ਕਾਰਡ ਸਦਨ ਦੀ ਟੇਬਲ ਤੇ ਭੇਜ ਰਿਹਾ ਹਾਂ । ** ** ਇਹ ਸਰਕਾਰ ਵੱਲੋਂ ਬਣਿਆ ਹੋਇਆ ਹੈ, ਜਦੋਂ ਮੋਦੀ ਸਾਹਿਬ ਦੀ ਵਿਜ਼ਟ ਹੋਈ ਹੈ। ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਇਸ ਵਿੱਚੋਂ ਮੈਂ ਓਪਰੇਟਿਵ ਪਾਰਟ ਪੜ੍ਹਨਾ ਚਾਹੁੰਦਾ ਹਾਂ । ਇਸ ਦਾ ਓਪਰੇਟਿਵ ਪਾਰਟ ਇਹ ਹੈ ਕਿ ਸ਼ਹੀਦਾਂ ਨੂੰ ਪ੍ਰਣਾਮ ਕਰਨ ਵਾਸਤੇ ਸ਼ਰਧਾਂਜਲੀ ਸਮਾਰੋਹ ਰੱਖਿਆ ਗਿਆ ਸੀ। ਇਹ ਕਾਰਡ ਡਿਪਟੀ ਕਮਿਸ਼ਨਰ ਸ਼੍ਰੀ ਡੀ.ਪੀ.

**Placed in the Revisor Branch.

ਐਸ. ਖਰਬੰਦਾ, ਫਿਰੋਜ਼ਪੁਰ ਵੱਲੋਂ ਜਾਰੀ ਕੀਤਾ ਗਿਆ ਹੈ and Hon'ble Chief Secretary's name Shri Sarvesh Kaushal is mentioned. ਇਸ ਵਿੱਚ ਵਿਸ਼ੇਸ਼ ਤੌਰ ਤੇ 4 ਬੰਦਿਆਂ ਦਾ ਜ਼ਿਕਰ ਕੀਤਾ ਗਿਆ ਹੈ: ਸਰਦਾਰ ਸ਼ੇਰ ਸਿੰਘ ਘੁਬਾਇਆ, ਮੈਂਬਰ ਲੋਕ ਸਭਾ; ਸ਼੍ਰੀ ਜੋਗਿੰਦਰ ਸਿੰਘ ਜਿੰਦੂ, ਫਿਰੋਜ਼ਪੁਰ ਦਿਹਾਤੀ ਦੇ ਐਮ.ਐਲ.ਏ. ਸਾਹਿਬ; ਸਰਦਾਰ ਹਰੀ ਸਿੰਘ ਜ਼ੀਰਾ, ਐਮ.ਐਲ.ਏ.,ਜ਼ੀਰਾ। ਉਸ ਇਲਾਕੇ ਦੇ ਬਾਕੀ ਇਲੈਕਟਿਡ ਐਮ.ਐਲ.ਏ. ਸਾਹਿਬਾਨ ਦਾ ਨਾਂ ਇਸ ਵਿੱਚ ਨਹੀਂ ਹੈ। ਅਖੀਰ ਵਿੱਚ ਸ਼੍ਰੀ ਵਰਦੇਵ ਸਿੰਘ ਮਾਨ, ਹਲਕਾ ਇੰਚਾਰਜ, ਫਿਰੋਜ਼ਪੁਰ, ਗੁਰੂ ਹਰ ਸਹਾਏ ਦਾ ਨਾਮ ਹੈ (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) What is this? ਮੇਰੀ ਇੱਕ ਰਿਕੁਐਸਟ ਹੈ। ਉਹ ਕਿਹੜਾ ਵਿਅਕਤੀ ਹੈ ਜਿਹੜਾ ਚੀਫ ਮਨਿਸਟਰ, ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਨਹੀਂ ਜਾਣਦਾ ਅਤੇ ਉਨ੍ਹਾਂ ਦਾ ਇੱਜ਼ਤ ਮਾਣ ਨਹੀਂ ਕਰਦਾ ਅਤੇ ਕਿਸ ਨੂੰ ਇਨ੍ਹਾਂ ਦੀ ਪਛਾਣ ਨਹੀਂ ਹੈ? ਇਹ ਸਰਕਾਰੀ ਕਾਰਡ ਛਪੇ ਹਨ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡੀ ਸਦਨ ਦੀ ਤੌਹੀਨ ਹੋਰ ਕੋਈ ਨਹੀਂ ਹੋ ਸਕਦੀ। ... (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਨੋਟਿਸ ਵਿੱਚ ਲਿਆ ਦਿੱਤਾ ਹੈ। ਤੁਸੀਂ ਉਨ੍ਹਾਂ ਦੇ ਧਿਆਨ ਵਿੱਚ ਲਿਆ ਦਿੱਤਾ ਹੈ।

**ਸਰਦਾਰ ਰਣਦੀਪ ਸਿੰਘ :** ਇਸ ਬਾਰੇ ਹਾਊਸ ਵਿੱਚ ਸੀ.ਐਮ. ਸਾਹਿਬ ਬਿਆਨ ਦੇਣ ਕਿ ਕੀ ਐਕਸ਼ਨ ਲੈਣਗੇ? Otherwise I will move a privilege motion. (interruption)

**Mr. Speaker :** Thank you.

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਹਾਊਸ ਵਿੱਚ ਬਿਆਨ ਦਿੱਤਾ ਹੈ ਕਿ ਕੋਈ ਹਲਕਾ ਇੰਚਾਰਜ ਨਹੀਂ........

**Mr. Speaker :** That point has come. (interruption) ਤੁਹਾਡਾ ਪੁਆਇੰਟ ਆ ਗਿਆ ਹੈ (ਸ਼ੋਰ..ਵਿਘਨ) ਤੁਹਾਡਾ ਨੋਟਿਸ ਆ ਗਿਆ ਹੈ। ਹੁਣ ਉਹ ਆਪੇ ਦੇਖਣਗੇ। (ਵਿਘਨ) ਜਾਖੜ ਸਾਹਿਬ, ਮੇਰੀ ਬੇਨਤੀ ਸੁਣ ਲਵੋ। ਜੋ ਤੁਸੀਂ ਜ਼ੀਰੋ ਆਵਰ ਵਿੱਚ ਪੁਆਇੰਟ ਕਹਿ ਦਿੱਤਾ ਹੈ, ਉਹ ਸਰਕਾਰ ਨੇ ਸੁਣ ਲਿਆ ਹੈ। ਹੁਣ ਐਕਸ਼ਨ ਲੈਣਾ ਹੈ ਜਾਂ ਨਹੀਂ ਲੈਣਾ, ਇਹ ਸਰਕਾਰ ਉਤੇ ਡਿਪੈਂਡ

ਕਰਦਾ ਹੈ। I can't compel the Government to reply. (interruption) According to rules ਮੈਂ ਉਨ੍ਹਾਂ ਨੂੰ ਜਵਾਬ ਦੇਣ ਲਈ ਕੰਪੈਲ ਨਹੀਂ ਕਰ ਸਕਦਾ। (ਸ਼ੋਰ) (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ** ਨਾਹਰੇ ਲਗਾਉਣ ਲੱਗ ਪਏ।)

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਹੈ ਕਿ ਸਦਨ ਵਿੱਚ ਬਹੁਤ ਮੁਰਦਾਬਾਦ ਨਾ ਕਰਿਆ ਕਰੋ। ਜਿੰਦਾਬਾਦ ਕਰਿਆ ਕਰੋ ਅਤੇ ਚੜ੍ਹਦੀ ਕਲਾ ਵਿੱਚ ਰਿਹਾ ਕਰੋ। ਮੈਂ, with the consent of the party President ਮੁੜ ਅਨਾਉਂਸ ਕਰਦਾ ਹਾਂ ਕਿ ਸਾਡੇ ਸੰਵਿਧਾਨ ਵਿੱਚ ਕੋਈ ਵੀ ਹਲਕਾ ਇੰਚਾਰਜ ਨਹੀਂ ਹੈ। (ਸ਼ੋਰ..ਵਿਘਨ)) ਮੇਰੀ ਗੱਲ ਤਾਂ ਸੁਣਦੇ ਨਹੀਂ, ਮੇਰੀ ਗੱਲ ਤਾਂ ਸੁਣ ਲਵੋ। ਜੋ ਵੀ ਡੀ.ਸੀ. ਨੇ ਲਿਖਿਆ ਹੈ, ਮੈਂ ਉਸ ਕੋਲੋਂ ਲਿਖਤੀ ਜਵਾਬ ਪੁੱਛਾਂਗਾ ਕਿ ਇਹ ਕਿਉਂ ਹੋਇਆ? ਜੇਕਰ ਤੁਸੀਂ ਕਹੋ ਕਿ ਇੰਨੀ ਕੁ ਗਲਤੀ ਤੇ ਕਿਸੇ ਅਫਸਰ ਨੂੰ ਫਾਹੇ ਲਾ ਦਿਉ, ਜਾਂ ਉਸ ਨੂੰ ਹਟਾ ਦਿਉ.....

**(ਸ਼੍ਰੀ ਸੁਨੀਲ ਜਾਖੜ) (ਬੈਠੇ-ਬੈਠੇ):** ਖੁੱਡੇ-ਲਾਈਨ ਤਾਂ ਲਗਾ ਸਕਦੇ ਹੋ।)(ਸ਼ੋਰ....ਵਿਘਨ) ** **

**Mr. Speaker :** Nothing should be recorded except the reply by C.M. Sahib.

**ਮੁੱਖ ਮੰਤਰੀ :** ਸਪੀਕਰ ਸਾਹਿਬ, ਇੱਕ ਗਲਤੀ ਵੀ ਹੋ ਜਾਂਦੀ ਹੈ ਅਤੇ ਕਿਸੇ ਨੂੰ ਕੁਝ ਆਖਿਆ ਜਾਂਦਾ ਹੈ। ਚੌਧਰੀ ਸਾਹਿਬ, (ਸ਼੍ਰੀ ਸੁਨੀਲ ਜਾਖੜ ਵੱਲ ਇਸ਼ਾਰਾ) ਨੇ ਕਿਹਾ ਹੈ ਕਿ ਖੁੱਡੇ-ਲਾਈਨ ਲਗਾ ਦਿਉ। ਇਹ ਖੁੱਡੇ-ਲਾਈਨ ਕੀ ਹੁੰਦੀ ਹੈ? ਉਹ ਵੀ ਮੈਨੂੰ ਪਤਾ ਨਹੀਂ ਕਿ ਖੁੱਡੇ-ਲਾਈਨ ਕੀ ਹੁੰਦੀ ਹੈ।

**ਸ਼੍ਰੀ ਸੁਨੀਲ ਜਾਖੜ :** ** ** (ਵਿਘਨ)(ਸ਼ੋਰ)

**ਮੁੱਖ ਮੰਤਰੀ :** ਆਪਾਂ ਕਿਸ ਵਾਸਤੇ ਖੁੱਡੇ ਲਾਈਨ ਤੇ ਸਹੀ ਲਾਈਨ ਵੇਖੀਏ । ਸਾਰੇ ਜਿੰਨੀਆਂ ਵੀ ਡਿਊਟੀਆਂ ਤੇ ਕੋਈ ਪੰਜਾਬ ਵਿੱਚ ਸੇਵਾ ਕਰ ਰਿਹਾ ਹੈ, ਉਹ ਸਾਰੇ ਵਧੀਆ ਹਨ, ਖੁੱਡੇ-ਲਾਈਨ ਕੋਈ ਨਹੀਂ ਹੈ । ਜਿੰਨਾ ਕਿਸੇ ਦਾ ਜੁਰਮ ਹੁੰਦਾ ਹੈ, ਉਨਾ ਕੁ ਹੀ ਐਕਸ਼ਨ ਹੁੰਦਾ ਹੈ । (ਵਿਘਨ) (ਸ਼ੋਰ)

**Not recorded as ordered by the Chair.

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆ ਗਿਆ ਹੈ । (ਵਿਘਨ)

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ** **

**ਮਾਨਯੋਗ ਸਪੀਕਰ :** ਪਿੰਕੀ ਜੀ, ਬੈਠ ਜਾਓ । Please sit down. (ਵਿਘਨ) ਪਿੰਕੀ ਜੀ, ਬੈਠ ਜਾਓ ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ** **

**ਮਾਨਯੋਗ ਸਪੀਕਰ :** ਪਿੰਕੀ ਜੀ, ਬੈਠ ਜਾਓ ਹੁਣ । Please sit down. ਹਾਂ ਜੀ, ਜਾਖੜ ਸਾਹਿਬ। (ਵਿਘਨ) ਪਿੰਕੀ ਜੀ, ਬੈਠ ਜਾਓ । ਤੁਹਾਡਾ ਪੁਆਇੰਟ ਆ ਗਿਆ ਹੈ । ਬਾਦਲ ਸਾਹਿਬ ਨੇ ਜਵਾਬ ਦੇ ਦਿੱਤਾ ਹੈ । ਨੋਟਿਸ ਹੋ ਗਿਆ ਹੈ। ਹੁਣ ਆਪਾਂ ਕੀ ਲੈਣਾ ਹੈ। ਪਿੰਕੀ ਜੀ, ਤੁਹਾਡਾ ਕੁਝ ਵੀ ਰਿਕਾਰਡ ਨਹੀਂ ਹੋ ਰਿਹਾ । ਤੁਹਾਡਾ ਇੱਕ ਵੀ ਲਫਜ਼ ਰਿਕਾਰਡ ਨਹੀਂ ਹੋ ਰਿਹਾ। (ਵਿਘਨ) Not even a single word is being recorded. (ਵਿਘਨ) Nothing is going to be recorded. Whatever he has said, that should be expunged. (ਵਿਘਨ) Please address the Chair.

**ਸ਼੍ਰੀ ਸੁਨੀਲ ਜਾਖੜ :** ਆਨਰੇਬਲ ਸਪੀਕਰ ਸਾਹਿਬ, ਬਜਟ ਤੇ ਡਿਸਕਸ਼ਨ ਚੱਲ ਰਹੀ ਹੈ। ਆਨਰੇਬਲ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਇਹ ਹਰ ਗੱਲ ਤੇ ਡਿਬੇਟ ਕਰਨ ਲੱਗ ਜਾਂਦੇ ਹਨ ਅਤੇ ਸਾਡੇ ਕੋਲ ਇੰਨਾ ਸਮਾਂ ਨਹੀਂ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਮਿਡ ਟਰਮ ਰਿਵਿਊ ਸੈਸ਼ਨ ਜ਼ਰੂਰ ਹੋਣਾ ਚਾਹੀਦਾ ਹੈ because in Budget discussion, we are only discussing their dreams ਕਿ ਕਰਾਂਗੇ ਤੇ ਜੋ ਕੁਝ ਕੈਗ ਦੀ ਰਿਪੋਰਟ ਵਿੱਚ ਆਇਆ ਹੈ ।

**ਮਾਨਯੋਗ ਸਪੀਕਰ :** ਤੁਸੀਂ ਇਹ ਬਜਟ ਤੇ ਕਹਿ ਲੈਣਾ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਅਪਾਹਜ ਬੱਚਿਆਂ ਦਾ ਮਸਲਾ ਹੈ । ਮੈਂ ਹੈਲੀਕਾਪਟਰ ਦੀ ਗੱਲ ਨਹੀਂ ਚੁੱਕਣ ਲੱਗਾ । ਸਪੀਕਰ ਸਾਹਿਬ, ਮੈਂ ਐਮੂਨੂਸ਼ਨ ਦੀ ਗੱਲ ਨਹੀਂ ਕਰਦਾ ਕਿ......

**ਮਾਨਯੋਗ ਸਪੀਕਰ :** ਤੁਸੀਂ ਤਾਂ ਲੈਕਚਰ ਸ਼ੁਰੂ ਕਰ ਦਿੱਤਾ । (ਵਿਘਨ) ਕੋਈ ਜ਼ੀਰੋ ਆਵਰ ਦਾ ਮੈਟਰ ਵੀ ਹੈ?

---

**Not recorded/Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਪਲੀਜ਼ ।

**Mr. Speaker :** No, no.

**ਸ਼੍ਰੀ ਸੁਨੀਲ ਜਾਖੜ :** ਕੈਗ ਦੀ ਰਿਪੋਰਟ ਨਾਲ ਗੱਲ ਕਰਾਂਗੇ। ਡਿਸਏਬਲਡ ਬੱਚਿਆਂ ਵਾਸਤੇ 17 ਕਰੋੜ ਰੁਪਿਆ ਆਇਆ ।

**Mr. Speaker :** That can be discussed separately.

**Shri Sunil Jakhar :** When? ਟਾਈਮ ਦੇ ਦਿਓ ।

**Mr. Speaker :** You are the Member of BAC Committee.

**ਸ਼੍ਰੀ ਸੁਨੀਲ ਜਾਖੜ :** ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿੱਚ ਸਾਰੀ ਗੱਲ ਕਹੀ ਹੈ । ਸੋਮ ਪ੍ਰਕਾਸ਼ ਜੀ, ਤੁਸੀਂ ਕਿਹਾ ਸੀ ਕਿ ਅਪਾਹਜ ਬੱਚਿਆਂ ਲਈ ਬਣੀ ਸੰਸਥਾ ਦਾ ਹੈੱਡ ਹੈ, ਤੁਹਾਡੇ ਇਲਾਕੇ ਵਿੱਚ ਰਹਿੰਦਾ ਹੈ, ਉਹ ਤੁਹਾਨੂੰ ਆ ਕੇ ਮਿਲਿਆ । ਤੁਸੀਂ ਕਿਹਾ ਸੀ, ਅਪਾਹਜ ਬੱਚਿਆਂ ਨੂੰ ਮਿਲਣ ਵਾਲੀ ਰਕਮ 250 ਤੋਂ ਵਧਾ ਕੇ 500 ਪ੍ਰਤੀ ਮਹੀਨਾ ਕਰ ਦਿਓ । ਇਹ 17 ਕਰੋੜ ਰੁਪਏ ਦੀ ਸਕੀਮ ਸ਼ਤ-ਪ੍ਰਤੀਸ਼ਤ ਸੈਂਟਰਲ ਗੌਰਮਿੰਟ ਦੀ ਫੰਡਿੰਗ ਸਕੀਮ ਹੈ । ਰਣੀਕੇ ਸਾਹਿਬ ਨੂੰ ਮੈਂ ਪੁੱਛ ਰਿਹਾ ਸੀ ਕਿ ਡੇਟ ਦੱਸੋ । ਸੈਂਟਰ ਗੌਰਮਿੰਟ ਤੋਂ ਅਪਾਹਜ ਬੱਚਿਆਂ ਵਾਸਤੇ ਪੈਸੇ ਆਏ ਹਨ, ਪੈਸੇ ਡਾਈਵਰਟ ਕਰਨ ਦਾ ਆਰੋਪ ਲੱਗਿਆ ਹੈ । ਅਪਾਹਜ ਲੋਕਾਂ ਦੇ 17 ਕਰੋੜ ਰੁਪਏ ਡਾਈਵਰਟ ਕੀਤੇ ਗਏ ।

**ਮਾਨਯੋਗ ਸਪੀਕਰ :** ਤੁਸੀਂ ਇਹ ਬਜਟ ਬਹਿਸ ਵੇਲੇ ਡਿਸਕਸ ਕਰ ਲੈਣਾ। That can't be discussed.

**Shri Sunil Jakhar :** When can it be discussed?

**ਮਾਨਯੋਗ ਸਪੀਕਰ :** ਬਜਟ ਬਹਿਸ ਵੇਲੇ ਡਿਸਕਸ ਕਰ ਲੈਣਾ। That is concerned with the budget.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਸਾਡਾ ਮਜ਼ਾਕ ਨਾ ਬਣਾਉ। ਸਾਡਾ ਸੰਘ ਇਸ ਗੱਲ ਤੇ ਪੜਵਾਈ ਜਾਂਦੇ ਹੋ।

**ਮਾਨਯੋਗ ਸਪੀਕਰ :** ਨਹੀਂ ।

**ਸ਼੍ਰੀ ਸੁਨੀਲ ਜਾਖੜ :** 17 ਕਰੋੜ ਰੁਪਏ ਅਪਾਹਜ ਲੋਕਾਂ ਦੇ ਪੈਸੇ ਸਰਕਾਰ ਖਾ ਗਈ। ਇਸ ਤੋਂ ਮਾੜਾ ਕੁਝ ਨਹੀਂ। ** ** ਇਸ ਦਾ ਕੋਈ ਨਾ ਕੋਈ ਹਿਸਾਬ ਦਿਉ । (ਵਿਘਨ)

---

**Expunged as ordered by the Chair.

**ਮਾਨਯੋਗ ਸਪੀਕਰ :** ਨਹੀਂ ਜੀ।

**Shri Sunil Jakhar :** Sorry sir, I withdraw that. (ਵਿਘਨ) (ਸ਼ੋਰ) ਸੋਮ ਪ੍ਰਕਾਸ਼ ਜੀ, ਉਠ ਕੇ ਬੋਲੋ । ਬੋਲੋ, ਇਸ ਮਸਲੇ ਤੇ ਉਠ ਕੇ।

**ਮਾਨਯੋਗ ਸਪੀਕਰ :** ਆਪਾਂ ਸਰਕਾਰ ਨੂੰ ਕੰਪੈਲ ਨਹੀਂ ਕਰ ਸਕਦੇ । ਜਾਖੜ ਜੀ, ਆਪਾਂ ਕਿੰਨੀ ਵਾਰ ਕਿਹਾ ਹੈ ਕਿ ਆਪਾਂ ਸਰਕਾਰ ਨੂੰ ਕੰਪੈਲ ਨਹੀਂ ਕਰ ਸਕਦੇ ।

**ਸ਼੍ਰੀ ਸੁਨੀਲ ਜਾਖੜ :** ਚਲੋ, ਜੇ ਨਹੀਂ ਕਰ ਸਕਦੇ ਤੇ ਫਿਰ ਮੇਰੀ ਆਖਰੀ ਸਬਮਿਸ਼ਨ ਸੁਣ ਲਉ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦੱਸ ਦੇਣ ਕਿ ਨਿਰੰਜਨ ਸਿੰਘ ਦੀ ਟਰਾਂਸਫਰ ਕਰਵਾਈ। ਕੀ ਹੁਣ ਇਹ ਕੈਗ ਦੀ ਵੀ ਟਰਾਂਸਫਰ ਕਰਵਾਉਣਗੇ? ਕੈਗ ਨੇ ਇਨ੍ਹਾਂ ਦੇ ਖਿਲਾਫ ਪਹਿਲੀ ਦਫਾ ਪ੍ਰੈਸ ਕਾਨਫਰੰਸ ਕੀਤੀ ਹੈ । CAG never held Press conference. ਪਹਿਲੀ ਦਫਾ ਪ੍ਰੈਸ ਕਾਨਫਰੰਸ ਕੀਤੀ ਹੈ । ਸਪੀਕਰ ਸਾਹਿਬ, ** **

**Mr. Speaker :** No, no. Nothing is going to be recorded.

**Shri Sunil Jakhar :** What nothing is going to be recorded?

**ਮਾਨਯੋਗ ਸਪੀਕਰ :** ਜੋ ਤੁਸੀਂ ** ** ਜ਼ਿਕਰ ਕੀਤਾ ਹੈ, ਉਹ ਰਿਕਾਰਡ ਨਹੀਂ ਹੋਵੇਗਾ।

**ਸ਼੍ਰੀ ਸੁਨੀਲ ਜਾਖੜ :** ** ** ਰਿਕਾਰਡ ਨਾ ਕਰੋ ਪਰ ਜੈ ਹੋ, ਜੈ ਹੋ ਤਾਂ ਰਿਕਾਰਡ ਕਰਵਾ ਲਵੋ। ਜੈ ਹੋ, ਜੈ ਹੋ, ਚੜ੍ਹਦੀ ਕਲਾ ਵਿੱਚ ਰਹੋ, ਜੈ ਹੋ, ਜੈ ਹੋ।.....( ਵਿਘਨ).....

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ, ਪਹਿਲਾਂ ਪੈਪਸੂ ਸਟੇਟ ਹੁੰਦੀ ਸੀ, ਸਾਲ 1956 ਦੇ ਵਿੱਚ ਇਸ ਦਾ ਪੰਜਾਬ ਦੇ ਨਾਲ ਮਰਜਰ ਹੋਇਆ। ਉਸ ਵੇਲੇ ਫੈਸਲਾ ਹੋਇਆ ਕਿ ਪੈਪਸੂ ਦਾ ਸੈਕ੍ਰੇਟੇਰੀਏਟ ਤੇ ਹਾਈਕੋਰਟ ਚੰਡੀਗੜ੍ਹ ਆ ਜਾਵੇਗਾ ਪਰ ਪਟਿਆਲਾ ਸ਼ਹਿਰ ਦੀ ਗਲੋਰੀ ਅਤੇ ਉਸ ਦੀ ਇੰਪਾਰਟੈਂਸ ਨੂੰ ਬਣਾਈ ਰੱਖਣ ਲਈ ਇੱਕ ਫੈਸਲਾ ਹੋਰ ਹੋਇਆ ਸੀ, ਜਿਸ ਦੇ covenants ਕਹਿੰਦੇ ਹਨ ਕਿ ਉਸ ਫੈਸਲੇ ਦੇ ਮੁਤਾਬਿਕ ਪੀ.ਡਬਲਿਊ.ਡੀ. (ਬੀ.ਐਂਡ ਆਰ.)

**Not recorded as ordered by the Chair.

[ ਸ੍ਰੀ ਬ੍ਰਹਮ ਮਹਿੰਦਰਾ ]

ਦੇ ਤਿੰਨੋ ਚੀਫ ਇੰਜੀਨੀਅਰ ਉਥੇ ਰਹਿਣਗੇ। ਪੀ.ਡਬਲਿਯੂ.ਡੀ. (ਪਬਲਿਕ ਹੈਲਥ) ਦੇ ਚੀਫ ਇੰਜੀਨੀਅਰ ਉਥੇ ਰਹਿਣਗੇ। ਪਬਲਿਕ ਸਰਵਿਸ ਕਮਿਸ਼ਨ ਦਾ ਹੈਡ ਕਵਾਟਰ ਉਥੇ ਪਟਿਆਲਾ ਵਿਖੇ ਰਹੇਗਾ। ਪੀ.ਐਸ.ਈ.ਬੀ. ਅਤੇ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਦਾ ਹੈੱਡ ਕੁਆਰਟਰ ਵੀ ਪਟਿਆਲਾ ਵਿਖੇ ਹੀ ਰਹੇਗਾ। ਇਹ ਫੈਸਲਾ ਹੋਇਆ ਸੀ ਤਾਂ ਕਿ ਪਟਿਆਲਾ ਸ਼ਹਿਰ ਦੀ ਮਹੱਤਤਾ ਉਥੇ ਬਣੀ ਰਹੇ ਕਿਉਂਕਿ ਪਟਿਆਲਾ ਸਾਈਡ ਟਰੈਕ ਤੇ ਹੈ, ਉਸ ਦੀ ਡਿਵੈਲਪਮੈਂਟ ਨਹੀਂ ਹੋ ਰਹੀ ਸੀ, ਇਸ ਕਰਕੇ ਉਸ ਦੀ ਇੰਪੌਰਟੈਂਸ ਨੂੰ ਕਾਇਮ ਰੱਖਣ ਲਈ ਇਹ ਫੈਸਲਾ ਉਸ ਵੇਲੇ ਹੋਇਆ ਸੀ। ਪਿਛਲੇ ਕਈ ਸਾਲਾਂ ਵਿੱਚ ਇਨ੍ਹਾਂ ਵਿਭਾਗਾਂ ਨੂੰ ਸ਼ਿਫਟ ਕਰਨ ਲਈ ਅਟੈਂਪਟ ਹੁੰਦੀ ਰਹੀ ਹੈ, ਕਦੇ ਪੀ.ਡਬਲਿਯੂ.ਡੀ. ਨੂੰ ਉਥੋਂ ਸ਼ਿਫਟ ਕਰਦੇ ਹਨ, ਕਦੇ ਕੋਈ ਹੋਰ ਦਫਤਰ ਉਥੋਂ ਸ਼ਿਫਟ ਕਰਦੇ ਹਨ। ਐਕਸਾਈਜ਼ ਐਂਡ ਟੈਕਸੇਸ਼ਨ ਦਫਤਰ ਪਟਿਆਲੇ ਵਿਖੇ ਸਥਿਤ ਹੈ। ਹੁਣ ਲੇਟੈਸਟ ਜਿਹੜੀ ਗੱਲ ਮੈਂ ਕਰਨੀ ਚਾਹੁੰਦਾ ਹਾਂ, ਜਿਸ ਗੱਲ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਜਿਸ ਨਾਲ ਪਟਿਆਲੇ ਦੇ ਲੋਕਾਂ ਵਿੱਚ ਇੱਕ ਬੜੀ ਇਨਸਿਕਿਉਰਟੀ ਦੀ ਫੀਲਿੰਗ ਆ ਰਹੀ ਹੈ, ਉਹ ਇਹ ਹੈ ਕਿ ਮੌਜੂਦਾ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ ਨੂੰ ਦੋ ਸਾਲ ਲੱਗਿਆਂ ਨੂੰ ਹੋ ਗਏ ਹਨ ਪਰ ਉਹ ਦੋ ਸਾਲ ਵਿੱਚ ਸਿਰਫ ਚਾਰ ਵਾਰ ਹੀ ਪਟਿਆਲੇ ਗਏ ਹਨ। ਮੈਂ ਉਨ੍ਹਾਂ ਦੇ ਪਰਸਨ ਤੇ ਗੱਲ ਨਹੀਂ ਕਰ ਰਿਹਾ, ਮੈਂ ਤਾਂ ਸਰਕਾਰ ਦੀ ਪਾਲਿਸੀ ਤੇ ਗੱਲ ਕਰ ਰਿਹਾ ਹਾਂ ਕਿ ਸਰਕਾਰ ਨੇ ਐਸੀ ਕੀ ਪਾਲਿਸੀ ਬਣਾਈ ਹੈ। ਇੱਥੇ ਉਨ੍ਹਾਂ ਦੇ ਦਫਤਰ ਲਈ ਕਿਰਾਏ ਤੇ ਐਸ.ਸੀ.ਓ. ਲਏ ਹੋਏ ਹਨ, ਜਿਸ ਦਾ ਹੈਵੀ ਰੈਂਟ ਆਉਂਦਾ ਹੈ। ਪਟਿਆਲਾ ਤੋਂ ਰੋਜ਼ 10-15 ਗੱਡੀਆਂ ਰਾਹੀਂ ਐਕਸਾਈਜ਼ ਕਮਿਸ਼ਨਰ ਦੇ ਸਾਰੇ ਕੇਸ ਉਥੋਂ ਦੇ ਅਫਸਰ ਲੈ ਕੇ ਇੱਥੇ ਆਉਂਦੇ ਹਨ। ਇਸ ਗੱਲ ਨਾਲ ਐਕਸਚੈਕਰ ਤੇ ਕਿੰਨਾ ਬੋਝ ਪੈਂਦਾ ਹੈ। ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਇਨਸਿਕਿਉਰਟੀ ਦੀ ਫੀਲਿੰਗ ਉਥੋਂ ਖਤਮ ਹੋਣੀ ਚਾਹੀਦੀ ਹੈ। ਜੇ ਐਕਸਾਈਜ਼ ਟੈਕਸੇਸ਼ਨ ਕਮਿਸ਼ਨਰ ਦਾ ਹੈੱਡ ਕਵਾਟਰ ਪਟਿਆਲਾ ਵਿਖੇ ਹੈ ਤਾਂ Excise Commissioner should sit in Patiala. ਇਹ ਗੱਲ ਮੈਂ ਕਹਿਣੀ ਚਾਹੁੰਦਾ ਹਾਂ।

-----------

## CALLING ATTENTION NOTICES UNDER RULE 66

**Mr. Speaker :** Zero Hour is over. ਸ੍ਰੀਮਤੀ ਅਰੁਨਾ ਚੌਧਰੀ ਜੀ, ਧਿਆਨ ਦਿਵਾਊ ਨੋਟਿਸ।

### Serial No. 26

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਹਿਮ ਜ਼ਰੂਰੀ ਮਾਮਲੇ ਅਰਥਾਤ ਪਿੰਡ ਆਲੂਵਾਲ, ਬਲਾਕ ਦੀਨਾਨਗਰ ਵਿੱਚ ਅਨੁਸੂਚਿਤ ਜਾਤੀ ਵਰਗ ਦੇ ਘਰਾਂ ਨੇੜੇ ਇੱਕ ਅਸਥਾਈ ਟੋਏ ਵਿੱਚ ਡਰੇਨ ਦਾ ਗੰਦਾ ਪਾਣੀ ਆਦਿ ਇਕੱਠਾ ਹੋਣ ਦੀ ਸਮੱਸਿਆ ਵੱਲ ਦਿਵਾਉਂਦੀ ਹਾਂ। ਖੜ੍ਹੇ ਹੋਏ ਅਤੇ ਗੰਦੇ ਪਾਣੀ ਦੀ ਸੀਪੇਜ਼ ਕਾਰਨ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੋਣ ਕਾਰਨ ਪੀਣਯੋਗ ਨਹੀਂ ਹੈ। ਸਿਹਤ ਨਾਲ ਸਬੰਧਤ ਇਸ ਖਤਰੇ ਦੇ ਕਾਰਨ ਸਥਾਨਕ ਵਸਨੀਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗੀਆਂ ਹੋਈਆਂ ਹਨ। ਜੇਕਰ ਛੇਤੀ ਹੀ ਇਸ ਨੂੰ ਰੋਕਣ ਲਈ ਉਪਾਅ ਨਾ ਕੀਤੇ ਗਏ ਤਾਂ ਨਿਸ਼ਚਿਤ ਤੌਰ ਤੇ ਮਹਾਂਮਾਰੀ ਫੈਲ ਸਕਦੀ ਹੈ। ਇਸ ਮਾਮਲੇ ਤੇ ਖੇਤਰ ਦੇ ਲੋਕਾਂ ਵਿਚਕਾਰ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਐਮ.ਐਲ. ਏ. ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਪਿੰਡ ਆਲੂਵਾਲ, ਬਲਾਕ ਦੀਨਾਨਗਰ ਵਿੱਚ ਅਸਥਾਈ ਛੱਪੜ ਹੈ ਪ੍ਰੰਤੂ ਆਲੂਵਾਲ ਗ੍ਰਾਮ ਪੰਚਾਇਤ ਅਵਾਖਾਂ ਵਿੱਚੋਂ ਨਿਕਲ ਕੇ ਹੋਂਦ ਵਿੱਚ ਨਵੀਂ ਆਈ ਹੈ। ਇਸ ਪੰਚਾਇਤ ਕੋਲ ਕੋਈ ਸ਼ਾਮਲਾਤ ਜ਼ਮੀਨ ਨਹੀਂ ਹੈ ਅਤੇ ਨਾ ਹੀ ਮਾਲ ਰਿਕਾਰਡ ਅਨੁਸਾਰ ਕੋਈ ਛੱਪੜ ਹੈ, ਜਿਸ ਵਿੱਚ ਪਾਣੀ ਪਾਇਆ ਜਾ ਸਕੇ। ਮੌਕੇ ਤੇ ਪਿੰਡ ਆਲੂਵਾਲ ਦੇ ਪਾਣੀ ਦਾ ਨਿਕਾਸ ਸਰਵਸ਼੍ਰੀ ਸੁਰਿੰਦਰ ਸਿੰਘ, ਦਵਿੰਦਰ ਸਿੰਘ, ਰਜਿੰਦਰ ਸਿੰਘ ਅਤੇ ਕੁਝ ਹੋਰ ਲੋਕਾਂ ਨੇ ਆਪਣੀ ਚਾਰ ਕਨਾਲ ਜ਼ਮੀਨ ਦੇ ਵਿੱਚ ਕੁਝ ਸਮੇਂ ਲਈ ਛੱਡਿਆ ਸੀ ਪ੍ਰੰਤੂ ਬਾਅਦ ਦੇ ਵਿੱਚ ਉਨ੍ਹਾਂ ਨੇ ਆਪਣੀਆਂ ਫਸਲਾਂ ਬੀਜ ਲਈਆਂ, ਜਿਸ ਕਰਕੇ ਇਸ ਵੇਲੇ ਪਾਣੀ ਦੇ ਨਿਕਾਸ ਦੀ ਉਥੇ ਸਮੱਸਿਆ ਹੈ। ਇਹ ਛੋਟਾ ਜਿਹਾ ਪਿੰਡ ਹੈ ਅਤੇ ਪੰਜਾਬ ਸਰਕਾਰ ਨੇ ਗੰਦੇ ਪਾਣੀ ਦੇ ਨਿਕਾਸ ਦੇ ਪ੍ਰਬੰਧ ਕਰਨ

ਲਈ ਇੱਕ ਸਕੀਮ ਤਿਆਰ ਕੀਤੀ ਹੈ। ਉਹ ਸਕੀਮ ਸੈਂਟਰ ਸਰਕਾਰ ਦੇ ਨਾਲ ਡਿਸਕਸ ਕਰਕੇ ਜਦੋਂ ਸਿਰੇ ਚੜ੍ਹ ਜਾਵੇਗੀ ਤਾਂ ਛੱਪੜਾਂ ਦੀ ਸਮੱਸਿਆ ਦਾ ਹੱਲ ਨਿਕਲ ਸਕਦਾ ਹੈ। ਇਕੱਲੀ ਇਹੀ ਸਮੱਸਿਆ ਨਹੀਂ ਹੈ, ਸਾਰੇ ਪੰਜਾਬ ਦੇ ਛੱਪੜਾਂ ਦੀ ਸਮੱਸਿਆ ਹੈ, ਅਸੀਂ ਇਸ ਛੱਪੜਾਂ ਦੀ ਸਕੀਮ ਨੂੰ ਸਿਰੇ ਚਾੜ੍ਹ ਕੇ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਛੱਪੜ ਲੈਂਡ ਐਕਵਾਇਰ ਕਰਕੇ ਬਣਾਏ ਜਾਣਗੇ ਔਰ ਇਹ ਪ੍ਰੋਸੈਸ ਕਦੋਂ ਤੱਕ ਕੰਪਲੀਟ ਹੋਵੇਗਾ? ਜਿੰਨੀ ਦੇਰ ਲੈਂਡ ਐਕਵਾਇਰ ਨਹੀਂ ਹੁੰਦੀ, ਉਨੀ ਦੇਰ ਇਸ ਦਾ ਹੱਲ ਮੁਸ਼ਕਿਲ ਹੈ। ਜਿਹੜਾ ਪਾਣੀ ਹੈ, ਉਹ ਐਸ.ਸੀ. ਲੋਕਾਂ ਦੇ, ਗਰੀਬ ਲੋਕਾਂ ਦੇ ਘਰਾਂ ਦੇ ਬਾਹਰ ਖੜ੍ਹਾ ਹੈ ਔਰ ਉਸ ਨਾਲ ਪੀਣ ਦਾ ਪਾਣੀ ਦੂਸ਼ਿਤ ਹੋ ਗਿਆ ਹੈ। ਅਖਬਾਰ ਦੇ ਵਿੱਚ ਵੀ ਆਇਆ ਸੀ ਕਿ 70 ਪ੍ਰਤੀਸ਼ਤ ਲੋਕ ਇਹ ਦੂਸ਼ਿਤ ਪਾਣੀ ਪੀਣ ਕਾਰਨ ਬਿਮਾਰ ਹੋ ਗਏ ਹਨ। ਇਸ ਦਾ ਕੋਈ ਟੈਂਪਰੇਰੀ ਹੱਲ ਕੱਢਿਆ ਜਾਵੇ ਤਾਂ ਕਿ ਲੋਕ ਦੂਸ਼ਿਤ ਪਾਣੀ ਪੀਣ ਤੋਂ ਬਚ ਸਕਣ। ਸਪੀਕਰ ਸਾਹਿਬ, ਇਸ ਪਿੰਡ ਵਿੱਚ ਸਿਰਫ ਇੱਕੋ ਹੀ ਨਲਕਾ ਹੈ, ਇੱਕੋ ਹੈਂਡ-ਪੰਪ ਹੈ ਜਿਸ ਦਾ ਪਾਣੀ ਸਾਰਾ ਪਿੰਡ ਪੀਂਦਾ ਹੈ, ਉਹ ਪਾਣੀ ਵੀ ਦੂਸ਼ਿਤ ਹੋ ਚੁੱਕਿਆ ਹੈ। ਸੋ, ਇਸ ਵਾਸਤੇ ਤੁਸੀਂ ਜਲਦੀ ਕੀ ਉਪਾਅ ਕਰੋਗੇ ਤੇ ਕਦੋਂ ਤੱਕ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੋਈ ਅਜਿਹੀ ਗੱਲ ਨਹੀਂ ਹੈ ਕਿ ਪਾਣੀ ਮਾੜਾ ਹੈ, ਇਸ ਗੱਲ ਨਾਲ ਮੈਂ ਸਹਿਮਤ ਨਹੀਂ ਹਾਂ। ਅਸੀਂ ਵੀ ਪਤਾ ਕਰਵਾਇਆ ਹੈ, ਪਾਣੀ ਮਾੜਾ ਨਹੀਂ ਹੈ, ਨਾ ਕਿਸੇ ਦੇ ਬਿਮਾਰ ਹੋਣ ਵਾਲੀ ਗੱਲ ਹੈ। ਉਥੇ ਛੱਪੜ ਵਾਸਤੇ ਜਗ੍ਹਾ ਨਹੀਂ ਹੈ, ਛੋਟੀ ਪੰਚਾਇਤ ਹੈ, ਸਰਪੰਚ ਉਥੇ ਅਕਾਲੀ ਦਲ ਦਾ ਹੈ, ਉਸ ਨਾਲ ਥੋੜ੍ਹੀ ਜਿਹੀ ਟਸਲ ਕਰਕੇ ਸਾਰੀ ਪ੍ਰਾਬਲਮ ਆਈ ਹੋਈ ਹੈ, ਜਿਹੜੀ ਅਸਲ ਗੱਲ ਹੈ। ਜਿਹੜੀ ਮੈਂ ਦੱਸਦਾ ਹਾਂ। ਕੋਈ ਅਜਿਹੀ ਗੱਲ ਨਹੀਂ ਹੈ, ਪਾਣੀ ਦੀ ਇੰਨੀ ਕੋਈ ਗੰਭੀਰ ਗੱਲ ਨਹੀਂ ਹੈ ਪਰ ਫਿਰ ਵੀ ਅਸੀਂ ਛੇਤੀ ਤੋਂ ਛੇਤੀ ਜੇ ਕੋਈ ਉਥੇ ਜ਼ਮੀਨ ਮਿਲ ਗਈ ਤਾਂ ਉਹ ਲੈ ਕੇ ਜਿੰਨਾ ਵੀ ਉਸ ਪਾਣੀ ਨੂੰ ਪਿੰਡ ਤੋਂ ਪਾਸੇ ਲਿਜਾ ਸਕਦੇ ਹੋਵਾਂਗੇ, ਲਿਜਾਉਣ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ ਪਲੀਜ਼ ਇਸਦੇ ਉਤੇ ਕੋਈ ਰਾਜਨੀਤੀ ਕਰਨ ਦੀ

ਲੋੜ ਨਹੀਂ ਹੈ, ਇਸ ਵਿੱਚ ਕੋਈ ਰਾਜਨੀਤੀ ਨਹੀਂ ਹੈ। ਇਹ ਤਾਂ ਸਾਡਾ ਇਨਸਾਨੀ ਫਰਜ਼ ਬਣਦਾ ਹੈ ਕਿਉਂਕਿ ਲੋਕ ਬਿਮਾਰ ਹਨ। ਮੈਂ ਇਹ ਰਿਪੋਰਟ ਸਦਨ ਦੀ ਟੇਬਲ ਤੇ ਰੱਖ ਦਿੰਦੀ ਹਾਂ ਕਿ ਇਹ ਪਾਣੀ ਟੈਸਟ ਕਰਵਾ ਲਵੋ । ਮੈਂ ਤਾਂ ਇਹ ਰਿਪੋਰਟਾਂ ਛਾਪੀਆਂ ਨਹੀਂ, ਇਹ ਤਾਂ ਅਖਬਾਰਾਂ ਵਿੱਚ ਛਪੀਆਂ ਹਨ । ਉਥੇ 70 ਪ੍ਰਤੀਸ਼ਤ ਲੋਕ ਬਿਮਾਰ ਹਨ, ਪਲੀਜ਼, ਲੋਕਾਂ ਦੀ ਇਹ ਸਮੱਸਿਆ ਹੱਲ ਕਰੋ ਔਰ ਜਲਦੀ ਤੋਂ ਜਲਦੀ ਇਸ ਦਾ ਟੈਂਪਰੇਰੀ ਹੱਲ ਹੀ ਭਾਵੇਂ ਕੱਢ ਦਿਉ, ਪਿੰਡ ਤੋਂ ਥੋੜ੍ਹੀ ਦੂਰ ਕੋਈ ਟੋਆ ਪੁੱਟ ਕੇ, ਕੁਝ ਵੀ ਕਰਕੇ, ਉਥੇ ਪਾਣੀ ਦੇ ਨਿਕਾਸ ਦਾ ਕੋਈ ਟੈਂਪਰੇਰੀ ਹੱਲ ਜ਼ਰੂਰ ਕਰੋ। ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ, ਇਸ ਬਾਰੇ ਮੈਨੂੰ ਜ਼ਰੂਰ ਦੱਸੋ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਬੀਬੀ ਜੀ, ਤੁਸੀਂ ਆਪਣਾ ਇੰਫਲੂਐਂਸ ਯੂਜ਼ ਕਰਕੇ ਉਥੇ ਕੋਈ ਜਗ੍ਹਾ ਕਿਸੇ ਤੋਂ ਲੈ ਲਵੋ ਉਸ ਦੇ ਪੈਸੇ ਗੌਰਮਿੰਟ ਦੇ ਦੇਵੇਗੀ ਕਿਉਂਕਿ ਜ਼ਮੀਨ ਐਕੁਆਇਰ ਕਰਨ ਦਾ ਪ੍ਰੋਸੀਜਰ ਲੰਬਾ ਹੁੰਦਾ ਹੈ ਅਤੇ ਇਸ ਵਿੱਚ ਕਾਫੀ ਚਿਰ ਲੱਗ ਜਾਂਦਾ ਹੈ । ਇਸ ਕਰਕੇ ਜੇ ਤੁਸੀਂ ਦੋ ਕਨਾਲ ਜਾਂ ਚਾਰ ਕਨਾਲ ਜਗ੍ਹਾ ਲੈ ਕੇ ਦੇ ਦਿਉ, ਜੋ ਮਾਰਕੀਟ ਵੈਲਿਊ ਹੈ ਉਸ ਬੰਦੇ ਨੂੰ ਸਰਕਾਰ ਦੇ ਦੇਵੇਗੀ, ਉਥੇ ਆਪਾਂ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰ ਦਿਆਂਗੇ।

**ਸ਼੍ਰੀਮਤੀ ਅਰੁਨਾ ਚੌਧਰੀ :** ਧੰਨਵਾਦ ਜੀ। ਸਪੀਕਰ ਸਾਹਿਬ, ਉਸ ਦਾ ਕੋਈ ਟੈਂਪਰੇਰੀ ਹੱਲ ਜ਼ਰੂਰ ਕਰ ਦੇਣ । ਇਹ ਕਦੋਂ ਤੱਕ ਟੈਂਪਰੇਰੀ ਹੱਲ ਕਰ ਦਿਉਗੇ?

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਜਗਮੋਹਨ ਸਿੰਘ ਕੰਗ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਲੋਕੀਂ ਉਥੇ ਗੰਦਾ ਪਾਣੀ ਪੀਣ ਕਰਕੇ ਬਿਮਾਰ ਹੋ ਰਹੇ ਹਨ ।

**ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਮਾਨਯੋਗ ਮੁੱਖ ਮੰਤਰੀ ਜੀ ਨੇ ਬੜੀ ਵੱਡੀ ਤੇ ਵਧੀਆ ਗੱਲ ਕਹਿ ਦਿੱਤੀ ਹੈ। ਸਪੀਕਰ ਸਾਹਿਬ, ਟੈਂਪਰੇਰੀ ਹੱਲ ਵੀ ਕਿਸੇ ਜ਼ਮੀਨ ਵਿੱਚ ਹੀ ਹੋਣਾ ਹੈ। ਮੈਂ ਉਹ ਗੱਲ ਨਹੀਂ ਸੀ ਛੇੜਨੀ ਚਾਹੁੰਦਾ ਕਿ ਪ੍ਰਾਬਲਮ ਜਿਹੜੀ ਅਸਲ ਵਿੱਚ ਹੈ, ਉਹ ਅਕਾਲੀ ਸਰਪੰਚ ਦੀ ਹੈ। ਮੈਂ ਸਾਰੀ ਗੱਲ ਦੀ ਪੜਤਾਲ ਕਰਵਾਈ ਹੈ। ਮੈਂ ਹਾਊਸ ਵਿੱਚ ਕੋਈ ਗੱਲ ਗਲਤ ਨਹੀਂ ਕਹਿੰਦਾ । ਉਥੇ ਨਾ ਕੋਈ ਪਾਣੀ ਦੀ ਗੱਲ ਹੈ ਤੇ ਨਾ ਹੀ ਕੋਈ ਬਿਮਾਰ ਹੋਇਆ ਹੈ। ਜੇ ਤੁਹਾਡੇ ਕੋਲ ਕੋਈ ਰਿਪੋਰਟ ਹੈ ਤਾਂ ਜ਼ਰੂਰ ਦੇ ਦਿਉ, ਮੈਂ ਪੜਤਾਲ ਕਰਵਾ ਲਵਾਂਗਾ।

------------

## Serial No. 28

**ਸਰਦਾਰ ਜਗਮੋਹਨ ਸਿੰਘ ਕੰਗ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਲੋਕ ਮਾਮਲੇ ਵੱਲ ਅਰਥਾਤ ਚੰਡੀਗੜ੍ਹ ਨੇੜੇ ਪੈਂਦੇ ਖਰੜ ਵਿਧਾਨ ਸਭਾ ਚੋਣ ਹਲਕਾ, ਜ਼ਿਲ੍ਹਾ ਐਸ. ਏ.ਐਸ. ਨਗਰ ਵਿੱਚ ਪੈਂਦੀ ਨੋਟੀਫਾਈਡ ਏਰੀਆ ਕਮੇਟੀ ਨਵਾਂ ਗਾਉਂ, ਕਾਂਸਲ ਦੇ ਖੇਤਰ ਵਿੱਚ ਰਿਹਾਇਸ਼ੀ ਅਤੇ ਦੂਜੀਆਂ ਸਾਈਟ ਪਲਾਨਾਂ (ਨਕਸ਼ਿਆਂ) ਨੂੰ ਨਾਮਨਜ਼ੂਰ ਕਰਨ ਦੀ ਸਮੱਸਿਆ ਵੱਲ ਦਿਵਾਉਂਦਾ ਹਾਂ। ਪੰਜਾਬ ਸਰਕਾਰ ਦੁਆਰਾ ਅਕਤੂਬਰ, 2006 ਵਿੱਚ ਐਨ.ਏ.ਸੀ., ਨਵਾਂ ਗਾਉਂ ਅਧਿਸੂਚਿਤ ਕੀਤੀ ਗਈ ਸੀ । ਅਥਾਰਟੀਜ਼ ਉਥੋਂ ਦੇ ਵਸਨੀਕਾਂ ਤੋਂ ਹਰ ਤਰ੍ਹਾਂ ਦੇ ਕਰ, ਜਿਸ ਵਿੱਚ ਪ੍ਰਾਪਰਟੀ ਕਰ ਆਦਿ ਸ਼ਾਮਲ ਹੈ, ਨੂੰ ਲਗਾ/ਵਸੂਲ ਕਰ ਰਹੀਆਂ ਹਨ। ਸਾਈਟ ਪਲਾਨਾਂ ਦੀ ਮਨਜ਼ੂਰੀ ਨਾ ਹੋਣ ਕਾਰਨ, ਵਸਨੀਕਾਂ ਨੂੰ ਨਵੇਂ ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਲੈਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ। ਉਨ੍ਹਾਂ ਦੇ ਘਰ ਢਾਹੇ ਜਾ ਰਹੇ ਹਨ ਅਤੇ ਗਰੀਬ ਲੋਕਾਂ ਨੂੰ ਬਿਨਾਂ ਮਤਲਬ ਤੋਂ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਅਹਿਮ ਮਸਲੇ ਦੇ ਲੰਬੇ ਸਮੇਂ ਤੋਂ ਪੈਂਡਿੰਗ ਹੋਣ ਕਾਰਨ ਇਸ ਖੇਤਰ ਦੇ ਲੋਕਾਂ ਵਿੱਚ ਡਰ, ਦਹਿਸ਼ਤ ਅਤੇ ਰੋਸ ਹੈ।

ਮਾਮਲੇ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮਾਨਯੋਗ ਸਪੀਕਰ :** ਮੈਂ ਕਹਿੰਦਾ ਹਾਂ ਕਿ ਇਸ ਉਤੇ ਹਾਲੇ ਸਰਕਾਰ ਨੇ ਜਵਾਬ ਦੇਣਾ ਹੈ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਉਥੇ ਦੇ ਵਸਨੀਕਾਂ ਵੱਲੋਂ ਸਭ ਤਰ੍ਹਾਂ ਦੇ ਟੈਕਸ ਲਏ ਜਾ ਰਹੇ ਹਨ। ਨਵੇਂ ਨਿਰਮਾਣ ਲਈ ਨਕਸ਼ੇ ਪਾਸ ਨਾ ਕੀਤੇ ਜਾਣ ਕਾਰਨ ਉਥੇ ਵਸਨੀਕਾਂ ਨੂੰ ਨਵੇਂ ਬਿਜਲੀ ਤੇ ਪਾਣੀ ਦੇ ਕੁਨੈਕਸ਼ਨਾਂ ਲਈ ਬਹੁਤ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਵੱਲੋਂ ਬਣਾਏ ਮਕਾਨ ਢਾਹੇ ਜਾ ਰਹੇ ਹਨ..

**ਮਾਨਯੋਗ ਸਪੀਕਰ :** ਹਾਂ ਜੀ, ਜੋਸ਼ੀ ਸਾਹਿਬ ਜੀ। ਕੰਗ ਸਾਹਿਬ, ਤੁਸੀਂ ਬੈਠ ਜਾਉ। Please sit down.

**ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ):** ਮਾਨਯੋਗ ਸਪੀਕਰ ਸਾਹਿਬ, ਇਸ ਦਾ ਜਵਾਬ ਨਿਮਨ

ਅਨੁਸਾਰ ਹੈ:

**ਨਕਸ਼ੇ ਪ੍ਰਵਾਨ ਨਾ ਹੋਣ ਦੇ ਕਾਰਨ ਅਤੇ ਡੈਮੋਲੀਸ਼ਨ ਸਬੰਧੀ**

ਨਗਰ ਪੰਚਾਇਤ, ਨਵਾਂ ਗਾਉਂ ਅਧੀਨ ਪਿੰਡ ਕਾਂਸਲ, ਕਰੋਰਾਂ ਅਤੇ ਨਾਡਾ ਸਾਹਿਬ ਦੇ ਕੁੱਝ ਹਿੱਸੇ ਸ਼ਾਮਲ ਹਨ। ਨਗਰ ਪੰਚਾਇਤ ਨਵਾਂ ਗਾਉਂ ਅਧੀਨ ਪੈਂਦੇ ਪਿੰਡ ਕਾਂਸਲ ਏਰੀਏ ਵਿੱਚ ਨਗਰ ਪੰਚਾਇਤ ਵੱਲੋਂ ਮਾਸਟਰ ਪਲਾਨ/ਜੋਨਲ ਡਿਵੈਲਪਮੈਂਟ ਪਲਾਨ ਦੇ ਉਪਬੰਧਾਂ ਅਨੁਸਾਰ ਬਿਲਡਿੰਗ ਪਲਾਨ ਪ੍ਰਵਾਨ ਕਰਕੇ ਇਮਾਰਤਾਂ ਦੀ ਉਸਾਰੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ ਪ੍ਰੰਤੂ ਸਿਵਲ ਰਿੱਟ ਪਟੀਸ਼ਨ ਨੰ: 18253 ਆਫ 2009 ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਆਪਣੇ ਹੁਕਮ ਮਿਤੀ 14.03.11 ਰਾਹੀਂ ਸੁਖਨਾ ਲੇਕ ਦੀ ਕੈਚਮੈਂਟ ਏਰੀਏ ਦੇ ਸਬੰਧ ਵਿੱਚ ਹਰਿਆਣਾ ਸਰਕਾਰ ਨਾਲ ਸਬੰਧਤ ਇੱਕ ਵੱਖਰੀ ਰਿਟ ਪਟੀਸ਼ਨ ਵਿੱਚ ਲਗਾਏ ਗਏ ਸਰਵੇ ਆਫ ਇੰਡੀਆ ਦੇ ਸਾਲ 2004 ਦੇ ਨਕਸ਼ੇ ਨੂੰ ਅਧਾਰ ਮੰਨਦੇ ਹੋਏ ਪਿੰਡ ਕਾਂਸਲ ਦੇ ਰਕਬੇ ਵਿੱਚ ਉਸਾਰੀਆਂ ਤੇ ਰੋਕ ਲਗਾ ਦਿੱਤੀ ਗਈ ਹੈ, ਜੋ ਹਾਲ ਦੀ ਘੜੀ ਲਾਗੂ ਹੈ।

ਹੁਣ ਇਹ ਮਾਮਲਾ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਮਿਤੀ 22.04.2014 ਅਨੁਸਾਰ ਮਾਨਯੋਗ ਦਿੱਲੀ ਹਾਈ ਕੋਰਟ ਵਿੱਚ (ਰਿਟ ਪਟੀਸ਼ਨ (ਸਿਵਲ) ਨੰ: 2924 ਆਫ 2014 ਅਤੇ 2999 ਆਫ 2014) ਫੈਸਲੇ ਹਿਤ ਲੰਬਿਤ ਹੈ ਜਿਸ ਦੀ ਸੁਣਵਾਈ ਮਿਤੀ 23.3.2015 ਨੂੰ ਹੋਣ ਉਪ੍ਰੰਤ ਅਗਲੀ ਮਿਤੀ 9.4.2015 ਨਿਸ਼ਚਿਤ ਹੋਈ ਹੈ।

ਮਿਤੀ 11.07.14 ਨੂੰ ਸਿਵਲ ਰਿੱਟ ਪਟੀਸ਼ਨ ਨੰ: 22756 ਆਫ 2013 ਦਾ ਨਿਪਟਾਰਾ ਕਰਦੇ ਹੋਏ ਹੋਰ ਹੁਕਮਾਂ ਤੋਂ ਇਲਾਵਾ ਇਹ ਹੁਕਮ ਕੀਤੇ ਗਏ ਸਨ ਕਿ ਰਾਜ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਅਪੀਲ ਨੰ: 4682-4683 ਆਫ 2005 ਵਿੱਚ ਮਿਤੀ 01.05.2014 ਨੂੰ ਕੀਤੇ ਗਏ ਹੁਕਮਾਂ ਅਨੁਸਾਰ ਸਰਕਾਰੀ ਰਿਕਾਰਡ ਦੇ ਅਧਾਰ ਤੇ ਫਾਰੈਸਟ ਲੈਂਡ ਦੀ ਪਛਾਣ (Identification) ਕੀਤੀ ਜਾਵੇਗੀ ਅਤੇ ਮਾਸਟਰ ਪਲਾਨ ਅਨੁਸਾਰ ਤਜਵੀਜ਼ਤ ਰੋਡ ਤੇ ਕੀਤੀਆਂ ਗਈਆਂ ਅਣਅਧਿਕਾਰਤ ਉਸਾਰੀਆਂ ਤੇ ਕੂੜਾ ਕਰਕਟ ਹਟਾਉਣ ਸਬੰਧੀ ਅਦਾਲਤ ਦੇ ਹੁਕਮ ਮਿਤੀ 04.03.2014 ਨੂੰ ਮਿਤੀ 03.07.2014 ਤੋਂ ਪਹਿਲਾਂ ਪਹਿਲਾਂ ਲਾਗੂ ਕੀਤੇ ਜਾਣ।

ਇਨ੍ਹਾਂ ਉਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਨਗਰ ਪੰਚਾਇਤ ਵੱਲੋਂ

ਸਮੇਂ ਸਮੇਂ ਤੇ ਅਣਅਧਿਕਾਰਤ/ਨਜਾਇਜ਼ ਉਸਾਰੀਆਂ ਢਾਹੀਆਂ ਗਈਆਂ ਹਨ।

ਮਾਨਯੋਗ ਹਾਈ ਕੋਰਟ ਦੇ ਉਕਤ ਹੁਕਮਾਂ ਦੀ ਪਾਲਣਾ ਹਿਤ ਵਿੱਤ ਕਮਿਸ਼ਨਰ (ਮਾਲ) ਵੱਲੋਂ ਡਾਇਰੈਕਟਰ ਲੈਂਡ ਰਿਕਾਰਡ ਅਤੇ ਜ਼ਿਲ੍ਹਾ ਮਾਲ ਅਫਸਰ, ਲੁਧਿਆਣਾ ਦੀ ਗਠਿਤ ਕੀਤੀ ਗਈ ਕਮੇਟੀ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਦਿੱਤੀ ਗਈ ਰਿਪੋਰਟ ਅਨੁਸਾਰ ਪਿੰਡ ਕਰੋਰਾਂ ਦਾ 60.62% ਰਕਬਾ ਫਾਰੈਸਟ ਅਧੀਨ ਹੈ ਪ੍ਰੰਤੂ ਕਮੇਟੀ ਵਲੋਂ ਇਹ ਵੇਰਵਾ ਨਹੀਂ ਦਿੱਤਾ ਗਿਆ ਕਿ ਪਿੰਡ ਕਰੋਰਾਂ ਦੇ ਮਿਊਂਸਿਪਲ ਹੱਦਾਂ ਅੰਦਰ ਪੈਂਦੇ ਰਕਬੇ ਵਿੱਚੋਂ ਕਿਹੜੇ ਖਸਰਾ ਨੰਬਰ/ਰਕਬਾ ਜੰਗਲਾਤ ਅਧੀਨ ਹੈ। ਪਿੰਡ ਨਾਡਾ ਦੇ ਰਕਬੇ ਵਿੱਚੋਂ ਕਿਹੜਾ ਰਕਬਾ ਫਾਰੈਸਟ ਅਧੀਨ ਪੈਂਦਾ ਹੈ, ਬਾਰੇ ਕਮੇਟੀ ਵਲੋਂ ਅਜੇ ਰਿਪੋਰਟ ਆਉਣੀ ਬਾਕੀ ਹੈ।

## ਪ੍ਰਾਪਰਟੀ ਟੈਕਸ/ਚਾਰਜ਼ਿਜ਼ ਵਸੂਲਣ ਸਬੰਧੀ

ਨਗਰ ਪੰਚਾਇਤ ਗਠਿਤ ਹੋਣ ਉਪਰੰਤ ਪੰਜਾਬ ਮਿਉਂਸਿਪਲ ਐਕਟ, 1911 ਦੇ ਉਪਬੰਧਾਂ ਅਨੁਸਾਰ ਹਦੂਦ ਅੰਦਰ ਪਹਿਲਾਂ ਬਣੀਆਂ ਹੋਈਆਂ ਇਮਾਰਤਾਂ/ਪ੍ਰਾਪਰਟੀਆਂ ਤੋਂ ਕੇਵਲ ਪ੍ਰਾਪਰਟੀ ਟੈਕਸ ਹੀ ਵਸੂਲਿਆ ਜਾਂਦਾ ਹੈ।

## ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ

ਜਿੱਥੋਂ ਤੱਕ ਨਕਸ਼ੇ ਨਾ ਪਾਸ ਹੋਣ ਕਰਕੇ ਵਸਨੀਕਾਂ ਨੂੰ ਨਵੇਂ ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਲੈਣ ਸਬੰਧੀ ਆਉਂਦੀਆਂ ਦਿੱਕਤਾਂ ਦਾ ਸਬੰਧ ਹੈ, ਉਸ ਬਾਰੇ ਜਾਣੂੰ ਕਰਵਾਇਆ ਜਾਂਦਾ ਹੈ ਕਿ ਨਗਰ ਪੰਚਾਇਤ ਦੀ ਹਦੂਦ ਅੰਦਰ ਪਹਿਲਾਂ ਵਾਂਗ ਹੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਾਣੀ ਦੀ ਸਪਲਾਈ ਮੁਹੱਈਆ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਨਗਰ ਪੰਚਾਇਤ ਵੱਲੋਂ ਉਥੋਂ ਦੇ ਵਸਨੀਕਾਂ ਦੀ ਵਧਦੀ ਹੋਣੀ ਪਾਣੀ ਦੀ ਮੰਗ ਨੂੰ ਮਹਿਸੂਸ ਕਰਦੇ ਹੋਏ ਅੱਠ ਨਵੇਂ ਟਿਊਬਵੈੱਲ ਲਗਵਾ ਕੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਸੌਂਪੇ ਗਏ ਹਨ। ਜਿਨ੍ਹਾਂ ਤੇ ਆਉਣ ਵਾਲਾ ਬਿਜਲੀ ਦਾ ਖਰਚਾ ਵੀ ਨਗਰ ਪੰਚਾਇਤ ਵੱਲੋਂ ਹੀ ਅਦਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਨਗਰ ਪੰਚਾਇਤ, ਨਵਾਂ ਗਾਉਂ ਦੇ ਵਸਨੀਕਾਂ ਨੂੰ ਮਾਨਯੋਗ ਹਾਈ ਕੋਰਟ ਵੱਲੋਂ ਵੱਖ ਵੱਖ ਰਿਟ ਪਟੀਸ਼ਨਾਂ ਵਿੱਚ ਸਮੇਂ ਸਮੇਂ ਤੇ ਜਾਰੀ ਹੁਕਮਾਂ ਅਨੁਸਾਰ ਅਦਾਰੇ ਵੱਲੋਂ ਬਿਜਲੀ ਦੇ ਕੁਨੈਕਸ਼ਨ ਵੀ ਦਿੱਤੇ ਜਾ ਰਹੇ ਹਨ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੰਤਰੀ ਜੀ ਨੂੰ ਸਾਰੇ ਪਿਛੋਕੜ ਦਾ ਪਤਾ ਨਹੀਂ ਹੈ। ਸਾਲ 2006 ਵਿੱਚ ਜਦੋਂ ਕੈਪਟਨ ਸਾਹਿਬ ਦੀ ਕਾਂਗਰਸ ਸਰਕਾਰ ਸੀ, ਸਾਰੀ ਘੋਖ-ਪੜਤਾਲ ਕਰਨ ਉਪਰੰਤ ਪੰਜਾਬ ਲੈਂਡ ਪਰੈਜ਼ਰਵੇਸ਼ਨ ਐਕਟ ਤਹਿਤ ਸੈਂਟਰ ਗੌਰਮਿੰਟ ਤੋਂ ਪਰਮਿਸ਼ਨ ਲੈ ਕੇ ਐਨ.ਏ.ਸੀ. ਬਣਾਈ ਗਈ। ਅੱਜ ਇਸ ਸਰਕਾਰ ਬਣੀ ਨੂੰ ਤਕਰੀਬਨ ੪ ਸਾਲ ਹੋ ਗਏ ਹਨ, ਹਾਈਕੋਰਟ ਵਿੱਚ ਜਿਹੜਾ ਕੇਸ ਪੈਂਡਿੰਗ ਦੱਸਦੇ ਹਨ, ਉਸ ਸਬੰਧੀ ਪੂਰੇ ਇਲਾਕੇ ਨੇ ਇਕੱਠਾ ਹੋ ਕੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਕੋਠੀ ਸਾਮ੍ਹਣੇ ਧਰਨਾ ਮਾਰਿਆ ਸੀ ਅਤੇ ਮੁੱਖ ਮੰਤਰੀ ਜੀ ਨੇ ਵਿਸ਼ਵਾਸ ਦਿਵਾਇਆ ਕਿ ਦੋ ਮਹੀਨਿਆਂ ਵਿੱਚ ਨਕਸ਼ੇ ਪਾਸ ਕਰ ਦੇਵਾਂਗੇ। ਨਕਸ਼ੇ ਪਾਸ ਤਾਂ ਕੀ ਕਰਨੇ ਹਨ, ਸਗੋਂ ਇਹ ਟੈਕਸ ਐਕਸਟਰਾ ਲੈ ਰਹੇ ਹਨ। ਜੇਕਰ ਨਕਸ਼ੇ ਪਾਸ ਨਹੀਂ ਹੋ ਰਹੇ ਤਾਂ ਫੇਰ ਇਹ ਐਕਸਟਰਾ ਟੈਕਸ ਕਿਉਂ ਲੈ ਰਹੇ ਹਨ? ਮੈਂ ਬੜਾ ਹੈਰਾਨ ਹਾਂ ਅਤੇ ਜਨਤਾ ਨੂੰ ਬੜੀ ਦਿੱਕਤ ਆ ਰਹੀ ਹੈ। ਲੋਕਾਂ ਦੇ ਮਕਾਨ ਢਾਹੇ ਜਾ ਰਹੇ ਹਨ, ਉਹ ਪ੍ਰੇਸ਼ਾਨ ਬੈਠੇ ਹਨ। ਹਾਈ ਕੋਰਟ ਵਿੱਚ ਇਸ ਸਬੰਧਤ ਕੇਸ ਦੀ ਪੂਰੀ ਪੈਰਵਾਈ ਕੀਤੀ ਜਾਵੇ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਸਾਰੀ ਸਿਚੁਏਸ਼ਨ ਪੜ੍ਹ ਕੇ ਦੱਸ ਦਿੱਤੀ ਹੈ ਕਿ ਮਾਮਲਾ ਹਾਈ ਕੋਰਟ ਵਿੱਚ ਪੈਂਡਿੰਗ ਹੈ। ਉਸ ਵਿੱਚ ਹਾਲੇ ਕੁਝ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਅਸੀਂ ਕੁਝ ਕਰ ਸਕਦੇ ਹਾਂ। ਜਿਹੜੇ ਘਰ ਢਾਹੇ ਜਾ ਰਹੇ ਹਨ, ਉਸ ਸਬੰਧੀ ਵੀ ਮੈਂ ਤੁਹਾਨੂੰ ਦੱਸਿਆ ਹੈ ਕਿ ਮਾਨਯੋਗ ਹਾਈਕੋਰਟ ਦੇ ਆਰਡਰਾਂ ਅਨੁਸਾਰ ਸੜਕਾਂ ਤੇ ਜਿਹੜੀਆਂ ਨਜਾਇਜ਼ ਉਸਾਰੀਆਂ ਕੀਤੀਆਂ ਗਈਆਂ ਹਨ, ਉਹ ਹੀ ਸਮੇਂ ਸਮੇਂ ਤੇ ਢਾਹ ਰਹੇ ਹਾਂ। ਉਥੇ ਕੋਈ ਘਰ ਨਹੀਂ ਢਾਹੇ ਜਾ ਰਹੇ। ਇਹ ਮਾਨਯੋਗ ਹਾਈ ਕੋਰਟ ਦੇ ਹੁਕਮ ਹਨ। ਵੈਸੇ ਇਹ ਮਾਮਲਾ ਸਬ-ਜੁਡਿਸ ਹੈ। ਮੈਂ ਸਾਰੇ ਕੇਸ ਤੁਹਾਨੂੰ ਦੱਸ ਦਿੱਤੇ ਹਨ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਇਹ ਟੈਕਸ ਲੈ ਰਹੇ ਹਨ।

**ਮੰਤਰੀ :** ਸਪੀਕਰ ਸਾਹਿਬ, ਕੋਈ ਟੈਕਸ ਨਹੀਂ ਲੈ ਰਹੇ। ਉਥੋਂ ਸਿਰਫ਼ ਪ੍ਰਾਪਰਟੀ ਟੈਕਸ ਲੈ ਰਹੇ ਹਾਂ। ਅਗਰ ਇਸ ਵਿੱਚ ਕੋਰਟ ਦਾ ਨਿਰਣਾ ਆ ਗਿਆ ਤਾਂ ਅਸੀਂ ਇਹ ਲੈਣਾ ਵੀ ਬੰਦ ਕਰ ਦੇਵਾਂਗੇ। ਬਾਕੀ ਜਿਹੜਾ ਲੈ ਰਹੇ ਹਾਂ

[ ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ]

ਇਹ ਕਾਨੂੰਨਨ ਲੈ ਰਹੇ ਹਾਂ ਜੋ ਕਿ ਬੜਾ ਮਾਈਨਰ ਜਿਹਾ ਹੈ। ਹੋਰ ਕੋਈ ਅਜਿਹਾ ਟੈਕਸ ਅਸੀਂ ਨਹੀਂ ਲੈ ਰਹੇ।

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਉਥੇ ਵਿਚਾਰੇ ਗਰੀਬ ਲੋਕ ਰਹਿੰਦੇ ਹਨ।

**ਮੰਤਰੀ :** ਕਿਹੜੇ ਗਰੀਬ ਲੋਕ ਰਹਿੰਦੇ ਹਨ? ਕੋਈ ਗਰੀਬ ਨਹੀਂ ਰਹਿੰਦੇ।

------------

## Serial No. 29

**ਸਰਦਾਰ ਅਜਾਇਬ ਸਿੰਘ ਭੱਟੀ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਸਾਲ 2011 ਵਿੱਚ ਚਿੰਤਪੂਰਨੀ ਮੈਡੀਕਲ' ਕਾਲਜ ਵਿੱਚ 150 ਵਿਦਿਆਰਥੀਆਂ ਦੀ ਐਡਮਿਸ਼ਨ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਪੀ.ਐਮ.ਈ.ਟੀ. ਪ੍ਰੀਖਿਆ ਦੇ ਅਧਾਰ ਤੇ ਕੀਤੀ ਗਈ ਸੀ। ਸਾਲ 2012-13 ਅਤੇ 2013-14 ਵਿੱਚ ਇਸ ਕਾਲਜ ਵਿੱਚ, ਮੈਡੀਕਲ ਕੌਂਸਲ ਆਫ ਇੰਡੀਆ ਦੀਆਂ ਨਿਰਧਾਰਤ ਸ਼ਰਤਾਂ/ਮਾਪਦੰਡ ਪੂਰੀਆਂ ਨਾ ਕਰਨ ਕਰਕੇ ਐਡਮਿਸ਼ਨ ਨਹੀਂ ਹੋਈ ਸੀ। ਸਾਲ 2014-15 ਦੇ ਸੈਸ਼ਨ ਲਈ ਵੀ ਮੈਡੀਕਲ ਕੌਂਸਲ ਆਫ ਇੰਡੀਆ ਨੇ ਨਿਰਧਾਰਤ ਸ਼ਰਤਾਂ/ਮਾਪਦੰਡ ਪੂਰੇ ਨਾ ਹੋਣ ਕਰਕੇ ਐਡਮਿਸ਼ਨ ਦੀ ਪ੍ਰਵਾਨਗੀ ਨਹੀਂ ਦਿੱਤੀ ਸੀ। ਪਰੰਤੂ ਸਤੰਬਰ, 2014 ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਆਪਣੇ ਅੰਤਰਿਮ ਫੈਸਲੇ ਮੁਤਾਬਕ ਇਸ ਕਾਲਜ ਨੂੰ ਕੁਝ ਸ਼ਰਤਾਂ ਅਧੀਨ ਦਾਖਲਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਫੈਸਲੇ ਅਨੁਸਾਰ 102 ਵਿਦਿਆਰਥੀਆਂ ਦੀ ਐਡਮਿਸ਼ਨ ਇਸ ਸ਼ਰਤ ਤੇ ਕੀਤੀ ਗਈ ਸੀ ਕਿ ਜੇਕਰ 2 ਮਹੀਨਿਆਂ ਦੇ ਅੰਦਰ ਅੰਦਰ ਇਹ ਕਾਲਜ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਨਿਰਧਾਰਤ ਸ਼ਰਤਾਂ/ਮਾਪਦੰਡ ਪੂਰੇ ਨਹੀਂ ਕਰਦਾ ਤਾਂ ਇਸ ਦੀ ਪਹਿਲਾਂ ਜਮ੍ਹਾਂ ਕਰਵਾਈ ਗਈ 10 ਕਰੋੜ ਰੁਪਏ ਦੀ ਸਕਿਉਰਿਟੀ ਜ਼ਬਤ ਕਰ ਲਈ ਜਾਵੇਗੀ। ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਇਸ ਕਾਲਜ ਦੀ ਦਸੰਬਰ, 2014 ਵਿੱਚ ਇੰਸਪੈਕਸ਼ਨ ਕੀਤੀ ਗਈ ਅਤੇ ਇਹ ਕਾਲਜ ਉਨ੍ਹਾਂ ਵੱਲੋਂ ਨਿਰਧਾਰਤ ਸ਼ਰਤਾਂ/ਮਾਪਦੰਡ ਤੇ ਪੂਰਾ ਨਹੀਂ

ਉਤਰਿਆ ਅਤੇ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਇਸ ਕਾਲਜ ਦੀ ਸਕਿਉਰਿਟੀ ਜ਼ਬਤ ਕਰਦੇ ਹੋਏ ਨਵੇਂ ਸਿਰੇ ਤੋਂ ਬੈਂਕ ਗਰੰਟੀ ਜਮ੍ਹਾਂ ਕਰਨ ਲਈ ਕਿਹਾ ਗਿਆ। ਇਸ ਕਾਲਜ ਨੂੰ ਸਾਲ 2015-16 ਲਈ ਐਡਮਿਸ਼ਨ ਦੀ ਪ੍ਰਵਾਨਗੀ ਵੀ ਨਹੀਂ ਦਿੱਤੀ ਗਈ। ਇਨ੍ਹਾਂ ਹਾਲਤਾਂ ਵਿੱਚ ਚਿੰਤਪੂਰਨੀ ਮੈਡੀਕਲ ਕਾਲਜ ਵਿੱਚ ਪੜ੍ਹ ਰਹੇ 2011 ਬੈਚ ਦੇ ਵਿਦਿਆਰਥੀਆਂ ਜਿਨ੍ਹਾਂ ਨੇ ਦਸੰਬਰ 2015 ਵਿੱਚ ਅੰਤਿਮ ਸਾਲ ਦੇ ਪੇਪਰ ਦੇਣੇ ਹਨ, ਦੀ ਡਿਗਰੀ ਪ੍ਰਵਾਨਤ (Recognized) ਨਹੀਂ ਹੋਵੇਗੀ। ਚਿੰਤਪੂਰਨੀ ਮੈਡੀਕਲ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਮੰਗ ਕਰ ਰਹੇ ਹਨ ਕਿ ਸਰਕਾਰ ਇਸ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਡਿਗਰੀ ਪ੍ਰਵਾਨਿਤ (Recognized) ਕਰਵਾਉਣ ਲਈ ਠੋਸ ਉਪਰਾਲੇ ਕਰੇ ਤਾਂ ਜੋ ਇਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਐਮ.ਬੀ.ਬੀ.ਐਸ. ਦੀ ਡਿਗਰੀ ਪ੍ਰਾਪਤ ਕੀਤੀ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਅਨਿਲ ਜੋਸ਼ੀ) :** ਮੈਡੀਕਲ ਕੌਂਸਲ ਆਫ਼ ਇੰਡੀਆ ਵੱਲੋਂ ਚਿੰਤਪੂਰਨੀ ਮੈਡੀਕਲ ਕਾਲਜ, ਪਠਾਨਕੋਟ ਨੂੰ ਸਾਲ 2011 ਵਿੱਚ ਮਾਨਤਾ ਦਿੱਤੀ ਸੀ। ਸਾਲ 2011-12 ਵਿੱਚ ਐਮ.ਬੀ.ਬੀ.ਐਸ. ਕੋਰਸ ਲਈ 150 ਵਿਦਿਆਰਥੀਆਂ ਦੇ ਬੈਚ ਦਾ ਦਾਖਲਾ ਹੋਇਆ ਸੀ। ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਨਾਰਮਜ਼ ਪੂਰੇ ਨਾ ਕਰਨ ਕਰਕੇ ਸਾਲ 2012-13 ਅਤੇ ਸਾਲ 2013-14 ਲਈ ਮੈਡੀਕਲ ਕੌਂਸਲ ਆਫ਼ ਇੰਡੀਆ ਵੱਲੋਂ ਇਸ ਮੈਡੀਕਲ ਕਾਲਜ ਨੂੰ ਐਮ.ਬੀ.ਬੀ.ਐਸ. ਕੋਰਸ ਦੇ ਦਾਖਲੇ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਸਾਲ 2011-12 ਦੇ ਬੈਚ ਵਿੱਚ ਦਾਖਲ ਵਿਦਿਆਰਥੀਆਂ ਵੱਲੋਂ ਸਤੰਬਰ, 2014 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਰਿੱਟ ਦਾਇਰ ਕੀਤੀ ਕਿ ਕਾਲਜ ਕੋਲ ਲੋੜੀਂਦਾ ਇੰਨਫ੍ਰਾਸਟ੍ਰਕਚਰ, ਫੈਕਲਟੀ ਅਤੇ ਮਰੀਜ਼ਾਂ ਦੀ ਘਾਟ ਹੋਣ ਕਾਰਨ ਕਾਲਜ ਦੀ ਮਾਨਤਾ ਰੱਦ ਕੀਤੀ ਗਈ ਹੈ, ਇਸ ਲਈ ਉਨ੍ਹਾਂ ਨੂੰ ਕਿਸੇ ਹੋਰ ਮੈਡੀਕਲ ਕਾਲਜ ਵਿੱਚ ਸ਼ਿਫਟ ਕੀਤਾ ਜਾਵੇ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਤੀ 16.09.2014

ਨੂੰ ਪੰਜਾਬ ਸਰਕਾਰ ਨੂੰ ਹੁਕਮ ਕੀਤੇ ਕਿ 8 ਹਫ਼ਤਿਆਂ ਵਿੱਚ ਮੈਡੀਕਲ ਕੌਂਸਲ ਆਫ ਇੰਡੀਆ ਦੇ ਰੈਗੂਲੇਸ਼ਨ ਅਨੁਸਾਰ ਇਸ ਮੈਡੀਕਲ ਕਾਲਜ ਦਾ ਮੌਜੂਦਾ ਡਾਟਾ ਇਕੱਠਾ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ ਅਤੇ ਕੇਂਦਰ ਸਰਕਾਰ 12 ਹਫ਼ਤਿਆਂ ਦੇ ਅੰਦਰ ਇਸ ਮਾਮਲੇ ਸਬੰਧੀ ਫੈਸਲਾ ਲਵੇ। ਇਨ੍ਹਾਂ ਹੁਕਮਾਂ ਦੀ ਪਾਲਣਾ ਹਿਤ ਕੇਂਦਰ ਸਰਕਾਰ ਨੂੰ ਡਾਟਾ ਭੇਜਣ ਲਈ ਮਿਤੀ 28.09.2014 ਨੂੰ ਸੰਸਥਾ ਨੂੰ ਪੱਤਰ ਲਿਖ ਕੇ ਮਾਨਯੋਗ ਕੋਰਟ ਦੇ ਹੁਕਮਾਂ ਅਨੁਸਾਰ ਰਿਪੋਰਟ/ਡਾਟਾ ਮੰਗਿਆ ਗਿਆ, ਇਸ ਤਰ੍ਹਾਂ ਮਿਤੀ 03.10.2014 ਨੂੰ ਸਕੱਤਰ, ਮੈਡੀਕਲ ਕੌਂਸਲ ਆਫ ਇੰਡੀਆ ਨੂੰ ਪੱਤਰ ਲਿਖਦੇ ਹੋਏ ਅਗਵਾਈ ਮੰਗੀ ਗਈ।

ਮਿਤੀ 27.10.2014 ਨੂੰ ਭਾਰਤ ਸਰਕਾਰ, ਸੰਯੁਕਤ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਬੇਨਤੀ ਕੀਤੀ ਗਈ ਕਿ ਐਮ.ਸੀ.ਆਈ. ਨਾਲ ਮਾਮਲਾ ਵਿਚਾਰ ਕੇ ਫੈਸਲਾ ਲੈ ਕੇ ਪੰਜਾਬ ਸਰਕਾਰ ਨੂੰ ਜਾਣੂੰ ਕਰਵਾਇਆ ਜਾਵੇ।

ਮਿਤੀ 28.11.2014 ਨੂੰ ਮੈਡੀਕਲ ਕੌਂਸਲ ਆਫ ਇੰਡੀਆ ਤੋਂ ਉੱਤਰ ਪ੍ਰਾਪਤ ਹੋਇਆ ਕਿ ਇਹ ਐਮ.ਬੀ.ਬੀ.ਐਸ ਕੋਰਸ ਦੇ ਵਿਦਿਆਰਥੀ ਸ਼ਿਫਟ ਨਹੀਂ ਕੀਤੇ ਜਾਣੇ ਕਿਉਂਕਿ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਕੀਤੇ ਹੁਕਮਾਂ ਦੇ ਸਨਮੁਖ ਸਾਲ 2014-15 ਦੌਰਾਨ 105 ਵਿਦਿਆਰਥੀਆਂ ਦਾ ਦਾਖਲਾ ਕੀਤਾ ਗਿਆ ਹੈ।

ਮਿਤੀ 27.1.2015 ਨੂੰ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਪੱਤਰ ਦੀ ਕਾਪੀ ਪ੍ਰਾਪਤ ਹੋਈ ਕਿ ਚਿੰਤਪੂਰਨੀ ਮੈਡੀਕਲ ਕਾਲਜ ਵੱਲੋਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਇਸ ਸੰਸਥਾ ਦੀ 950 ਲੱਖ ਰੁਪਏ ਦੀ ਬੈਂਕ ਗਰੰਟੀ ਜ਼ਬਤ ਕਰ ਲਈ ਗਈ ਹੈ। ਇਸ ਪੱਤਰ ਦੀ ਰੌਸ਼ਨੀ ਵਿੱਚ ਪੰਜਾਬ ਸਰਕਾਰ ਵੱਲੋਂ ਐਮ.ਸੀ.ਆਈ. ਨੂੰ ਪੱਤਰ ਮਿਤੀ 5.2.2015 ਲਿਖਿਆ ਗਿਆ ਕਿ ਦਸੰਬਰ 2015 ਦੇ ਐਮ.ਬੀ.ਬੀ.ਐਸ ਪੇਪਰਾਂ ਵਿੱਚ ਭਾਗ ਲੈਣ ਵਾਲੇ (ਸਾਲ 2011-12 ਵਿੱਚ ਦਾਖਲ ਹੋਏ) ਵਿਦਿਆਰਥੀਆਂ ਦੀ ਡਿਗਰੀ ਮਾਨਤਾ ਪ੍ਰਾਪਤ ਹੋਵੇਗੀ ਜਾਂ ਨਹੀਂ ਅਤੇ ਇਸ ਸਬੰਧ ਵਿੱਚ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਕਿ ਵਿਦਿਆਰਥੀਆਂ ਦਾ ਭਵਿੱਖ ਬਚਾਇਆ ਜਾ ਸਕੇ ਤੇ ਵਿਭਾਗ ਨੂੰ ਕਾਨੂੰਨੀ ਔਕੜਾਂ ਤੋਂ ਬਚਾਇਆ ਜਾ ਸਕੇ। ਸਬੰਧਤ ਸੰਸਥਾ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੇ ਐਮ.ਸੀ.ਆਈ. ਦੇ ਬੈਂਕ ਗਰੰਟੀ ਜ਼ਬਤ ਕਰਨ ਸਬੰਧੀ ਕੇਸ ਦਿੱਲੀ ਹਾਈ ਕੋਰਟ ਵਿੱਚ ਲੱਗਾ ਹੈ, ਜਿਸ ਦੀ ਅਗਲੀ ਤਾਰੀਖ ਮਿਤੀ 25.3.2015 ਹੈ।

ਸਰਕਾਰ ਵੱਲੋਂ ਦਿੱਤੇ Essentiality Certificate ਅਨੁਸਾਰ ਵਿਦਿਆਰਥੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਰਾਜ ਸਰਕਾਰ ਐਮ.ਸੀ.ਆਈ. ਦੀ ਪ੍ਰਵਾਨਗੀ ਨਾਲ ਹੀ ਵਿਦਿਆਰਥੀਆਂ ਨੂੰ ਟੇਕ ਓਵਰ ਕਰ ਸਕਦੀ ਹੈ। ਇਸ ਸਬੰਧੀ ਰਾਜ ਸਰਕਾਰ ਵੱਲੋਂ ਐਮ.ਸੀ.ਆਈ. ਨੂੰ ਮਿਤੀ 5.2.2015 ਅਤੇ 17.3.2015 ਨੂੰ ਪੱਤਰ ਲਿਖੇ ਗਏ ਹਨ ਜਿਨ੍ਹਾਂ ਦਾ ਜਵਾਬ ਆਉਣਾ ਅਜੇ ਬਾਕੀ ਹੈ।

**ਮਾਨਯੋਗ ਸਪੀਕਰ :** ਇਸਦਾ ਰਿਪਲਾਈ ਆ ਗਿਆ ਹੈ ਜੀ। ਮੈਂਬਰ ਸਾਹਿਬ, ਤੁਸੀਂ ਸਪਲੀਮੈਂਟਰੀ ਕਰੋ। ਇਸ ਦਾ ਜਵਾਬ ਬੜਾ ਲੰਬਾ ਚੌੜਾ ਹੈ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਪੰਜਾਬ ਵਿੱਚ ਧੜਾ-ਧੜ ਖੁਲ੍ਹ ਰਹੀਆਂ ਸੈਲਫ ਫਾਈਨਾਂਸਡ ਯੂਨੀਵਰਸਿਟੀਆਂ ਦੇ ਸਬੰਧ ਵਿੱਚ ਐਸ਼ੋਰੈਂਸ ਲੈਣੀ ਚਾਹੁੰਦਾ ਹਾਂ। ਅੱਜ ਵੀ ਦੋ ਬਿਲ ਆਏ ਹਨ ਜਿਨ੍ਹਾਂ ਨੂੰ ਹਾਊਸ ਵਿੱਚ ਵਿਚਾਰਿਆ ਜਾਣਾ ਹੈ। ਕਿਉਂਕਿ ਇਹ ਯੂਨੀਵਰਸਿਟੀਆਂ ਵਾਲੇ ਕੁਝ ਚੀਜ਼ਾਂ ਬਾਈਪਾਸ ਕਰਕੇ ਉਸ ਵੇਲੇ ਤਾਂ ਰੈਕੋਗਨੀਸ਼ਨ ਲੈ ਲੈਂਦੇ ਹਨ, ਯੂਨੀਵਰਸਿਟੀ ਐਸਟੈਬਲਿਸ਼ ਹੋ ਜਾਂਦੀ ਹੈ ਅਤੇ ਦਾਖਲੇ ਦੇਣ ਦੀ ਤੁਸੀਂ ਆਗਿਆ ਦੇ ਦਿੰਦੇ ਹੋ, ਵਿਦਿਆਰਥੀਆਂ ਦੇ ਦਾਖਲੇ ਵੀ ਇਸ ਢੰਗ ਨਾਲ ਹੋ ਜਾਂਦੇ ਹਨ ਪਰ ਅਸਲ ਵਿੱਚ ਉਨ੍ਹਾਂ ਦੁਆਰਾ ਨਿਰਧਾਰਤ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਹੁੰਦੀਆਂ, ਫਿਰ ਕਿਉਂ ਨਹੀਂ ਕਿਸੇ ਯੂਨੀਵਰਸਿਟੀ ਨੂੰ ਰੈਕੋਗਨੀਸ਼ਨ ਦੇਣ ਤੋਂ ਪਹਿਲਾਂ ਅਤੇ ਉਸ ਦੀ ਵਰਕਿੰਗ ਸ਼ੁਰੂ ਹੋਣ ਤੋਂ ਪਹਿਲਾਂ ਇਹ ਸਾਰੀਆਂ ਗੱਲਾਂ ਚੈੱਕ ਕਰ ਲਈਆਂ ਜਾਂਦੀਆਂ? ਵਿਦਿਆਰਥੀ ਪਤਾ ਨਹੀਂ ਕਿਸ ਮੁਸ਼ਕਿਲ ਕਾਰਨ ਉਥੇ ਦਾਖਲੇ ਲੈ ਲੈਂਦੇ ਹਨ, ਦੋ ਸਾਲ ਜਾਂ ਤਿੰਨ ਸਾਲ ਕੰਪਲੀਟ ਕਰਨ ਤੋਂ ਬਾਅਦ ਇਨਬਿਟਵੀਨ ਅਜਿਹਾ ਕੋਈ ਲਕੂਨਾ ਕੌਂਸਲ ਜਾਂ ਗੌਰਮਿੰਟ ਦੇ ਧਿਆਨ ਵਿੱਚ ਆ ਜਾਂਦਾ ਹੈ, ਜਦੋਂ ਕਿ ਇਹ ਸਾਰੀਆਂ ਚੀਜ਼ਾਂ ਪਹਿਲਾਂ ਹੀ ਗੌਰਮਿੰਟ ਲੈਵਲ ਤੇ ਐਸ਼ਿਓਰ ਕਰਨੀਆਂ ਬਣਦੀਆਂ ਹਨ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਉਥੇ ਐਡਮਿਸ਼ਨ ਲੈ ਲਈ ਹੈ, ਉਨ੍ਹਾਂ ਨੂੰ ਆਪਣਾ ਕੋਰਸ ਕੰਪਲੀਟ ਕਰਨ ਲਈ ਕਿਸੇ ਪ੍ਰਕਾਰ ਦੀ ਮੁਸ਼ਕਿਲ ਇਨਬਿਟਵੀਨ ਨਾ ਆਵੇ ਅਤੇ ਉਹ ਆਪਣੇ ਕੋਰਸਾਂ/ਸਟੱਡੀ ਵੱਲ ਧਿਆਨ ਦੇ ਸਕਣ। ਕੀ ਮਾਨਯੋਗ ਮੰਤਰੀ ਜੀ ਇਸ ਸਬੰਧ ਵਿੱਚ ਹਾਊਸ ਨੂੰ ਕੋਈ ਜਾਣਕਾਰੀ ਦੇਣੀ ਚਾਹੁੰਣਗੇ?

**ਮਾਨਯੋਗ ਸਪੀਕਰ:** ਮਸਲਾ ਤਾਂ 150 ਵਿਦਿਆਰਥੀਆਂ ਦਾ ਹੈ, ਕੀ ਉਨ੍ਹਾਂ ਲਈ ਆਪਾਂ ਕੁਝ ਕਰ ਸਕਦੇ ਹਾਂ?

**ਮੰਤਰੀ :** ਸਪੀਕਰ ਸਾਹਿਬ, ਵੈਸੇ ਜਵਾਬ ਚਲਿਆ ਗਿਆ ਹੈ। ਬਾਕੀ ਇਸ ਵਿੱਚ ਪੰਜਾਬ ਸਰਕਾਰ ਦਾ ਕੋਈ ਰੋਲ ਨਹੀਂ ਹੈ। ਜਦੋਂ ਕੋਈ ਮੈਡੀਕਲ ਕਾਲਜ ਬਣਦਾ ਹੈ ਤਾਂ ਐਮ.ਸੀ.ਆਈ. ਹੀ ਉਸ ਦੀ ਸਾਰੀ ਇੰਸਪੈਕਸ਼ਨ ਕਰਦੀ ਹੈ ਅਤੇ ਉਨ੍ਹਾਂ ਨੂੰ ਰੈਕੋਗਨੀਸ਼ਨ ਮਿਲਦੀ ਹੈ। ਹੁਣ ਵੀ ਜਿਹੜਾ ਇਹ ਮੈਟਰ ਆਇਆ ਹੈ, ਇਨ੍ਹਾਂ ਨੂੰ ਹੁਣ ਵੀ ਉਸ ਤੋਂ ਬਾਅਦ ਸਾਲ 2012-13 ਅਤੇ ਸਾਲ 2013-14 ਦੇ ਵਿੱਚ ਦਾਖਲਾ ਕਰਨ ਦੀ ਅਪਰੂਵਲ ਨਹੀਂ ਮਿਲੀ। ਇਸ ਤੋਂ ਬਾਅਦ ਅਸੀਂ ਫਿਰ ਉਨ੍ਹਾਂ ਨੂੰ ਲਿਖਿਆ ਕਿਉਂਕਿ ਬੱਚਿਆਂ ਨੇ ਬੜੀ ਐਜੀਟੇਸ਼ਨ ਕੀਤੀ ਸੀ, ਮੇਰੇ ਅੰਮ੍ਰਿਤਸਰ ਸ਼ਹਿਰ ਵਿੱਚ ਵਿਦਿਆਰਥੀ ਵਿਚਾਰੇ ਮਹੀਨਾ-ਡੇਢ ਮਹੀਨਾ ਐਜੀਟੇਸ਼ਨ ਕਰਨ ਤੇ ਲੱਗੇ ਰਹੇ, ਅਸੀਂ ਉਸ ਵੇਲੇ ਵੀ ਐਮ.ਸੀ.ਆਈ ਨੂੰ ਆਪਣੀਆਂ ਲੈਟਰਜ਼ ਲਿਖੀਆਂ, ਉਸ ਵੇਲੇ ਉਨ੍ਹਾਂ ਨੇ ਕਹਿ ਦਿੱਤਾ। ਫਿਰ ਬੱਚੇ ਹਾਈ ਕੋਰਟ ਵਿੱਚ ਗਏ, ਬੱਚਿਆਂ ਨੇ ਹਾਈ ਕੋਰਟ ਵਿੱਚ ਰਿੱਟ ਕੀਤੀ, ਕੋਰਟ ਨੇ ਡਾਇਰੈਕਸ਼ਨ ਦਿੱਤੀ ਸੀ ਕਿ ਇੰਨੇ ਹਫ਼ਤਿਆਂ ਵਿੱਚ ਇਸ ਦਾ ਡਾਟਾ ਭੇਜਿਆ ਜਾਵੇ। ਇਹ ਸਭ ਕੁਝ ਜਵਾਬ ਵਿੱਚ ਦੱਸਿਆ ਹੋਇਆ ਹੈ ਕਿ ਇਸ ਬਾਰੇ ਐਮ.ਸੀ.ਆਈ. ਨਾਲ ਕੰਟੈਕਟ ਕਰਕੇ ਪੁੱਛਿਆ ਗਿਆ ਹੈ। ਫਿਰ ਇਸ ਦੌਰਾਨ ਮਾਨਯੋਗ ਸੁਪਰੀਮ ਕੋਰਟ ਨੇ ਇਜਾਜ਼ਤ ਦੇ ਦਿੱਤੀ, ਇੰਸਟੀਚਿਊਟ ਵਾਲਿਆਂ ਨੇ ਤਕਰੀਬਨ ਸਾਢੇ 9 ਕਰੋੜ ਰੁਪਏ ਦੀ ਉਥੇ ਬੈਂਕ ਗਾਰੰਟੀ ਦਿੱਤੀ, ਉਨ੍ਹਾਂ ਨੇ 105 ਬੱਚਿਆਂ ਦੀ ਐਡਮਿਸ਼ਨ ਕਰਨ ਦੀ ਅਪਰੂਵਲ ਦੇ ਦਿੱਤੀ। ਇਸ ਤੋਂ ਬਾਅਦ ਐਮ.ਸੀ.ਆਈ. ਨੇ ਕਹਿ ਦਿੱਤਾ ਕਿ ਕਿਉਂਕਿ ਮਾਨਯੋਗ ਸੁਪਰੀਮ ਕੋਰਟ ਨੇ ਦਾਖਲੇ ਦੀ ਇਜਾਜ਼ਤ ਦੇ ਦਿੱਤੀ ਹੈ, ਇਸ ਕਰਕੇ ਹੁਣ ਬੱਚਿਆਂ ਨੂੰ ਸ਼ਿਫਟ ਕਰਨ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਖੁਦ ਚਿੰਤਤ ਹਾਂ। ਅਸੀਂ ਹੁਣ ਦੋ ਵਾਰੀ ਫਿਰ ਰਿਪ੍ਰੈਜ਼ੈਂਟੇਸ਼ਨਜ ਐਮ.ਸੀ.ਆਈ. ਨੂੰ ਭੇਜੀਆਂ ਹਨ ਕਿ ਸਾਨੂੰ ਦੱਸਿਆ ਜਾਵੇ। ਹੁਣ ਫਿਰ ਇਸ ਤੋਂ ਬਾਅਦ ਇੰਸਪੈਕਸ਼ਨ ਹੋਈ ਹੈ, ਇਸ ਵਿੱਚ ਉਹ ਕਾਲਜ ਫਿਰ ਫੇਲ੍ਹ ਹੋ ਗਿਆ ਹੈ। ਅਸੀਂ ਖੁਦ ਪਰਸਿਊ ਕਰ ਰਹੇ ਹਾਂ ਕਿ ਬੱਚਿਆਂ ਨੂੰ ਫਰਦਰ ਫਿਊਚਰ ਵਿੱਚ ਕੋਈ ਪਰੇਸ਼ਾਨੀ ਨਾ ਆਵੇ। ਮੈਂਬਰ ਸਾਹਿਬ ਵੱਲੋਂ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ ਲਾਸਟ ਈਅਰ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਨਹੀਂ ਮਿਲਣੀ, ਇਸ ਕਰਕੇ ਅਸੀਂ ਆਪ ਇਸ ਕੇਸ ਨੂੰ ਪਰਸਿਊ ਕਰ ਰਹੇ ਹਾਂ। ਭੱਟੀ ਸਾਹਿਬ, ਤੁਹਾਡੀ ਚਿੰਤਾ ਜਾਇਜ਼ ਹੈ, ਅਸੀਂ ਜ਼ਰੂਰ ਇਹ ਕੇਸ ਆਪ ਦੇਖਾਂਗੇ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਸੈਕਿੰਡ

ਸਪਲੀਮੈਂਟਰੀ ਜੀ।

**ਮੰਤਰੀ :** ਇਸ ਵਿੱਚ ਸੈਕਿੰਡ ਸਪਲੀਮੈਂਟਰੀ ਨਹੀਂ ਹੁੰਦੀ।

**ਸਰਦਾਰ ਅਜਾਇਬ ਸਿੰਘ ਭੱਟੀ :** ਕਿਉਂ ਨਹੀਂ ਹੁੰਦੀ? ਸਪੀਕਰ ਸਾਹਿਬ, ਇਹ ਮਸਲਾ ਬਹੁਤ ਗੰਭੀਰ ਹੈ। ਬੱਚਿਆਂ ਦੇ ਕੈਰੀਅਰ ਦਾ ਸਵਾਲ ਹੈ। ਉਨ੍ਹਾਂ ਦੇ ਪੇਰੈਂਟਸ ਨੂੰ ਫਿਕਰ ਹੈ ਕਿ ਅਸੀਂ ਆਪਣੇ ਬੱਚਿਆਂ ਦੀ ਉਥੇ ਐਡਮਿਸ਼ਨ ਕਰਵਾਈ, ਜੋ ਸਾਰੀਆਂ ਫਾਰਮੈਲਟੀਆਂ ਉਸ ਵੇਲੇ ਕਰਨੀਆਂ ਬਣਦੀਆਂ ਸਨ, ਉਹ ਸਾਰੀਆਂ ਕੰਪਲੀਟ ਕੀਤੀਆਂ, ਕੋਰਸ ਵੀ ਇਨਬਿਟਵੀਨ ਹੈ। ਜਿਹੜੇ ਇਹ 150 ਵਿਦਿਆਰਥੀ ਇਨ-ਕੁਐਸਚਨ ਹਨ, ਉਨ੍ਹਾਂ ਨੂੰ ਕੀ ਸਰਕਾਰ ਕਿਸੇ ਹੋਰ ਮੈਡੀਕਲ ਕਾਲਜ ਵਿੱਚ ਲਵੇਗੀ ਜਾਂ ਉਸੇ ਕਾਲਜ ਦੀ ਰੈਕੋਗਨੀਸ਼ਨ ਨੂੰ ਬਹਾਲ ਕਰੇਗੀ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਐਸ਼ੋਰੈਂਸ ਲੈਣੀ ਚਾਹੁੰਦਾ ਹਾਂ।

**ਮੰਤਰੀ :** ਸਪੀਕਰ ਸਾਹਿਬ, ਅਸੀਂ ਇਨ੍ਹਾਂ ਨਾਲੋਂ ਜ਼ਿਆਦਾ ਚਿੰਤਤ ਹਾਂ। ਕਿਉਂਕਿ ਸਾਡੀ ਤਾਂ ਜ਼ਿੰਮੇਵਾਰੀ ਹੈ,ਤੁਸੀਂ ਤਾਂ ਪ੍ਰਸ਼ਨ ਕਰਨਾ ਹੈ, ਇਸ ਦਾ ਹੱਲ ਕਰਨਾ ਸਾਡੀ ਡਿਊਟੀ ਹੈ, ਅਸੀਂ ਡਿਊਟੀ ਬਾਊਂਡ ਹਾਂ। ਅਸੀਂ ਦੋ ਵਾਰੀ ਫਿਰ ਐਮ.ਸੀ.ਆਈ ਨੂੰ ਚਿੱਠੀਆਂ ਲਿਖੀਆਂ ਹਨ। ਇੱਕ 5.2.2015 ਨੂੰ ਅਤੇ ਇੱਕ 17.3.2015 ਨੂੰ ਕਿ ਐਮ.ਸੀ.ਆਈ. ਸਾਨੂੰ ਡਾਇਰੈਕਸ਼ਨ ਦੇਵੇ ਕਿਉਂਕਿ ਐਮ.ਸੀ.ਆਈ. ਨੇ ਹੀ ਇਸ ਦੀ ਅਪਰੂਵਲ ਦੇਣੀ ਹੈ। ਜੇ ਅਸੀਂ ਉਨ੍ਹਾਂ ਵਿੱਚੋਂ ਥੋੜ੍ਹੇ ਥੋੜ੍ਹੇ ਬੱਚਿਆਂ ਨੂੰ ਬਾਕੀ ਕਾਲਜਾਂ ਵਿੱਚ ਐਡਜਸਟ ਕਰਦੇ ਹਾਂ ਤਾਂ ਇਸ ਦੀ ਅਪਰੂਵਲ ਉਨ੍ਹਾਂ ਕਾਲਜਾਂ ਨੇ ਐਮ.ਸੀ.ਆਈ. ਨੇ ਹੀ ਦੇਣੀ ਹੈ। ਪੰਜ ਦਸ ਜਾਂ ਕਿੰਨੀਆਂ ਕਿੰਨੀਆਂ ਸੀਟਾਂ ਦੀ ਅਪਰੂਵਲ ਜਦੋਂ ਦੂਜੇ ਕਾਲਜਾਂ ਵਿੱਚ ਮਿਲੇਗੀ ਫਿਰ ਅਸੀਂ ਬੱਚੇ ਸ਼ਿਫਟ ਕਰ ਸਕਦੇ ਹਾਂ। ਅਸੀਂ ਪਰਸਿਊ ਕਰ ਰਹੇ ਹਾਂ। ਤੁਹਾਡਾ ਸਵਾਲ ਬਿਲਕੁਲ ਵਾਜਬ ਹੈ।

------------

## RESUMPTION OF GENERAL DISCUSSION ON THE BUDGET ESTIMATES FOR THE YEAR 2015-16

**ਮਾਨਯੋਗ ਸਪੀਕਰ :** ਮਿਤੀ 20 ਮਾਰਚ, 2015 ਨੂੰ ਜਦੋਂ ਸਦਨ ਦੀ ਕਾਰਵਾਈ ਸਥਗਿਤ ਹੋਈ ਸੀ ਤਾਂ ਉਸ ਸਮੇਂ ਸ੍ਰੀ ਓਮ ਪ੍ਰਕਾਸ਼ ਜੀ, ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ, ਬਜਟ ਅਨੁਮਾਨਾਂ ਤੇ ਆਮ ਬਹਿਸ ਦੌਰਾਨ ਬੋਲ

ਰਹੇ ਸਨ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨਗੇ। ਜਿਹੜਾ ਟਾਈਮ ਬਾਕੀ ਹੈ, ਉਹ ਇਸ ਤਰ੍ਹਾਂ ਹੈ: ਸ਼੍ਰੋਮਣੀ ਅਕਾਲੀ ਦਲ ਕੋਲ 1 ਘੰਟਾ 57 ਮਿੰਟ, ਭਾਰਤੀ ਜਨਤਾ ਪਾਰਟੀ ਕੋਲ 9 ਮਿੰਟ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਕੋਲ 1 ਘੰਟਾ 10 ਮਿੰਟ ਅਤੇ ਅਜ਼ਾਦ ਮੈਂਬਰਾਂ ਕੋਲ 10 ਮਿੰਟ ਹਨ।

**ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ (ਸ਼੍ਰੀ ਸੋਮ ਪ੍ਰਕਾਸ਼) :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਪਿਛਲੀ ਵਾਰ ਜਦੋਂ ਹਾਊਸ ਅਡਜਰਨ ਹੋਇਆ ਸੀ ਤਾਂ ਉਸ ਸਮੇਂ ਮੈਂ ਹੈਂਡੀਕੈਪਡ ਬੱਚਿਆਂ ਦੀ ਪੈਨਸ਼ਨ ਬਾਰੇ ਗੱਲ ਕਰ ਰਿਹਾ ਸੀ।

ਮੈਂ ਅੱਗੇ ਹੁਣ ਹਾਇਰ ਐਜੂਕੇਸ਼ਨ ਦੀ ਗੱਲ ਕਰਨੀ ਚਾਹੁੰਦਾ ਹਾਂ। ਇਸ ਖੇਤਰ ਲਈ 782 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਗਿਆ ਹੈ। ਇਸ ਲਈ ਅਸੀਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦੇ ਹਾਂ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਈ 20 ਕਰੋੜ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਈ 60 ਕਰੋੜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਲਈ 50 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪਰ ਸਾਡੇ ਹੁਸ਼ਿਆਰਪੁਰ ਵਿੱਚ ਗੁਰੂ ਰਵੀਦਾਸ ਜੀ ਯੂਨੀਵਰਸਿਟੀ ਹੈ ਜੋ ਕਿ ਮਾਨਯੋਗ ਮੁੱਖ ਮੰਤਰੀ ਜੀ ਨੇ ਸਾਲ 2010 ਵਿੱਚ ਦੁਆਬੇ ਵਿੱਚ ਸਥਾਪਿਤ ਕੀਤੀ ਸੀ। ਇਹ ਪਹਿਲੀ ਯੂਨੀਵਰਸਿਟੀ ਹੈ, ਜਿਹੜੀ ਗੁਰੂ ਰਵੀਦਾਸ ਜੀ ਮਹਾਰਾਜ ਜੀ ਦੇ ਨਾਂ ਤੇ ਸਥਾਪਿਤ ਕੀਤੀ ਗਈ ਹੈ। ਇਹ ਸਾਰਾ ਪ੍ਰਾਜੈਕਟ 64 ਕਰੋੜ ਰੁਪਏ ਦਾ ਹੈ। ਇਸ ਦਾ ਕੰਮ ਚਾਰ ਫੇਜ਼ਿਜ਼ ਵਿੱਚ ਹੋਣਾ ਸੀ। ਪਿੰਡ ਖੜਕਾਂ ਵਿੱਚ ਪਿੰਡ ਵਾਲਿਆਂ ਨੇ ਇਸ ਯੂਨੀਵਰਸਿਟੀ ਲਈ 32 ਏਕੜ ਜ਼ਮੀਨ ਦਾਨ ਦਿੱਤੀ ਸੀ ਅਤੇ ਇਸ ਤੋਂ ਬਾਅਦ ਮਾਨਯੋਗ ਮੁੱਖ ਮੰਤਰੀ ਜੀ ਨੇ ਇਸ ਯੂਨੀਵਰਸਿਟੀ ਲਈ 20 ਕਰੋੜ ਰੁਪਿਆ ਦੇਣ ਦਾ ਐਲਾਨ ਕੀਤਾ ਸੀ ਪਰ ਉਥੇ ਹੁਣ ਤੱਕ ਸਿਰਫ 3 ਕਰੋੜ ਰੁਪਿਆ ਹੀ ਮਿਲਿਆ ਹੈ। ਜਿਸ ਕਾਰਨ ਯੂਨੀਵਰਸਿਟੀ ਦੇ ਪਹਿਲੇ ਫੇਜ਼ ਦਾ ਕੰਮ ਰੁਕਿਆ ਪਿਆ ਹੈ। ਸੋ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜਿੱਥੇ ਇਨ੍ਹਾਂ ਨੇ ਹੋਰ ਯੂਨੀਵਰਸਿਟੀਆਂ ਲਈ ਪੈਸੇ ਰੱਖੇ ਹਨ, ਉਥੇ ਇਸ ਯੂਨੀਵਰਸਿਟੀ ਲਈ ਘੱਟੋ ਘੱਟ 5 ਕਰੋੜ ਰੁਪਿਆ ਜ਼ਰੂਰ ਦੇਣ ਤਾਂ ਕਿ ਇਸ ਦਾ ਪਹਿਲਾ ਫੇਜ਼ ਕੰਪਲੀਟ ਹੋ ਸਕੇ।

ਮੈਂ ਇੱਕ ਹੋਰ ਪੁਆਇੰਟ ਹਾਊਸ ਵਿੱਚ ਰੱਖਣਾ ਚਾਹੁੰਦਾ ਹਾਂ। ਜਦੋਂ ਮੈਂ ਪਿਛਲੇ ਸਾਲ ਬਜਟ ਤੇ ਬੋਲ ਰਿਹਾ ਸੀ ਤਾਂ ਮੈਂ ਵਿੱਤ ਮੰਤਰੀ ਜੀ ਦਾ ਧਿਆਨ

ਦਿਵਾਇਆ ਸੀ ਕਿ ਪੰਜਾਬ ਵਿੱਚ ਦੁਆਬੇ ਵਿੱਚ ਖਾਸ ਤੌਰ ਤੇ ਰਿਵਾਜ ਹੈ ਕਿ ਅਨੁਸੂਚਿਤ ਜਾਤੀਆਂ ਦੇ ਸ਼ਮਸ਼ਾਨਘਾਟ ਵੱਖਰੇ ਹਨ ਔਰ ਦੂਜੀਆਂ ਜਾਤਾਂ ਦੇ ਵੱਖਰੇ ਹਨ। ਮੈਂ ਬੇਨਤੀ ਕੀਤੀ ਸੀ ਕਿ ਕੋਈ ਅਜਿਹੀ ਸਕੀਮ ਬਣਾਈ ਜਾਵੇ ਜਿਸ ਤਹਿਤ ਜਿਹੜੇ ਪਿੰਡ ਆਪਣੇ ਸ਼ਮਸ਼ਾਨਘਾਟ ਇਕੱਠੇ ਕਰਨਗੇ ਉਨ੍ਹਾਂ ਨੂੰ 5 ਜਾਂ 10 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ। ਮੈਂ ਲਾਇਬ੍ਰੇਰੀ ਵਿੱਚ ਜਾ ਕੇ ਤੁਹਾਡਾ ਜਵਾਬ ਦੇਖਿਆ ਹੈ। ਤੁਸੀਂ ਆਪਣੇ ਜਵਾਬ ਵਿੱਚ ਕਿਹਾ ਸੀ ਕਿ ਸਾਡੇ ਮਾਨਯੋਗ ਮੈਂਬਰ ਸ਼੍ਰੀ ਸੋਮ ਪ੍ਰਕਾਸ਼ ਜੀ ਨੇ ਬਹੁਤ ਵਧੀਆ ਸੁਝਾਅ ਦਿੱਤਾ ਹੈ ਕਿ ਉਨ੍ਹਾਂ ਪਿੰਡਾਂ ਵਾਸਤੇ ਇੰਸੈਂਟਿਵ ਸਕੀਮ ਕੱਢੀ ਜਾਵੇ, ਜਿੱਥੇ ਸਾਰੀਆਂ ਕਮਿਊਨਿਟੀਆਂ ਦਾ, ਸਾਰੇ ਭਾਈਚਾਰੇ ਦਾ ਸ਼ਮਸ਼ਾਨਘਾਟ ਸਾਂਝਾ ਹੋਵੇ। ਉਨ੍ਹਾਂ ਪਿੰਡਾਂ ਨੂੰ ਇੰਸੈਂਟਿਵ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ ਤਾਂ ਕਿ ਇੱਕ ਚੰਗੀ ਭਾਈਚਾਰਕ ਏਕਤਾ ਨੂੰ ਪਰਮੋਟ ਕੀਤਾ ਜਾ ਸਕੇ। ਤੁਸੀਂ ਇਹ ਵੀ ਕਿਹਾ ਸੀ ਕਿ ਇਸ ਸੁਝਾਅ ਨੂੰ ਜ਼ਰੂਰ ਧਿਆਨ ਵਿੱਚ ਰੱਖਾਂਗੇ ਅਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਲੇ ਬਜਟ ਵਿੱਚ ਇਸ ਦਾ ਧਿਆਨ ਰੱਖਿਆ ਜਾਵੇਗਾ। ਇਸ ਤੋਂ ਬਾਅਦ ਹਾਊਸ ਵਿੱਚ ਬੜੀ ਥੰਪਿੰਗ ਵੀ ਹੋਈ ਸੀ। ਇਸ ਦੇ ਨਾਲ ਹੀ ਮੈਂ ਇਨ੍ਹਾਂ ਨੂੰ ਮਿਤੀ 29.12.2014 ਨੂੰ ਇੱਕ ਅਰਧ ਸਰਕਾਰੀ ਪੱਤਰ ਵੀ ਲਿਖਿਆ ਸੀ ਕਿ ਮੈਂ ਇਹ ਮਸਲਾ ਪਿਛਲੇ ਵਿਧਾਨ ਸਭਾ ਸੈਸ਼ਨ ਵਿੱਚ ਉਠਾਇਆ ਸੀ ਅਤੇ ਮੈਨੂੰ ਖੁਸ਼ੀ ਹੈ ਕਿ ਤੁਸੀਂ ਆਪਣੇ ਬਜਟ ਤੇ ਬਹਿਸ ਦਾ ਜਵਾਬ ਦਿੰਦਿਆਂ ਭਰੋਸਾ ਦਿੱਤਾ ਸੀ ਕਿ ਆਉਣ ਵਾਲੇ ਸਾਲ ਦੇ ਬਜਟ ਵਿੱਚ ਇਹ ਸਕੀਮ ਜ਼ਰੂਰ ਲਾਗੂ ਕੀਤੀ ਜਾਵੇਗੀ। ਇਸ ਲਈ ਮੈਨੂੰ ਪੂਰਨ ਯਕੀਨ ਹੈ ਕਿ ਇਹ ਸਕੀਮ ਇਸ ਸਾਲ ਦੇ ਬਜਟ ਵਿੱਚ ਜ਼ਰੂਰ ਸ਼ਾਮਲ ਕਰਕੇ ਆਪ ਆਮ ਲੋਕਾਂ ਦੀ ਪ੍ਰਸੰਸਾ ਦੇ ਪਾਤਰ ਬਣੋਗੇ ਪਰ ਮੈਨੂੰ ਅਫਸੋਸ ਹੈ ਕਿ ਤੁਹਾਡੇ ਤੋਂ ਇਹ ਸਕੀਮ ਰਹਿ ਗਈ ਹੈ। ਜਿਵੇਂ ਕਿ ਵਿੱਤ ਵਿਭਾਗ ਦੀ ਆਮ ਤੌਰ ਤੇ ਕੋਈ ਵੀ ਕੰਮ ਲਈ ਨਾਂਹ ਕਰਨ ਦੀ ਆਦਤ ਹੁੰਦੀ ਹੈ। ਕੋਈ ਵੀ ਸਕੀਮ ਪਹਿਲੀ ਵਾਰ ਤਾਂ ਕਦੇ ਪਾਸ ਨਹੀਂ ਹੁੰਦੀ ਪਰ ਮੇਰੀ ਬੇਨਤੀ ਹੈ ਕਿ ਇਸ ਵਾਰ ਇਹ ਸਕੀਮ ਅਨਾਊਂਸ ਕਰ ਦਿਉ। ਮੈਂ ਛੋਟੀ ਜਿਹੀ ਗੱਲ ਤੁਹਾਨੂੰ ਸੁਣਾਉਂਦਾ ਹਾਂ ਕਿ ਜਲੰਧਰ ਵਿਖੇ ਇੱਕ ਵਾਰੀ ਕਿਸੇ ਫੰਕਸ਼ਨ ਵਿੱਚ ਸਵਰਗੀ ਕੈਪਟਨ ਕੰਵਲਜੀਤ ਸਿੰਘ, ਸਾਬਕਾ ਵਿੱਤ ਮੰਤਰੀ ਜੀ ਗਏ ਸੀ, ਉਥੇ ਕਾਮੇਡੀਅਨ ਰੌਣਕੀ ਰਾਮ ਵੀ ਮੌਜੂਦ ਸੀ। ਉਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ, ਤੁਹਾਡਾ ਅਤੇ ਮੇਰੀ ਘਰਵਾਲੀ ਦਾ ਸੁਭਾਅ ਇੱਕੋ ਜਿਹਾ ਹੈ। ਤੁਹਾਡਾ ਕੱਦ ਵੀ ਬਹੁਤ ਲੰਬਾ ਹੈ, ਮੇਰੀ ਘਰਵਾਲੀ ਦਾ ਕੱਦ ਵੀ ਬਹੁਤ ਲੰਬਾ ਹੈ। ਤੁਸੀਂ ਬਹੁਤ ਵੈੱਲ

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਡਰੈਸਡ ਹੋ, ਉਹ ਵੀ ਬਹੁਤ ਵੈੱਲ ਡਰੈਸਡ ਹੈ। ਉਹ ਬਹੁਤ ਸੋਹਣੀ ਹੈ, ਤੁਸੀਂ ਵੀ ਬਹੁਤ ਸੋਹਣੇ ਹੋ। ਉਹ ਵੀ ਖਜ਼ਾਨੇ ਦੀ ਮਾਲਕ ਹੈ, ਤੁਸੀਂ ਵੀ ਖਜ਼ਾਨੇ ਦੇ ਮਾਲਕ ਹੋ। ਪਰ ਜਦੋਂ ਪੈਸਾ ਮੰਗੋ ਤਾਂ ਉਹ ਵੀ ਨਾਂਹ ਨਾਂਹ ਕਰਦੀ ਹੈ ਅਤੇ ਤੁਸੀਂ ਵੀ ਨਾਂਹ ਨਾਂਹ ਹੀ ਕਰਦੇ ਹੋ। (ਹਾਸਾ) ਸੋ, ਮੇਰੀ ਬੇਨਤੀ ਹੈ ਕਿ ਜਿਹੜੀਆਂ ਚੰਗੀਆਂ ਸਕੀਮਾਂ ਹਨ, ਉਨ੍ਹਾਂ ਲਈ ਪੈਸੇ ਜ਼ਰੂਰ ਦੇ ਦਿਆ ਕਰੋ।

ਸਪੀਕਰ ਸਾਹਿਬ, ਇੱਕ ਹੋਰ ਸਕੀਮ ਸਬ- ਕੰਪੋਨੈਂਟ ਪਲਾਨ ਜਿਸ ਨੂੰ ਕਿ ਸਪੈਸ਼ਲ ਕੰਪਨੈਂਟ ਪਲਾਨ ਵੀ ਕਿਹਾ ਜਾਂਦਾ ਹੈ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ। ਮੈਂ ਪਿਛਲੇ ਸਾਲ ਬੋਲਦਿਆਂ ਤੁਹਾਨੂੰ ਵਧਾਈ ਦਿੱਤੀ ਸੀ ਕਿ ਤੁਸੀਂ ਬਜਟ ਵਿੱਚ ਬਹੁਤ ਵੱਡਾ ਪੈਸਾ ਰੱਖਿਆ ਹੈ। ਮੈਂ ਇਹ ਵੀ ਕਿਹਾ ਸੀ ਕਿ ਜੇਕਰ ਤੁਸੀਂ ਇਸ ਪੈਸੇ ਨੂੰ ਅਗਲੇ ਸਾਲ ਤੱਕ ਖਰਚ ਕਰ ਲਵੋਗੇ ਫਿਰ ਮੈਂ ਤੁਹਾਨੂੰ ਹੋਰ ਵੀ ਜ਼ਿਆਦਾ ਵਧਾਈ ਦਿਆਂਗਾ। ਪਰੰਤੂ ਮੈਂ ਜੋ ਦੇਖਿਆ ਹੈ, ਉਸ ਮੁਤਾਬਿਕ ਖਰਚਾ 30.76% ਹੋਇਆ ਹੈ। ਇਹ ਬਹੁਤਾ ਵਧੀਆ ਖਰਚਾ ਨਹੀਂ ਹੈ। ਇਸ ਦੇ ਜਿਹੜੇ ਕੰਪੋਨੈਂਟ ਹਨ ਉਹ ਤੁਸੀਂ ਭਾਵੇਂ 32% ਨਾ ਰੱਖੋ, ਘੱਟ ਰੱਖ ਲਓ, ਪਰ ਉਸ ਦੇ ਕੰਪੋਨੈਂਟ ਤਾਂ ਵਿੱਚ ਠੀਕ ਪਾਇਆ ਕਰੋ। ਇਸ ਵਿੱਚ ਹੋਰ ਖਰਚੇ ਸ਼ਾਮਲ ਨਹੀਂ ਕਰਨੇ ਚਾਹੀਦੇ। ਇਸ ਵਿੱਚ ਪੁੱਡਾ ਦਾ ਖਰਚਾ, ਗਮਾਡਾ ਦਾ ਖਰਚਾ ਪਾ ਦਿੱਤਾ, ਪੀ.ਆਈ.ਡੀ.ਬੀ., ਟਰਾਂਸਪੋਰਟ ਅਤੇ ਐਨਰਜੀ ਦਾ ਪਾ ਦਿੱਤਾ। ਮੇਰੀ ਬੇਨਤੀ ਹੈ ਕਿ ਸਬ-ਕੰਪੋਨੈਂਟ ਪਲਾਨ ਜਿਹੜੀ ਬਣਾਉਣੀ ਹੁੰਦੀ ਹੈ, ਇਸ ਦੀ ਕੋਈ ਮਹੱਤਤਾ ਅਤੇ sanctity ਹੈ। ਇਹ ਜ਼ਰੂਰ ਆਪ ਚੈੱਕ ਕਰ ਲਿਆ ਕਰੋ ਨਾ ਕਿ ਜੋ ਥੱਲਿਉਂ ਬਣ ਕੇ ਆ ਗਿਆ, ਉਸੇ ਤਰ੍ਹਾਂ ਹੀ ਸਾਰਾ ਕੁਝ ਵਿੱਚ ਪਾ ਦਿੱਤਾ ਜਾਇਆ ਕਰੇ। ਇਸ ਨਾਲ ਤਮਾਸ਼ਾ ਹੁੰਦਾ ਹੈ, ਕੋਈ ਬਹੁਤ ਹੀ ਵਧੀਆ ਗੱਲ ਨਿਕਲਦੀ ਨਹੀਂ ਹੈ। ਮੇਰੀ ਬੇਨਤੀ ਹੈ ਕਿ ਇਸ ਸਾਰੇ ਕੁਝ ਨੂੰ ਆਲੋਚਨਾ ਨਾ ਸਮਝਿਆ ਜਾਵੇ ਬਲਕਿ ਇਹ ਮੇਰਾ ਸੁਝਾਉ ਹੈ। ਅਸੀਂ ਲੋਕਾਂ ਨੂੰ ਜਵਾਬਦੇਹ ਹਾਂ। ਇੱਕ ਤਾਂ ਕੰਪੋਨੈਂਟ ਪਲਾਨ ਦਾ ਖਰਚਾ ਪੂਰਾ ਹੋਣਾ ਚਾਹੀਦਾ ਹੈ ਤੇ ਦੂਸਰਾ ਅਸੀਂ ਇਸ ਵਿੱਚ ਸਬੰਧਤ ਕੰਪੋਨੈਂਟ ਹੀ ਪਾ ਕੇ ਲੋਕਾਂ ਨੂੰ ਦੱਸੀਏ, ਬੇਸ਼ਕ ਘੱਟ ਖਰਚ ਕਰ ਲਈਏ।

ਤੀਸਰਾ ਮੈਂ "Right to Education Bill" ਬਾਰੇ ਪੁਆਇੰਟ ਰੇਜ਼ ਕਰਨਾ ਚਾਹੁੰਦਾ ਹਾਂ। ਸਾਲ 2009 ਵਿੱਚ Right to Education Bill ਭਾਰਤ ਸਰਕਾਰ ਨੇ ਪਾਸ ਕੀਤਾ। ਇਸ ਦੇ ਮੁਤਾਬਿਕ ਭਾਵੇਂ ਸਰਕਾਰੀ ਸਕੂਲ, ਭਾਵੇਂ ਸਹਾਇਤਾ

ਪ੍ਰਾਪਤ ਸਕੂਲ, ਪ੍ਰਾਈਵੇਟ ਸਕੂਲ ਅਤੇ ਭਾਵੇਂ ਕਾਨਵੈਂਟ ਸਕੂਲ ਹੋਣ, ਉਨ੍ਹਾਂ ਸਾਰਿਆਂ ਲਈ ਇਹ ਕੰਪਲਸਰੀ ਹੈ ਕਿ ਉਹ ਆਪਣੇ ਸਕੂਲਾਂ ਵਿੱਚ 25% ਸੀਟਾਂ ਤੇ ਇਕਨਾਮੀਕਲੀ ਵੀਕਰ ਸੈਕਸ਼ਨ ਦੇ ਬੱਚਿਆਂ ਨੂੰ ਫਰੀ ਆਫ ਕਾਸਟ ਐਡਮਿਸ਼ਨ ਦੇਣਗੇ। ਪਰੰਤੂ ਸਾਡੀ ਬਦਕਿਸਮਤੀ ਹੈ ਕਿ ਅਸੀਂ ਇਹ ਲਾਗੂ ਨਹੀਂ ਕਰ ਰਹੇ। ਪੰਜਾਬ ਵਿੱਚ ਅਸੀਂ ਲਾਗੂ ਨਹੀਂ ਕਰ ਰਹੇ। ਮੈਂ ਸਿੱਖਿਆ ਮੰਤਰੀ ਨੂੰ ਇਸ ਦੇ ਬਾਰੇ ਚਿੱਠੀ ਵੀ ਲਿਖੀ ਸੀ ਕਿ ਇਸ ਐਕਟ ਦੀ ਧਾਰਾ 12 ਅਨੁਸਾਰ ਸਾਰੇ ਸਕੂਲ ਜਿਨ੍ਹਾਂ ਵਿੱਚ ਪ੍ਰਾਈਵੇਟ ਸਕੂਲ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਕੋਈ ਸਹਾਇਤਾ ਨਹੀਂ ਮਿਲਦੀ, ਲਈ ਵੀ ਇਹ ਲਾਜ਼ਮੀ ਹੈ ਕਿ ਘੱਟੋ-ਘੱਟ 25% ਸੀਟਾਂ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ ਰਾਖਵੀਂ ਰੱਖੀਆਂ ਜਾਣ ਪਰੰਤੂ ਇਹ ਸ਼ਾਇਦ ਹੀ ਕਿਸੇ ਸਕੂਲ ਵਿੱਚ ਲਾਗੂ ਹੋਇਆ ਹੋਵੇ। ਸਿੱਖਿਆ ਮੰਤਰੀ ਜੀ ਨੇ ਮੈਨੂੰ ਇਹ ਵੀ ਜਵਾਬ ਦਿੱਤਾ ਸੀ ਕਿ ਅਸੀਂ ਇਸ ਸਾਲ ਵਿੱਚ ਲਾਗੂ ਕਰਾਂਗੇ ਪਰੰਤੂ ਸਾਡੇ ਜਿਹੜੇ ਰੂਲ ਬਣੇ ਹਨ, ਅਸੀਂ ਉਨ੍ਹਾਂ ਵਿੱਚ ਇਹ ਲਿਖ ਦਿੱਤਾ ਕਿ ਉਨ੍ਹਾਂ ਸਕੂਲਾਂ ਵਿੱਚ ਐਡਮਿਸ਼ਨ ਤਾਂ ਕਰਵਾਵਾਂਗੇ ਜੇ ਸਾਡੇ ਸਰਕਾਰੀ ਸਕੂਲਾਂ ਵਿੱਚ ਐਡਮਿਸ਼ਨ ਨਹੀਂ ਹੋਏਗੀ। ਪਰ ਅਜਿਹਾ ਐਕਟ ਵਿੱਚ ਕਿਤੇ ਨਹੀਂ ਲਿਖਿਆ ਹੋਇਆ। ਕੋਈ ਵੀ ਸਰਕਾਰ ਐਕਟ ਦੇ ਉਲਟ ਕੋਈ ਰੂਲ ਨਹੀਂ ਬਣਾ ਸਕਦੀ। ਸਾਡੇ ਜਿਹੜੇ ਰੂਲਜ਼ ਬਣੇ ਹਨ, ਇਹ ਭਾਰਤ ਸਰਕਾਰ ਦੇ ਐਕਟ ਦੇ ਉਲਟ ਬਣੇ ਹਨ। ਮੈਂ ਤੁਹਾਨੂੰ ਲਿਖ ਕੇ ਭੇਜਿਆ ਹੈ ਕਿ ਤੁਸੀਂ ਕਿਰਪਾ ਕਰਕੇ ਐਕਟ ਦੇ ਰੂਲਾਂ ਵਿੱਚ ਸੋਧ ਕਰੋ। ਜੋ ਸਰਕਾਰ ਦੇ ਐਕਟ ਦੀ ਭਾਵਨਾ ਹੈ, ਉਸ ਮੁਤਾਬਿਕ ਕਰੋ ਤਾਂ ਕਿ ਜਿਹੜੇ ਗਰੀਬ ਲੋਕਾਂ ਦੀ 25% ਸੀਟਾਂ ਤੇ ਐਡਮਿਸ਼ਨ ਦੀ ਗੱਲ ਹੈ, ਆਪਾਂ ਵੱਡੇ ਸਕੂਲ ਖੋਲ੍ਹ ਰਹੇ ਹਾਂ ਪਰ ਜਿਹੜੇ ਮੌਜੂਦਾ ਸਕੂਲ ਹਨ, ਉਨ੍ਹਾਂ ਵਿੱਚ 25% ਸੀਟਾਂ ਤੇ ਐਡਮਿਸ਼ਨ ਦਿਵਾ ਦੇਈਏ, ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਬਹੁਤ ਵੱਡੀ ਸੰਖਿਆ ਵਿੱਚ ਐਡਮਿਸ਼ਨ ਦਿਵਾ ਕੇ ਇਸ ਐਕਟ ਦੀ ਧਾਰਾ ਨੂੰ ਲਾਗੂ ਕਰ ਲਈਏ। ਸੈਂਟਰ ਸਰਕਾਰ ਨੇ ਐਕਟ ਪਾਸ ਕਰ ਦਿੱਤਾ। ਅਸੀਂ ਉਸ ਦੀ ਭਾਵਨਾ ਨੂੰ ਆਪਣੇ ਰੂਲ ਬਣਾ ਕੇ ਆਪ ਘੱਟ ਕਰ ਦਿੱਤਾ। ਰੂਲ ਬਣਾਉਣ ਦੀ ਸਾਡੀ ਬਦਕਿਸਮਤੀ ਇਹ ਹੈ ਕਿ ਜਿਵੇਂ ਹੁਣ ਕਿੰਨੇ ਹੀ ਬਿਲ ਆਏ ਹਨ, ਕਦੋਂ ਇਨ੍ਹਾਂ ਤੇ ਬਹਿਸ ਹੋਣੀ ਹੈ, ਇਨ੍ਹਾਂ ਨੂੰ ਕਿਸੇ ਨੇ ਨਹੀਂ ਪੜ੍ਹਨਾ ਹੈ। ਇਸੇ ਤਰ੍ਹਾਂ ਹੀ ਪਾਸ ਹੋ ਜਾਣੇ ਹਨ। ਜਿਹੜਾ ਕਾਨੂੰਨ ਬਣਾਉਣ ਦਾ ਕੰਮ ਹੈ, ਉਹ ਉਧਰਲੇ ਅਫਸਰਾਂ ਕੋਲ ਚਲਾ ਗਿਆ, ਬਦਲੀਆਂ ਕਰਨ ਦਾ ਕੰਮ ਅਸੀਂ ਆਪਣੇ ਹੱਥ ਵਿੱਚ ਲੈ ਲਿਆ। ਇੱਥੇ ਬਹਿਸ ਦਾ ਖੁੱਲਾ

[ ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ ]

ਮੌਕਾ ਲਿਆ ਕਰੋ। ਰੂਲਜ਼, ਰੈਗੁਲੇਸ਼ਨ ਅਤੇ ਸਟੈਚੂਜ਼ ਬਣਾਉਣੇ ਸਾਡਾ sacred ਫਰਜ਼ ਹੈ। ਉਹ ਅਸੀਂ ਗਲਤ ਨਾ ਬਣਾਈਏ ਅਤੇ ਭਾਵਨਾ ਦੇ ਉਲਟ ਨਾ ਜਾਈਏ। ਸੋ, ਇਹ 2-3 ਗੱਲਾਂ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਸੀ।

ਏਕੀਕ੍ਰਿਤ ਸੇਵਾ ਕੇਂਦਰਾਂ ਦੀ ਗੱਲ ਹੈ। ਇਸ ਸਾਲ 2174 ਸੇਵਾ ਕੇਂਦਰ ਖੋਲ੍ਹਣੇ ਹਨ। ਇਹ ਬਹੁਤ ਵਧੀਆ ਗੱਲ ਹੈ। ਇਸ ਦੇ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਸੇਵਾ ਮਿਲਣੀ ਹੈ। ਇਹ ਬਹੁਤ ਸ਼ਲਾਘਾਯੋਗ ਗੱਲ ਹੈ। 50 ਸੇਵਾਵਾਂ ਇੱਕੋ ਜਗ੍ਹਾ ਤੇ ਇਕੱਠੀਆਂ ਸਾਰੇ ਲੋਕਾਂ ਨੂੰ ਮਿਲਣੀਆਂ ਹਨ। ਇਹ ਪੰਜਾਬ ਸਰਕਾਰ ਦੀ ਬਹੁਤ ਵੱਡੀ ਉਪਲਬਧੀ ਹੋਵੇਗੀ। ਜਿਹੜਾ ਹੁਣ ਲੋਕ ਸ਼ਹਿਰਾਂ ਵਿੱਚ ਜਾ ਕੇ ਆਪਣੇ ਛੋਟੇ ਛੋਟੇ ਕੰਮਾਂ ਲਈ ਧੱਕੇ ਖਾਂਦੇ ਹਨ ਅਤੇ ਜਿਹੜੀ ਉਨ੍ਹਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ, ਇਸ ਨਾਲ ਉਸ ਦਾ ਖਾਤਮਾ ਹੋਵੇਗਾ। ਪੰਜਾਬ ਸਰਕਾਰ ਇਸ ਲਈ ਵਧਾਈ ਦੀ ਪਾਤਰ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇੱਕ ਹੋਰ ਗੱਲ ਕਰਕੇ ਆਪਣੀ ਗੱਲ ਸਮਾਪਤ ਕਰਾਂਗਾ ਕਿ ਜਿਹੜੀ 'ਸਵੱਛ ਭਾਰਤ' ਸਕੀਮ ਹੈ, ਇਹ ਪੰਜ ਸਾਲ ਲਈ ਹੈ ਜਿਹੜੀ ਕਿ 2019 ਤੱਕ ਖਤਮ ਹੋਣੀ ਹੈ, ਜਦੋਂ ਮਹਾਤਮਾ ਗਾਂਧੀ ਜੀ ਦਾ 150ਵਾਂ ਜਨਮ ਦਿਨ ਹੋਵੇਗਾ। ਉਨ੍ਹਾਂ ਦੇ ਨਾਂ ਤੇ ਸਾਡਾ ਸਾਫ ਸੁਥਰਾ ਦੇਸ਼ ਹੋਵੇ, ਇਸ ਲਈ ਭਾਰਤ ਸਰਕਾਰ ਯਤਨਸ਼ੀਲ ਹੈ। ਉਸ ਸਕੀਮ ਤਹਿਤ ਸਾਨੂੰ ਵੀ ਰਲ ਮਿਲ ਕੇ ਬਹੁਤ ਵੱਡੇ ਪ੍ਰਾਜੈਕਟ ਸ਼ੁਰੂ ਕਰਨੇ ਚਾਹੀਦੇ ਹਨ ਕਿ ਸਾਰਾ ਦੇਸ਼ ਸਾਫ ਹੋਵੇ। ਸ਼ਹਿਰਾਂ ਅਤੇ ਪਿੰਡਾਂ ਵਿੱਚ ਟਾਇਲਟਸ ਦੀ ਸਕੀਮ ਨੂੰ ਤੇਜ਼ੀ ਨਾਲ ਲਾਗੂ ਕਰੀਏ। ਲੋਕਾਂ ਵਿੱਚ ਅਵੇਅਰਨੈੱਸ ਪੈਦਾ ਕਰ ਸਕੀਏ ਅਤੇ ਲੋਕਾਂ ਦੀਆਂ ਆਦਤਾਂ ਨੂੰ ਤਬਦੀਲ ਕਰਨ ਦੀ ਜ਼ਰੂਰਤ ਹੈ। ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ, ਇਸ ਲਈ ਬਹੁਤ ਮਿਹਰਬਾਨੀ। ਮੇਰੀ ਵਿੱਤ ਮੰਤਰੀ ਜੀ ਨੂੰ ਬੇਨਤੀ ਹੈ ਕਿ ਮੈਂ ਜਿਹੜੀਆਂ ਦੋ ਚਾਰ ਬੇਨਤੀਆਂ ਕੀਤੀਆਂ ਹਨ, ਇਨ੍ਹਾਂ ਨੂੰ ਆਲੋਚਨਾ ਨਾ ਸਮਝਣਾ। ਕਿਰਪਾ ਕਰਕੇ ਗੁਰੂ ਰਵੀਦਾਸ ਯੂਨੀਵਰਸਿਟੀ ਬਾਰੇ ਅਤੇ ਸ਼ਮਸ਼ਾਨਘਾਟ ਦੀ ਸਕੀਮ ਜਿਸ ਬਾਰੇ ਪਿਛਲੀ ਵਾਰੀ ਅਨਾਊਂਸ ਕੀਤਾ ਸੀ, ਉਸ ਤੇ ਕੋਈ ਨਾ ਕੋਈ ਟਿੱਪਣੀ ਜ਼ਰੂਰ ਦਿਉ। ਧੰਨਵਾਦ।

**ਮਾਨਯੋਗ ਸਪੀਕਰ :** ਰਾਣਾ ਗੁਰਜੀਤ ਸਿੰਘ ਜੀ, ਸਿਰਫ 10 ਮਿੰਟ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਐਸਟੀਮੇਟ ਸਾਲ 2015-16 ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਡਿਮਾਂਡ ਨੰਬਰ 1 ਜਿਹੜੀ ਐਗਰੀਕਲਚਰ ਦੀ ਹੈ, ਉਸ ਬਾਰੇ ਬੋਲਣਾ ਚਾਹੁੰਦਾ ਹਾਂ ਕਿ ਪੰਜਾਬ ਦੇ 65% ਲੋਕ ਐਗਰੀਕਲਚਰ ਤੇ ਡਿਪੈਂਡ ਹਨ।(ਵਿਘਨ) (ਸ਼ੋਰ) ਮੁਆਫ ਕਰਨਾ, ਮੈਂ ਐਗਰੀਕਲਚਰ ਬਾਰੇ ਬਜਟ ਪ੍ਰੋਵੀਜ਼ਨ ਤੇ ਬੋਲਣਾ ਚਾਹੁੰਦਾ ਹਾਂ। 50000 ਸਕੇਅਰ ਕਿਲੋਮੀਟਰ ਸਾਡਾ ਏਰੀਆ ਹੈ, ਇਹ 49 ਲੱਖ ਹੈਕਟੇਅਰ ਬਣਦਾ ਹੈ, ਇਸ ਵਿੱਚੋਂ 83 ਫੀਸਦੀ ਕਲਟੀਵੇਟੇਬਲ ਏਰੀਆ ਹੈ।ਅਸੀਂ ਆਪਣੀ ਖੇਤੀ ਨੂੰ 12.25 ਲੱਖ ਟਿਊਬਵੈੱਲ ਅਤੇ 27% ਨਹਿਰੀ ਪਾਣੀ ਲਗਾ ਕੇ ਸਿੰਜਦੇ ਹਾਂ। ਭਾਰਤ ਸਰਕਾਰ ਅਤੇ ਸਾਡੇ ਸੀ.ਐਮ. ਸਾਹਿਬ, ਪਿਛਲੇ 8 ਸਾਲ ਤੋਂ ਕਿਸਾਨੀ ਦੀ ਬਿਹਤਰੀ ਲਈ ਪੂਰਾ ਯਤਨ ਕਰ ਰਹੇ ਹਨ ਪਰ ਪੰਜਾਬ ਦੀ ਕਿਸਾਨੀ ਕਰਜ਼ੇ ਥੱਲੇ ਨੱਪ ਰਹੀ ਹੈ ਅਤੇ ਕਿਸਾਨ ਖੁਸ਼ਹਾਲ ਨਹੀਂ ਹਨ। ਇੱਥੇ ਡਾਈਵਰਸੀਫਿਕੇਸ਼ਨ ਦੀ ਗੱਲ ਵੀ ਹੋਈ ਹੈ। ਹੁਣ ਸਵਾਮੀਨਾਥਨ ਰਿਪੋਰਟ ਦੀ ਵੀ ਬੜੀ ਚਰਚਾ ਹੈ। ਲੋਕ ਸਭਾ ਇਲੈਕਸ਼ਨ ਦੌਰਾਨ ਬੀ.ਜੇ.ਪੀ. ਦੇ ਚੋਣ ਮੈਨੀਫੈਸਟੋ ਵਿੱਚ ਵੀ ਡਾਈਵਰਸੀਫਿਕੇਸ਼ਨ ਦਾ ਜ਼ਿਕਰ ਆਇਆ ਹੈ। ਦੇਖਿਆ ਜਾ ਰਿਹਾ ਹੈ ਕਿ ਸਵਾਮੀਨਾਥਨ ਜੀ ਨੇ ਇਹ ਕਿਹਾ ਹੈ ਕਿ ਰਿਸਰਚ ਅਤੇ ਡਿਵੈਲਪਮੈਂਟ ਦੀ ਲੋੜ ਹੈ ਕਿਉਂਕਿ ਕਲਾਈਮੇਟ ਚੇਂਜ ਆ ਰਿਹਾ ਹੈ ਅਤੇ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ। ਜਦੋਂ ਤੱਕ ਅਸੀਂ ਅੱਛੀ ਕਿਸਮ ਦੀ ਕਣਕ ਅਤੇ ਝੋਨਾ ਪੈਦਾ ਨਹੀਂ ਕਰਾਂਗੇ, ਡਿਵੈਲਪਮੈਂਟ ਲਈ ਰਿਸਰਚ ਤੇ ਖਰਚਾ ਨਹੀਂ ਕਰਾਂਗੇ ਤਾਂ ਆਉਣ ਵਾਲਾ ਭਵਿੱਖ ਕੋਈ ਜ਼ਿਆਦਾ ਚੰਗਾ ਨਹੀਂ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਜੀ ਨੇ ਸਾਲ 2002 ਤੋਂ 2007 ਤੱਕ ਡਾਈਵਰਸੀਫਿਕੇਸ਼ਨ ਤੇ ਚਰਚਾ ਸ਼ੁਰੂ ਕੀਤੀ ਅਤੇ ਕੰਮ ਵੀ ਚਾਲੂ ਕੀਤਾ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਸ ਨੂੰ ਅੱਗੇ ਵਧਾਉਂਦੇ ਹੋਏ 7900 ਕਰੋੜ ਰੁਪਏ ਦਾ ਪਰਪੋਜ਼ਲ ਬਣਾ ਕੇ ਡਾਕਟਰ ਮਨਮੋਹਨ ਸਿੰਘ ਜੀ, ਸਾਬਕਾ ਪ੍ਰਧਾਨ ਮੰਤਰੀ ਜੀ ਨੂੰ ਭੇਜਿਆ। ਡਾਕਟਰ ਮਨਮੋਹਨ ਸਿੰਘ ਪੰਜਾਬ ਦੀ ਅਤੇ ਪੰਜਾਬ ਦੇ ਕਿਸਾਨ ਦੀ ਮਦਦ ਕਰਨਾ ਚਾਹੁੰਦੇ ਸਨ, ਅਸੀਂ ਕੇਸ ਰਿਪਰਜ਼ੈਂਟ ਕੀਤਾ ਅਤੇ ਲੇਕਿਨ ਕਿਸੇ ਵਜ੍ਹਾ ਨਾਲ ਇਨ ਟੋਟਲ ਸਾਡੀ ਰਿਪਰਜ਼ੈਂਟੇਸ਼ਨ ਐਕਸੈਪਟ ਨਹੀਂ ਹੋਈ। ਡਾਕਟਰ ਮਨਮੋਹਨ ਸਿੰਘ ਜੀ ਨੇ ਪਹਿਲੇ ਸਾਲ 250 ਕਰੋੜ ਰੁਪਿਆ ਪੰਜਾਬ ਵਾਸਤੇ ਅਤੇ ਬਾਕੀ 250 ਕਰੋੜ ਰੁਪਿਆ ਸਾਰੇ ਮੁਲਕ ਨੂੰ ਮਿਲਾ ਕੇ, ਕੁੱਲ 500 ਕਰੋੜ ਰੁਪਿਆ ਡਾਈਵਰਸੀਫਿਕੇਸ਼ਨ ਲਈ ਰੱਖਿਆ।

[ ਰਾਣਾ ਗੁਰਜੀਤ ਸਿੰਘ ]

ਉਸ ਤੋਂ ਅਗਲੇ ਸਾਲ 2014-15 ਵਿੱਚ ਐਨ.ਡੀ.ਏ. ਦੀ ਸਰਕਾਰ ਨੇ ਇਹ ਕਟਵਾ ਕੇ 125 ਕਰੋੜ ਰੁਪਿਆ ਕਰ ਦਿੱਤਾ। ਇਸ ਸਾਲ ਦੇ ਬਜਟ ਵਿੱਚ ਭਾਰਤ ਸਰਕਾਰ ਨੇ ਡਾਈਵਰਸੀਫਿਕੇਸ਼ਨ ਲਈ ਪੰਜਾਬ ਨੂੰ ਇੱਕ ਰੁਪਿਆ ਨਹੀਂ ਦਿੱਤਾ। ਆਰ.ਕੇ.ਵੀ.ਵਾਈ. ਦੀ ਸਕੀਮ ਬੜੀ ਲਾਹੇਵੰਦ ਸਕੀਮ ਸੀ ਅਤੇ ਮੈਨੂੰ ਇਹ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਇਹ ਸਰਦਾਰ ਪਰਕਾਸ਼ ਸਿੰਘ ਬਾਦਲ, ਸੀ.ਐਮ. ਪੰਜਾਬ ਦਾ ਪੈਟ ਪ੍ਰਾਜੈਕਟ ਹੈ ਔਰ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਹੋਰਾਂ ਨੇ ਖੁੱਲਾ ਹੱਥ ਦਿੱਤਾ ਕਿ ਤੁਹਾਡੇ ਉਤੇ ਕੋਈ ਰੋਕ-ਟੋਕ ਨਹੀਂ, ਐਗਰੀਕਲਚਰ ਦੇ ਇਸ ਪੈਸੇ ਨੂੰ ਤੁਸੀਂ ਕਿਸੇ ਵੀ ਕੰਮ ਲਈ ਵਰਤ ਸਕਦੇ ਹੋ। ਹੁਣ ਬਜਟ ਵਿੱਚ ਭਾਰਤ ਸਰਕਾਰ ਨੇ ਪੈਸਾ ਜ਼ਰੂਰ ਡੇਢ ਗੁਣਾ ਜਾਂ ਦੁੱਗਣਾ ਕਰ ਦਿੱਤਾ ਹੈ ਪ੍ਰੰਤੂ ਪਾਬੰਦੀ ਲਗਾ ਦਿੱਤੀ ਹੈ ਕਿ 50% ਪੰਜਾਬ ਸਰਕਾਰ ਪੈਸਾ ਪਾਵੇਗੀ ਅਤੇ 50% ਕੇਂਦਰ ਸਰਕਾਰ ਦੇਵ੍ਹੇਗੀ। ਨਾ ਸਾਡੇ ਕੋਲ 50% ਪੈਸੇ ਪਾਉਣ ਜੋਗੇ ਹੋਣਗੇ ਅਤੇ ਨਾ ਹੀ ਜੋ ਅਸੀਂ ਆਪਣੇ ਕਿਸਾਨਾਂ ਨੂੰ ਸਹੂਲਤਾਂ ਦੇਣ ਵਾਸਤੇ ਸਕੀਮਾਂ ਇੰਪਲੀਮੈਂਟ ਕਰਨਾ ਚਾਹੁੰਦੇ ਹਾਂ, ਉਹ ਇੰਪਲੀਮੈਂਟ ਹੋਣਗੀਆਂ। ਇਸ ਬਾਰੇ ਉਥੇ ਗੱਲ ਕਰਨ ਦੀ ਲੋੜ ਹੈ। ਪੰਜਾਬ ਸਰਕਾਰ ਤਾਂ ਇਸ ਵੇਲੇ ਤਨਖਾਹਾਂ ਵੀ ਨਹੀਂ ਦੇ ਸਕਦੀ, ਇਹ ਆਰ.ਕੇ.ਵੀ.ਵਾਈ. ਦੀ ਸਕੀਮ ਵਿੱਚ ਕਿਵੇਂ 50% ਆਪਣਾ ਹਿੱਸਾ ਪਾਵੇਗੀ।

*3.56 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸੇ ਤਰ੍ਹਾਂ ਮੈਂ ਸਵਾਮੀਨਾਥਨ ਰਿਪੋਰਟ ਤੇ ਵਾਪਸ ਆਉਂਦਾ ਹਾਂ। ਉਨ੍ਹਾਂ ਨੇ ਰਿਸਰਚ ਅਤੇ ਡਿਵੈਲਪਮੈਂਟ ਦੀ ਗੱਲ ਕੀਤੀ ਹੈ। ਅਸੀਂ ਪਿਛਲੇ ਸਾਲ ਵੀ ਬਜਟ ਵਿੱਚ 300 ਕਰੋੜ ਰੁਪਿਆ ਐਗਰੀਕਲਚਰ ਸੈਕਟਰ ਵਾਸਤੇ ਰੱਖਿਆ ਸੀ। ਇਸ ਸਾਲ ਵੀ ਅਸੀਂ ਉਥੇ ਦੇ ਉਥੇ ਹੀ ਹਾਂ। ਪੀ.ਏ.ਯੂ., ਲੁਧਿਆਣਾ ਕੇਵਲ ਤਨਖਾਹਾਂ ਅਤੇ ਬਾਕੀ ਦੇ ਐਕਸਪੈਂਸਜ਼ ਹੀ 300/- ਕਰੋੜ ਰੁਪਏ ਵਿੱਚੋਂ ਦੇ ਸਕਦੀ ਹੈ। ਜੇਕਰ ਅਸੀਂ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਨੂੰ ਅਸਲ ਵਿੱਚ ਲਾਗੂ ਕਰਨਾ ਚ਼ਾਹੁੰਦੇ ਹਾਂ ਅਤੇ ਕਿਸਾਨਾਂ ਦਾ ਭਲਾ ਕਰਨਾ ਚਾਹੁੰਦੇ ਹਾਂ ਤਾਂ ਰਿਸਰਚ ਅਤੇ ਡਿਵੈਲਪਮੈਂਟ ਲਈ ਸਾਨੂੰ ਵੱਧ ਪੈਸੇ ਦੇਣ ਦੀ ਲੋੜ ਹੈ ਤਾਂ ਜੋ ਪੰਜਾਬ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਰਿਸਰਚ ਅਤੇ ਡਿਵੈਲਪਮੈਂਟ ਹੋ ਸਕੇ। ਦੂਜੀ

ਗੱਲ ਇਹ ਹੈ ਕਿ ਮੱਕੀ, ਫਰੂਟਸ ਅਤੇ ਵੈਜੀਟੇਬਲਜ਼ ਉਤੇ ਐਮ.ਐਸ.ਪੀ. ਹੋਣੀ ਚਾਹੀਦੀ ਹੈ। ਜੇਕਰ ਹਿਮਾਚਲ ਪ੍ਰਦੇਸ਼ ਸੇਬਾਂ ਉਤੇ ਐਮ.ਐਸ.ਪੀ. ਦੇ ਸਕਦਾ ਹੈ ਤਾਂ ਅਸੀਂ ਪੰਜਾਬ ਦੀ ਅਤੇ ਹਿੰਦੁਸਤਾਨ ਦੀ ਬਿਹਤਰੀ ਵਾਸਤੇ ਪੰਜਾਬ ਦੇ ਕਿਸਾਨ ਨੂੰ ਵੈਜੀਟੇਬਲਜ਼ ਵੱਲ ਲੈ ਕੇ ਜਾਈਏ ਅਤੇ ਐਮ.ਐਸ.ਪੀ. ਦੇਈਏ, ਮੱਕੀ ਦੀ ਐਮ.ਐਸ.ਪੀ. ਦੇਈਏ ਅਤੇ ਫਰੂਟਸ ਤੇ ਵੀ ਐਮ.ਐਸ.ਪੀ. ਦੇਈਏ। ਪਿਛਲੇ ਸਾਲ ਅਸੀਂ ਡਾਈਵਰਸੀਫਿਕੇਸ਼ਨ ਦੇ ਤਹਿਤ ਪੰਜਾਬ ਵਿੱਚ ਮੱਕੀ ਬਿਜਵਾਈ ਸੀ। ਮੱਕੀ 700/- ਰੁਪਏ ਤੇ 800/- ਰੁਪਏ ਪ੍ਰਤੀ ਕੁਇੰਟਲ ਰੇਟ ਤੇ ਰੁਲਦੀ ਰਹੀ। ਹੁਣ ਆਉਣ ਵਾਲੇ ਸਾਲ ਵਿੱਚ ਵੀ ਮੈਨੂੰ ਪੂਰਾ ਖਦਸ਼ਾ ਹੈ ਕਿ ਇਹੋ ਕੁਝ ਹੀ ਫਿਰ ਹੋਵੇਗਾ। ਸਰਕਾਰ ਨੂੰ ਇਸ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਲੇਕਿਨ ਭਾਰਤ ਸਰਕਾਰ ਐਮ.ਐਸ.ਪੀ. ਵਿੱਚ ਕਹਿੰਦੀ ਹੈ ਕਿ 50% ਐਮ.ਐਸ.ਪੀ. ਤੇ ਖਰੀਦੋ ਅਤੇ ਜਿਹੜਾ ਘਾਟਾ ਹੋਵੇਗਾ, ਉਸ ਵਿੱਚੋਂ ਅੱਧਾ ਘਾਟਾ ਪੰਜਾਬ ਸਰਕਾਰ ਦੇਵੇ ਅਤੇ ਅੱਧਾ ਘਾਟਾ ਭਾਰਤ ਸਰਕਾਰ ਦੇਵੇਗੀ। ਪੰਜਾਬ ਸਰਕਾਰ ਦਾ ਹਾਲ ਤਾਂ ਢੀਂਡਸਾ ਸਾਹਿਬ ਨੂੰ ਪਤਾ ਹੈ, ਸਾਨੂੰ ਸਾਰਿਆਂ ਨੂੰ ਪਤਾ ਹੈ, ਮੁਲਾਜ਼ਮਾਂ ਨੂੰ ਪਤਾ ਹੈ, ਅਫਸਰਾਂ ਨੂੰ ਪਤਾ ਹੈ, ਇਨ੍ਹਾਂ ਦੀਆਂ ਤਨਖਾਹਾਂ ਹੀ ਨਹੀਂ ਦਿੱਤੀਆਂ ਜਾਂਦੀਆਂ ਤੇ ਇਹ 50% ਘਾਟਾ ਕਿਸ ਤਰ੍ਹਾਂ ਝੱਲੇਗੀ। ਮੇਰਾ ਮਤਲਬ ਇਹ ਨਹੀਂ ਹੈ ਕਿ ਕਿਸਾਨੀ ਰੁਲਦੀ ਫਿਰੇ। ਡਾਕਟਰ ਸਵਾਮੀਨਾਥਨ ਜੀ ਇਹ ਵੀ ਕਹਿੰਦੇ ਹਨ ਕਿ ਕਿਸਾਨਾਂ ਨੂੰ 24 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ। ਕਿਸਾਨ ਬਿਜਲੀ ਦਾ ਪੈਸਾ ਦੇਵੇ। ਅੱਜ ਕਿਸਾਨ ਇਸ ਹਾਲਤ ਵਿੱਚ ਨਹੀਂ ਹੈ । 50,000/- ਕਰੋੜ ਰੁਪਏ ਦੀ ਫਸਲ ਮੰਡੀਆਂ ਵਿੱਚ ਆਉਂਦੀ ਹੈ ਅਤੇ ਅਸੀਂ 5500/- ਕਰੋੜ ਰੁਪਿਆ ਸਬਸਿਡੀ ਦਿੰਦੇ ਹਾਂ। ਜਿਹੜੀ ਅਸੀਂ ਫਸਲ ਵੇਚਦੇ ਹਾਂ, ਇਹ ਉਸ ਦਾ ਤਕਰੀਬਨ 11% ਹੋ ਜਾਂਦਾ ਹੈ। ਬਿਜਲੀ ਦਾ ਪੈਸਾ ਕਿਸਾਨ ਨਹੀਂ ਦੇ ਸਕਦਾ। This is non negotiable . ਲੇਕਿਨ, ਮੋਦੀ ਸਾਹਿਬ ਵੀ ਪੰਜਾਬ ਸਰਕਾਰ ਨੂੰ ਕਹਿੰਦੇ ਹਨ ਕਿ ਆਉਣ ਵਾਲੇ ਸਮੇਂ ਵਿੱਚ freebies ਬੰਦ ਕੀਤੀਆਂ ਜਾਣ। ਇਸ ਦਾ ਮਤਲਬ ਹੈ ਕਿ ਤੁਸੀਂ ਕਿਸਾਨ ਦੀ ਬਿਜਲੀ ਬੰਦ ਕਰ ਦਿਉਗੇ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੂੰ ਫਰੀ ਬਿਜਲੀ ਦੇਣ ਨਾਲ ਪੰਜਾਬ ਨੂੰ ਪਿਛਲੇ 18 ਸਾਲਾਂ ਵਿੱਚ 80-90 ਹਜ਼ਾਰ ਕਰੋੜ ਰੁਪਏ ਦਾ ਘਾਟਾ ਪਿਆ ਹੈ ਅਤੇ ਪੰਜਾਬ ਉਤੇ ਕੁੱਲ ਕਰਜ਼ਾ 1 ਲੱਖ 25 ਹਜ਼ਾਰ ਕਰੋੜ ਰੁਪਏ ਦਾ ਹੈ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਇੱਕ ਨਾ ਇੱਕ ਦਿਨ ਇਸ ਦਾ ਹੱਲ ਕੱਢਣਾ ਪਵੇਗਾ, ਅੱਜ ਅਸੀਂ 5500/- ਕਰੋੜ ਰੁਪਏ ਦੀ ਸਬਸਿਡੀ ਦੇ

[ ਰਾਣਾ ਗੁਰਜੀਤ ਸਿੰਘ ]

ਰਹੇ ਹਾਂ, ਕੱਲ੍ਹ ਨੂੰ ਵੱਧ ਕੇ 7000/- ਕਰੋੜ ਰੁਪਏ ਵੀ ਹੋ ਸਕਦੀ ਹੈ, ਫਿਰ 8000/- ਕਰੋੜ ਰੁਪਏ ਹੋ ਜਾਵੇਗੀ। ਅਚਾਨਕ ਹੀ ਕੋਈ ਆ ਕੇ ਇਨ੍ਹਾਂ ਦੀ ਫਰੀ ਬਿਜਲੀ ਬੰਦ ਕਰਵਾ ਦੇਵੇ ਅਤੇ ਬਿਜਲੀ ਦਾ ਬਿਲ ਕਿਸਾਨ ਨੂੰ ਜਾਣ ਲੱਗ ਪਵੇ, ਉਸ ਦੇ ਲਈ ਸਰਕਾਰ ਨੇ ਕੀ ਸੋਚਿਆ ਹੈ? ਪਿਛਲੇ ਦਿਨੀ ਸੀ.ਐਮ. ਸਾਹਿਬ ਨੇ ਗਵਰਨਰ ਐਡਰੈਸ ਤੇ ਬੋਲਦੇ ਹੋਏ ਸੋਲਰ ਐਨਰਜੀ ਬਾਰੇ ਜ਼ਿਕਰ ਕੀਤਾ ਹੈ ਕਿ ਸਰਦਾਰ ਬਿਕਰਮ ਸਿੰਘ ਮਜੀਠੀਆ, ਮੈਂ ਨਾਂ ਲੈ ਦਿੱਤਾ ਹੈ, ਕਿਉਂਜੋ ਸੋਲਰ ਐਨਰਜੀ ਡਿਪਾਰਟਮੈਂਟ ਉਨ੍ਹਾਂ ਕੋਲ ਹੈ ਅਤੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਕੋਈ ਮੈਡਲ ਵੀ ਦਿੱਤਾ ਹੈ। ਅੱਜ ਮੋਦੀ ਸਾਹਿਬ ਵੀ ਇਹ ਕਹਿ ਰਹੇ ਹਨ ਕਿ ਸੋਲਰ ਐਨਰਜੀ ਆਉਣੀ ਚਾਹੀਦੀ ਹੈ, big industrial houses should invest in this sector. ਇੱਕ ਲੱਖ ਮੈਗਾਵਾਟ ਐਨਰਜੀ ਦਾ ਟੀਚਾ ਸਾਡੇ ਆਉਣ ਵਾਲੇ ਪੰਜ ਸਾਲਾਂ ਦਾ ਹੈ। ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬੰਦਾ ਧਰਤੀ ਦਾ ਮਾਲਕ ਹੋਵੇ, ਉਸ ਤੋਂ ਵੀ ਅਸੀਂ ਬਿਜਲੀ ਦੇ ਬਿਲ ਦੀ ਆਸ ਕਰਦੇ ਹਾਂ ਕਿ ਉਹ ਬਿਜਲੀ ਦਾ ਬਿਲ ਦੇਵੇ, ਕੀ ਸਰਕਾਰ ਨੇ ਕਦੇ ਸੋਚਿਆ ਹੈ ਕਿ ਜੇ ਪੰਜਾਬ ਨੂੰ ਖੁਸ਼ਹਾਲ ਕਰਨਾ ਹੈ ਤਾਂ ਹਰ ਕਿਸਾਨ ਨੂੰ ਖੁਸ਼ਹਾਲ ਕਰਨਾ ਪਵੇਗਾ? ਜੇ ਕਿਸਾਨ ਖੁਸ਼ਹਾਲ ਹੋਵੇਗਾ ਤਾਂ ਖੇਤ ਮਜ਼ਦੂਰ ਖੁਸ਼ਹਾਲ ਹੋਵੇਗਾ । ਜੇ ਖੇਤ ਮਜ਼ਦੂਰ ਤੇ ਕਿਸਾਨ ਦੋਵੇਂ ਖੁਸ਼ਹਾਲੀ ਵੱਲ ਤੁਰਨਗੇ ਤਾਂ ਹੀ ਪੰਜਾਬ ਖੁਸ਼ਹਾਲੀ ਵੱਲ ਤੁਰੇਗਾ ।

**ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਸਰਦਾਰ ਤੋਤਾ ਸਿੰਘ) :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਮਾਨਯੋਗ ਮੈਂਬਰ ਸਾਹਿਬ ਬਹੁਤ ਸਤਿਕਾਰਯੋਗ ਵੀ ਹਨ ਅਤੇ ਐਕਸਪੀਰੀਐਂਸ-ਹੈਂਡ ਵੀ ਬਹੁਤ ਹਨ। ਮੈਂ ਵੀ ਕਈ ਗੱਲਾਂ ਤੇ ਇਨ੍ਹਾਂ ਦੀ ਰਾਏ ਲੈਂਦਾ ਹਾਂ । ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਵਾਮੀਨਾਥਨ ਰਿਪੋਰਟ ਦਾ ਬਹੁਤ ਸਤਿਕਾਰ ਕਰ ਰਹੇ ਹਨ । ਸਾਰੀਆਂ ਰਿਪੋਰਟਾਂ ਉਸ ਨੇ ਬੜੀਆਂ ਵਧੀਆਂ ਦਿੱਤੀਆਂ ਹਨ ਪਰ ਜਿਹੜਾ ਉਸ ਨੇ ਕਿਹਾ ਹੈ ਕਿ ਕਿਸਾਨਾਂ ਨੂੰ 24 ਘੰਟੇ ਬਿਜਲੀ ਦਿੱਤੀ ਜਾਵੇ ਤੇ ਉਹ ਬਿਲ ਦੇਣ ਨੂੰ ਤਿਆਰ ਹਨ, ਬਿਲ ਲੈ ਲੈਣਾ ਚਾਹੀਦਾ ਹੈ । ਕੀ ਤੁਸੀਂ ਇਸ ਚੀਜ਼ ਨੂੰ ਮੰਨ ਸਕਦੇ ਹੋ ? ਤੁਸੀਂ ਵੀ ਕਿਸਾਨ ਹੋ ਤੇ ਮੈਂ ਵੀ ਕਿਸਾਨ ਹਾਂ । ਅਸੀਂ ਅੱਠ ਘੰਟੇ ਲਈ ਬਿਜਲੀ ਝੋਨੇ ਵਾਸਤੇ 90 ਦਿਨ ਲਈ ਦਿੰਦੇ ਹਾਂ, ਅੱਗੋਂ ਪਿੱਛੋਂ ਦਿੰਦੇ ਹਾਂ । ਕਦੀ ਆਪਾਂ ਇਹ

ਸੋਚਿਆ ਹੈ ਕਿ 20 ਹਾਰਸ ਪਾਵਰ ਤੋਂ ਘੱਟ ਕਿਸੇ ਦੀ ਮੋਟਰ ਨਹੀਂ, ਕਿਸੇ ਦੀ 15 ਹਾਰਸ ਪਾਵਰ ਦੀ ਵੀ ਹੈ ਤੇ ਕਿਸੇ ਦੀ 25 ਹਾਰਸ ਪਾਵਰ ਦੀ ਵੀ ਹੈ । 15 ਹਾਰਸ ਪਾਵਰ ਦੀ ਐਵਰੇਜ ਲਗਾ ਲਉ। 1 ਹਾਰਸ ਪਾਵਰ ਦੀ ਮੋਟਰ ਇੱਕ ਘੰਟੇ ਵਿੱਚ ਇੱਕ ਯੂਨਿਟ ਖਾਂਦੀ ਹੈ ਤੇ ਜੇ 15 ਹਾਰਸ ਪਾਵਰ ਦੀ ਮੋਟਰ ਇੱਕ ਘੰਟੇ ਵਿੱਚ 15 ਯੂਨਿਟ ਵੀ ਖਾ ਜਾਵੇ ਤੇ ਜੇ 6/- ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਇੱਕ ਘੰਟੇ ਦੇ 90/- ਰੁਪਏ ਬਣ ਗਏ । ਜੇ ਅੱਠ ਘੰਟੇ ਬਿਜਲੀ ਦਿੱਤੀ ਜਾਂਦੀ ਹੈ ਤਾਂ 720/- ਰੁਪਏ ਦਿਹਾੜੀ ਦੇ ਬਣ ਗਏ । ਜੇ ਤੁਸੀਂ ਕਹਿੰਦੇ ਹੋ ਕਿ 24 ਘੰਟੇ ਬਿਜਲੀ ਦੇਈਏ ਤੇ 24 ਘੰਟੇ ਦੀ ਇਹ ਰਕਮ ਤਿੰਨ ਗੁਣਾਂ ਬਣ ਜਾਂਦੀ ਹੈ ਤੇ ਇਹ ਰਕਮ ਤਕਰੀਬਨ 2100/- ਰੁਪਏ ਬਣ ਜਾਂਦੀ ਹੈ। ਕੀ ਕਿਸਾਨ ਇੰਨਾ ਬਿਲ ਦੇ ਸਕਦਾ ਹੈ ? ਕੋਈ ਵੀ ਕਿਸਾਨ ਇੰਨਾ ਬਿਲ ਨਹੀਂ ਦੇ ਸਕਦਾ । ਇਸ ਲਈ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਡਾਕਟਰ ਸਵਾਮੀਨਾਥਨ ਜੀ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ ਸੀ ਕਿ ਕਿਸਾਨ ਨੂੰ 24 ਘੰਟੇ ਬਿਜਲੀ ਦੇ ਦਿਉ । ਇਹ ਭੁਲੇਖਾ ਹੈ । ਕੋਈ ਇੰਨਾ ਬਿਲ ਨਹੀਂ ਦੇ ਸਕਦਾ । ਸਰਕਾਰ ਜਿਹੜੀ ਅੱਠ ਘੰਟੇ ਬਿਜਲੀ ਦਿੰਦੀ ਹੈ ਤੇ ਇਹ ਮੁਫਤ ਦਿੱਤੀ ਹੈ, ਇਸ ਬਾਰੇ 5400 ਕਰੋੜ ਰੁਪਿਆ ਬਜਟ ਵਿੱਚ ਰੱਖਿਆ ਗਿਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੇ ਅਸੀਂ ਧੰਨਵਾਦੀ ਹਾਂ ਕਿ ਇਹ ਸਾਲ 1997 ਤੋਂ ਫਰੀ ਬਿਜਲੀ ਦਿੰਦੇ ਰਹੇ ਹਨ । ਤੁਹਾਡਾ ਰਾਜ ਆਇਆ ਤੇ ਤੁਸੀਂ ਡੰਡੇ ਨਾਲ ਉਗਰਾਹੀ ਕੀਤੀ । ਸਾਡੇ ਕੁਨੈਕਸ਼ਨ ਕੱਟੇ ਅਤੇ ਮੋਘੇ ਬੰਦ ਕੀਤੇ ।

**ਰਾਣਾ ਗੁਰਜੀਤ ਸਿੰਘ :** ਜਥੇਦਾਰ ਜੀ, ਮੈਂ ਤੁਹਾਡਾ ਬਹੁਤ ਸਤਿਕਾਰ ਕਰਦਾ ਹਾਂ । ਬਾਦਲ ਸਾਹਿਬ ਤੋਂ ਬਾਅਦ ਤੁਹਾਡਾ ਸਤਿਕਾਰ ਕਰਦਾ ਹਾਂ । ਜਿੰਨਾ ਖੇਤੀਬਾੜੀ ਬਾਰੇ ਤੁਹਾਨੂੰ ਪਤਾ ਹੈ ਜਾਂ ਤੁਹਾਨੂੰ ਚਿੰਤਾ ਹੈ, ਸ਼ਾਇਦ ਕਿਸੇ ਨੂੰ ਨਹੀਂ । ਇਹ ਹਾਸੇ ਵਾਲੀ ਗੱਲ ਨਹੀਂ ਹੈ । ਵੇਖੋ, ਕੋਈ ਵੀ ਰਿਪੋਰਟ ਆਪਾਂ ਕਹੀਏ ਕਿ ਇਹ ਚੀਜ਼ ਮੈਨੂੰ ਪਸੰਦ ਹੈ ਤੇ ਇਹ ਮੈਂ ਰੱਖ ਲਈ, ਜੋ ਪਸੰਦ ਨਹੀਂ ਆਪਾਂ ਉਹ ਚੀਜ਼ ਚੁੱਕ ਕੇ ਇੱਧਰ ਮਾਰੀ । ਸਵਾਲ ਹੈ ਕਿ ਦਿਮਾਗ ਲਗਾਉਣ ਦੀ ਲੋੜ ਹੈ । ਸੱਚੀਂ ਅਸਲ ਵਿੱਚ ਦਿਮਾਗ ਲਗਾਉਣ ਦੀ ਲੋੜ ਹੈ । ਚਾਹੇ ਅਫਸਰ ਸਾਹਿਬਾਨ ਬੈਠੇ ਹਨ, ਚਾਹੇ ਅਸੀਂ ਸਿਆਸੀ ਬੰਦੇ ਬੈਠੇ ਹਾਂ, we should think across Party lines. ਅਗਰ ਕਿਸਾਨ ਦਾ ਭਲਾ ਕਰਨਾ ਹੈ, ਸੋਲਰ ਐਨਰਜੀ ਦੀ ਗੱਲ ਮੈਂ ਕੀਤੀ ਸੀ । ਜਿੱਥੋਂ ਮੈਂ ਤੁਰਿਆ ਸੀ ਤੁਸੀਂ ਮੈਨੂੰ ਉਥੇ ਡੱਕ ਦਿੱਤਾ ਹੈ। ਮੈਂ ਕਿਸਾਨ ਦੀ ਹੀ ਗੱਲ ਕਰਨ ਜਾ ਰਿਹਾ ਹਾਂ । ਵੇਖੋ,

[ ਰਾਣਾ ਗੁਰਜੀਤ ਸਿੰਘ ]

ਜਦ ਤੱਕ ਕਿਸਾਨ ਨੂੰ ਤੁਸੀਂ ਐਂਟਰਪ੍ਰਨਿਓਰ ਨਹੀਂ ਬਣਾਉਗੇ, ਉਹ ਰੋਜ਼ ਪੈਸੇ ਨਹੀਂ ਗਿਣੇਗਾ, ਉਦੋਂ ਤੱਕ ਉਸ ਨੂੰ ਜਿਉਣ ਦਾ ਸਵਾਦ ਨਹੀਂ ਆਵੇਗਾ । ਨਹੀਂ ਤਾਂ ਉਹ ਡਰੱਗਜ਼ ਵੱਲ ਜਾਵੇਗਾ, ਮਾੜੇ ਕੰਮ ਕਰੇਗਾ ਤੇ ਜਿਸ ਦਿਨ ਤੁਸੀਂ ਉਸ ਨੂੰ ਪੈਸੇ ਗਿਣਨ ਵਾਸਤੇ ਲਗਾ ਦਿੱਤਾ, ਜਿਸ ਦਿਨ ਤੁਸੀਂ ਉਸ ਨੂੰ ਐਂਟਰਪ੍ਰਨਿਓਰ ਬਣਾ ਦਿੱਤਾ ਤੇ ਉਸ ਦਿਨ ਤੋਂ ਹੀ ਪੰਜਾਬ ਖੁਸ਼ਹਾਲ ਹੋ ਜਾਵੇਗਾ, ਡਰੱਗਜ਼ ਦੀ ਪਰਾਬਲਮ ਵੀ ਸਾਲਵ ਹੋ ਜਾਵੇਗੀ, ਯੂਥ ਨੂੰ ਇੰਪਲਾਇਮੈਂਟ ਵੀ ਮਿਲੇਗੀ ਤੇ ਇਸ ਨਾਲ ਕਿਸਾਨ ਅਤੇ ਖੇਤ ਮਜ਼ਦੂਰ ਦੀ ਸੈਲਫ ਰਿਸਪੈਕਟ ਵੀ ਵੱਧ ਜਾਵੇਗੀ । ਸੀ.ਐਮ. ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨੇ ਬਹੁਤ ਵਾਰੀ ਪੰਜਾਬ ਵਿੱਚ ਸ਼ਤ-ਪ੍ਰਤੀਸ਼ਤ ਪਾਵਰ ਦੀ ਗੱਲ ਕੀਤੀ ਹੈ but at what cost, I ask, at what cost. ਸਾਡੇ ਜਿਹੜੇ ਪੁਰਾਣੇ ਇੰਡਸਟਰੀਅਲ ਪਾਵਰ ਹਾਊਸ ਪਾਵਰਕੌਮ ਦੇ ਹਨ, ਸਵਾ ਤਿੰਨ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਉਹ ਬਿਜਲੀ ਬਣਾ ਰਹੇ ਹਨ । ਪੰਜ ਸਾਢੇ ਪੰਜ ਰੁਪਏ ਪ੍ਰਤੀ ਯੂਨਿਟ ਸਾਨੂੰ ਨਵੇਂ ਪਾਵਰ ਹਾਊਸਿਜ਼ ਤੋਂ ਬਿਜਲੀ ਪਵੇਗੀ ਤੇ ਪੰਜਾਬ ਦਾ ਇਹ ਪੀ.ਐਸ.ਈ.ਬੀ. ਬੰਦ ਹੋਵੇਗਾ ਕਿ ਨਹੀਂ ਹੋਵੇਗਾ, ਇਹ ਬੰਦ ਹੋਵੇਗਾ । ਡਿਸਮੈਂਟਲ ਤਾਂ ਕਰ ਦਿੱਤਾ ਤੇ ਇਸ ਨੂੰ ਬੰਦ ਕਰਨ ਦਾ ਸਮਾਂ ਆ ਜਾਣਾ ਹੈ । ਦੋਵਾਂ ਵਿੱਚੋਂ ਇੱਕ ਯੂਨਿਟ ਜ਼ਰੂਰ ਬੰਦ ਕਰਨਾ ਪੈਣਾ ਹੈ। ਜੇ ਦੋਵੇਂ ਹੀ ਚਲਾਉਗੇ ਤਾਂ ਨਵਿਆਂ ਨੂੰ ਜਿਹੜਾ ਘਾਟਾ ਪੈਂਦਾ ਹੈ, ਉਹ ਸਰਕਾਰ ਨੂੰ ਦੇਣਾ ਪਵੇਗਾ ।

Now, I am coming back to solar energy. ਸੋਲਰ ਐਨਰਜੀ ਦੀ ਮੈਂ ਗੱਲ ਕਰਨੀ ਚਾਹੁੰਦਾ ਹੈ । ਸੋਲਰ ਪਾਵਰ ਬਾਰੇ ਸੀ.ਐਮ. ਸਾਹਿਬ ਨੇ ਵੀ ਆਪਣੇ ਗਵਰਨਰ ਐਡਰੈਸ ਵਿੱਚ ਬੋਲਦੇ ਹੋਏ ਕਿਹਾ ਸੀ ਕਿ ਇੱਕ ਟੈਂਕ ਬਣਾ ਲਉ, ਉਸ ਤੇ ਸੋਲਰ ਪੰਪ ਲਗਾ ਦਿਉ । ਸੀ.ਐਮ. ਸਾਹਿਬ ਤੁਸੀਂ ਆਪਣੇ ਟੈਕਨੀਕਲ ਅਫਸਰਾਂ ਤੋਂ ਮੇਰੇ ਨਾਲ ਬਹਿਸ ਕਰਵਾ ਲਓ । ਮੈਂ ਇਸ ਬਾਰੇ ਮੋਦੀ ਜੀ ਨੂੰ ਵੀ ਚਿੱਠੀ ਲਿਖੀ ਹੈ । ਇਹ acknowledge ਹੋ ਕੇ ਮੈਨੂੰ ਚਿੱਠੀ ਆਈ ਹੈ । ਮੈਨੂੰ ਸੱਦਿਆ ਨਹੀਂ। ਉਨ੍ਹਾਂ ਨੂੰ ਇੱਕ ਲੱਖ ਮੈਗਾਵਾਟ ਬਿਜਲੀ ਪ੍ਰੋਡਿਊਸ ਕਰਨ ਦੀ ਚਿੰਤਾ ਤਾਂ ਹੈ ਲੇਕਿਨ ਮੈਂ ਕਿਸਾਨ ਦੀ ਗੱਲ ਕੀਤੀ ਤਾਂ ਮੋਦੀ ਸਾਹਿਬ ਨੂੰ ਸਮਝ ਨਹੀਂ ਆਈ । ਮੈਂ ਕਹਿਣਾ ਚਾਹੁੰਦਾ ਹਾਂ, ਤੁਸੀਂ 20 ਹਾਰਸ ਪਾਵਰ ਕਿਹਾ ਹੈ, 15 ਹਾਰਸ ਪਾਵਰ ਕਿਹਾ ਹੈ, ਜਿੰਨੇ ਵੀ ਹਾਰਸ ਪਾਵਰ ਦਾ ਕਿਸਾਨ ਦਾ ਟਿਊਬਵੈਲ ਹੈ । ਮੰਨ ਲਓ, ਜੇ ਉਸ ਦਾ 25 ਹਾਰਸ ਪਾਵਰ ਦਾ ਟਿਊਬਵੈਲ

ਹੈ ਤਾਂ ਉਹ 40 ਹਾਰਸ ਪਾਵਰ ਦੀ ਮੋਟਰ ਉਸ ਦੇ ਪੈਨਲ ਤੇ ਲੱਗੀ ਹੋਈ ਹੋਣੀ ਚਾਹੀਦੀ ਹੈ। ਕੇਵਲ ਇੱਕ ਕਿਸਾਨ ਨਹੀਂ, ਹਰ ਕਿਸਾਨ ਨੂੰ ਤੁਸੀਂ ਲਵਾ ਦਿਉ। ਜੇ ਤੁਸੀਂ ਕਹਿੰਦੇ ਹੋ ਕਿ ਇੱਕੋ ਵਾਰ ਵਿੱਚ ਸਾਰਾ ਪੰਜਾਬ ਸੋਲਰ ਤੇ ਕਰ ਦੇਵਾਂਗੇ , ਇਹ ਨਹੀਂ ਹੋਣਾ। ਕਿਸਾਨ ਦਿਨੇ ਇਲੈਕਟ੍ਰੀਸਿਟੀ ਪ੍ਰੋਡਿਊਸ ਕਰੇ। ਜੋ ਪੰਜਾਬ ਕੋਲ ਅੱਜ ਇਨਫਰਾਸਟ੍ਰਕਚਰ ਹੈ, ਉਹ ਕਿਸੇ ਕੋਲ ਨਹੀਂ ਹੈ। ਸਾਡੇ ਡੈਡੀਕੇਟਿਡ ਲਾਈਨ ਟਿਊਬਵੈਲ ਨੂੰ ਜਾਂਦੀ ਹੈ, ਉਸੇ ਡੈਡੀਕੇਟਿਡ ਲਾਈਨ ਤੋਂ ਦਿਨੇ ਪਾਵਰ ਹਾਊਸ ਨੂੰ ਬਿਜਲੀ ਆਵੇ ਅਤੇ ਰਾਤ ਨੂੰ ਜਦੋਂ ਬਿਜਲੀ ਸਸਤੀ ਹੋ ਜਾਂਦੀ ਹੈ ਤਾਂ ਉਹ ਤੁਸੀਂ ਕਿਸਾਨ ਨੂੰ ਦੇਵੋ। ਕਿਸਾਨ ਰਾਤ ਨੂੰ ਪਾਣੀ ਲਾਵੇ। ਸੋ, ਇਹ ਤਰੀਕਾ ਅਪਣਾ ਕੇ ਕਿਸਾਨ ਰੋਜ਼ ਪੈਸੇ ਗਿਣੇਗਾ ....(ਵਿਘਨ)... ਤੁਸੀਂ ਬੱਸਾਂ ਵਾਲੇ ਹੋ, ਤੁਹਾਡੇ ਤੇ ਵੀ ਆਉਂਦਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਨੂੰ ਜਦ ਤੱਕ ਤੁਸੀਂ ਖੁਸ਼ਹਾਲ ਨਹੀਂ ਕਰਦੇ, ਉਨੀ ਦੇਰ ਤੱਕ ਪੰਜਾਬ ਖੁਸ਼ਹਾਲ ਨਹੀਂ ਹੋ ਸਕਦਾ। ਕੇਵਲ ਇੰਨਾ ਹੀ ਨਹੀਂ, ਸਬਜ਼ੀਆਂ ਵਾਸਤੇ ਉਪਰ ਉਸ ਦਾ ਪੈਨਲ ਹੋਵੇ, ਥੱਲੇ ਉਸ ਦਾ ਪੌਲੀ ਹਾਊਸ ਜਾਂ ਗਰੀਨ ਹਾਊਸ ਹੋਵੇ ਲੇਕਿਨ ਖਾਲੀ ਜੇਕਰ ਆਪਾਂ ਕਹਿ ਦੇਈਏ ਕਿ ਆਪਾਂ ਮੈਟਰੋ ਚਲਾ ਦੇਣੀ ਹੈ, ਮੋਨੋਰੇਲ ਚਲਾ ਦੇਣੀ ਹੈ, ਮੋਨੋ ਰੇਲ ਦਾ ਤਾਂ ਪਤਾ ਨਹੀਂ, ਮੈਟਰੋ ਬਾਰੇ ਅੱਜ ਵੀ ਅਖਬਾਰ ਵਿੱਚ ਪੜ੍ਹ ਲਵੋ, ਜੋ ਰਿਪੋਰਟ ਆ ਰਹੀ ਹੈ, ਉਹ ਕਹਿੰਦੇ ਹਨ ਕਿ ਫਿਜ਼ੀਬਲ ਨਹੀਂ। ਇੱਕ ਨਵਾਂ ਕੰਮ ਕਰਨ ਜਾ ਰਹੇ ਹਨ। ਕਹਿੰਦੇ ਹਨ ਬੱਸਾਂ ਲਿਆਵਾਂਗਾ, ਜਿਹੜੀਆਂ ਪਾਣੀ ਵਿੱਚ ਜਾਣਗੀਆਂ। ** **

**ਉਪ ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਉਹ ਪਹਿਲੀ ਬੱਸ ਇੰਡੀਆ ਵਿੱਚ ਆ ਵੀ ਗਈ ਹੈ। ਪਹਿਲੀ ਪਾਣੀ ਵਾਲੀ ਬੱਸ ਇੰਡੀਆ ਵਿੱਚ ਆ ਵੀ ਗਈ ਹੈ, ਉਹ ਕੇਰਲਾ ਵਿੱਚ ਚੱਲਣ ਲੱਗ ਗਈ ਹੈ। ਸੋ, ਇਹ ਖਾਲੀ ਗੱਲਾਂ ਹੀ ਨਹੀਂ ਹਨ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਅਤੇ ਡਿਪਟੀ ਸੀ.ਐਮ. ਨਾਲ ਪੰਗਾ ਨਹੀਂ ਲੈਣਾ ਚਾਹੀਦਾ ....(ਹਾਸਾ).... ਇਸ ਕਰਕੇ ਮੈਂ ਵਿਦਡਰਾਅ ਕਰਦਾ ਹਾਂ। ** ** ਮੈਂ ਫਿਰ ਵੀ ਚਲੋ ਵਿਦਡਰਾਅ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਸੁਪਨਾ ਲੈਣਾ ਕੋਈ ਮਾੜੀ ਗੱਲ ਨਹੀਂ। ਸੋਚ ਦੀ ਗੱਲ ਹੈ। ਪੰਜਾਬ ਦੀ ਬਦਕਿਸਮਤੀ ਹੈ

---

**Expunged as withdrawn by the Member.

[ ਰਾਣਾ ਗੁਰਜੀਤ ਸਿੰਘ ]

ਕਿ ਇਨ੍ਹਾਂ ਦੀ ਸੋਚ 50 ਸਾਲ ਅੱਗੇ ਜਾਂਦੀ ਹੈ । ਲੇਕਿਨ ਕਰਨਾ ਕੀ ਚਾਹੀਦਾ ਹੈ? ਡਾਕਟਰ ਸਵਾਮੀਨਾਥਨ ਜੀ ਰਿਪੋਰਟ ਵਿੱਚ ਕਹਿੰਦੇ ਹਨ ਕਿ ਵੈਜੀਟੇਬਲ ਲਗਾਉ। ਕੀ ਅਸੀਂ ਵੈਜੀਟੇਬਲ ਦਾ ਸੀਡ ਪ੍ਰੋਡਕਸ਼ਨ ਦਾ ਕੰਮ ਚਾਲੂ ਕੀਤਾ ਹੈ? ਜਿੰਨੀ ਵੈਜੀਟੇਬਲ ਉਗਦੀ ਹੈ, ਉਨ੍ਹਾਂ ਦੇ ਸੀਡ ਦਾ ਪ੍ਰਬੰਧ, ਕਿੰਨੇ ਸਾਡੇ ਪ੍ਰੋਡਿਊਸਰ ਹਨ, ਕਿਥੋਂ ਅਸੀਂ ਸਰਟੀਫਾਈ ਕਰਵਾਉਂਦੇ ਹਾਂ, ਕਿਵੇਂ ਉਸ ਪ੍ਰੋਡਿਊਸ ਦੀ ਮਾਰਕੀਟਿੰਗ ਕਰਨੀ ਹੈ? ਖਾਲੀ ਪ੍ਰੋਡਿਊਸ ਕਰਨ ਨਾਲ ਤਾਂ ਗੱਲ ਨਹੀਂ ਬਣਦੀ। ਮੈਂ ਕਹਿ ਦੇਵਾਂ ਕਿ ਵੈਜੀਟੇਬਲ ਉਗਾ ਦਿਉ, ਸਿਰਫ ਵੈਜੀਟੇਬਲ ਲਗਾਉਣ ਨਾਲ ਤਾਂ ਕੁਝ ਨਹੀਂ ਹੋਏਗਾ। ਇਸ ਤਰ੍ਹਾਂ ਜਿਮੀਂਦਾਰ ਰੁਲੇਗਾ। ਜਿਹੜੀ ਪਾਣੀ ਵਿੱਚ ਬਸ ਚਲਾਉਣੀ ਹੈ, ਉਸ ਨਾਲ ਨਹੀਂ ਸਰਨਾ, ਮੈਂ ਕਹਿੰਦਾ ਹਾਂ ਕਿ ਤੁਸੀਂ ਰੇਲ ਚਲਾਉ। ਮੈਂ ਜਦੋਂ ਮੈਂਬਰ ਪਾਰਲੀਮੈਂਟ ਸੀ ਤਾਂ ਮੈਂ ਇੱਕ ਡੱਬਾ ਮੰਗਿਆ ਸੀ। Somehow or the other, you are in the position, ਤੁਸੀਂ ਇਹ ਕਰ ਸਕਦੇ ਹੋ। ਮੈਂ ਐਡਵਾਈਜ਼ ਕਰਨਾ ਚਾਹੁੰਦਾ ਹਾਂ ਕਿ ਆਪਾਂ ਡੈਡੀਕੇਟਿਡ ਟਰੇਨ ਚਲਾਈਏ, ਜਿਹੜੀ ਰੈਫਰੀਜਰੇਟਿਡ ਟਰੇਨ ਹੋਵੇ। ਇਹ ਅੰਮ੍ਰਿਤਸਰ ਤੋਂ ਦਿੱਲੀ ਤੱਕ ਚੱਲੇ। ਅੱਗੇ ਇਹ ਦਿੱਲੀ ਤੋਂ ਮੁੰਬਈ, ਦਿੱਲੀ ਤੋਂ ਕਲਕੱਤਾ ਅਤੇ ਦਿੱਲੀ ਤੋਂ ਮਦਰਾਸ ਤੱਕ ਚੱਲੇ। ਪੰਜਾਬ ਦਾ ਭਲਾ ਤਾਂ ਹੀ ਹੋਣਾ ਹੈ। ਇਹੋ ਜਿਹਾ ਮਾਰਕੀਟਿੰਗ ਨੈਟਵਰਕ ਅਸੀਂ ਕ੍ਰੀਏਟ ਕਰੀਏ। (ਵਿਰੋਧੀ ਧਿਰ ਵੱਲੋਂ ਥੰਪਿੰਗ) ਜਿਸ ਨਾਲ ਇਨਫਰਾਸਟ੍ਰਕਚਰ ਹੋਵੇ, ਮਾਰਕੀਟਿੰਗ ਹੋਵੇ, ਸਾਡੇ ਕਿਸਾਨ ਦਾ ਭਲਾ ਹੋਵੇ ਔਰ ਕਿਸਾਨ ਖੁਸ਼ਹਾਲ ਹੋਵੇ। ਸੀ.ਐਮ. ਸਾਹਿਬ, ਮੈਂ ਸੀਡ ਦੀ ਗੱਲ ਕੀਤੀ ਹੈ। ਪਿਛਲੇ ਸਾਲ ਵੀ ਕੀਤੀ ਸੀ। ਜਦੋਂ ਅਸੀਂ ਬਜਟ ਦੇ ਵਿੱਚ ਕੋਈ ਪ੍ਰੋਵੀਜ਼ਨ ਹੀ ਨਹੀਂ ਦਿੱਤੀ ਤਾਂ ਸਰਦਾਰ ਤੋਤਾ ਸਿੰਘ ਜੀ ਕੀ ਕਰਨਗੇ? ਇਹ ਐਗਰੀਕਲਚਰ ਮਨਿਸਟਰ ਹਨ, ਇਹ ਯਤਨ ਬੜਾ ਕਰਦੇ ਹਨ ਲੇਕਿਨ ਜਦੋਂ ਫੰਡ ਨਹੀਂ ਹਨ, ਬੀਜ ਦੇ ਨਾਮ ਤੇ ਮੰਡੀਆਂ ਵਿੱਚੋਂ ਕਣਕ ਖਰੀਦ ਕੇ, ਪੈਕ ਕਰਕੇ ਕਿਸਾਨ ਨੂੰ ਨਾ ਦਿੱਤੀ ਜਾਵੇ। ਤੁਹਾਡਾ ਫਾਊਂਡੇਸ਼ਨ ਸੀਡ ਕਿੱਥੇ ਹੈ ? ਕੌਣ ਬਰੀਡ ਕਰ ਰਿਹਾ ਹੈ? ਕਿਸਾਨਾਂ ਨੂੰ ਫਾਊਂਡੇਸ਼ਨ ਸੀਡ ਕਿੱਥੋਂ ਮਿਲੇਗਾ? ਇਸ ਦੀ ਸਰਟੀਫਿਕੇਸ਼ਨ ਕਿੱਥੇ ਹੁੰਦੀ ਹੈ? ਭਾਵੇਂ ਮਾਰਕੀਟਿੰਗ ਹੋ ਜਾਂਦੀ ਹੈ ਪਰ ਇਕੱਲੀ ਮਾਰਕੀਟਿੰਗ ਦੀ ਲੋੜ ਨਹੀਂ ਹੈ। ਸਗੋਂ ਇਸ ਦੀ ਪ੍ਰੋਡਕਸ਼ਨ ਦੀ ਲੋੜ ਹੈ। ਕਿਸੇ ਚੀਜ ਦਾ ਬੀਜ ਲੈ ਲਵੋ, ਜੇ ਬੀਜ ਵਧੀਆ ਨਹੀਂ ਹੋਏਗਾ ਤਾਂ ਕੁਝ ਨਹੀਂ ਹੋਏਗਾ। ਤੁਸੀਂ ਇਸ ਗੱਲ ਨਾਲ ਐਗਰੀ ਕਰਦੇ ਹੋ ਲੇਕਿਨ ਤੁਹਾਡੀ ਮਜ਼ਬੂਰੀ ਹੈ। ਮੈਂ ਤੁਹਾਡੀ ਮਜਬੂਰੀ ਵੀ ਸਮਝਦਾ ਹਾਂ। ਤੁਹਾਡੀ ਜਗ੍ਹਾ ਤੇ ਸਾਡੇ ਵਰਗਾ ਕੋਈ ਬੈਠਾ

ਹੋਵੇ ਤਾਂ ਉਸ ਦੀ ਮਜ਼ਬੂਰੀ ਵੀ ਇਹੀ ਹੋਵੇਗੀ ਲੇਕਿਨ ਜਥੇਦਾਰ ਜੀ, ਜੋ ਤੁਸੀਂ ਅਵਾਜ਼ ਚੁੱਕਦੇ ਹੋ, ਇਹ ਥੋੜ੍ਹੀ ਜਿਹੀ ਹੋਰ ਚੁੱਕੋ ਅਤੇ ਕਿਸਾਨ ਦਾ ਭਲਾ ਕਰੋ।

**ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ....(ਹਾਸਾ)... ਇਸ ਨੂੰ ਹਾਸੇ ਵਿੱਚ ਨਾ ਲਿਜਾਵੋ। ਇਹ ਸੀਰੀਅਸ ਮੈਟਰ ਹੈ, ਗੱਲ ਨੂੰ ਹਾਸੇ ਵਿੱਚ ਨਾ ਪਾਵੋ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਪਹਿਲਾਂ ਇਨ੍ਹਾਂ ਨੇ ਸਬਜ਼ੀਆਂ ਦੇ ਬੀਜ ਦੀ ਗੱਲ ਕੀਤੀ। ਉਸ ਦੇ ਲਈ ਤੁਹਾਡੇ ਗਵਾਂਢ ਵਿੱਚ, ਤੁਸੀਂ ਕਰਤਾਰਪੁਰ ਤੋਂ ਚਾਰ ਕਿਲੋਮੀਟਰ ਪਹਿਲਾਂ ਜਾ ਕੇ ਦੇਖੋਗੇ, ਉਥੇ ਇਸ ਵੇਲੇ 15-20 ਕਿਸਮਾਂ ਦੀਆਂ 12 ਲੱਖ ਸਬਜ਼ੀਆਂ ਦਾ ਬੀਜ ਚਾਰ-ਚਾਰ ਇੰਚ ਉਗਿਆ ਖੜ੍ਹਾ ਹੈ। ਨੈੱਟ ਵਿੱਚ ਲੱਗਿਆ ਹੈ। 10 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਕੈਂਟਰ ਦਾ ਕਿਰਾਇਆ ਲੈਂਦੇ ਹਨ। ਲੋਕ ਫੋਨ ਕਰਦੇ ਹਨ ਕਿ ਸਾਡੇ ਇੰਨੀਆਂ-ਇੰਨੀਆਂ ਚੀਜਾਂ ਭੇਜ ਦਿਉ। ਮੰਗ ਮੁਤਾਬਕ ਉਥੋਂ ਬੀਜ ਭੇਜਿਆ ਜਾਂਦਾ ਹੈ ਪਰ ਮੈਂ ਦੇਖਿਆ ਹੈ ਕਿ ਇੱਕ ਸੈਂਟਰ ਵਿੱਚੋਂ ਸਾਰੇ ਪੰਜਾਬ ਵਿੱਚ ਬੀਜ ਭੇਜਣਾ ਬੜਾ ਔਖਾ ਹੈ। ਮੈਂ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਿੱਚ ਦੋ ਸਾਲਾਂ ਵਿੱਚ ਹਰ ਜ਼ਿਲ੍ਹੇ ਵਿੱਚ ਕੋਈ ਇਹੋ ਜਿਹਾ ਸੈਂਟਰ ਬਣਾ ਦੇਈਏ ਤਾਂਕਿ ਜਿੱਥੇ ਸਿਆਲਾਂ ਦੇ ਦਿਨਾਂ ਵਿੱਚ ਬਰਫ ਪੈਂਦੀ ਹੈ, ਕੋਹਰਾ ਪੈਂਦਾ ਹੈ, ਠੰਡ ਪੈਂਦੀ ਹੈ, ਉਦੋਂ ਨੈੱਟ ਦੇ ਵਿੱਚ ਸਬਜ਼ੀ ਦੇ ਬੀਜ ਹਰੇ ਹੋ ਜਾਣ ਤੇ ਚਾਰ ਚਾਰ ਇੰਚੀ ਵੱਧ ਜਾਣ ਅਤੇ ਚਾਰ ਇੰਚ ਦੇ ਪੌਦੇ ਜਦੋਂ ਮਰਜ਼ੀ ਜਿਥੇ ਮਰਜ਼ੀ ਲਗਾ ਦਿਉ ਤਾਂ ਉਹ ਹਰੇ ਹੋ ਹੀ ਜਾਂਦੇ ਹਨ ਅਤੇ ਇਹ ਪੌਦੇ ਪਹਿਲਾਂ ਹੀ ਇੱਕ ਮਹੀਨਾ ਐਡਵਾਂਸ ਤੁਰ ਪੈਂਦੇ ਹਨ।

**ਸ੍ਰੀ ਸਭਾਪਤੀ :** ਹਾਂ ਜੀ, ਰਾਣਾ ਜੀ, ਹੁਣ ਤੁਸੀਂ ਸਮਾਪਤੀ ਕਰ ਦੇਣਾ ।

**ਰਾਣਾ ਗੁਰਜੀਤ ਸਿੰਘ :** ਨਹੀਂ ਜੀ, ਮੈਂ ਅਜੇ ਸਮਾਪਤੀ ਨਹੀਂ ਕਰ ਸਕਦਾ, ਅੱਧਾ ਟਾਈਮ ਮੇਰਾ ਜਥੇਦਾਰ ਜੀ ਲੈ ਗਏ ਹਨ। ਸੀ.ਐਮ. ਸਾਹਿਬ ਨੇ ਵੀ ਟਾਈਮ ਲੈ ਲਿਆ ਹੈ। ਕੋਈ ਮੈਂਬਰ ਖੇਤੀਬਾੜੀ ਦੇ ਵਿਸ਼ੇ ਤੇ ਬੋਲਦਾ ਹੋਵੇ ਤਾਂ ਸੀ.ਐਮ.ਸਾਹਿਬ ਕਦੇ ਮਨ੍ਹਾਂ ਹੀ ਨਹੀਂ ਕਰ ਸਕਦੇ, ਸੀ.ਐਮ. ਸਾਹਿਬ ਨੂੰ ਪੁੱਛ ਲਵੋ ਜੇ ਮਨ੍ਹਾਂ ਕਰਦੇ ਹਨ ਤਾਂ ਮੈਂ ਬੈਠ ਜਾਂਦਾ ਹਾਂ।

**ਸ੍ਰੀ ਸਭਾਪਤੀ :** ਤੁਹਾਡੇ ਬਾਰੇ ਜੋ ਲਿਖ ਕੇ ਆਇਆ ਹੈ, ਉਸ ਅਨੁਸਾਰ ਤੁਹਾਡਾ ਟਾਈਮ 17-18 ਮਿੰਟ ਹੋ ਗਿਆ ਹੈ।

**ਰਾਣਾ ਗੁਰਜੀਤ ਸਿੰਘ :** ਸੀ.ਐਮ.ਸਾਹਿਬ, ਜੇ ਗੱਲ ਚੰਗੀ ਲੱਗਦੀ ਹੈ ਤਾਂ ਸਿਫਾਰਸ਼ ਕਰੋ ।(ਵਿਘਨ) ਕੀ ਮੈਂ ਨਾ ਬੋਲਾਂ ?

**ਉਪ ਮੁੱਖ ਮੰਤਰੀ (ਬੈਠੇ-ਬੈਠੇ) :** ਅਕਾਲੀ ਦਲ ਦੀ ਤਰਫੋਂ ਟਾਈਮ ਲੈ ਲਵੋ ।

**ਰਾਣਾ ਗੁਰਜੀਤ ਸਿੰਘ :** ਠੀਕ ਹੈ, ਦਸ ਮਿੰਟ ਇਨ੍ਹਾਂ ਦੇ ਲੈ ਲਏ। ਨੋਟ ਕਰਿਉ । ਵੇਖੋ ਮੈਂ ਕ੍ਰਿਟੀਸਾਈਜ਼ ਨਹੀਂ ਕੀਤਾ। ਵੇਖੋ, ਥੋੜ੍ਹੀ ਬਹੁਤੀ ਨੋਕ-ਝੋਕ ਠੀਕ ਹੈ, ਤੁਹਾਨੂੰ ਕ੍ਰਿਟੀਸਾਈਜ਼ ਨਹੀਂ ਕੀਤਾ। ਕ੍ਰੀਟੀਸਾਈਜ਼ ਜਦੋਂ ਕਰਾਂਗਾ ਤਾਂ ਉਸ ਵੇਲੇ ਤੁਸੀਂ ਕਹਿਣਾ । ਗੱਲ ਇਹ ਹੈ ਕਿ ਸੀਡ ਪ੍ਰੋਡਕਸ਼ਨ ਦੇ ਉਤੇ ਬਹੁਤ ਧਿਆਨ ਦੇਣ ਦੀ ਲੋੜ ਹੈ ਔਰ ਅਗਰ ਕਿਸਾਨੀ ਦੀ ਗੱਲ ਕਰੀਏ ਤਾਂ ਅੱਜ ਕਿਸਾਨ ਦਾ ਪੁੱਤ ਕਿਸਾਨੀ ਕਰਕੇ ਰਾਜ਼ੀ ਨਹੀਂ ਹੈ। ਪਿਛਲੇ ਦਸਾਂ ਸਾਲਾਂ ਵਿੱਚ ਇੱਕ ਲੱਖ ਕਿਸਾਨ ਕਿਸਾਨੀ ਛੱਡ ਗਿਆ, ਇਹ ਫ਼ਾਰਮਰ ਕਮਿਸ਼ਨ ਦੀ ਰਿਪੋਰਟ ਹੈ ।ਇਹ ਮੇਰੀ ਮਨਘੜਤ ਗੱਲ ਨਹੀਂ ਹੈ, ਕਿਉਂਕਿ ਕਿਸਾਨ ਸਮਝਦਾ ਹੈ ਕਿ ਮੈਂ ਮਾੜਾ ਕੰਮ ਕਿਉਂ ਕਰਾਂ, ਉਹ ਕਿਸਾਨੀ ਨੂੰ ਮਾੜਾ ਸਮਝਦਾ ਹੈ। ਕਿਸਾਨੀ ਵਾਸਤੇ white collared job ਬਣਾ ਦਿਉ, ਇਹ ਬਣ ਸਕਦਾ ਹੈ, ਸਾਡੇ ਕੋਲ ਟੈਕਨਾਲੋਜੀ ਹੈ, ਸਾਰਾ ਕੁਝ ਹੈ, ਸਿਰਫ ਇੱਕ ਸੇਧ ਦੇਣ ਦੀ ਲੋੜ ਹੈ। ਪਰ ਇਹੋ ਜਿਹਾ ਬਣਾਈਏ ਕਿ ਇਹ ਕਮਰਸ਼ੀਅਲੀ ਵਾਈਏਬਲ ਹੋਵੇ । ਜਿਹੜੀਆਂ ਮੈਂ ਗੱਲਾਂ ਕਰ ਰਿਹਾ ਹਾਂ, ਤੁਸੀਂ ਕਿਸੇ ਦਿਨ ਮੈਨੂੰ ਸੱਦ ਲੈਣਾ, ਆਪਾਂ ਬਹਿ ਕੇ ਗੱਲ ਕਰ ਲਵਾਂਗੇ ਔਰ ਕੋਈ ਇੱਕ ਜ਼ਿਲ੍ਹਾ ਤੁਸੀਂ ਮੈਨੂੰ ਦੇ ਦਿਉ। ਜੇ ਮੈਂ ਉਸ ਵਿੱਚ ਤੁਹਾਡਾ ਸੋਲਰ ਪਾਵਰ ਸਿਸਟਮ ਕਾਮਯਾਬ ਨਾ ਕਰਾਂ ਤਾਂ ਮੈਨੂੰ ਦੱਸਣਾ। ਇਸੇ ਤਰ੍ਹਾਂ ਮੈਂ ਵੈਜੀਟੇਬਲ ਦੀ ਗੱਲ ਕਰ ਰਿਹਾ ਹਾਂ ਕਿ ਕਿਸੇ ਤਰ੍ਹਾਂ ਆਪਾਂ ਕਿਸਾਨ ਨੂੰ ਕਮਰਸ਼ੀਅਲੀ ਵਾਈਏਬਲ ਕਰੀਏ, ਉਸ ਦਾ ਸਿਸਟਮ ਮੈਕੇਨਿਜ਼ਮ ਹੋਵੇ ਔਰ ਹਾਈ ਟੈਕ ਫਾਰਮਿੰਗ ਹੋਵੇ। ਕਿਸਾਨ ਦਾ ਬੱਚਾ ਮਹਿਸੂਸ ਕਰੇ ਕਿ ਜੇ ਮੈਂ ਕਿਸਾਨੀ ਕਰ ਰਿਹਾ ਹਾਂ ਤਾਂ it is white collar job. ਉਹ ਪੈਸੇ ਕਮਾਏਗਾ ਤਾਂ ਉਸ ਨੂੰ ਆਪਣਾ ਕੰਮ white collared ਲੱਗੇਗਾ। ਵਾਏਬਿਲਟੀ ਦੇ ਬੇਸ ਉਤੇ ਸਾਰਾ ਕੁਝ ਹੈ। ਪਿਛਲੇ ਦਿਨੀਂ ਮੈਂ ਇੱਥੇ ਅਖਬਾਰ ਵਿੱਚ ਪੜ੍ਹਿਆ ਤੇ ਮੈਂ ਆਪਣੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਪੁੱਛਿਆ ਸੀ ਤੇ ਇਹ ਕਹਿੰਦੇ ਕਿ ਸਾਡੀ ਪਰਪੋਜ਼ਲ ਨਹੀਂ ਹੈ। ਪਰਪੋਜ਼ਲ ਹੈ ਜਾਂ ਨਹੀਂ ਹੈ, ਇਹ ਅਲੱਗ ਗੱਲ ਹੈ। ਅਖਬਾਰ ਵਿੱਚ ਆਇਆ ਹੈ ਔਰ ਇਸ ਸਦਨ ਦੇ ਵਿੱਚ ਦੋ-

ਢਾਈ ਘੰਟੇ ਅਵਾਰਾ ਕੁੱਤਿਆਂ ਤੇ ਅਵਾਰਾ ਪਸ਼ੂਆਂ ਦੀ ਡਿਸਕਸ਼ਨ ਤੇ ਲਗਾ ਦਿੱਤੇ। ਬਾਕੀ ਸਾਰੀ ਡਿਸਕਸ਼ਨ ਰਹਿ ਗਈ ਹੈ। ਮੈਂ ਸਮਝਦਾ ਹਾਂ ਕਿ 250 ਕਰੋੜ ਰੁਪਏ ਦੀ ਮੰਗ ਹੈ, ਹੋ ਸਕਦਾ ਹੈ ਕਿ ਬਜਟ ਵਿੱਚ ਨਾ ਹੋਵੇ। (ਵਿਘਨ) ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 250 ਕਰੋੜ ਰੁਪਿਆ ਸ਼ਰਾਬ ਦੇ ਉਤੇ ਸੈੱਸ ਲਗਾ ਦਿਉ, ਇਹ ਅਵਾਰਾ ਜਾਨਵਰਾਂ ਦੇ ਉਤੇ ਉਨ੍ਹਾਂ ਦੀ ਦੇਖ-ਰੇਖ ਲਈ ਖਰਚ ਕਰਨਾ ਹੈ। ਸੀ.ਐਮ. ਸਾਹਿਬ ਇਹ ਪੈਸੇ ਖਾਧੇ ਜਾਣੇ ਹਨ, ਖੁਰਦ-ਬੁਰਦ ਹੋ ਜਾਣੇ ਹਨ। ਇਨ੍ਹਾਂ ਦਾ ਤੁਹਾਨੂੰ ਹਿਸਾਬ-ਕਿਤਾਬ ਨਹੀਂ ਮਿਲਣਾ। ਅਗਰ ਸੱਚੇ ਮਨ ਨਾਲ ਤੁਸੀਂ ਚਾਹੁੰਦੇ ਹੋ ਕਿ ਡੰਗਰ ਸੜਕਾਂ ਉਤੇ ਨਾ ਤੁਰਨ ਤਾਂ ਸੈਗਰੀਗੇਟਿਡ ਸੀਮਨ ਜਿਸ ਤੋਂ ਵੱਛੀਆਂ ਹੀ ਪੈਦਾ ਹੋਣ, ਉਤੇ ਖਰਚਾ ਕੀਤਾ ਜਾਵੇ। ਇਹ ਉਪਲਬਧ ਹੈ। ਭਾਵੇਂ ਇਸਨੂੰ ਪੰਜਾਬ ਸਰਕਾਰ ਮੰਗਵਾਉਂਦੀ ਵੀ ਹੈ ਲੇਕਿਨ ਉਹ ਮਹਿੰਗਾ ਬੜਾ ਹੈ। ਸੈਗਰੀਗੇਸ਼ਨ ਸੀਮਨ ਦਾ ਸਾਡੇ ਕੋਲ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਦੀ ਲੋੜ ਹੈ, ਇਸ ਦੇ ਇੰਜੈਕਸ਼ਨ ਹੁੰਦੇ ਹਨ।

**ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ( ਬੈਠੇ-ਬੈਠੇ) :** ਇਸ ਦੇ ਇੰਜੈਕਸ਼ਨ ਆ ਗਏ ਹਨ।

**ਰਾਣਾ ਗੁਰਜੀਤ ਸਿੰਘ :** ਹਾਂ । ਮੈਂ ਉਹੀ ਗੱਲ ਕਰ ਰਿਹਾ ਹਾਂ ਕਿ ਵੱਛੇ ਪੈਦਾ ਕਿਉਂ ਹੁੰਦੇ ਹਨ। ਮੈਂ ਕਹਿ ਰਿਹਾ ਹਾਂ ਕਿ ਇਸ ਦੇ ਇੰਜੈਕਸ਼ਨ ਆ ਗਏ ਹਨ, ਜੇਕਰ 250 ਕਰੋੜ ਰੁਪਏ ਵਿੱਚੋਂ 50 ਕਰੋੜ ਰੁਪਿਆ ਵੈਟਰਨਰੀ ਡਿਪਾਰਟਮੈਂਟ ਨੂੰ ਦੇ ਦਿਉਗੇ ਤਾਂ ਪੰਜਾਬ ਵਿੱਚ ਵੱਛੇ ਪੈਦਾ ਹੋਣੇ ਬੰਦ ਹੋ ਜਾਣਗੇ।

**ਉਪ ਮੁੱਖ ਮੰਤਰੀ :** ਮਾਨਯੋਗ ਮੈਂਬਰ ਸਾਹਿਬ ਜੋ ਕਹਿੰਦੇ ਹਨ ਤਾਂ ਆਪਾਂ ਹਾਊਸ ਦੀ ਕਮੇਟੀ ਜਥੇਦਾਰ ਤੋਤਾ ਸਿੰਘ ਤੇ ਇਨ੍ਹਾਂ ਦੋਹਾਂ ਦੀ ਬਣਾ ਦਿੰਦੇ ਹਾਂ, ਇਹ ਜਾ ਕੇ ਵੇਖ ਕੇ ਆਉਣ ਅਤੇ ਸਾਨੂੰ ਸੁਜੈਸਟ ਕਰ ਦੇਣ।

**ਰਾਣਾ ਗੁਰਜੀਤ ਸਿੰਘ :** ਨਹੀਂ ਜੀ, ਮੈਂ ਤਾਂ ਆਪਣਾ ਪੁਆਇੰਟ ਰੱਖਣਾ ਚਾਹੁੰਦਾ ਸੀ ਪਰ ਹੁਣ ਮਲਹੋਤਰਾ ਜੀ ਖੜ੍ਹੇ ਹੋ ਗਏ ਹਨ।

**ਸ਼੍ਰੀ ਦੀਪ ਮਲਹੋਤਰਾ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

**ਰਾਣਾ ਗੁਰਜੀਤ ਸਿੰਘ :** ਮੈਂ ਤਾਂ ਸਿਰਫ ਸ਼ਰਾਬ ਬਣਾਉਂਦਾ ਹਾਂ, ਇਹ ਵੇਚਦੇ ਵੀ ਹਨ। (ਹਾਸਾ) ਸੋ, ਇਨ੍ਹਾਂ ਦਾ ਨੁਕਸਾਨ ਹੈ।

**ਸ਼੍ਰੀ ਸਭਾਪਤੀ :** ਚਲੋ, ਮਲਹੋਤਰਾ ਜੀ ਨੂੰ ਗੱਲ ਕਰ ਲੈਣ ਦਿਉ।

**ਸ਼੍ਰੀ ਦੀਪ ਮਲਹੋਤਰਾ :** ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹਾਂ ਜੀ, ਰਾਣਾ ਜੀ।

**ਰਾਣਾ ਗੁਰਜੀਤ ਸਿੰਘ :** ਮੈਂ ਗੱਲ ਕਰਨੀ ਸੀ ਪਰ ਹੁਣ ਦੀਪ ਮਲਹੋਤਰਾ ਜੀ ਨੇ ਸਮਾਂ ਲੈ ਲਿਆ ਹੈ।

**ਸ਼੍ਰੀ ਸਭਾਪਤੀ :** ਸਮਾਪਤੀ ਕਰੋ ਜੀ।

**ਰਾਣਾ ਗੁਰਜੀਤ ਸਿੰਘ :** ਸਮਾਪਤੀ ਕਿਵੇਂ ਕਰਾਂ ਜੀ? ਇਹ ਛੇੜਨ ਤੋਂ ਨਹੀਂ ਹਟਦੇ। ਦੀਪ ਮਲਹੋਤਰਾ ਜੀ ਨੇ ਗੱਲ ਬੜੀ ਸਿਆਣੀ ਕੀਤੀ ਹੈ। ਮੱਕੀ ਦੀ ਖ਼ਪਤ ਹੋ ਸਕਦੀ ਹੈ। ਡਾਈਵਰਸੀਫਿਕੇਸ਼ਨ ਦਾ pet ਪ੍ਰਾਜੈਕਟ ਹੈ ਲੇਕਿਨ ਜਦੋਂ ਸਰਕਾਰ ਨੂੰ ਘਾਟਾ ਪੈਂਦਾ ਹੈ ਤਾਂ ਸੀ.ਐਮ. ਸਾਹਿਬ ਦੀ ਮਜ਼ਬੂਰੀ ਹੋ ਜਾਂਦੀ ਹੈ। ਮੈਂ ਇਸ ਤੋਂ ਅੱਗੇ ਚੱਲਣਾ ਚਾਹੁੰਦਾ ਹਾਂ। ਜੇਕਰ ਅਸੀਂ ਕਹੀਏ ਕਿ ਕੇਵਲ ਮੱਕੀ ਪੈਦਾ ਕਰਕੇ ਅਸੀਂ ਮੁਰਗੀਆਂ ਨੂੰ ਪਾ ਦੇਵਾਂਗੇ, ਇਵੇਂ ਕਰਨ ਨਾਲ ਤਾਂ ਕੁਝ ਨਹੀਂ ਹੋਵੇਗਾ, ਸਾਡੇ ਇੱਥੇ ਇੰਡਸਟਰੀ ਸੈੱਟ ਅੱਪ ਹੋਣੀ ਚਾਹੀਦੀ ਹੈ। ਦੀਪ ਮਲਹੋਤਰਾ ਅਤੇ ਰਾਣਾ ਗੁਰਜੀਤ ਸਿੰਘ ਵਾਲੀ ਇੰਡਸਟਰੀ ਇਕੱਲੀ ਸ਼ਰਾਬ ਹੀ ਨਹੀਂ ਸਗੋਂ ਐਥਨਾਲ ਵੀ ਬਣਾਉਂਦੀ ਹੈ। Let us make Ethnol out of it. ਸਰਕਾਰ ਕੋਈ ਪ੍ਰੋਗਰਾਮ ਬਣਾਵੇ ਤਾਂ ਸਹੀ। ਇੰਡਸਟਰੀਲਿਸਟਾਂ ਦੀ ਕੋਈ ਕਮੀ ਨਹੀਂ ਹੈ। ਤੁਸੀਂ ਸਿਰਫ਼ ਉਨ੍ਹਾਂ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਐਡਰੈਸ ਕਰੋ, ਇਨਫ੍ਰਾਸਟ੍ਰਕਚਰ ਕ੍ਰੀਏਟ ਕਰੋ ਅਤੇ ਇਹ ਐਸ਼ਿਓਰ ਕਰੋ । ਭਾਰਤ ਸਰਕਾਰ ਨੂੰ ਮਜ਼ਬੂਰ ਕਰੋ ਕਿ ਉਹ ਸਾਡਾ ਐਥਨਾਲ ਚੁੱਕੇ।

**ਸ਼੍ਰੀ ਸਭਾਪਤੀ :** ਰਾਣਾ ਜੀ, ਇੱਕ ਮਿੰਟ। ਡਿਪਟੀ ਸੀ.ਐਮ. ਸਾਹਿਬ ਖੜ੍ਹੇ ਹਨ।

**ਉਪ ਮੁੱਖ ਮੰਤਰੀ :** ਰਾਣਾ ਜੀ ਦਾ ਐਥਨਾਲ ਬਾਰੇ ਬੜਾ ਵਧੀਆ ਸੁਜੈਸ਼ਨ ਹੈ। ਅਗਰ ਪ੍ਰੋਪੋਜ਼ਲ ਆਵੇ, we come out with a special package from the Govt. ਪੰਜਾਬ ਗੌਰਮਿੰਟ ਦੀ ਤਰਫੋਂ ਕਰਾਂਗੇ।

**ਰਾਣਾ ਗੁਰਜੀਤ ਸਿੰਘ :** ਪੰਜਾਬ ਗੌਰਮਿੰਟ ਦੀ ਕੋਈ ਗਰੰਟੀ ਨਹੀਂ। ਚਲੋ, ਫਿਰ ਵੀ ਠੀਕ ਹੈ।

---

**Expunged as ordered by the Chair.

**ਉਪ ਮੁੱਖ ਮੰਤਰੀ :** ਜਾਖੜ ਸਾਹਿਬ ਨੂੰ ਲੈ ਕੇ ਸੈਂਟਰ ਗੌਰਮਿੰਟ ਕੋਲ ਇਕੱਠੇ ਚੱਲਾਂਗੇ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਮੈਂ ਪੰਜਾਬ ਸਰਕਾਰ ਦੇ ਬਜਟ ਤੇ ਬੋਲ ਰਿਹਾ ਹਾਂ। ਇਨ੍ਹਾਂ ਦੀ ਤਾਰੀਫ਼ ਹੀ ਕਰੀ ਜਾਵਾਂ, ਅਜਿਹੀ ਕੋਈ ਗੱਲ ਨਹੀਂ ਹੈ। (ਹਾਸਾ) ਤੁਸੀਂ ਮੈਨੂੰ ਦੋ ਮਿੰਟ ਦੇ ਦਿਓ। ਇਨ੍ਹਾਂ ਨੂੰ ਜੋ ਕੈਗ ਨੇ ਬੇਨਕਾਬ ਕੀਤਾ ਹੈ, ਪਹਿਲਾਂ ਯੂ.ਐਨ. ਵਾਲਿਆਂ ਦੀ ਟਿੱਪਣੀ ਆਈ ਸੀ, ਹੁਣ ਕੈਗ ਕਹਿੰਦਾ ਹੈ ਕਿ ਸਾਲ 2009 ਤੋਂ 2013 ਵਿੱਚ Punjab Govt. did not do enough to control drugs. ਇਸ ਬਾਰੇ ਮੇਰੇ ਬੋਲਣ ਤੋਂ ਬਾਅਦ ਜ਼ਰੂਰ ਇੱਥੇ ਚਰਚਾ ਹੋਣੀ ਚਾਹੀਦੀ ਹੈ। ਕੰਟਰੋਲ ਕਿਉਂ ਨਹੀਂ ਕੀਤਾ ਗਿਆ? ਜਵਾਨੀ ਮਰ ਗਈ, ਅਸੀਂ ਦੇਖਦੇ ਰਹਿ ਗਏ। ਪੈਸਾ ਆਇਆ ਪਰ ਖਰਚ ਨਹੀਂ ਕੀਤਾ ਗਿਆ।

ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀ ਗੱਲ ਲੈ ਲਵੋ। ਪੰਜਾਬ ਵਿੱਚ 55 ਲੱਖ ਬੱਚਿਆਂ ਦਾ ਜਨਮ ਹੋਇਆ। ਉਨ੍ਹਾਂ ਦੀਆਂ ਮਾਤਾਵਾਂ ਨੂੰ ਨਿਊਟ੍ਰੀਸ਼ਨ ਦੇਣ ਲਈ ਸੀ.ਡੀ.ਐਸ. ਦੇ ਤਹਿਤ 55 ਲੱਖ ਰੁਪਿਆ ਆਇਆ ਪਰੰਤੂ ਉਹ ਨਹੀਂ ਦਿੱਤਾ ਗਿਆ। 1.6 ਲੱਖ ਕੁੜੀਆਂ ਨੂੰ ਸ਼ਗਨ ਸਕੀਮ ਵਿਆਹ ਤੋਂ ਚਾਰ-ਚਾਰ ਸਾਲ ਬਾਅਦ ਵੀ ਨਹੀਂ ਮਿਲੀ। ਇਹ ਬੇਇਨਸਾਫ਼ੀ ਕੀਤੀ ਗਈ। ਇਹ ਕੈਗ ਦੀ ਟਿੱਪਣੀ ਹੈ। ਇਸ ਤੋਂ ਅੱਗੇ ਲਿਖਿਆ ਦੇਖ ਲਓ – Punjab Govt. fudging in figures, misguiding National Commission as well as people of Punjab. ਫੇਰ ਪੰਜਾਬ ਦੇ ਲੋਕਾਂ ਨਾਲ ਠੱਗੀ ਮਾਰੀ, ਨੈਸ਼ਨਲ ਕਮਿਸ਼ਨ ਨਾਲ ਮਾਰੀ। ਇਹ ਸਾਰੇ ਜਵਾਬ ਤੁਹਾਨੂੰ ਦੇਣੇ ਪੈਣੇ ਹਨ। ਕੈਗ ਜਦੋਂ ਬੋਲਦੀ ਹੈ ਤਾਂ ਬੇੜਾ ਗਰਕ ਕਰ ਦਿੰਦੀ ਹੈ। ਸਾਨੂੰ ਪੁੱਛੋ ਦਿੱਲੀ ਵਿੱਚ ਕੀ ਹੋਇਆ ਹੈ? ਸਿਰਫ਼ 44 ਰਹਿ ਗਏ, ਤੁਹਾਡਾ ਹਾਲ ਵੀ ਇਹੀ ਹੋਣਾ ਹੈ। ਤਿਆਰੀ ਕਰੋ। ਅਸੀਂ ਕੁੱਲ 44 ਰਹਿ ਗਏ ਤੇ ਤੁਸੀਂ ਸਿਰਫ਼ 4 ਰਹਿ ਜਾਣਾ ਹੈ। ਜੈ ਹਿੰਦ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਥੰਪਿੰਗ)

**ਸ਼੍ਰੀ ਸਭਾਪਤੀ :** ਸ਼੍ਰੀ ਐਸ.ਆਰ. ਕਲੇਰ ਜੀ। ਬਸ ਜੀ, ਰਾਣਾ ਸਾਹਿਬ।

**ਰਾਣਾ ਗੁਰਜੀਤ ਸਿੰਘ :** ਚੇਅਰਮੈਨ ਸਾਹਿਬ, ਮੈਂ ਕਨਕਲੂਡ ਕਰ ਰਿਹਾ ਹਾਂ। ਮੈਂ ਵਿੱਚ ਵਿੱਚ ਕਈ ਵਾਰ ਜੈ ਹਿੰਦ ਕਹਿ ਜਾਂਦਾ ਹਾਂ। ਜੈ ਹਿੰਦ ਤਾਂ ਚੰਗੀ ਹੈ। ਢੀਂਡਸਾ ਸਾਹਿਬ ਬਹੁਤ ਅੱਛੇ ਫ਼ਾਈਨਾਂਸ ਮਨਿਸਟਰ ਹਨ ਪਰ ਜਦੋਂ ਬਜਟ

[ ਰਾਣਾ ਗੁਰਜੀਤ ਸਿੰਘ ]

ਪੇਸ਼ ਕਰਦੇ ਹਨ ਤਾਂ ਇਹ ਫੈਕਟਸ ਐਂਡ ਫਿਗਰਜ਼ ਬਣਾਉਣ ਵਾਸਤੇ ਬੜੀ ਕੋਸ਼ਿਸ਼ ਕਰਦੇ ਹਨ, ਯਤਨ ਕਰਦੇ ਹਨ। ਅੱਛੇ ਆਦਮੀ ਹਨ ਲੇਕਿਨ ਜਿੰਨਾ ਝੂਠ ਸਰਕਾਰ ਇਨ੍ਹਾਂ ਤੋਂ ਬੁਲਵਾਉਂਦੀ ਹੈ (ਹਾਸਾ) ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਰੱਬ ਕੋਲ ਜਾ ਕੇ ਕੀ ਕਹਿਣਗੇ? ਇਨ੍ਹਾਂ ਦਾ ਛੁਟਕਾਰਾ ਕਿਸ ਤਰ੍ਹਾਂ ਹੋਵੇਗਾ। ਇਹ ਤੁਹਾਡਾ ਬਜਟ bundle of lies ਹੈ। Nothing else. ਇਸ ਤੋਂ ਲੋਕਾਂ ਨੂੰ ਕੋਈ ਆਸ ਨਹੀਂ ਹੈ। ਕੋਈ ਰਾਹਤ ਨਹੀਂ। ਪੰਜਾਬ ਦਾ ਕੋਈ ਫਿਊਚਰ ਨਹੀਂ। ਇੰਨਾ ਕਹਿੰਦਾ ਹੋਇਆ ਮੈਂ ਇਸ ਬਜਟ ਦੀ ਨਿਖੇਧੀ ਕਰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਥੰਪਿੰਗ)

**ਸ਼੍ਰੀ ਸਭਾਪਤੀ :** ਸ਼੍ਰੀ ਐਸ.ਆਰ. ਕਲੇਰ ਜੀ। ਸਿਰਫ਼ 10 ਮਿੰਟ।

**ਸ਼੍ਰੀ ਐਸ.ਆਰ. ਕਲੇਰ (ਜਗਰਾਉਂ, ਐਸ.ਸੀ.) :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਸਾਡੇ ਬਹੁਤ ਹੀ ਸੂਝਵਾਨ ਅਤੇ ਸਤਿਕਾਰਯੋਗ ਵਿੱਤ ਮੰਤਰੀ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ ਵੱਲੋਂ ਪੇਸ਼ ਕੀਤੇ ਗਏ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬਜਟ ਬਹੁਤ ਹੀ ਬੈਲੰਸਡ ਹੈ ਅਤੇ ਇਸ ਨਾਲ ਸਮਾਜ ਦੇ ਸਾਰੇ ਵਰਗਾਂ ਨੂੰ ਲਾਭ ਮਿਲੇਗਾ। ਇਹ ਬਜਟ ਰਾਜ ਨੂੰ ਦਰਪੇਸ਼ ਚੁਣੌਤੀਆਂ ਜਿਵੇਂ ਨਸ਼ਾਖੋਰੀ, ਕੈਂਸਰ ਦੇ ਵਧਦੇ ਕੇਸ, ਬਾਲੜੀਆਂ ਦੀ ਜਨਮ ਦਰ ਘੱਟ, ਵਿੱਤੀ ਔਕੜਾਂ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਮੁੱਖ ਰੱਖਦੇ ਹੋਏ ਵਿੱਤੀ ਮਜ਼ਬੂਤੀ ਅਤੇ ਸਰਬਪੱਖੀ ਵਿਕਾਸ, ਖੇਤੀਬਾੜੀ ਖੇਤਰ ਵਿੱਚ ਸੁਧਾਰ ਅਤੇ ਉਦਯੋਗਿਕ ਖੇਤਰ ਵਿੱਚ ਸੁਧਾਰ ਕਰਨ ਵਿੱਚ ਸਹਾਈ ਹੋਵੇਗਾ। The Budget reflects the commitment of the Government for sustained higher economic growth. ਚੇਅਰਮੈਨ ਸਾਹਿਬ, ਸਾਲ 2013-14 ਵਿੱਚ ਸਥਿਰ ਕੀਮਤਾਂ ਤੇ ਜੀ.ਐਸ.ਡੀ.ਪੀ. 5.73% ਦੀ ਦਰ ਨਾਲ ਵਧੀ ਹੈ। ਜਦੋਂ ਕਿ ਕੌਮੀ ਵਾਧਾ 4.74% ਸੀ। ਸਾਲ 2014-15 ਵਿੱਚ ਜੀ.ਐਸ.ਡੀ.ਪੀ. ਦਾ ਵਾਧਾ 10.16% ਹੋਣ ਦੀ ਆਸ ਹੈ। ਜੋ ਕਿ ਬਹੁਤ ਹੀ ਅੱਛੀ ਗੱਲ ਹੈ। ਰਾਜ ਦੀ ਪ੍ਰਤੀ ਜੀਅ ਆਮਦਨ ਸਾਲ 2013-14 ਵਿੱਚ 92,350 ਰੁਪਏ ਸੀ ਕਿ ਸਾਲ 2014-15 ਵਿੱਚ ਇਸ ਤੋਂ ਵੱਧ ਕੇ 99,578 ਰੁਪਏ ਹੋਣ ਦਾ ਅਨੁਮਾਨ ਹੈ which shows the performance of the Govt. in fulfilling the promises made to

the people of Punjab.

ਚੇਅਰਮੈਨ ਸਾਹਿਬ, the Govt. assurance for achieving fiscal consolidation ਇਸ ਗੱਲ ਤੋਂ ਵੀ ਦੇਖੀ ਜਾ ਸਕਦੀ ਹੈ ਕਿ ਫਿਸਕਲ ਡੈਫੀਸਿਟ ਸਾਲ 2006-07 ਵਿੱਚ ਜੀ.ਐਸ.ਡੀ.ਪੀ. ਦਾ 3.45% ਸੀ ਜੋ ਕਿ ਸਾਲ 2013-14 ਵਿੱਚ ਘੱਟ ਕੇ 2.70% ਜੀ.ਐਸ.ਡੀ.ਪੀ. ਦਾ ਰਹਿ ਗਿਆ ਹੈ ਅਤੇ ਸਾਲ 2015-16 ਵਿੱਚ ਇਸ ਦੇ 2.98% ਹੋਣ ਦੀ ਆਸ ਹੈ ਜੋ ਕਿ ਸਾਡੇ ਸੂਬੇ ਵਾਸਤੇ ਇੱਕ ਖੁਸ਼ੀ ਦੀ ਗੱਲ ਹੈ। Outstanding debt to GSDP ratio is 32.27% ਜੋ ਕਿ ਫਾਈਨਾਂਸ ਕਮਿਸ਼ਨ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੇ ਬਿਲਕੁਲ ਅਨੁਕੂਲ ਹੈ। ਜੀ.ਐਸ.ਡੀ.ਪੀ. ਸਾਲ 2015-16 ਵਿੱਚ 31.34% ਹੋਣ ਦੀ ਆਸ ਹੈ। ਭਾਵੇਂ ਕਿ ਪੰਜਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਸਰਕਾਰ ਲਈ ਵੱਡੀ ਚੁਣੌਤੀ ਸੀ। ਫਿਰ ਵੀ ਮੈਂ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੂੰ ਵਧਾਈ ਦਿਆਂਗਾ ਕਿ ਰਾਜ ਦੇ ਆਪਣੇ ਕਰ ਮਾਲੀਏ ਵਿੱਚ 16% ਦੀ ਦਰ ਨਾਲ ਸਾਲ 2007-08 ਤੋਂ 2014-15 ਤੱਕ ਵਾਧਾ ਕੀਤਾ ਗਿਆ ਹੈ। ਸਰਕਾਰ ਵਲੋਂ ਖਰਚ ਦੀ ਗੁਣਵੱਤਾ ਭਾਵ ਕੁਆਲਿਟੀ ਆਫ ਐਕਸਪੈਂਡੀਚਰ ਵਿੱਚ ਬਹੁਤ ਵੱਡਾ ਸੁਧਾਰ ਹੋਇਆ ਹੈ। ਜੇ ਮੈਂ ਸਾਲ 2013-14 ਦੀ ਗੱਲ ਕਰਾਂ, the percentage of developmental expenditure to the total expenditure of the State 52.24% ਹੈ ਅਤੇ 2014-15 ਵਿੱਚ 55.39% ਹੈ ਅਤੇ ਸਾਲ 2015-16 ਵਿੱਚ 55.60% ਹੋਣ ਦੀ ਆਸ ਹੈ।

ਮਾਨਯੋਗ ਚੇਅਰਮੈਨ ਸਾਹਿਬ, ਚਾਹੇ ਕੇਂਦਰੀ ਟੈਕਸਾਂ ਵਿੱਚੋਂ ਪੰਜਾਬ ਨੂੰ ਕੇਂਦਰ ਸਰਕਾਰ ਵੱਲੋਂ ਘੱਟ ਸ਼ੇਅਰ ਮਿਲਣ ਕਰਕੇ ਰੈਵੇਨਿਊ ਵਿੱਚ ਵਾਧਾ ਹੋਇਆ ਪ੍ਰੰਤੂ ਮਾਨਯੋਗ ਡਿਪਟੀ ਸੀ.ਐਮ. ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਦੀ ਗਤੀਸ਼ੀਲ ਅਗਵਾਈ ਅਤੇ ਦਿਲੀ ਦਿਲਚਸਪੀ ਕਰਕੇ ਰਾਜ ਦੇ ਸਰੋਤਾਂ ਵਿੱਚ ਆਮਦਨ ਰਿਕਾਰਡ ਵਾਧਾ ਹੋਇਆ ਹੈ। ਜੇ ਮੈਂ ਗੱਲ ਸਾਲ 2013-14 ਦੀ ਕਰਾਂ, ਉਦੋਂ ਆਮਦਨ 2479.19 ਕਰੋੜ ਰੁਪਏ ਸੀ। ਸਾਲ 2014-15 ਵਿੱਚ ਆਮਦਨ 28,560 ਕਰੋੜ ਰੁਪਏ ਸੀ ਅਤੇ ਸਾਲ 2015-16 ਵਿੱਚ 29951.93 ਕਰੋੜ ਰੁਪਏ ਹੋਣ ਦੀ ਆਸ ਹੈ ਜਦੋਂ ਕਿ ਸਾਲ 2007-08 ਵਿੱਚ ਜਦੋਂ ਸਾਡੇ ਵੀਰਾਂ ਦੀ ਸਰਕਾਰ ਸੀ, ਉਦੋਂ ਆਮਦਨ 9890 ਕਰੋੜ ਰੁਪਏ ਸੀ। ਜਦੋਂ ਸਾਡੇ ਵੀਰਾਂ ਦੀ ਸਰਕਾਰ ਸੀ ਉਦੋਂ ਤੋਂ ਲੈ ਕੇ ਹੁਣ ਤੱਕ ਜੇ ਸਾਰੇ ਸਰੋਤਾਂ ਤੋਂ ਆਮਦਨ

[ ਸ਼੍ਰੀ ਐਸ.ਆਰ. ਕਲੇਰ ]

ਦੀ ਗੱਲ ਕਰੀਏ ਤਾਂ ਰਾਜ ਸਰਕਾਰ ਨੇ 21000 ਕਰੋੜ ਰੁਪਿਆ ਵੱਧ ਆਪਣੇ ਸਰੋਤਾਂ ਵਿੱਚ ਵਾਧਾ ਕੀਤਾ।

ਮਾਨਯੋਗ ਚੇਅਰਮੈਨ ਸਾਹਿਬ, ਸਾਲ 2006-07 ਵਿੱਚ ਪ੍ਰਵਾਨਿਤ ਸਾਲਾਨਾ ਯੋਜਨਾ 4000 ਕਰੋੜ ਰੁਪਏ ਦੀ ਸੀ ਅਤੇ ਸਾਲ 2014-15 ਵਿੱਚ ਇਹ ਵੱਧ ਕੇ 20,100 ਕਰੋੜ ਰੁਪਏ ਹੋ ਗਈ ਹੈ ਅਤੇ ਸਾਲ 2015-16 ਵਿੱਚ ਇਹ 21,174 ਕਰੋੜ ਰੁਪਏ ਹੋਣ ਦੀ ਆਸ ਹੈ। ਮੈਂ ਇਸ ਗੱਲ ਦੀ ਮੁੱਖ ਮੰਤਰੀ ਜੀ ਨੂੰ ਵਧਾਈ ਵੀ ਦਿੰਦਾ ਹਾਂ। ਇਸ ਦੇ ਨਾਲ ਹੀ ਐਨੂਅਲ ਪਲਾਨ ਦੀ ਇੰਪਲੀਮੈਂਟੇਸ਼ਨ ਸਾਲ 2014-15 ਵਿੱਚ 80 ਫੀਸਦੀ ਸੀ ਅਤੇ 2015-16 ਵਿੱਚ ਇਹ 85 ਫੀਸਦੀ ਹੋਣ ਦੀ ਆਸ ਹੈ।

ਚੇਅਰਮੈਨ ਸਾਹਿਬ, ਆਮ ਰਾਜ ਪ੍ਰਬੰਧ ਸਰਕਾਰ ਦਾ ਆਇਨਾ ਹੁੰਦਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੌਰਾਨ ਬਾਦਲ ਸਾਹਿਬ ਦੀ ਅਗਵਾਈ ਤੇ ਉਨ੍ਹਾਂ ਦੀ ਸੈਕੁਲਰ ਅਤੇ ਦੂਰਅੰਦੇਸ਼ੀ ਸੋਚ ਸਦਕਾ ਪੰਜਾਬ ਅੰਦਰ ਅਮਨ ਅਤੇ ਭਾਈਚਾਰਕ ਸਾਂਝ ਵਧੀ ਹੈ। ਆਮ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਅਤੇ ਤਰਜਮਾਨੀ ਕਰਨਾ ਸਮੇਂ ਦੀਆਂ ਸਰਕਾਰਾਂ ਦਾ ਮੁੱਖ ਫਰਜ਼ ਹੁੰਦਾਂ ਹੈ। ਇਸ ਫਰਜ਼ ਨੂੰ ਪੂਰਾ ਕਰਦੇ ਹੋਏ ਅਕਤੂਬਰ, 2011 ਵਿੱਚ ਰਾਈਟ ਟੂ ਸਰਵਿਸ ਐਕਟ ਬਣਾਇਆ ਗਿਆ। ਪਹਿਲਾਂ ਵੀ ਸਾਡੇ ਕੋਲ ਰਾਈਟ ਸੀ ਕਿ ਸਾਡੇ ਕੰਮ ਸਰਕਾਰੇ-ਦਰਬਾਰੇ ਠੀਕ ਹੋਣ ਪ੍ਰੰਤੂ ਸਾਡੇ ਕੋਲ ਕੋਈ ਐਕਟ ਨਹੀਂ ਸੀ ਕਿ ਅਸੀਂ ਕਹਿ ਸਕੀਏ ਕਿ ਸਮੇਂ ਸਿਰ ਕੰਮ ਹੋਣਾ ਚਾਹੀਦਾ ਹੈ। ਹੁਣ 226 ਸੇਵਾਵਾਂ ਇਸ ਐਕਟ ਤਹਿਤ ਲਿਆਂਦੀਆਂ ਗਈਆਂ ਹਨ। ਹਰ ਕੰਮ ਨੂੰ ਨਿਪਟਾਉਣ ਦਾ ਸਮਾਂ ਮੁਕੱਰਰ ਕੀਤਾ ਗਿਆ ਹੈ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਇਸ ਵੇਲੇ 3.5 ਕਰੋੜ ਲੋਕਾਂ ਨੇ ਇਨ੍ਹਾਂ ਸੇਵਾਵਾਂ ਤੋਂ ਫਾਇਦਾ ਉਠਾਇਆ ਹੈ। ਇਸ ਤੋਂ ਇਲਾਵਾ ਲੋਕਾਂ ਦੇ ਕੰਮ ਉਨ੍ਹਾਂ ਦੇ ਦਰਾਂ ਤੇ ਹੀ ਹੋਣ, ਇਸ ਮੰਤਵ ਲਈ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ 2174 ਯੂਨੀਫਾਈਡ ਸਰਵਿਸ ਸੈਂਟਰ ਖੋਲ੍ਹਣ ਦੇ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕਰਦਾ ਹਾਂ। ਇਹ ਸਰਕਾਰ ਦੇ ਸਰਬੱਤ ਦੇ ਭਲੇ ਦੀ ਸੋਚ ਨੂੰ ਦਰਸਾਉਂਦੀ ਹੈ। ਮੇਰੇ ਹਲਕੇ ਜਗਰਾਓਂ ਵਿੱਚ 25 ਸਰਵਿਸ ਸੈਂਟਰ ਬਣਨੇ ਹਨ ਅਤੇ ਇਸ ਦਾ ਕੰਮ ਵੀ ਸ਼ੁਰੂ ਹੋ ਚੁੱਕਾ ਹੈ।

ਚੇਅਰਮੈਨ ਸਾਹਿਬ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ

ਭਲਾਈ ਲਈ 1173 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਇਸ ਸਬੰਧ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਉਪਬੰਧ ਕੀਤਾ ਗਿਆ ਹੈ, ਇਹ ਪੈਸੇ ਜ਼ਰੂਰ ਰਿਲੀਜ਼ ਕੀਤੇ ਜਾਣ ਅਤੇ ਮੈਂ ਇਸ ਗੱਲ ਲਈ ਸਾਡੇ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ ਨੂੰ ਨੋਡਲ ਡਿਪਾਰਟਮੈਂਟ ਮੁਕੱਰਰ ਕੀਤਾ ਤਾਂ ਕਿ ਸ਼ਡਿਊਲਡ-ਕਾਸਟਾਂ ਨਾਲ ਸਬੰਧਤ ਸਾਰੇ ਫੈਸਲੇ ਇਹ ਨੋਡਲ ਡਿਪਾਰਟਮੈਂਟ ਲਵੇ, ਇਸ ਵਿੱਚ ਹੁਣ ਕਿਸੇ ਵੀ ਹੋਰ ਡਿਪਾਰਟਮੈਂਟ ਦੀ ਦਖਲਅੰਦਾਜ਼ੀ ਨਹੀਂ ਹੈ। ਸੋ, ਸ਼ਡਿਊਲ ਕਾਸਟਾਂ ਦੀ ਸਾਡੀ 32 ਫੀਸਦੀ ਅਬਾਦੀ ਦੇ ਹਿਸਾਬ ਨਾਲ ਤੁਸੀਂ ਇਸ ਯੋਜਨਾ ਲਈ ਪੈਸੇ ਦਿੱਤੇ ਹਨ। ਮਾਨਯੋਗ ਸੀ.ਐਮ. ਸਾਹਿਬ, ਜਦੋਂ ਤੁਸੀਂ ਪਹਿਲੀ ਵਾਰੀ ਸਾਲ 1970 ਵਿੱਚ ਮੁੱਖ ਮੰਤਰੀ ਬਣੇ ਸੀ ਤਾਂ ਪੰਜਾਬ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੋਂਦ ਵਿੱਚ ਲਿਆਂਦੀ ਸੀ। ਇਹ ਦੇਸ਼ ਦੀ ਪਹਿਲੀ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਸੀ, ਜਿਹੜੀ ਤੁਸੀਂ ਪੰਜਾਬ ਵਿੱਚ ਲਿਆਂਦੀ ਸੀ। ਇਸ ਦਾ ਮਕਸਦ ਇਹ ਸੀ ਕਿ ਸ਼ਡਿਊਲਡ ਕਾਸਟ ਦੇ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ ਅਤੇ ਉਨ੍ਹਾਂ ਨੂੰ ਘੱਟ ਵਿਆਜ ਤੇ ਕਰਜ਼ਾ ਮਿਲੇ। ਉਹ ਇੱਜ਼ਤ ਦਾ ਕੰਮ ਕਾਰ ਕਰ ਸਕਣ। ਇਸ ਦੇ ਬਹੁਤ ਚੰਗੇ ਨਤੀਜੇ ਸਾਹਮਣੇ ਆਏ ਹਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ** **

**Mr. Chairman :** No point of order.

**ਸ਼੍ਰੀ ਐਸ.ਆਰ.ਕਲੇਰ :** ਮੈਂ ਹੀ ਦੱਸ ਦਿੰਦਾ ਹਾਂ। Punjab Scheduled Castes Land Development Corporation ਬਿਲਕੁਲ ਐਗਜਿਸਟ ਕਰਦੀ ਹੈ ਅਤੇ ਕੰਮ ਕਰ ਰਹੀ ਹੈ। ਲੇਕਿਨ ਮੈਂ ਜੋ ਕਹਿਣ ਲੱਗਾ ਹਾਂ ਉਹ ਸੁਣ ਲਉ। ਸਮੇਂ ਦੀਆਂ ਲੋੜਾਂ ਅਨੁਸਾਰ ਇਸ ਸੰਸਥਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਕਿ ਦਲਿਤ ਵਰਗ ਹਰ ਲੋੜ ਦੀ ਪੂਰਤੀ ਲਈ ਸਰਕਾਰ ਵੱਲ ਨਾ ਦੇਖੇ।

**ਸ਼੍ਰੀ ਸਭਾਪਤੀ :** ਕਲੇਰ ਸਾਹਿਬ ਸਮਾਪਤੀ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ:** ਮਾਨਯੋਗ ਮੈਂਬਰ ਸਾਹਿਬ ਸਿੱਧਾ ਇਹ ਕਿਉਂ ਨਹੀਂ ਕਹਿ ਦਿੰਦੇ ਕਿ ** **

**Expunged as ordered by the Chair.

**ਸ਼੍ਰੀ ਸਭਾਪਤੀ :** ਹਾਂ ਜੀ, ਕਲੇਰ ਸਾਹਿਬ, ਤੁਸੀਂ ਬੋਲੋ। No point of order.

**ਸ਼੍ਰੀ ਐਸ.ਆਰ.ਕਲੇਰ :** ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਚੰਨੀ ਜੀ, ਸੁਣੋ। 1653 ਲੋਨੀ ਸੀ ਜਿਨ੍ਹਾਂ ਦੀ ਡੈਥ ਹੋ ਚੁੱਕੀ ਸੀ। ਜਿਨ੍ਹਾਂ ਵਾਸਤੇ ਆਪਾਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ। 11 ਕਰੋੜ ਰੁਪਿਆ 1653 ਲੋਨੀਆਂ ਦਾ ਮੁਆਫ ਕਰ ਦਿੱਤਾ ਗਿਆ ਹੈ ਜਿਨ੍ਹਾਂ ਨੇ ਕਾਰਪੋਰੇਸ਼ਨ ਤੋਂ ਲੋਨ ਲਏ ਸੀ। ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਜ਼ਰੂਰ ਬੇਨਤੀ ਕਰਾਂਗਾ ਕਿ ਸਾਲ 1997 ਵਿੱਚ ਆਪ ਜੀ ਨੇ old age, widow and dependent child ਦੀ ਪੈਨਸ਼ਨ 250/- ਰੁਪਏ ਪ੍ਰਤੀ ਮਹੀਨਾ ਲਗਾਈ ਸੀ। (ਵਿਘਨ)

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ..... (ਵਿਘਨ)

**ਸ਼੍ਰੀ ਸਭਾਪਤੀ :** ਸਮਾਂ ਨਾ ਬਰਬਾਦ ਕਰੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਾਡਾ ਰਾਈਟ ਬਣਦਾ ਹੈ।

**ਸ਼੍ਰੀ ਸਭਾਪਤੀ :** ਰਾਈਟ ਤਾਂ ਹੈ। ਸਿੱਧੂ ਸਾਹਿਬ, ਤੁਹਾਡੀ ਪਾਰਟੀ ਦਾ ਟਾਈਮ ਆਉਣਾ ਹੈ, ਉਸ ਵੇਲੇ ਬੋਲ ਲੈਣਾ।

**ਸ਼੍ਰੀ ਐਸ.ਆਰ.ਕਲੇਰ :** ਮਾਨਯੋਗ ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਕੀਮ ਤਹਿਤ ਕੁੱਲ 19 ਲੱਖ 82 ਹਜ਼ਾਰ ਬੈਨੀਫਿਸ਼ਰੀਜ਼ ਕਵਰ ਹੁੰਦੇ ਹਨ। ਮੈਂ ਜਦੋਂ ਵੀ ਕਦੇ ਆਪਣੇ ਹਲਕੇ ਵਿੱਚ ਜਾਂਦਾ ਹਾਂ, ਸਾਡੇ ਬੁਜ਼ੁਰਗ ਤੇ ਮਾਤਾਵਾਂ ਇਹ ਗੱਲ ਕਹਿੰਦੀਆਂ ਹਨ ਕਿ ਹੁਣ 250/- ਰੁਪਏ ਨਾਲ ਕੁਝ ਨਹੀਂ ਬਣਦਾ। ਇਸ ਪੈਸੇ ਨੂੰ ਵਧਾ ਦਿੱਤਾ ਜਾਵੇ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਘੱਟ ਤੋਂ ਘੱਟ 400/- ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਜਾਵੇ। ਜੇ ਨਹੀਂ ਕਰ ਸਕਦੇ, ਇਸ ਦੇ ਵਿੱਚ ਕੁਝ ਵੱਖਰੀਆਂ ਵੱਖਰੀਆਂ ਕੈਟਾਗਰੀਜ਼ ਹਨ ਜਿਵੇਂ ਕਿ ਬਜ਼ੁਰਗ, ਹੈਂਡੀਕੈਪਡ, ਵਿਡੋ ਅਤੇ ਡਿਪੈਂਡੈਂਟ ਚਾਇਲਡ ਜੋ ਕਿ ਕਮ-ਜ਼-ਕਮ 13.95 ਫੀਸਦੀ ਬੱਚੇ ਹਨ ਅਤੇ ਡੇਢ ਲੱਖ ਦੇ ਕਰੀਬ ਹੈਂਡੀਕੈਪਡ ਹਨ। ਇਨ੍ਹਾਂ ਦੀ ਪੈਨਸ਼ਨ ਦੀ ਰਾਸ਼ੀ ਨੂੰ ਸੀਰੀਅਲ ਵਾਈਜ਼ ਵਾਰੀ ਵਾਰੀ ਵਧਾ ਦਿੱਤਾ ਜਾਵੇ।

**ਸ਼੍ਰੀ ਸਭਾਪਤੀ :** ਸਮਾਪਤੀ ਕਰੋ ਜੀ।

**ਸ਼੍ਰੀ ਐਸ.ਆਰ.ਕਲੇਰ :** ਇੱਕ ਮਿੰਟ ਦਾ ਟਾਈਮ ਦੇ ਦਿਉ ਜੀ। ਚੇਅਰਮੈਨ ਸਾਹਿਬ, ਨੌਜਵਾਨ ਹੀ ਪੰਜਾਬ ਦਾ ਭਵਿੱਖ ਹਨ ਤੇ ਇਨ੍ਹਾਂ ਦੀ ਗਿਣਤੀ ਕੁੱਲ ਅਬਾਦੀ ਦਾ 30% ਹੈ । ਇਹ ਬਹੁਤ ਅੱਛੀ ਗੱਲ ਹੈ ਕਿ ਹੁਨਰਮੰਦ ਸਿਖਲਾਈ ਦੀ ਵਚਨਬੱਧਤਾ ਨੂੰ ਦੇਖਦੇ ਹੋਏ ਬਲਾਕ, ਡਿਸਟ੍ਰਿਕਟ ਤੇ ਸਟੇਟ ਲੈਵਲ ਤੇ ਤਿੰਨ ਪੜ੍ਹਾਵੀ "ਸ਼ਕਤੀਸ਼ਾਲੀ ਰਾਜ ਹੁਨਰ ਵਿਕਾਸ ਮਿਸ਼ਨ" ਸਥਾਪਿਤ ਕੀਤੇ ਜਾ ਰਹੇ ਹਨ। ਇਹ ਬਹੁਤ ਖੁਸ਼ੀ ਦੀ ਗੱਲ ਹੈ। ਪਿੰਡਾਂ ਵਿੱਚ ਇਸ ਸਕੀਮ ਤਹਿਤ ਸਿਖਲਾਈ ਦੇਣ ਵਾਸਤੇ 2000 ਲੜਕੀਆਂ ਅਤੇ 500 ਲੜਕਿਆਂ ਵਾਸਤੇ ਸਿਖਲਾਈ ਕੇਂਦਰ ਖੋਲ੍ਹੇ ਜਾਣਗੇ।

ਮੈਂ ਥੋੜ੍ਹੀ ਜਿਹਾ ਹੋਰ ਸਮਾਂ ਲਵਾਂਗਾ ਤੇ ਆਪਣੀ ਗੱਲ ਕਰਾਂਗਾ। ਤਿੰਨ ਸਾਲ ਮੈਨੂੰ ਐਮ.ਐਲ.ਏ ਬਣੇ ਨੂੰ ਹੋ ਗਏ ਹਨ। ਜਦੋਂ ਮੈਂ ਪਿੰਡਾਂ ਵਿੱਚ ਜਾਂਦਾ ਹਾਂ ਤਾਂ ਪਿੰਡਾਂ ਦੇ ਬੱਚਿਆਂ ਨਾਲ ਵੀ ਗੱਲ ਕਰਦਾ ਹਾਂ। ਜਿਹੜੇ ਉਥੇ ਆਈ.ਟੀ.ਆਈ ਪਾਸ ਬੱਚੇ ਸਨ, ਉਨ੍ਹਾਂ ਨਾਲ ਮੈਂ ਗੱਲ ਕੀਤੀ, ਉਹ ਵਿਹਲੇ ਤੁਰੇ ਫਿਰਦੇ ਸਨ। ਅਸੀਂ ਉਥੇ ਸੀ.ਆਈ.ਸੀ.ਯੂ (Chamber of Industrial and Commercial Undertaking), ਲੁਧਿਆਣਾ ਦੇ ਸਹਿਯੋਗ ਨਾਲ ਜਾਬ ਮੇਲਾ ਕੀਤਾ ਅਤੇ ਉਨ੍ਹਾਂ ਨਾਲ ਸੈੱਟ ਅੱਪ ਕਰਕੇ 145 ਬੱਚਿਆਂ ਨੂੰ ਅਸੀਂ ਰੁਜ਼ਗਾਰ ਦਿੱਤਾ ਅਤੇ ਜਿਹੜੇ ਅਨ-ਸਕਿੱਲਡ ਵਰਕਰ ਸੀ, ਉਨ੍ਹਾਂ ਵਾਸਤੇ ਅਸੀਂ ਪਿੰਡ ਪਿੰਡ ਜਾ ਕੇ ਇੱਕ ਸੈਮੀਨਾਰ ਕੀਤਾ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਮੈਂਬਰ ਸਾਹਿਬ ਨੂੰ ਪੂਰੀ ਜਾਣਕਾਰੀ ਨਹੀਂ ਹੈ। ਇਨ੍ਹਾਂ ਨੇ ਜੋ ਦੱਸਿਆ ਹੈ, ਉਸ ਦੀ ਗਿਣਤੀ ਮੇਰੇ ਕੋਲ ਵੀ ਹੈ। ਇਨ੍ਹਾਂ ਨੇ ਸਿਰਫ ਤੇ ਸਿਰਫ 15 ਨੌਜਵਾਨਾਂ ਨੂੰ ਨੌਕਰੀ ਦਿਵਾਈ ਹੈ। (ਵਿਘਨ)

**ਸ਼੍ਰੀ ਸਭਾਪਤੀ :** ਤੁਹਾਡਾ ਪੁਆਇੰਟ ਆ ਗਿਆ ਹੈ ਜੀ।

**ਸ਼੍ਰੀ ਐਸ.ਆਰ. ਕਲੇਰ :** ਮੈਂ ਜਿਹੜੀ ਅਗਲੀ ਗੱਲ ਕਰਨੀ ਚਾਹੁੰਦਾ ਹਾਂ....

**ਸ਼੍ਰੀ ਸਭਾਪਤੀ :** ਕਲੇਰ ਸਾਹਿਬ, ਸਮਾਪਤੀ ਕਰੋ ਜੀ।

**ਸ਼੍ਰੀ ਐਸ.ਆਰ. ਕਲੇਰ :** ਅਸੀਂ ਬਕਾਇਦਾ 145 ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਹਨ। (ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲੋਂ ਵਿਘਨ)

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਤੁਸੀਂ ਬੈਠੋ। ਬਿਨਾ ਪਰਮਿਸ਼ਨ ਨਾ ਬੋਲੋ। ਤੁਹਾਨੂੰ ਟਾਈਮ ਦੇਵਾਂਗੇ, ਤੁਸੀਂ ਉਦੋਂ ਆਪਣੀ ਗੱਲ ਕਰਿਉ।

**ਸ਼੍ਰੀ ਐਸ.ਆਰ.ਕਲੇਰ :** ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬੱਚੇ ਡੇਅਰੀ ਫਾਰਮਿੰਗ ਦੀ ਟਰੇਨਿੰਗ ਲੈਂਦੇ ਹਨ, ਉਹ ਜਾਂ ਤਾਂ ਦਲਿਤ ਬੱਚੇ ਹੁੰਦੇ ਹਨ ਜਾਂ ਛੋਟੇ ਕਿਸਾਨ ਹੁੰਦੇ ਹਨ। ਇਸ ਵਿੱਚ 312 ਦੇ ਕਰੀਬ ਬੱਚਿਆਂ ਨੇ ਟਰੇਨਿੰਗ ਲਈ ਹੈ ਅਤੇ 182 ਨੇ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਦੀ ਡਿਮਾਂਡ ਹੈ ਕਿ ਇਸ ਸਕੀਮ ਤਹਿਤ ਮਿਲਣ ਵਾਲੇ ਲੋਨ ਦੀ ਰਾਸ਼ੀ ਵਧਾਈ ਜਾਵੇ। ਹੁਣ ਇੱਕ ਲੱਖ ਰੁਪਿਆ ਗਾਰੰਟੀ ਤੇ ਲੋਨ ਮਿਲਦਾ ਹੈ। ਤੁਹਾਨੂੰ ਪਤਾ ਹੀ ਹੈ ਕਿ ਅੱਜ ਕੱਲ੍ਹ ਇੱਕ ਮੱਝ ਦਾ ਰੇਟ ਲਗਭਗ 50 ਹਜ਼ਾਰ ਅਤੇ ਗਾਂ ਦਾ ਰੇਟ ਲਗਭਗ 60 ਹਜ਼ਾਰ ਰੁਪਏ ਹੈ। ਇਹ ਜਿਹੜੀ ਗਾਰੰਟੀ ਦੀ ਰਕਮ ਹੈ, ਇਹ ਘੱਟੋ-ਘੱਟ ਢਾਈ ਲੱਖ ਰੁਪਏ ਹੋਣੀ ਚਾਹੀਦੀ ਹੈ ਤਾਂ ਕਿ ਉਹ ਦਲਿਤ ਵੀਰ ਜਾਂ ਛੋਟਾ ਕਿਸਾਨ ਆਪਣਾ ਕੰਮ ਕਰ ਸਕੇ।

ਦੂਜੀ ਗੱਲ ਇਹ ਹੈ ਕਿ ਲੁਧਿਆਣਾ ਵਿੱਚ ਇਸ ਵੇਲੇ ਜਿਹੜਾ ਟਰੇਨਿੰਗ ਸੈਂਟਰ ਹੈ, ਉਹ ਜਗਰਾਉਂ ਤੋਂ ਤਕਰੀਬਨ 70 ਕਿਲੋਮੀਟਰ ਦੂਰੀ ਤੇ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਗਰਾਉਂ ਵਿਖੇ ਹੀ ਇੱਕ ਟਰੇਨਿੰਗ ਸੈਂਟਰ ਖੋਲ੍ਹਿਆ ਜਾਵੇ, ਉਸ ਲਈ ਅਸੀਂ 2 ਏਕੜ ਜਗ੍ਹਾ ਦੇਣ ਨੂੰ ਵੀ ਤਿਆਰ ਹਾਂ। ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਪੌਲੀ-ਕਲੀਨਿਕ ਵੀ ਜਗਰਾਉਂ ਵਿੱਚ ਖੋਲ੍ਹਿਆ ਜਾਵੇ। ਮੈਂ ਮਾਨਯੋਗ ਡਿਪਟੀ ਮੁੱਖ ਮੰਤਰੀ ਸਾਹਿਬ ਅਤੇ ਖੇਤੀਬਾੜੀ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੌਲੀ-ਕਲੀਨਿਕ ਵਿੱਚ allied ਧੰਦੇ ਜਿਵੇਂ ਹੌਰਟੀਕਲਚਰ, ਫਿਸ਼ਰੀ, ਸੁਆਇਲ ਕੰਨਜ਼ਰਵੇਸ਼ਨ, ਐਨੀਮਲ ਹਸਬੈਂਡਰੀ ਵਗੈਰਾ ਵੀ ਸ਼ਾਮਲ ਕਰ ਲੈਣੇ ਚਾਹੀਦੇ ਹਨ।

**ਸ਼੍ਰੀ ਸਭਾਪਤੀ :** ਕਲੇਰ ਸਾਹਿਬ, ਹੁਣ ਤੁਸੀਂ ਬੈਠੋ ਜੀ।

**ਸ਼੍ਰੀ ਐਸ.ਆਰ. ਕਲੇਰ :** ਚੇਅਰਮੈਨ ਸਾਹਿਬ, ਇੱਕ ਬਹੁਤ ਜ਼ਰੂਰੀ ਗੱਲ ਕਹਿਣੀ ਚਾਹੁੰਦਾ ਹਾਂ, ਮੈਨੂੰ ਦੋ ਮਿੰਟ ਦੇ ਦਿਉ। ਮੇਰੇ ਹਲਕੇ ਵਿੱਚ ਸਾਲ 2012 ਤੋਂ ਵਾਟਰ ਸਪਲਾਈ ਅਤੇ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਮੈਂ ਧੰਨਵਾਦ ਕਰਦਾ ਹਾਂ ਕਿ 50% ਦੇ ਕਰੀਬ ਕੰਮ ਹੋ ਚੁੱਕਾ ਹੈ। ਇੱਕ ਐਸ.ਟੀ.ਪੀ. ਲੱਗ ਚੁੱਕਾ ਹੈ। ਲੇਕਿਨ ਬਾਕੀ ਕੰਮ ਅਜੇ ਬਾਕੀ ਹੈ। ਜਿੱਥੇ ਸੀਵਰ ਪੈ ਚੁੱਕਾ ਹੈ ਉਥੇ ਸੜਕਾਂ ਬਣਨ ਵਾਲੀਆਂ ਹਨ ਅਤੇ ਜਿੱਥੇ ਸੀਵਰ ਨਹੀਂ ਪਿਆ

ਉਥੇ ਸੜਕਾਂ ਨਹੀਂ ਬਣ ਸਕਦੀਆਂ ਕਿਉਂਕਿ ਸੀਵਰ ਪੈਣਾ ਹੈ। ਸੋ, ਇਨ੍ਹਾਂ ਕੰਮਾਂ ਵਾਸਤੇ ਜ਼ਰੂਰ ਫੰਡਜ਼ ਦਿੱਤੇ ਜਾਣ। ਜਗਰਾਉਂ ਪੁਰਾਣਾ ਸ਼ਹਿਰ ਹੈ। ਸਾਡੇ ਉਥੇ ਸਟਾਰਮ ਵਾਟਰ ਚੈਨਲ ਹੋਣਾ ਚਾਹੀਦਾ ਹੈ ਕਿਉਂਕਿ ਜਦੋਂ ਥੋੜ੍ਹੀ ਜਿਹੀ ਵੀ ਬਰਸਾਤ ਆਉਂਦੀ ਹੈ ਤਾਂ ਉਥੇ ਬਹੁਤ ਪਾਣੀ ਇਕੱਠਾ ਹੋ ਜਾਂਦਾ ਹੈ। ਇਸ ਲਈ ਉਥੇ ਸਟਾਰਮ ਵਾਟਰ ਚੈਨਲ ਦਾ ਜ਼ਰੂਰ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ।

ਇੱਕ ਆਖਰੀ ਬੇਨਤੀ ਹੈ ਕਿ ਜਿਹੜੀ ਮੇਨ ਸੜਕ ਹੈ ਜੋ ਕਿ ਮਾਨਸਾ, ਬਰਨਾਲਾ, ਰਾਏਕੋਟ, ਜਗਰਾਉਂ, ਨਕੋਦਰ ਅਤੇ ਜਲੰਧਰ ਤੱਕ ਹੈ, ਉਸ ਉਤੇ ਅਬੋਹਰ ਬਰਾਂਚ ਤੇ 100 ਸਾਲ ਪੁਰਾਣਾ ਪੁਲ ਹੈ। ਉਹ 12 ਫੁੱਟ ਚੌੜਾ ਹੈ। ਉਥੋਂ ਲੰਘਣਾ ਬਹੁਤ ਮੁਸ਼ਕਲ ਹੈ। ਉਥੇ ਟਰੈਫਿਕ ਵੀ ਰੁਕ ਜਾਂਦਾ ਹੈ ਅਤੇ ਇੰਨੀ ਵੱਡੀ ਸਮੱਸਿਆ ਬਣ ਜਾਂਦੀ ਹੈ ਕਿ ਉਥੇ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੋ ਜਾਂਦੀ ਹੈ। ਮੈਨੂੰ ਕਈ ਵਾਰੀ ਉਥੇ ਪੁਲਿਸ ਭੇਜਣੀ ਪਈ ਹੈ ਕਿ ਜਾ ਕੇ ਟਰੈਫਿਕ ਰੈਗੂਲੇਟ ਕਰਵਾਏ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮੰਗ ਵੀ ਜ਼ਰੂਰ ਪੂਰੀ ਕੀਤੀ ਜਾਵੇ।

ਇੱਕ ਆਖਰੀ ਗੱਲ ਹੋਰ ਜ਼ਰੂਰ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਆਊਟ ਸੋਰਸਿੰਗ ਦੀ ਇੱਥੇ ਗੱਲ ਕੀਤੀ ਗਈ ਹੈ।

**ਸ਼੍ਰੀ ਸਭਾਪਤੀ :** ਕਲੇਰ ਸਾਹਿਬ, ਬੈਠੋ ਜੀ। ਬਹੁਤ ਟਾਈਮ ਹੋ ਗਿਆ ਹੈ ਜੀ। ਹੁਣ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਚੇਅਮੈਨ ਸਾਹਿਬ, ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬਜਟ ਤੇ ਐਗਰੀਕਲਚਰਲ ਡਾਈਵਰਸੀਫਿਕੇਸ਼ਨ ਬਾਰੇ ਬੜਾ ਧਿਆਨ ਦਿੱਤਾ ਗਿਆ ਹੈ। ਰਾਣਾ ਜੀ ਵੀ ਡਾਈਵਰਸੀਫਿਕੇਸ਼ਨ ਤੇ ਬਹੁਤ ਸੋਹਣਾ ਬੋਲ ਰਹੇ ਸਨ। ਡਾਈਵਰਸੀਫਿਕੇਸ਼ਨ ਤਹਿਤ ਕਿਸਾਨਾਂ ਨੂੰ ਸ਼ੂਗਰਕੇਨ ਦੇ ਉਤਪਾਦਨ ਵਾਲੇ ਪਾਸੇ ਪਾਇਆ ਗਿਆ ਸੀ। ਸ਼ੂਗਰਕੇਨ ਵਿੱਚ ਦੋ ਫਾਰਮੂਲੇ ਸੀ, ਵੇਅਮੈਂਟ (weighment) ਤੇ ਪੇਮੈਂਟ (payment). ਜਿਹੜੀ ਮਿੱਲਾਂ ਵਿੱਚ ਵੇਅਮੈਂਟ ਹੁੰਦੀ ਹੈ, ਉਸ ਵੱਲ ਸਰਕਾਰਾਂ ਦਾ ਬਹੁਤਾ ਧਿਆਨ ਨਹੀਂ ਹੁੰਦਾ। ਮੇਰਾ ਨਹੀਂ ਖਿਆਲ ਕਿ ਕਿਸੇ ਨੇ ਵੀ ਕਿਸੇ ਮਿੱਲ ਵਿੱਚ ਜਾ ਕੇ ਕੰਡਾ ਚੈੱਕ ਕੀਤਾ ਹੋਵੇ ਕਿ weighment ਪੂਰੀ ਹੋ ਰਹੀ ਹੈ (ਵਿਘਨ) ਰਾਣਾ ਜੀ ਦੀ ਗੱਲ ਛੱਡੋ, ਸਰਕਾਰੀ ਮਿੱਲਾਂ ਵੱਲ ਹੀ ਝਾਤੀ ਮਾਰ ਕੇ ਵੇਖ ਲਵੋ। ਮੈਂ ਕਿਸੇ ਦੀ ਪਰਸਨਲ

[ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ]

ਗੱਲ ਨਹੀਂ ਕਰ ਰਿਹਾ। ਕਿਸਾਨਾਂ ਨੂੰ 2-2 ਸਾਲ ਤੱਕ ਪੇਮੈਂਟ ਨਹੀਂ ਹੁੰਦੀ, ਵੈਸੇ ਕਹਿੰਦੇ ਹਨ ਕਿ ਕੈਸ਼ ਕਰਾਪ ਹੈ। ਪਿਛਲੀ ਵਾਰ ਕਹਿੰਦੇ ਸਨ ਕਿ ਨਾਲ ਦੀ ਨਾਲ ਪੇਮੈਂਟ ਹੋਵੇਗੀ। ਇਸ ਵਾਰੀ ਢੀਂਡਸਾ ਸਾਹਿਬ ਨੇ ਗੰਨਾ ਉਤਪਾਦਕਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਲਈ ਖੰਡ ਸਹਿਕਾਰੀ ਸਭਾਵਾਂ ਲਈ 600/- ਕਰੋੜ ਰੁਪਿਆ ਰੱਖਿਆ ਹੈ। ਪਰ ਉਹ ਪੈਸੇ ਬੜੀ ਹੀ ਦੇਰ ਨਾਲ ਮਿਲਦੇ ਹਨ ਜਿਸ ਕਾਰਨ ਡਾਈਵਰਸੀਫਿਕੇਸ਼ਨ ਨੂੰ ਝਟਕਾ ਲਗਦਾ ਹੈ। ਕਿਸਾਨਾਂ ਵਾਸਤੇ ਇਹ ਹੋਵੇ ਕਿ ਜਦੋਂ ਹੀ ਉਹ ਫਸਲ ਵੇਚ ਕੇ ਆਵੇ, ਨਾਲ ਦੀ ਨਾਲ ਪਰਚੀ ਮਿਲੇ ਅਤੇ ਉਦੋਂ ਹੀ ਪੈਸਾ ਮਿਲੇ, ਫਿਰ ਤਾਂ ਉਸ ਨੂੰ ਕੈਸ਼ ਕਰਾਪ ਕਿਹਾ ਜਾ ਸਕਦਾ ਹੈ ਨਹੀਂ ਤਾਂ ਉਹ ਕੈਸ਼ ਕਰਾਪ ਕਹਿਣਾ ਗਲਤ ਹੈ। ਇਸ ਤਰ੍ਹਾਂ ਡਾਈਵਰਸੀਫਿਕੇਸ਼ਨ ਨੂੰ ਧੱਕਾ ਲੱਗੇਗਾ। ਰਾਣਾ ਜੀ ਨੇ ਵੀ ਬੜੀ ਓਪਨਲੀ ਗੱਲ ਆਖੀ ਸੀ ਕਿ ਅਸੀਂ ਹੁਣ 30 ਤਰੀਕ ਤੋਂ ਪਿੱਛੋਂ ਪੈਸੇ ਨਹੀਂ ਦੇਣੇ ਕਿਉਂਜੋ ਸਾਨੂੰ ਘਾਟਾ ਪੈ ਰਿਹਾ ਹੈ। ਇਸ ਵਾਰੀ ਤਾਂ ਪ੍ਰਾਈਵੇਟ ਮਿੱਲਾਂ ਵਾਲੇ ਕਹਿੰਦੇ ਕਿ ਅਸੀਂ ਵੀ ਪੈਸੇ ਨਹੀਂ ਦੇਣੇ ਜੇਕਰ ਸਰਕਾਰੀ ਮਿੱਲਾਂ ਪੈਸੇ ਨਹੀਂ ਦੇ ਰਹੇ ਜੇਕਰ ਇਹ ਪ੍ਰਾਈਵੇਟ ਮਿੱਲਾਂ ਵਾਲੇ ਵੀ ਕਿਸਾਨਾਂ ਨੂੰ ਸਾਲ-ਸਾਲ ਪੈਸੇ ਨਾ ਦੇਣ, ਕਿਸਾਨਾਂ ਨੂੰ ਪੈਸਾ ਹੀ ਨਾ ਮਿਲੇ ਤਾਂ ਡਾਈਵਰਸੀਫਿਕੇਸ਼ਨ ਦੀ ਕੀ ਗੱਲ ਰਹਿ ਜਾਂਦੀ ਹੈ। ਸਰਕਾਰ ਨੂੰ ਇਹ ਸਮਾਂਬੱਧ ਕਰਨਾ ਚਾਹੀਦਾ ਹੈ ਕਿ ਕਿਸਾਨਾਂ ਨੂੰ ਸਰਕਾਰੀ ਮਿੱਲਾਂ ਜਾਂ ਪ੍ਰਾਈਵੇਟ ਮਿੱਲਾਂ ਵਾਲੇ ਸਮੇਂ ਸਿਰ ਪੈਸੇ ਦਿਆ ਕਰਨ।

ਫਿਰ ਸ਼ੂਗਰਕੇਨ ਤੋਂ ਪਾਪੂਲਰ ਉਗਾਉਣ ਵਾਲੇ ਪਾਸੇ ਲੋਕਾਂ ਨੂੰ ਲਗਾਇਆ ਗਿਆ। ਪਾਪੂਲਰ ਦਾ ਪਿਛਲੇ ਸਾਲ ਰੇਟ 1200/- ਰੁਪਏ ਪ੍ਰਤੀ ਕੁਇੰਟਲ ਸੀ ਅਤੇ ਇਸ ਵਾਰੀ 600/- ਰੁਪਏ ਪ੍ਰਤੀ ਕੁਇੰਟਲ ਹੈ। ਇਸ ਵਿੱਚ ਵੀ ਕਿਸੇ ਨਾ ਕਿਸੇ ਤਰ੍ਹਾਂ ਐਮ.ਐਸ.ਪੀ. ਲਾਗੂ ਕੀਤੀ ਜਾਣੀ ਚਾਹੀਦੀ ਹੈ ਤਾਂ ਹੀ ਡਾਈਵਰਸੀਫਿਕੇਸ਼ਨ ਹੋਵੇਗੀ। ਸੁਖਬੀਰ ਜੀ, (ਉਪ ਮੁੱਖ ਮੰਤਰੀ), ਜੇ ਪੰਜਾਬ ਵਿੱਚ ਹੁਸ਼ਿਆਰਪੁਰ ਵਿਖੇ ਪਾਪੂਲਰ ਵੇਚਣ ਜਾਉ ਤਾਂ ਉਥੇ 10% ਕਾਟ ਕੱਟੀ ਜਾਂਦੀ ਹੈ, ਜੇਕਰ ਪਟਿਆਲੇ ਵੇਚਣ ਜਾਉ ਤਾਂ 3% ਕਾਟ ਹੈ। ਇਹ ਬੇ-ਕਾਨੂੰਨੀ ਪੰਜਾਬ ਵਿੱਚ ਹੀ ਕਿਉਂ ਹੈ? ਜੇਕਰ ਕੋਈ ਇੱਕ ਲੱਖ ਰੁਪਏ ਦੀ ਲੱਕੜ ਵੇਚਦਾ ਹੈ ਤਾਂ ਆੜ੍ਹਤੀ 10,000/- ਰੁਪਿਆ ਕੱਟ ਲੈਂਦਾ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਅਤੇ ਇਸ ਤਰ੍ਹਾਂ ਲੁੱਟ-ਖਸੁੱਟ ਨਹੀਂ ਹੋਣੀ ਚਾਹੀਦੀ। ਯਮੁਨਾਨਗਰ ਵਿੱਚ 3% ਕਾਟ ਹੈ, ਹੁਸ਼ਿਆਰਪੁਰ ਵਿੱਚ 10% ਹੈ ਅਤੇ ਸੁਨਾਮ ਵਿੱਚ ਫਿਰ

3% ਕਾਟ ਕੱਟੀ ਜਾਂਦੀ ਹੈ। ਜੇਕਰ ਆਪਾਂ ਲੋਕਾਂ ਨੂੰ ਪਾਪੂਲਰ ਉਗਾਉਣ ਵਾਲੇ ਪਾਸੇ ਲਗਾਉਣਾ ਹੈ ਤਾਂ ਪ੍ਰਾਈਸ ਵਾਲੇ ਪਾਸੇ ਵੀ ਸਾਨੂੰ ਧਿਆਨ ਦੇਣਾ ਪਵੇਗਾ ਅਤੇ ਪ੍ਰੋਟੈਕਸ਼ਨ ਦੇਣ ਦੀ ਲੋੜ ਹੈ ਕਿਉਂਜੋ ਰੇਟ ਕਦੇ 1200/- ਰੁਪਏ ਹੁੰਦਾ ਹੈ ਅਤੇ ਕਦੇ 600/- ਰੁਪਏ ਹੁੰਦਾ ਹੈ। ਇਸ ਪਾਸੇ ਗੌਰਮਿੰਟ ਨੂੰ ਸਟੈਪ-ਇਨ ਕਰਨ ਦੀ ਲੋੜ ਹੈ। ਇਸ ਦੇ ਨਾਲ ਜਿਹੜੀ ਕਾਟ ਹੈ, ਉਹ ਵੀ ਸਾਰੇ ਪੰਜਾਬ ਵਿੱਚ ਇਕੋ ਜਿਹੀ ਕੱਟਣੀ ਚਾਹੀਦੀ ਹੈ ਅਤੇ ਇਸ ਦਾ ਘੱਟ ਤੋਂ ਘੱਟ ਰੇਟ ਰੱਖਣਾ ਚਾਹੀਦਾ ਹੈ।

ਅਸੀਂ ਖੇਤੀਬਾੜੀ ਖੇਤਰ ਵਿੱਚ ਬਿਜਲੀ ਮੁਫਤ ਦੇ ਰਹੇ ਹਾਂ। ਚੰਗੀ ਗੱਲ ਹੈ ਅਤੇ ਪੰਜਾਬ ਵਿੱਚ 85 ਲੱਖ ਲੋਕ ਐਸੇ ਹਨ, ਜਿਨ੍ਹਾਂ ਕੋਲ ਬਿਜਲੀ ਦੇ ਕੁਨੈਕਸ਼ਨ ਹਨ ਪਰ ਇੰਨੇ ਲੋਕਾਂ ਨੂੰ ਸਰਵਿਸ ਦੇਣ ਲਈ ਕੇਵਲ 45000 ਬੰਦੇ ਹਨ। ਆਮ ਤੌਰ ਤੇ 20 ਪਿੰਡਾਂ ਲਈ ਦੋ ਹੀ ਬਿਜਲੀ ਮੁਲਾਜ਼ਮ ਹੁੰਦੇ ਹਨ, ਜੇਕਰ ਕੋਈ ਕੰਪਲੇਂਟ ਹੋ ਜਾਵੇ ਤਾਂ ਉਹ ਜਾ ਕੇ ਤਾਰ ਜਾਂ ਟਰਾਂਸਫਾਰਮਰ ਵਗੈਰਾ ਬਦਲਦੇ ਹਨ। ਕਿਸਾਨਾਂ ਦੀ ਕੰਪਲੇਂਟ ਹੱਲ ਕਰਨ ਲਈ ਹਫਤਾ-ਹਫਤਾ ਵਾਰੀ ਹੀ ਨਹੀਂ ਆਉਂਦੀ ਕਿ ਉਨ੍ਹਾਂ ਦਾ ਟਰਾਂਸਫਾਰਮਰ ਬਦਲਿਆ ਜਾ ਸਕੇ। ਬਿਜਲੀ ਬੋਰਡ ਵਾਲਿਆਂ ਕੋਲ ਮੁਲਾਜ਼ਮ ਹੀ ਨਹੀਂ ਹਨ। ਬੇਈਮਾਨੀ ਦਾ ਇਹ ਹਿਸਾਬ ਹੈ ਕਿ ਜਿਸ ਦਿਨ ਟਰਾਂਸਫਾਰਮਰ ਸੜਦਾ ਹੈ, ਉਸੇ ਦਿਨ ਹੀ ਜਿੰਨੇ ਉਸ ਤੋਂ ਕੁਨੈਕਸ਼ਨ ਹੁੰਦੇ ਹਨ, ਸਾਰੇ ਕੁਨੈਕਸ਼ਨਾਂ ਵਾਲੇ ਪੈਸੇ ਇਕੱਠੇ ਕਰਨ ਲੱਗ ਜਾਂਦੇ ਹਨ। ਉਹ ਕਹਿੰਦੇ ਹਨ ਕਿ ਖਰਚਾ ਦੇਣਾ ਪੈਣਾ ਹੈ। ਉਹ ਕਹਿੰਦੇ ਹਨ ਕਿ 500-500 ਰੁਪਏ ਜਾਂ 200-200 ਰੁਪਏ ਇਕੱਠੇ ਕਰਕੇ ਜੇ.ਈ. ਨੂੰ ਜਾਂ ਐਸ.ਡੀ.ਓ. ਨੂੰ ਦੇਈਏ ਤਾਂ ਜੋ ਟਰਾਂਸਫਾਰਮਰ ਬਦਲਿਆ ਜਾਵੇ। ਕਿਸਾਨ ਟਰਾਲੀ ਤੇ ਟਰਾਂਸਫਾਰਮਰ ਲੱਦ ਕੇ ਲਿਆਉਂਦਾ ਹੈ, ਤਾਰਾਂ ਲਿਆਉਂਦਾ ਹੈ ਅਤੇ ਖੰਭੇ ਲਿਆਉਂਦਾ ਹੈ। ਬਿਜਲੀ ਦੇ ਮੁਲਾਜ਼ਮ ਕੋਲ ਬੈਠੇ ਰਹਿੰਦੇ ਹਨ, ਕਿਸਾਨ ਹੀ ਖੰਭੇ ਗੱਡਦਾ ਹੈ, ਤਾਰਾਂ ਲਗਾਉਂਦਾ ਹੈ ਅਤੇ ਟਰਾਂਸਫਾਰਮਰ ਲਗਾਉਂਦਾ ਹੈ। ਉਹ ਦੋਵੇਂ ਮੁਲਾਜ਼ਮ ਉਥੇ ਚਾਹ ਪੀ ਕੇ ਚਲੇ ਜਾਂਦੇ ਹਨ। ਮੁਲਾਜ਼ਮਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਦੀਆਂ ਕੰਪਲੇਂਟਾਂ ਨੂੰ ਸਮੇਂ ਸਿਰ ਨਿਪਟਾਇਆ ਜਾ ਸਕੇ।

ਅੱਗੇ ਤੁਸੀਂ ਕਿਹਾ ਹੈ ਕਿ ਢਾਣੀਆਂ ਤੇ ਬਿਜਲੀ ਦੇਣੀ ਹੈ, ਇਹ ਵੀ ਵਧੀਆ ਗੱਲ ਹੈ। ਢਾਣੀਆਂ ਦੀ ਡੈਫੀਨੇਸ਼ਨ ਕੀ ਹੈ? ਕਿਸੇ ਢਾਣੀ ਵਿੱਚ ਜੇਕਰ 5 ਕੁਨੈਕਸ਼ਨ ਜਾਂ 3 ਕੁਨੈਕਸ਼ਨ ਲੈਣੇ ਹੋਣਗੇ ਤਾਂ ਹੀ ਬਿਜਲੀ ਦੀ ਸੁਵਿਧਾ 24 ਘੰਟੇ ਮਿਲੇਗੀ, ਇਹ ਗੱਲ ਸਮਝ ਨਹੀਂ ਲੱਗੀ। ਤੁਸੀਂ ਮਾਲਵੇ ਵਿੱਚ ਢਾਣੀ

[ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ]

ਕਹਿੰਦੇ ਹੋ, ਅਸੀਂ ਮਾੜੇ ਵਿੱਚ ਡੇਰਾ ਕਹਿੰਦੇ ਹਾਂ। ਕਿਸੇ ਡੇਰੇ ਵਿੱਚ ਬਿਜਲੀ ਦੇ ਇੱਕ ਮੀਟਰ ਦੀ ਲੋੜ ਹੈ ਤੇ ਕਈ ਡੇਰੇ ਬਿਜਲੀ ਦੇ ਤਿੰਨ ਮੀਟਰ (ਤਿੰਨ ਕੁਨੈਕਸ਼ਨ) ਲੈਣ ਵਾਲੇ ਵੀ ਹਨ । ਕੀ ਬਿਜਲੀ ਦੇ ਇੱਕ ਮੀਟਰ ਭਾਵ ਇੱਕ ਕੁਨੈਕਸ਼ਨ ਲੈਣ ਵਾਲੇ ਡੇਰੇ ਨੂੰ ਵੀ 24 ਘੰਟੇ ਬਿਜਲੀ ਸਪਲਾਈ ਦੇਣੀ ਹੈ ਜਾਂ ਨਹੀਂ ਦੇਣੀ, ਇਸ ਦੀ ਵੀ ਕਲੈਰੀਫਿਕੇਸ਼ਨ ਜ਼ਰੂਰ ਹੋਣੀ ਚਾਹੀਦੀ ਹੈ ।

ਚੇਅਰਮੈਨ ਸਾਹਿਬ, ਇੰਡਸਟਰੀ ਦੀ ਗੱਲ ਚਲਦੀ ਹੈ । ਮੈਂ ਬਟਾਲੇ ਦੇ ਲਾਗੇ ਕਾਦੀਆਂ ਵਿਖੇ ਰਹਿੰਦਾ ਹਾਂ। ਬਟਾਲਾ ਕਿਸੇ ਵੇਲੇ ਬੜਾ ਵੱਡਾ ਇੰਡਸਟਰੀਅਲ ਟਾਊਨ ਹੁੰਦਾ ਸੀ ਪਰ ਅੱਜ ਉਥੇ ਇੰਡਸਟਰੀ ਟੋਟਲ ਫੇਲ੍ਹ ਹੋ ਚੁੱਕੀ ਹੈ, ਬਹੁਤ ਮਾੜਾ ਹਾਲ ਹੈ । ਮੰਡੀ ਗੋਬਿੰਦਗੜ੍ਹ ਦਾ ਇੰਡਸਟਰੀਲਿਸਟ ਵੀ ਸੁਸਾਈਡ ਕਰ ਰਿਹਾ ਹੈ ਤੇ ਅਖਬਾਰ ਦੀ ਖ਼ਬਰ ਮੁਤਾਬਿਕ ਐਕਸਾਈਜ਼ ਇੰਸਪੈਕਟਰ ** ** ਸ਼ਰਾਬ ਪੀ ਕੇ ਕਹਿ ਰਹੇ ਹਨ ਕਿ ਸਾਡੇ ਜ਼ੋਰ ਦਿੱਤਾ ਹੋਇਆ ਹੈ ਕਿ ਇੰਨੇ ਲੱਖ ਰੁਪਿਆ ਇਕੱਠਾ ਕਰਨਾ ਹੀ ਕਰਨਾ ਹੈ । ਉਹ ਕਹਿੰਦਾ ਹੈ ਕਿ ਮੇਰਾ ਸੁਸਾਈਡ ਕਰਨ ਨੂੰ ਦਿਲ ਕਰਦਾ ਹੈ, ਟੈਕਸ ਇਕੱਠਾ ਕਰਨ ਵਾਲਿਆਂ ਦਾ ਵੀ ਸੁਸਾਈਡ ਕਰਨ ਨੂੰ ਦਿਲ ਕਰਦਾ ਹੈ । ਜਿਸ ਨੇ ਦੇਣਾ ਹੈ, ਉਹ ਤਾਂ ਮਰ ਹੀ ਗਿਆ ਹੈ, ਮੰਡੀ ਗੋਬਿੰਦਗੜ੍ਹ ਵਾਲਾ ਸੁਸਾਈਡ ਕਰ ਗਿਆ ਹੈ। ਇੰਡਸਟਰੀ ਦਾ ਬਹੁਤ ਮਾੜਾ ਹਾਲ ਹੈ । ਕਿਸੇ ਜ਼ਮਾਨੇ ਵਿੱਚ ਫਰੇਟ ਪ੍ਰੋਟੈਕਸ਼ਨ ਮਿਲਦੀ ਰਹੀ ਹੈ । ਜਿਹੜਾ ਕੱਚਾ ਮਾਲ ਹੁੰਦਾ ਸੀ, ਉਹ ਬਟਾਲਾ ਵੀ ਉਸੇ ਰੇਟ ਤੇ ਮਿਲਦਾ ਸੀ ਤੇ ਬਿਹਾਰ ਵਿੱਚ ਵੀ ਉਸੇ ਰੇਟ ਤੇ ਮਿਲਦਾ ਸੀ । ਅੱਜ ਉਹ ਫਰੇਟ ਸਬਸਿਡੀ ਖਤਮ ਹੋ ਗਈ ਹੈ । ਜਦੋਂ ਤੱਕ ਫਰੇਟ ਸਬਸਿਡੀ ਦੁਬਾਰਾ ਲਾਗੂ ਨਹੀਂ ਹੋ ਜਾਂਦੀ ਜਿਵੇਂ ਪਹਿਲਾਂ ਲਾਗੂ ਹੁੰਦੀ ਸੀ ਉਨੀ ਦੇਰ ਤੱਕ ਪੰਜਾਬ ਵਾਲੇ ਬਿਹਾਰ, ਉੜੀਸਾ ਜਾਂ ਬੰਗਾਲ ਵਾਲਿਆਂ ਨਾਲ ਕੰਪੀਟ ਹੀ ਨਹੀਂ ਕਰ ਸਕਦੇ। ਇਸੇ ਕਰਕੇ ਹੀ ਪੰਜਾਬ ਵਿੱਚ ਇੰਡਸਟਰੀ ਫੇਲ੍ਹ ਹੁੰਦੀ ਜਾ ਰਹੀ ਹੈ। ਬਿਜਲੀ ਦਾ ਰੇਟ ਵੱਧਦਾ ਜਾ ਰਿਹਾ ਹੈ ਤੇ ਇੰਡਸਟਰੀ ਵਾਲਿਆਂ ਨੂੰ ਬਿਜਲੀ ਬਹੁਤ ਮਹਿੰਗੀ ਮਿਲ ਰਹੀ ਹੈ । ਇਸ ਕਰਕੇ ਉਨ੍ਹਾਂ ਵਾਸਤੇ ਇਸ ਬਿਜ਼ਨਸ ਵਿੱਚੋਂ ਕਮਾਈ ਕਰਨੀ ਬਹੁਤ ਮੁਸ਼ਕਲ ਹੋ ਰਹੀ ਹੈ । ਥੋੜ੍ਹਾ ਜਿਹਾ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ਕਿ ਜੇ ਆਪਣੀ ਸਰਕਾਰ ਉੱਪਰ ਸੈਂਟਰ ਵਿੱਚ ਆ ਗਈ ਹੈ ਤਾਂ ਕੋਈ ਨਾ ਕੋਈ ਛੋਟ ਪੰਜਾਬ ਨੂੰ ਮਿਲਣੀ ਚਾਹੀਦੀ ਹੈ, ਇਨਕਮ ਟੈਕਸ ਦੀ ਛੋਟ ਮਿਲਣੀ

---

**Expunged as per ruling dated 13.3.2013.

ਚਾਹੀਦੀ ਹੈ ਜਾਂ ਜਿਵੇਂ ਦਸ ਸਾਲ ਦੀ ਛੋਟ ਦੂਜੀਆਂ ਸਟੇਟਾਂ ਦੀ ਇੰਡਸਟਰੀ ਨੂੰ ਮਿਲੀ ਹੈ, ਇਹ ਪੰਜਾਬ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਹੁਣ ਆਪਣੀ ਮਾਂ ਸੱਤਾ ਵਿੱਚ ਆ ਗਈ ਹੈ, ਪਹਿਲਾਂ ਤਾਂ ਮਤਰੇਈ ਮਾਂ ਸੀ । ਇਸ ਵਾਸਤੇ ਸਾਨੂੰ ਕੇਂਦਰ ਸਰਕਾਰ ਵੱਲ ਵੀ ਸਹਾਇਤਾ ਲਈ ਜਾਣਾ ਚਾਹੀਦਾ ਹੈ । ਜਿਵੇਂ ਜਾਖੜ ਸਾਹਿਬ ਨੇ ਕਿਹਾ ਹੈ ਕਿ ਅਸੀਂ ਸਾਰੇ ਤੁਹਾਡੇ ਨਾਲ ਚੱਲਾਂਗੇ । ਉਥੇ ਜਾ ਕੇ ਮੋਦੀ ਸਾਹਿਬ ਨੂੰ ਰਿਕੁਐਸਟ ਕੀਤੀ ਜਾਵੇ ਕਿ ਪੰਜਾਬ ਬਾਰਡਰ ਸਟੇਟ ਹੈ, ਇਸ ਬਾਰੇ ਕੁਝ ਸੋਚਿਆ ਜਾਵੇ ।

ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਇਹ ਹੈ ਕਿ ਰੋਜ਼ ਕੋਈ ਨਾ ਕੋਈ ਏ.ਟੀ. ਐਮ. ਲੁੱਟਿਆ ਜਾਂਦਾ ਹੈ, ਕਿਤੇ ਨਾ ਕਿਤੇ ਰੇਪ ਕੇਸ ਹੋਇਆ ਹੁੰਦਾ ਹੈ । ਜਿਹੜੀਆਂ ਮੋਟਰਾਂ ਜਾਂ ਮੱਝਾਂ ਗਾਵਾਂ ਚੋਰੀ ਹੁੰਦੀਆਂ ਹਨ, ਉਨ੍ਹਾਂ ਦਾ ਤਾਂ ਨਾਮੋ ਨਿਸ਼ਾਨ ਹੀ ਨਹੀਂ ਪਤਾ ਚਲਦਾ । ਸੋ, ਸੁਖਬੀਰ ਜੀ, ਤੁਸੀਂ ਕਰਾਈਮ ਬਰਾਂਚ ਬਣਾਈ ਹੋਈ ਹੈ ਅਤੇ ਏ. ਡੀ. ਜੀ. ਪੀ. (ਕਰਾਈਮ) ਵੀ ਬਣਾਇਆ ਹੋਇਆ ਹੈ । ਏ.ਡੀ.ਜੀ.ਪੀ. (ਕਰਾਈਮ) ਨੂੰ ਕੋਈ ਹੱਕ ਨਹੀਂ ਕਿ ਉਹ ਇਨਕੁਆਰੀ ਕਰਵਾ ਸਕੇ । ਫਿਰ ਆਪਾਂ ਉਨ੍ਹਾਂ ਨੂੰ ਤਨਖਾਹ ਕਿਉਂ ਦੇ ਰਹੇ ਹਾਂ ? ਜੇ ਉਨ੍ਹਾਂ ਕੋਲ ਕਿਸੇ ਕਰਾਈਮ ਵਾਸਤੇ ਇਨਕੁਆਰੀ ਲੈ ਕੇ ਚਲੇ ਜਾਉ, ਜੇ ਫਤਹਿਗੜ੍ਹ ਚੂੜੀਆਂ ਦੀ ਕੋਈ ਇਨਕੁਆਰੀ ਦੀ ਮੰਗ ਕਰ ਰਹੇ ਹਾਂ ਤੇ ਉਹ ਕਹਿੰਦੇ ਹਨ ਕਿ ਮੇਰੇ ਕੋਈ ਵੱਸ ਨਹੀਂ ਕਿ ਮੈਂ ਇਸ ਦੀ ਇਨਕੁਆਰੀ ਕਰਵਾ ਸਕਾਂ । ਇਨਕੁਆਰੀ ਫਤਹਿਗੜ੍ਹ ਚੂੜੀਆਂ ਹੀ ਜਾਵੇਗੀ। ਉਥੋਂ ਦੇ ਥਾਣੇਦਾਰ ਦੀ ਸ਼ਿਕਾਇਤ, ਉਨ੍ਹਾਂ ਦੇ ਡੀ.ਐਸ.ਪੀ. ਦੀ ਸ਼ਿਕਾਇਤ ਤੇ ਉਸੇ ਕੋਲ ਹੀ ਇਨਕੁਆਰੀ ਵਾਸਤੇ ਚਲੀ ਜਾਵੇ ਤੇ ਫਿਰ ਕਰਾਈਮ ਬਰਾਂਚ ਦਾ ਕੀ ਫਾਇਦਾ ਹੈ ? ਫਿਰ ਇਸ ਏ. ਡੀ. ਜੀ. ਪੀ. (ਕਰਾਈਮ) ਦੀ ਪੋਸਟ ਅਤੇ ਸਟਾਫ ਰੱਖਣ ਦਾ ਕ਼ੀ ਫਾਇਦਾ ਹੈ? ਇਹ ਵੀ ਪਤਾ ਕਰੋ ਕਿ ਕਰਾਈਮ ਬਰਾਂਚ ਵਿੱਚ ਪੁਰਾਣੀਆਂ ਐਪਲੀਕੇਸ਼ਨਜ਼ ਕਿੰਨੀਆਂ ਰੁਲ ਰਹੀਆਂ ਹਨ ? ਕੋਈ ਇਨਕੁਆਰੀ ਨਹੀਂ ਹੋ ਰਹੀ।

**ਉਪ ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂ ਬਾਜਵਾ ਸਾਹਿਬ ਨੂੰ ਕਲੈਰੀਫਿਕੇਸ਼ਨ ਦੇਣੀ ਚਾਹੁੰਦਾ ਹਾਂ ਕਿ ਪਿੱਛੇ ਜਿਹੇ, 20-25 ਦਿਨ ਪਹਿਲਾਂ ਅਸੀਂ ਕੀਤਾ ਹੈ ਤੇ ਹੁਣ ਪੰਜਾਬ ਇੰਡੀਆ ਵਿੱਚੋਂ ਇੱਕੋ ਹੀ ਸਟੇਟ ਹੈ ਜਿੱਥੇ ਇਨਵੈਸਟੀਗੇਸ਼ਨ ਤੇ ਪੁਲੀਸਿੰਗ ਅਲੱਗ ਅਲੱਗ ਕਰ ਦਿੱਤੀ ਹੈ ਤੇ ਇਹ ਥਾਣੇ

[ ਉਪ ਮੁੱਖ ਮੰਤਰੀ ]

ਲੈਵਲ ਤੋਂ ਹੀ ਅਲੱਗ ਕਰ ਦਿੱਤੀ ਹੈ । ਥਾਣੇ ਵਿੱਚ ਐਸ. ਐਚ. ਓ. ਦੇ ਨਾਲ ਹੀ ਇਨਵੈਸਟੀਗੇਸ਼ਨ ਵਾਸਤੇ ਵੱਖਰਾ ਐਸ. ਐਚ. ਓ. ਹੋਵੇਗਾ ਤੇ ਉਸ ਦੀ ਸਾਰੀ ਟੀਮ ਵੱਖ ਹੋਵੇਗੀ । ਉਵੇਂ ਹੀ ਡੀ. ਐਸ. ਪੀ. (ਇਨਵੈਸਟੀਗੇਸ਼ਨ) ਅਤੇ ਐਸ. ਪੀ. (ਇਨਵੈਸਟੀਗੇਸ਼ਨ) ਹੋਣਗੇ ਤੇ ਹੁਣ ਸਾਰੀ ਇਨਵੈਸਟੀਗੇਸ਼ਨ ਐਸ. ਐਸ. ਪੀ. ਦੇ ਥੱਲੇ ਨਹੀਂ ਹੈ । ਸਾਰੀ ਇਨਵੈਸਟੀਗੇਸ਼ਨ ਕਰਾਈਮ ਬਰਾਂਚ ਦੇ ਅੰਡਰ ਹੈ । ਇਸ ਨੂੰ 15-20 ਦਿਨ ਹੋਏ ਹਨ । ਟੀਥਿੰਗ ਪਰਾਬਲਮ ਕਿਤੇ ਕਿਤੇ ਚਲਦੀ ਹੋਣੀ ਹੈ । ਜੇ ਕਿਤੇ ਸ਼ੁਰੂ ਨਹੀਂ ਵੀ ਹੋਈ ਤਾਂ ਇਹ ਅਪ੍ਰੈਲ ਵਿੱਚ ਸ਼ੁਰੂ ਹੋ ਜਾਵੇਗੀ ਤੇ this is a historic step.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਡੀ. ਜੀ. ਪੀ. ਸਾਹਿਬ ਵੱਲੋਂ ਸਰਕੂਲਰ ਗਿਆ ਹੈ ਕਿ ਕੋਈ ਇਨਕੁਆਰੀ ਜਿਸ ਥਾਣੇ ਦੀ ਹੈ, ਉਸ ਤੋਂ ਬਾਹਰ ਨਹੀਂ ਦਿੱਤੀ ਜਾ ਸਕਦੀ। ਉਸ ਦਾ ਫਿਰ ਕੀ ਫਾਇਦਾ ?

**ਉਪ ਮੁੱਖ ਮੰਤਰੀ :** ਉਹ ਪੁਰਾਣਾ ਸਰਕੂਲਰ ਹੈ ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਮੈਂ ਕਹਿ ਰਿਹਾ ਹਾਂ ਕਿ ਕੱਲ੍ਹ ਤੱਕ ਦਾ ਹੈ ।

**ਉਪ ਮੁੱਖ ਮੰਤਰੀ :** ਜਦੋਂ ਅਸੀਂ ਇਨਵੈਸਟੀਗੇਸ਼ਨ ਹੀ ਅਲੱਗ ਕਰ ਦਿੱਤੀ ਹੈ, ਹੁਣ ਜਿਹੜਾ ਥਾਣੇ ਦਾ ਐਸ. ਐਚ. ਓ. ਹੈ, ਉਹ ਇਨਵੈਸਟੀਗੇਸ਼ਨ ਨਹੀਂ ਕਰ ਸਕਦਾ । ਹੁਣ ਜਿਹੜਾ ਡੀ. ਐਸ. ਪੀ. (ਡੀ) ਹੈ, ਉਹ ਰਿਪੋਰਟ ਐਸ. ਪੀ. (ਡੀ) ਨੂੰ ਕਰਦਾ ਹੈ ਜਾਂ ਡੀ. ਆਈ. ਜੀ. ਨੂੰ ਕਰਦਾ ਹੈ ਜਾਂ ਉਪਰ ਕਰਦਾ ਹੈ। ਅਸੀਂ 15-20 ਦਿਨ ਦੀ ਟੀਥਿੰਗ ਕਰ ਰਹੇ ਹਾਂ। ਕਈ ਡਿਸਟ੍ਰਿਕਟ ਵਿੱਚ ਫੁਲੀ ਤੌਰ ਤੇ ਇਹ ਲਾਗੂ ਹੋ ਚੁੱਕਾ ਹੈ । By the end of next month, ਪੂਰੇ ਪੰਜਾਬ ਦੇ ਥਾਣਿਆਂ ਵਿੱਚ ਇਹ ਲਾਗੂ ਹੋ ਜਾਵੇਗਾ ਤੇ This is a historic step.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਇਹ ਠੀਕ ਹੈ ਕਿ ਸਾਰੇ ਪੰਜਾਬ ਦੇ ਥਾਣਿਆਂ ਵਿੱਚ ਲਾਗੂ ਹੋ ਚੁੱਕੀ ਹੈ ਤੇ ਇਹ ਅਸੀਂ ਅਖਬਾਰਾਂ ਵਿੱਚ ਪੜ੍ਹਿਆ ਹੈ ਪਰ ਹਕੀਕਤ ਵਿੱਚ ਇਹ ਗੱਲ ਕਿਤੇ ਨਜ਼ਰ ਨਹੀਂ ਆਈ, ਗਰਾਊਂਡ ਰਿਐਲਟੀ ਕਿਤੇ ਨਹੀਂ ਹੈ । ਫਿਰ ਏ.ਡੀ.ਜੀ.ਪੀ. ਕਰਾਈਮ ਬਣਾਉਣ ਦਾ ਕੀ ਫਾਇਦਾ ਜਦੋਂ ਉਸ ਨੂੰ ਕੋਈ ਰਾਈਟ ਨਹੀਂ ਕਿ ਉਹ ਆਪਣੇ ਸਟਾਫ ਤੋਂ

ਇਨਕੁਆਇਰੀ ਕਰਵਾ ਸਕੇ। ਉਸ ਨੂੰ ਇੰਨੀਆਂ ਤਨਖਾਹਾਂ ਦੇਣ ਦਾ ਕੀ ਫਾਇਦਾ ਹੈ? ਮੈਂ ਕਹਿੰਦਾ ਹਾਂ, ਮੈਂ ਸਵੇਰੇ ਤੁਹਾਡੇ ਕੋਲ ਆ ਜਾਂਦਾ ਹਾਂ। ਮੇਰੀ ਇੱਕ ਇਨਕੁਆਇਰੀ ਕਿਸੇ ਬਾਹਰ ਦੇ ਜ਼ਿਲ੍ਹੇ ਵਿੱਚ ਕਰਵਾ ਦਿਉ ਤਾਂ ਵੀ ਤੁਹਾਡੇ ਰਿਣੀ ਹੋਵਾਂਗੇ। ਇੱਕ ਵੀ ਇਨਕੁਆਇਰੀ ਬਾਹਰ ਨਹੀਂ ਹੁੰਦੀ, ਉਸੇ ਹੀ ਥਾਣੇ ਦਾਰ ਕੋਲ ਜਾਂਦੀ ਹੈ।

**ਉਪ ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂ ਉਹੀ ਕਹਿ ਰਿਹਾ ਹਾਂ। ਤੁਸੀਂ ਗੱਲ ਸਮਝੇ ਨਹੀਂ। ਹੁਣ ਏ.ਡੀ.ਜੀ.ਪੀ., ਕਰਾਈਮ ਹੈ, ਜਿਵੇਂ ਸੀ.ਬੀ.ਆਈ. ਹੈ, ਉਵੇਂ ਪੰਜਾਬ ਇਨਵੈਸਟੀਗੇਸ਼ਨ ਬਿਊਰੋ ਬਣਾਇਆ ਗਿਆ ਹੈ। ਹੁਣ ਸਾਰੀ ਇਨਵੈਸਟੀਗੇਸ਼ਨ ਸਿੱਧੀ ਹੁੰਦੀ ਹੈ, ਹੁਣ ਕੋਈ ਡੀ.ਆਈ.ਜੀ. ਕੋਲ ਨਹੀਂ, ਕੋਈ ਆਈ.ਜੀ., ਡਿਸਟ੍ਰਿਕਟ ਕੋਲ ਨਹੀਂ, ਹੁਣ ਸਾਰੀ ਇਸ ਦੇ ਕੋਲ ਆ ਗਈ ਹੈ। ਹੁਣ ਇਹ ਕਈ ਡਿਸਟ੍ਰਿਕਟਸ ਵਿੱਚ ਲਾਗੂ ਹੋ ਗਈ ਹੈ, ਕਈਆਂ ਵਿੱਚ ਅਗਲੇ 15-20 ਦਿਨਾਂ ਵਿੱਚ ਹੋ ਜਾਣੀ ਹੈ। ਹੁਣ 100% ਇਨਵੈਸਟੀਗੇਸ਼ਨ out of police purview ਦੇ ਵਿੱਚ ਆ ਗਈ ਹੈ।

**ਸ਼੍ਰੀ ਸੁਨੀਲ ਜਾਖੜ :** ਸੌਰੀ, ਬਾਜਵਾ ਸਾਹਿਬ। ਚੇਅਰਮੈਨ ਸਾਹਿਬ, ਮੈਂ ਕਲੈਰੀਫਿਕੇਸ਼ਨ ਲਈ ਖੜ੍ਹਾ ਹੋਇਆ ਹਾਂ। ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਥੋੜ੍ਹੇ ਦਿਨ ਪਹਿਲਾਂ ਹੀ ਇਨਵੈਸਟੀਗੇਸ਼ਨ ਬਿਊਰੋ ਬਣਾਇਆ ਹੈ। ਇਹ ਬੜੀ ਅੱਛੀ ਸੋਚ ਹੈ। ਚੇਅਰਮੈਨ ਸਾਹਿਬ, without going into detail ਮੇਰਾ ਇੱਕ ਸਿੰਪਲ ਜਿਹਾ ਪ੍ਰਸ਼ਨ ਹੈ, ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਵੀ ਬੈਠੇ ਹਨ, has he provided any funds for this? I have not seen in this budget. Because I was very keen that ਪੁਲਿਸ ਰਿਫਾਰਮ ਵਾਲੀ ਗੱਲ ਹੈ ਤਾਂ investigation should be separated from policing. (Interruption) ਇੱਕ ਮਿੰਟ ਸਰ, ਅੱਜ ਦੇ ਦਿਨ, I am not saying this, you talk to any of your senior officers, ਉਹ ਕੀ ਕਹਿੰਦੇ ਹਨ ਕਿ ਸਾਡਾ ਜਿਹੜਾ ਪੁਲਿਸ ਡਿਪਾਰਟਮੈਂਟ ਹੈ, it runs on BOT basis – build, operate and transfer. ਜਿਸ ਦਿਨ ਕਿਸੇ ਥਾਣੇ ਵਿੱਚੋਂ ਕਿਸੇ ਥਾਣੇਦਾਰ ਦੀ ਟਰਾਂਸਫਰ ਹੁੰਦੀ ਹੈ, ਕਹਿੰਦੇ ਹਨ ਆਹ ਛੱਤ ਡਿੱਗੀ ਹੈ ਜੀ, ਆਹ ਪੱਖਾ ਨਹੀਂ, ਆਹ ਟੈਲੀਫੋਨ ਦੇ ਬਿੱਲ ਹਨ। ਆਹ ਤੁਸੀਂ ਆ ਕੇ ਪਹਿਲਾਂ ਬਿਲਡਿੰਗ ਠੀਕ ਕਰਾਓ। ਫਿਰ ਉਸ ਤੋਂ ਬਾਅਦ ਅਪ੍ਰੇਸ਼ਨ ਵਾਸਤੇ ਵਗਾਰਾਂ ਪੈਂਦੀਆਂ ਹਨ।

[ ਸ਼੍ਰੀ ਸੁਨੀਲ ਜਾਖੜ ]

ਕਹਿੰਦੇ ਹਨ ਕਿ ਫਲਾਨਾ ਸਰਪੰਚ ਹੈ, ਫਲਾਨੇ ਯੂਨੀਅਨ ਵਾਲੇ ਨੂੰ ਫੜ ਲਿਆਓ, ਉਸ ਦੀ ਵਗਾਰ ਹੈ। ਜਦੋਂ ਟਰਾਂਸਫਰ ਹੋ ਜਾਂਦੀ ਹੈ ਤਾਂ ਉਹ ਕਿਤੇ ਹੋਰ ਚਲਿਆ ਜਾਂਦਾ ਹੈ। It is running on BOT basis. My humble submission to the Home Minister as well as the Deputy Chief Minister is, please provide funds for it. ਕਿਉਂਕਿ ਜਦੋਂ ਕੋਈ ਆ ਜਾਂਦਾ ਹੈ ਕਿ ਬੱਚੀ ਭੱਜ ਗਈ ਜੀ, ਹਰ ਰੋਜ਼ ਕੇਸ ਆ ਜਾਂਦੇ ਹਨ ਕਿ ਲੈ ਕੇ ਆਉਣੀ ਹੈ ਤਾਂ ਉਸੇ ਗਰੀਬ ਨੂੰ ਕਹਿ ਦਿੰਦੇ ਹਨ ਕਿ ਗੱਡੀ ਲਿਆ। ਗੱਡੀ ਦਾ ਮਤਲਬ ਹੈ ਕਿ ਦੋ-ਤਿੰਨ ਹਜ਼ਾਰ ਰੁਪਏ ਕਿਰਾਏ ਵਜੋਂ ਲੈਣੇ। ਚੇਅਰਮੈਨ ਸਾਹਿਬ, ਉਸ ਨੂੰ ਲਿਜਾਣ ਵਾਲਿਆਂ ਵਾਸਤੇ ਨਾਲ ਰਾਤ ਨੂੰ ਦਾਰੂ ਵੀ ਚਾਹੀਦੀ ਹੈ। Why should the complainant provide all this? ਇਸ ਦੇ ਵਾਸਤੇ ਕੁਝ ਕਰੋ, and Sir, I am not blaming you, but this has been going on. ਇਸ ਦਾ ਕੁਝ ਨਾ ਕੁਝ ਕਰੋ, ਸਰ।

**ਉਪ ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਜਾਖੜ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ budget allocation for POL has been doubled this time. ਜਿਹੜੀ ਦੂਜੀ ਗੱਲ ਹੈ, special provision has been made for investigation department. ਪਰ ਜਿਹੜੀਆਂ ਮੇਜਰ ਗੱਲਾਂ ਹਨ, ਅਸੀਂ ਕੋਈ ਨਵੀਂ ਰਿਕਰੂਟਮੈਂਟ ਨਹੀਂ ਕਰ ਰਹੇ। Within the organisation, ਅਸੀਂ ਆਪਣੀ ਸਪੈਸ਼ਲ ਐਲੋਕੇਸ਼ਨ ਕਰ ਦਿੱਤੀ ਹੈ, and what I am saying, it is a historic decision. It may not be giving 100% results immediately. ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪ ਫੀਲ ਕੀਤਾ ਸੀ ਕਿ ਜਿਹੜਾ ਪੁਲਿਸ ਵਾਲਾ ਫੜਦਾ ਹੈ, ਜੇ ਉਹੀ ਇਨਵੈਸਟੀਗੇਸ਼ਨ ਕਰੇਗਾ ਤਾਂ ਉਸ ਦਾ ਫਾਇਦਾ ਨਹੀਂ ਹੈ ਅਤੇ ਜਾਅਲੀ ਕੇਸ ਆਉਂਦੇ ਸੀ ਕਿਉਂਕਿ ਬੰਦਾ ਪੈਸਾ ਲੈ ਲੈਂਦਾ ਸੀ। Now we have checked it ਕਿਉਂਕਿ ਹੁਣ ਆਂਸਰੇਬਿਲਟੀ ਹੈ। ADGP (Crime) is answerable to the Home Minister regarding crime protection as well as recovery, ਪਲੱਸ ਕੋਰਟ ਦੇ ਵਿੱਚ ਕਿੰਨੀ ਕਨਵਿਕਸ਼ਨ ਰੇਟ ਹੋਈ ਹੈ otherwise nobody else is responsible. So we have made special provisions.

**ਸਰਦਾਰ ਬਲਬੀਰ ਸਿੰਘ ਸਿੱਧੂ :** ਚੇਅਰਮੈਨ ਸਾਹਿਬ, ਮੈਂ ਡਿਪਟੀ

ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੁਲਿਸ ਅਫਸਰ ਜਾਂ ਐਸ.ਐਚ.ਓ. ਜਾਂ ਕੋਈ ਹੋਰ ਅਫਸਰ ਹੈ, ਉਸ ਦੀ ਇੱਕ ਥਾਣੇ ਵਿੱਚ ਟੈਨਿਓਰ ਕਿੰਨੀ ਦੇਰ ਲਈ ਹੁੰਦੀ ਹੈ ਜਾਂ ਇੱਕ ਡਿਸਟ੍ਰਿਕਟ ਵਿੱਚ ਕਿੰਨੀ ਟੈਨਿਓਰ ਹੈ? ਕਈ ਬੰਦੇ ਐਸੇ ਹਨ, ਜਿਹੜੇ ਪਰਮਾਨੈਂਟ ਥਾਣਿਆਂ ਵਿੱਚ 20-20 ਸਾਲ ਤੋਂ ਬੈਠੇ ਹਨ ਜਾਂ ਸੀ.ਆਈ.ਏ. ਸਟਾਫ ਵਿੱਚ ਬੈਠੇ ਹਨ ਜਾਂ ਫਿਰ ਉਨ੍ਹਾਂ ਦੀ ਬਦਲੀ ਕਿਤੇ ਹੋਰ ਨਹੀਂ ਹੁੰਦੀ । ਮੈਂ ਤੁਹਾਨੂੰ ਚਾਰ-ਪੰਜ ਦਿਨ ਪਹਿਲਾਂ ਦਾ ਇੰਸੀਡੈਂਟ ਦੱਸਦਾ ਹਾਂ। ਇੱਕ ਬਹੁਤ ਬਾਰਸੂਖ ਆਦਮੀ ਹੈ, ਉਸ ਦੇ ਘਰ ਰਾਤ ਨੂੰ 12.00 ਵਜੇ ਪੁਲਿਸ ਚਲੀ ਗਈ ਕਿ ਤੁਹਾਡੇ ਮੁੰਡੇ ਦਾ ਨਾਮ ਹੈਪੀ ਹੈ। ਉਹ ਹੈਪੀ ਨਾਮ ਦਾ ਪਿੰਡ ਦੇ ਵਿੱਚ ਹੋਰ ਵੀ ਕੋਈ ਸੀ। ਉਸ ਪਰਿਵਾਰ ਨੂੰ ਸਾਰੀ ਰਾਤ ਪ੍ਰੇਸ਼ਾਨ ਕੀਤਾ ਗਿਆ। ਉਹ ਮੇਰੇ ਕੋਲ ਆਏ। ਮੈਂ ਜਾ ਕੇ ਕਿਹਾ ਕਿ ਪਹਿਲਾਂ ਕਲੈਰੀਫਿਕੇਸ਼ਨ ਲਵੋ ਕਿ ਉਹੀ ਹੈ ਕਿ ਕੋਈ ਹੋਰ ਹੈ। ਇਹ ਜਿਹੜੇ ਤੁਹਾਡੇ ਬੰਦੇ ਪੱਕੇ ਹਨ, ਇਹ ਪਿੰਡਾਂ ਵਿੱਚ ਦੁਸ਼ਮਣੀਆਂ ਕੱਢਣ ਲੱਗ ਜਾਂਦੇ ਹਨ। ਜੇਕਰ ਤੁਸੀਂ ਇਨ੍ਹਾਂ ਨੂੰ ਸਮੇਂ ਸਮੇਂ ਤੇ ਟਰਾਂਸਫਰ ਕਰਦੇ ਰਹੋ, ਡਿਸਟ੍ਰਿਕਟ ਚੇਂਜ ਹੁੰਦਾ ਰਹੇ ਤਾਂ ਮੈਂ ਕਹਿੰਦਾ ਹਾਂ ਕਿ ਲੋਕਾਂ ਨੂੰ ਇਨਸਾਫ ਵੱਧ ਮਿਲ ਸਕਦਾ ਹੈ।

**ਉਪ ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂ ਡੀ.ਜੀ.ਪੀ. ਸਾਹਿਬ ਨਾਲ ਇਹੀ ਗੱਲ ਕੀਤੀ ਹੈ ਕਿ ਮੁਨਸ਼ੀਆਂ ਤੋਂ ਲੈ ਕੇ ਰੋਟੇਸ਼ਨ ਸਿਸਟਮ ਬਣਾਉਣਾ ਪੈਣਾ ਹੈ। ਸਾਰੀ ਗੇਮ ਮੁਨਸ਼ੀ ਤੋਂ ਚਲਦੀ ਹੈ। ਸੋ, ਮੁਨਸ਼ੀ, ਐਸ.ਐਚ.ਓ. ਅਤੇ ਏ.ਐਸ.ਆਈ. ਆਦਿ ਪੋਸਟਾਂ ਵਾਸਤੇ ਮੇਰਾ ਖਿਆਲ ਹੈ ਕਿ ਅਸੀਂ ਟਨਿਓਰ ਫਿਕਸ ਕਰ ਵੀ ਦਿੱਤੀ ਹੈ। ਜੇ ਕਿਤੇ ਨਹੀਂ ਹੋਈ ਤਾਂ ਉਥੇ ਕਰ ਰਹੇ ਹਾਂ। ਮੈਨੂੰ ਪਤਾ ਹੈ, ਲੁਧਿਆਣਾ ਅਤੇ ਜਲੰਧਰ ਵਿੱਚ ਖਾਸ ਕਰਕੇ ਕਈ ਅਫਸਰ ਸੀ। ਮੈਂ ਆਪ ਰਿਕਾਰਡ ਦੇਖਿਆ ਹੈ, ਬਹੁਤ ਬਹੁਤ ਦੇਰ ਤੋਂ ਲਗਾਤਾਰ ਉਥੇ ਬੈਠੇ ਹਨ। So, we are working on it that Munshi has to be changed. ਮੁਨਸ਼ੀ ਤੋਂ ਅਸੀਂ ਹੁਣ ਰੋਟੇਸ਼ਨ ਸਿਸਟਮ ਬਣਾਉਣ ਲੱਗੇ ਹਾਂ, complete rotation will take place ਕਿ ਇੰਨੀ ਦੇਰ ਤੋਂ ਬਾਅਦ ਇੱਕ ਥਾਣੇ ਵਿੱਚ ਉਥੇ ਉਹ ਮੁਨਸ਼ੀ ਰਹਿ ਨਹੀਂ ਸਕਦਾ। ਇੰਨੀ ਦੇਰ ਜੇ ਕੋਈ ਇਕ ਥਾਣੇ ਵਿੱਚ ਮੁਨਸ਼ੀ ਰਿਹਾ ਤਾਂ ਉਸ ਥਾਣੇ ਵਿੱਚ for whole life he cannot become Munshi again. ਅਤੇ ਐਸ.ਐਚ.ਓ. ਦਾ ਮੈਕਸੀਮਮ ਟੈਨਿਓਰ ਇੰਨਾ ਹੋਵੇਗਾ, we are working on that.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਡਿਪਟੀ ਸੀ.ਐਮ.ਸਾਹਿਬ

[ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ]

ਆਪਣੇ ਹਲਕਾ ਇੰਚਾਰਜਾਂ ਦੀ ਸੋਚ ਬਦਲਣ ਦੀ ਲੋੜ ਹੈ। ਜਿਹੜੇ ਤੁਹਾਡੇ ਹਲਕਾ ਇੰਚਾਰਜ ਹਨ ਉਹ ਕਹਿੰਦੇ ਹਨ ਕਿ ਅਸੀਂ ਇਨ੍ਹਾਂ ਥਾਣੇਦਾਰਾਂ ਤੇ ਡੀ.ਐਸ.ਪੀਜ਼ ਬਿਨਾਂ ਚਲ ਨਹੀਂ ਸਕਦੇ। ਉਹੋ ਹੀ ਥਾਣੇਦਾਰ, ਉਹੋ ਹੀ ਡੀ.ਐਸ.ਪੀ. ਪਿਛਲੇ ਅੱਠਾਂ ਸਾਲਾਂ ਤੋਂ ਉਥੇ ਤੁਰ ਰਹੇ ਹਨ ਜਿਵੇਂ ਸੁਖਜਿੰਦਰ ਸਿੰਘ ਰੰਧਾਵਾ ਜੀ ਨੇ ਗੱਲ ਕੀਤੀ ਸੀ । ਉਨ੍ਹਾਂ ਦੀ ਤੁਸੀਂ ਕੋਈ ਇਨਕੁਆਰੀ ਕਰਵਾਉ, ਉਨ੍ਹਾਂ ਦੀ ਜਾਇਦਾਦ ਦੀ ਇਨਕੁਆਰੀ ਕਰਵਾਉ। ਗੱਲ ਵਿੱਚ ਹੀ ਰਹਿ ਗਈ ਹੈ ਕਿ ਜਿਹੜੇ ਉਥੇ ਲਗਾਤਾਰ ਕਈ ਸਾਲਾਂ ਤੋਂ ਲੱਗੇ ਹੋਏ ਹਨ, ਉਨ੍ਹਾਂ ਦੀ ਜਾਇਦਾਦ ਕਿੰਨੀ ਬਣ ਗਈ, ਇਸ ਬਾਰੇ ਚੈੱਕ ਕਰਵਾਉ। ਦੂਜੀ ਗੱਲ ਇਹ ਹੈ ਕਿ ਬਟਾਲੇ ਦੇ ਐਸ.ਐਚ.ਓ. ਰੋਜ਼ ਰਾਤ ਨੂੰ ਅੰਮ੍ਰਿਤਸਰ ਵਿਖੇ ਆਪਣੇ ਘਰ ਹੁੰਦੇ ਹਨ। ਮੋਬਾਈਲ ਉਤੇ ਰੂਲ ਹੋ ਰਿਹਾ ਹੈ, ਮੋਬਾਈਲ ਟੈਲੀਫੋਨ ਜਾਂਦਾ ਹੈ, ਇਹ ਗੱਲ ਹੋ ਰਹੀ ਹੈ। ਐਸ.ਐਚ.ਓ. ਮੋਬਾਈਲ ਉਤੇ ਗੱਲ ਦੱਸ ਦਿੰਦਾ ਹੈ। ਕਿਸੇ ਵੀ ਥਾਣੇ ਵਿੱਚ ਰਾਤ ਨੂੰ ਜਾ ਕੇ ਚੈੱਕ ਕਰ ਲਵੋ। ਇੱਕ ਸੰਤਰੀ ਤੋਂ ਬਿਨਾਂ ਕੋਈ ਸਿਪਾਹੀ ਉਥੇ ਨਹੀਂ ਹੁੰਦਾ। ਸਾਰੇ ਮੋਟਰਸਾਈਕਲਾਂ ਦੇ ਉਤੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ ਤੇ ਉਥੇ ਕੋਈ ਪੁੱਛਣ-ਗਿੱਛਣ ਵਾਲਾ ਨਹੀਂ ਹੈ। ਥਾਣੇਦਾਰ ਤੇ ਡੀ.ਐਸ.ਪੀ. ਸਭ ਦੀਆਂ ਅੰਮ੍ਰਿਤਸਰ ਕੋਠੀਆਂ ਹਨ। ਲਾਅ ਐਂਡ ਆਰਡਰ ਰੱਬ ਆਸਰੇ ਹੀ ਤੁਰਿਆ ਫਿਰਦਾ ਹੈ। ਹਾਂ, ਜੇਕਰ ਰੇਤ ਦੀ ਟਰਾਲੀ ਦਾ ਪਤਾ ਲੱਗ ਜਾਵੇ ਤਾਂ ਭੱਜ ਕੇ ਸਾਰੇ ਉਥੇ ਪਹੁੰਚਣਗੇ ਕਿਉਂਕਿ ਰੇਤ ਦੀ ਟਰਾਲੀ ਫੜਿਆਂ ਐਸ ਐਚ. ਓ. ਤੇ ਡੀ.ਐਸ.ਪੀ. ਨੂੰ ਲੱਖ ਰੁਪਏ ਤੱਕ ਮਿਲ ਜਾਂਦਾ ਹੈ ਕਿਉਂਕਿ ਜੇਕਰ ਟਰੈਕਟਰ ਥਾਣੇ ਚਲਿਆ ਗਿਆ ਤਾਂ ਉਸ ਦੀ ਜ਼ਮਾਨਤ ਨਹੀਂ ਹੋਣੀ। ਸੋ, ਥੋੜ੍ਹਾ ਜਿਹਾ ਇਸ ਪਾਸੇ ਸੋਚਣ ਦੀ ਲੋੜ ਹੈ। ਕੀ ਇੱਕੋ ਹੀ ਥਾਣੇਦਾਰ ਜਾਂ ਡੀ.ਐਸ.ਪੀ. ਉਸ ਥਾਣੇ ਨੂੰ ਤਿੰਨ ਸਾਲ ਲਈ ਚਲਾਏਗਾ? ਕੀ ਉਸ ਤੋਂ ਬਿਨਾਂ ਕੋਈ ਗੁਜ਼ਾਰਾ ਨਹੀਂ ਹੈ? ਐਮ. ਐਲ.ਏ. ਜਾਵੇ ਤਾਂ ਥਾਣੇਦਾਰ ਤੇ ਸਿਪਾਹੀ ਨੇ ਤਾਂ ਕੀ ਆਉਣਾ ਹੈ ਪਰ ਜੇ ਹਲਕਾ ਇੰਚਾਰਜ ਦਾ ਮੁੰਡਾ ਚਲਿਆ ਜਾਵੇ ਤਾਂ ਐਸ.ਐਚ.ਓ. ਦੀ ਗੱਡੀ ਅੱਗੇ ਤੇ ਡੀ.ਐਸ.ਪੀ.ਦੀ ਗੱਡੀ ਪਿੱਛੇ ਜਾਂਦੀ ਹੈ। ਜੇ ਪਤਾ ਹੈ ਤਾਂ ਇਸ ਦਾ ਹੱਲ ਕੀਤਾ ਜਾਵੇ ਕਿ ਸਾਰੇ ਥਾਣਿਆਂ ਦੀ ਪੁਲਿਸ ਹਲਕਾ ਇੰਚਾਰਜਾਂ ਵਾਸਤੇ ਲਗਾਉਣੀ ਹੈ ਜਾਂ ਫਿਰ ਉਥੋਂ ਦਾ ਜਿਹੜਾ ਕੰਮ-ਕਾਰ ਹੈ, ਉਸ ਨੂੰ ਪਹਿਲ ਦੇਣੀ ਹੈ । ਝੂਠੇ ਪਰਚੇ ਦੀ ਦਰਖਾਸਤ ਤੁਹਾਨੂੰ ਹੁਣ ਵੀ ਦੇ ਦਿੰਦੇ ਹਾਂ। ਕਿਸੇ ਇਕ ਨੂੰ ਰਾਈਟ ਦੇ ਦਿਉ, ਕਿਸੇ ਆਈ.ਜੀ.ਬਾਰਡਰ ਨੂੰ ਜਾਂ ਕਿਸੇ ਹੋਰ

ਨੂੰ ਰਾਈਟ ਦੇ ਦਿਉ ਕਿ ਤੁਸੀਂ ਡਿਸਟ੍ਰਕਿਟ ਤੋਂ ਬਾਹਰ ਇਨਕੁਆਰੀ ਕਰਵਾ ਸਕਦੇ ਹੋ ਪਰ ਉਨ੍ਹਾਂ ਨੂੰ ਕੋਈ ਰਾਈਟ ਨਹੀਂ ਹੈ। ਸੋ, ਡੀ.ਆਈ.ਜੀ. (ਬਾਰਡਰ) ਜਾਂ ਆਈ.ਜੀ. (ਬਾਰਡਰ) ਦੀਆਂ ਪੋਸਟਾਂ ਕ੍ਰੀਏਟ ਕਰਨ ਦਾ ਕੀ ਫਾਇਦਾ ਹੈ, ਜੇ ਉਨ੍ਹਾਂ ਕੋਲ ਪਾਵਰ ਹੀ ਨਹੀਂ ਹੈ।

ਅੱਗੇ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਫਤਹਿਗੜ੍ਹ ਚੂੜੀਆਂ ਸ਼ਹਿਰ ਵਿੱਚ ਇੱਕ ਪਾਣੀ ਦੀ ਟੈਂਕੀ ਬਣੀ, ਜਿਸ ਦਿਨ ਦੀ ਉਹ ਬਣੀ ਹੈ, ਉਸ ਵਿੱਚ ਇੱਕ ਮਿੰਟ ਵਾਸਤੇ ਵੀ ਪਾਣੀ ਸਟੋਰ ਨਹੀਂ ਹੋ ਸਕਿਆ। ਜਦੋਂ ਪਾਣੀ ਪਾਉਂਦੇ ਹਾਂ ਤਾਂ ਫੁਹਾਰੇ ਵੱਜਣੇ ਸ਼ੁਰੂ ਹੋ ਜਾਂਦੇ ਹਨ । ਤਕਰੀਬਨ ਕਰੋੜ ਰੁਪਿਆ ਉਸ ਉਤੇ ਲਗਿਆ ਹੈ ਪਰ ਕੋਈ ਨਹੀਂ ਪੁੱਛਦਾ ਕਿ ਇਹ ਪੈਸੇ ਕੌਣ ਖਾ ਗਿਆ ਹੈ , ਇੰਨਾ ਮਾੜਾ ਮੈਟੀਰੀਅਲ ਉਥੇ ਲੱਗਿਆ ਹੈ ।

**ਉਪ ਮੁੱਖ ਮੰਤਰੀ (ਬੈਠੇ ਬੈਠੇ):** ਕੀ ਆਪਾਂ ਬਜਟ ਉਤੇ ਗੱਲ ਕਰ ਰਹੇ ਹਾਂ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਇਹ ਬਜਟ ਦੀ ਗੱਲ ਹੈ। ਤੁਸੀਂ ਪਾਣੀ ਲਈ ਵਾਧੂ ਪੈਸੇ ਰੱਖੇ ਹਨ। ਤੁਸੀਂ ਕੁਆਲਿਟੀ ਵਾਲੀ ਗੱਲ ਚੈੱਕ ਨਹੀਂ ਕਰਦੇ ਤੇ ਜੇਕਰ ਉਹ ਅਫ਼ਸਰ ਹੀ ਪੈਸੇ ਖਾਂਦੇ ਰਹਿਣਗੇ ਤਾਂ ਫਿਰ ਕਿੰਨੀ ਵਾਰੀ ਟੈਂਕੀਆਂ ਬਣਨਗੀਆਂ ਤੇ ਕਿੰਨੀ ਵਾਰੀ ਉਨ੍ਹਾਂ ਨੂੰ ਬਜਟ ਪ੍ਰੋਵਾਈਡ ਕਰਵਾਇਆ ਜਾਵੇਗਾ? ਇਸ ਬਜਟ ਰਾਹੀਂ ਜੇ ਇੱਕ ਸੜਕ ਇੰਨੀ ਮਾੜੀ ਬਣਦੀ ਹੈ ਤਾਂ ਉਹ ਸਾਲ ਪਿਛੋਂ ਹੀ ਟੁੱਟ ਜਾਂਦੀ ਹੈ , ਫਿਰ ਕਿੰਨਾ ਕੁ ਬਜਟ ਇਕੋ ਹੀ ਸੜਕ ਤੇ ਤੁਸੀ ਦਿੰਦੇ ਰਹੋਗੇ?

**ਸ਼੍ਰੀ ਸਭਾਪਤੀ :** ਬਾਜਵਾ ਸਾਹਿਬ, ਸਮਾਪਤੀ ਕਰੋ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸੋ, ਥੋੜ੍ਹਾ ਜਿਹਾ ਕੁਆਲਿਟੀ ਆਫ ਵਰਕ ਵਾਲੇ ਪਾਸੇ ਧਿਆਨ ਦੇਣ ਦੀ ਲੋੜ ਹੈ। ਜਿਹੜੀਆਂ ਸੜਕਾਂ ਬਣ ਰਹੀਆਂ ਹਨ, ਉਨ੍ਹਾਂ ਦਾ ਕੋਈ ਪ੍ਰਾਪਰ ਸਿਸਟਮ ਨਹੀਂ ਹੈ। ਸੜਕ ਬਣਦੀ ਹੈ ਤੇ ਛੇ ਦਿਨਾਂ ਪਿਛੋਂ ਟੁੱਟ ਜਾਂਦੀ ਹੈ। ਸੋ, ਕਿੱਥੋਂ ਇੰਨਾ ਬਜਟ ਆਈ ਜਾਵੇਗਾ। ਕੁਆਲਿਟੀ ਆਫ ਵਰਕ ਵਾਲੇ ਪਾਸੇ ਵੇਖੋ। ਡਿਪਟੀ ਸੀ.ਐਮ.ਸਾਹਿਬ ਮੇਰੇ ਹਲਕੇ ਵਿੱਚ ਇੱਕ 'ਡੋਗਰ' ਪਿੰਡ ਹੈ। ਤੁਸੀਂ ਸੰਗਤ ਦਰਸ਼ਨ ਦੇ ਬਹੁਤ ਸ਼ੌਕੀਨ ਹੋ ..

**ਉਪ ਮੁੱਖ ਮੰਤਰੀ (ਬੈਠੇ ਬੈਠੇ) :** ਮੈਂ ਨਹੀਂ, ਸੀ.ਐਮ. ਸਾਹਿਬ। (ਹਾਸਾ)

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਚਲੋ, ਮੈਂ ਕਹਿੰਦਾ ਹਾਂ ਕਿ

[ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ]

ਸੰਗਤ ਦਰਸ਼ਨ ਨਾ ਕਰੋ, ਉਸ ਡੋਗਰ ਪਿੰਡ ਦੇ ਦਰਸ਼ਨ ਹੀ ਕਰ ਆਵੋ । (ਹਾਸਾ) ਉਸ ਪਿੰਡ ਦੇ ਦਰਸ਼ਨ ਹੀ ਕਰ ਆਉ ਕਿ ਲੋਕ ਕਿਸ ਤਰ੍ਹਾਂ ਉਥੇ ਜੀਅ ਰਹੇ ਹਨ। ਜਿਹੜਾ ਤੁਸੀਂ ਕਹਿੰਦੇ ਹੋ ਕਿ ਅਸੀਂ ਡਿਵੈਲਪਮੈਂਟ ਦੇ ਸਿਰ ਉਤੇ ਇਲੈਕਸ਼ਨ ਜਿੱਤੀ ਸੀ। ਮੇਰੇ ਸ਼ਹਿਰ ਦੇ ਡੋਗਰ ਪਿੰਡ ਵਿੱਚ ਡਿਪਟੀ ਸੀ. ਐਮ. ਜਾਂ ਸੀ.ਐਮ. ਸਾਹਿਬ ਝਾਤੀ ਮਾਰ ਲੈਣ ਕਿ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੈ? ਜਾਂ ਫਿਰ ਮਲੂਕਾ ਸਾਹਿਬ ਨੂੰ ਹੀ ਭੇਜ ਦਿਉ ਤਾਂ ਕਿ ਉਹ ਦੇਖਣ ਕਿ ਉਥੇ ਪਿੰਡ ਦੇ ਹਾਲਾਤ ਕੀ ਹਨ? ਆਪਾਂ ਡਿਵੈਲਪਮੈਂਟ ਬਾਰੇ ਵੈਸੇ ਹੀ ਗੱਲਾਂ ਕਰਦੇ ਰਹੀਏ ਪਰ, ਕਿਤੇ ਕੋਈ ਡਿਵੈਲਪਮੈਂਟ ਨਹੀਂ ਹੈ। ਸਾਰਾ ਕੁਝ ਤੁਹਾਡਾ ਇਸ ਤਰ੍ਹਾਂ ਹੀ ਗੱਲੀਂਬਾਤੀਂ ਸਰੀ ਜਾ ਰਿਹਾ ਹੈ। ਕਿਸਮਤ ਹੁਣ ਤੁਹਾਡੇ ਨਾਲ ਹੈ, ਪਤਾ ਨਹੀਂ ਕੀ ਗੱਲਬਾਤ ਹੈ, ਗਰਾਊਂਡ ਰਿਐਲਿਟੀ ਤੇ ਕੁਝ ਹੋਰ ਹੈ।

ਡਿਪਟੀ ਸੀ.ਐਮ ਸਾਹਿਬ, ਇੱਕ ਹੋਰ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਕਿ ਕਿਸੇ ਵੀ ਤਹਿਸੀਲ ਵਿੱਚ ਇੱਕ ਵੀ ਰਜਿਸਟਰੀ ਬਿਨਾਂ ਪੈਸੇ ਲਏ ਤੋਂ ਨਹੀਂ ਹੁੰਦੀ । ਚਲੋ, ਜਿਹੜੀਆਂ ਵੀ ਹੁੰਦੀਆਂ ਹਨ ਤਾਂ ਉਹ ਸਾਰੇ ਦਿਨ ਦੀ ਛਿੱਲ ਇੱਕੋ ਵਾਰ ਹੀ ਲਾਹ ਲੈਂਦੇ ਹਨ। ਸੋ, ਇਸ ਕਰਕੇ ਥੋੜ੍ਹਾ ਜਿਹਾ ਇਸ ਪਾਸੇ ਵੇਖਣ ਦੀ ਲੋੜ ਹੈ ਜੀ। ਕੁਆਲਿਟੀ ਆਫ ਵਰਕ ਚੈੱਕ ਕਰਨ ਦੀ ਲੋੜ ਹੈ ।

ਜਿਹੜੇ ਤੁਸੀਂ ਸੇਵਾ ਕੇਂਦਰ ਬਣਾ ਰਹੇ ਹੋ , ਸੇਵਾ ਕੇਂਦਰ ਵਿੱਚ ਬੰਦਾ ਸਵੇਰੇ ਜਲਦੀ ਆ ਕੇ ਖੜ੍ਹ ਜਾਂਦਾ ਹੈ, ਸ਼ਾਮੀਂ ਪੰਜ ਵਜੇ ਤੱਕ ਉਥੇ ਹੀ ਖਲੋਤਾ ਰਹਿੰਦਾ ਹੈ ..

**ਉਪ ਮੁੱਖ ਮੰਤਰੀ (ਬੈਠੇ-ਬੈਠੇ) :** ਅਜੇ ਬਣੇ ਨਹੀਂ ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਜਿਹੜੇ ਤਹਿਸੀਲਾਂ ਵਿੱਚ ਬਣੇ ਹੋਏ ਹਨ, ਮੈਂ ਉਨ੍ਹਾਂ ਦੀ ਗੱਲ ਕਰ ਰਿਹਾ ਹਾਂ । (ਵਿਘਨ) ਬਿਜਲੀ ਬੋਰਡ ਦਾ ਮਹਿਕਮਾ ਲੈ ਲਵੋ । ਮੈਨੂੰ ਕੱਲ੍ਹ ਬਟਾਲੇ ਵਿੱਚ ਬਿਜਲੀ ਬੋਰਡ ਦੇ ਮੁਲਾਜ਼ਮ ਟਕਰੇ। ਉਨ੍ਹਾਂ ਨੇ ਮੈਨੂੰ ਇੱਕ ਮੇਜ਼ ਤੇ ਦੋ ਕੁਰਸੀਆਂ ਦਿਖਾਈਆਂ। ਕਹਿਣ ਲੱਗੇ ਕਿ ਇਹ 13,000 ਰੁਪਏ ਦੀਆਂ ਆਈਆਂ ਹਨ। ਮੈਂ ਤੁਹਾਨੂੰ ਵੀ ਕਹਾਂਗਾ ਕਿ ਤੁਸੀਂ ਬਟਾਲੇ ਦੇ ਬਿਜਲੀ ਬੋਰਡ ਦਫ਼ਤਰ ਵਿੱਚ ਜਾ ਕੇ ਉਹ ਮੇਜ਼ ਤੇ ਕੁਰਸੀਆਂ ਚੈੱਕ ਕਰ ਲਉ। ਤੁਹਾਨੂੰ ਪਤਾ ਚੱਲ ਜਾਵੇਗਾ ਕਿ ਕੀ ਉਹ 13,000 ਰੁਪਏ ਦੀਆਂ ਆਉਂਦੀਆਂ ਹਨ ਕਿ 300/- ਰੁਪਏ ਦੀਆਂ ਆਉਂਦੀਆਂ ਹਨ?

**ਸ਼੍ਰੀ ਸਭਾਪਤੀ :** ਬਾਜਵਾ ਸਾਹਿਬ, ਸਮਾਪਤੀ ਕਰੋ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਚੇਅਰਮੈਨ ਸਾਹਿਬ, ਬਿਜਲੀ ਦਾ ਰੇਟ ਵਧਦਾ ਜਾ ਰਿਹਾ ਹੈ। ਬਿਜਲੀ ਬੋਰਡ ਵਾਲਿਆਂ ਨੇ ਕੰਪਿਊਟਰ ਖਰੀਦ ਕੇ ਇੱਕ ਕਮਰੇ ਵਿੱਚ ਸੁੱਟੇ ਹੋਏ ਹਨ। ਕਰੋੜਾਂ ਰੁਪਏ ਦੇ ਕੰਪਿਊਟਰ ਖਰੀਦ ਲਏ ਹਨ। ਨਾ ਕੋਈ ਉਨ੍ਹਾਂ ਕੰਪਿਊਟਰਾਂ ਨੂੰ ਚਲਾਉਣ ਵਾਸਤੇ ਬੰਦਾ ਰੱਖਿਆ ਹੈ ਅਤੇ ਨਾ ਹੀ ਕੋਈ ਉਨ੍ਹਾਂ ਦੇ ਰੱਖ-ਰਖਾਵ ਲਈ ਮੁਲਾਜ਼ਮ ਰੱਖਿਆ ਹੈ। ਕੰਪਿਊਟਰ ਖਰੀਦਣ ਤੇ ਜ਼ੋਰ ਦਿੱਤਾ ਹੋਇਆ ਹੈ। ਉਸ ਵਿੱਚੋਂ ਸ਼ਾਇਦ ਕੁਝ ਲੱਭਣਾ ਹੋਵੇ ਪਰ ਉਹ ਇੱਕ ਗੁਦਾਮ ਟਾਈਪ ਵਾਲੇ ਕਮਰੇ ਵਿੱਚ ਪਏ ਹੋਏ ਹਨ। ਤੁਸੀਂ ਕਿਤੇ ਬਟਾਲੇ ਵਿੱਚ ਸਰਪ੍ਰਾਈਜ਼ ਚੈਕਿੰਗ ਕਰਵਾ ਲਉ, ਮੇਜ਼ ਕੁਰਸੀਆਂ ਵੀ ਦੇਖ ਲੈਣਾ। ਮੇਰਾ ਖਿਆਲ ਹੈ ਕਿ ਬਹੁਤ ਕੁਝ ਤੁਹਾਡੇ ਸਾਹਮਣੇ ਆ ਜਾਵੇਗਾ। ਧੰਨਵਾਦ।

**Shri Sunil Jakhar :** Chairman Sahib, sorry. ਮੈਂ ਉਦੋਂ ਟੋਕਿਆ ਨਹੀਂ। ਸਾਡੇ ਮਾਨਯੋਗ ਮੈਂਬਰ ਸਾਹਿਬ ਕਹਿ ਰਹੇ ਸਨ ਕਿ ਇੱਕ ਇਨਕੁਆਇਰੀ ਮਾਰਕ ਕਰਵਾ ਦਿਉ। ਮੈਂ ਟੋਕਣ ਵਾਲਾ ਸੀ ਕਿ ਬਾਜਵਾ ਸਾਹਿਬ, ਇੰਨੀ ਤਵੱਕੋ ਨਾ ਰੱਖੋ। ਜੋਸ਼ੀ ਸਾਹਿਬ ਨੂੰ ਪੁੱਛ ਲਉ, ਜੇ ਇਨ੍ਹਾਂ ਨੇ ਇਨਕੁਆਇਰੀ ਮਾਰਕ ਕਰ ਦਿੱਤੀ, ਇੱਥੇ ਤਾਂ ਰੌਲਾ ਪਿਆ ਰਹਿਣਾ ਹੈ ਕਿ ਇਨ੍ਹਾਂ ਦੀ ਤਾਂ ਹੋਈ ਨਹੀਂ ਤੇ ਤੁਸੀਂ ਇਨਸਾਫ਼ ਭਾਲਦੇ ਹੋ। ਤੁਸੀਂ ਕੋਈ ਜ਼ਿਆਦਾ ਉਮੀਦ ਨਾ ਰੱਖਿਉ, ਬਸ ਤੁਹਾਡੀ ਗੱਲ ਰਿਕਾਰਡ ਤੇ ਆ ਗਈ।

**ਸ਼੍ਰੀ ਸਭਾਪਤੀ :** ਸਰਦਾਰ ਸਿਮਰਜੀਤ ਸਿੰਘ ਬੈਂਸ, ਸਿਰਫ਼ 10 ਮਿੰਟ ਲੈਣਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ) :** ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਲੁਧਿਆਣਾ ਸ਼ਹਿਰ ਤੋਂ ਆਉਂਦਾ ਹਾਂ ਜਿਹੜਾ ਕਿ ਪੰਜਾਬ ਦੀ ਆਰਥਿਕ ਰਾਜਧਾਨੀ ਹੈ ਅਤੇ ਹਿੰਦੁਸਤਾਨ ਦਾ ਮਾਨਚੈਸਟਰ ਹੈ। ਸਤਿਕਾਰਯੋਗ ਵੀਰਾਂ ਨੇ ਤਾਂ ਅੰਕੜਿਆਂ ਦੇ ਆਧਾਰ ਤੇ ਗੱਲਾਂ ਕੀਤੀਆਂ ਹਨ ਅਤੇ ਮੈਂ ਸਿਰਫ਼ ਤੇ ਸਿਰਫ਼ ਲੁਧਿਆਣਾ ਸ਼ਹਿਰ ਬਾਰੇ ਗੱਲ ਕਰਾਂਗਾ। ਇਹ ਸ਼ਹਿਰ ਇੰਡਸਟਰੀਲਿਸਟਾਂ ਦਾ ਸ਼ਹਿਰ ਹੈ। ਬਜਟ ਵਿੱਚ ਸਤਿਕਾਰਯੋਗ ਢੀਂਡਸਾ ਸਾਹਿਬ ਵੱਲੋਂ ਸਮਾਲ ਸਕੇਲ ਇੰਡਸਟਰੀ, ਮਾਈਕਰੋ ਇੰਡਸਟਰੀ, ਲਘੂ ਉਦਯੋਗ ਦਾ ਸਪੈਸ਼ਲ ਤੌਰ ਤੇ ਜ਼ਿਕਰ ਕੀਤਾ ਗਿਆ ਹੈ।

[ ਸਰਦਾਰ ਸਿਮਰਜੀਤ ਸਿੰਘ ਬੈਂਸ ]

ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਜ਼ਰੀਏ ਡਿਪਟੀ ਸੀ.ਐਮ. ਸਾਹਿਬ, ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਅਤੇ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਮਾਈਕਰੋ ਇੰਡਸਟਰੀ ਕਿਸ ਤਰ੍ਹਾਂ ਚੱਲੇਗੀ। ਸਮਾਲ ਸਕੇਲ ਇੰਡਸਟਰੀ ਨੂੰ ਆਪਾਂ ਫੀਡਰ ਕਹਿ ਦਿੰਦੇ ਹਾਂ। ਜਦੋਂ ਸਮਾਲ ਸਕੇਲ ਇੰਡਸਟਰੀ ਵਿੱਚ ਪੁਰਜ਼ੇ ਬਣਦੇ ਹਨ ਤਾਂ ਉਨ੍ਹਾਂ ਨਾਲ ਵੱਡੀ ਇੰਡਸਟਰੀ ਚਲਦੀ ਹੈ, run ਕਰਦੀ ਹੈ। ਸਮਾਲ ਸਕੇਲ ਇੰਡਸਟਰੀ ਨੂੰ ਬਚਾਉਣ ਵਾਸਤੇ ਇਨ੍ਹਾਂ ਵੱਲੋਂ ਕੀ ਉਪਰਾਲਾ ਕੀਤਾ ਗਿਆ ਹੈ? ਵੈਟ ਵਿੱਚ 1% ਵਾਧਾ ਕਰ ਦਿੱਤਾ ਗਿਆ। ਲੋਹਾ ਰਾਅ ਮਟੀਰੀਅਲ ਹੈ, ਚਾਹੇ ਬਾਰ ਖਰੀਦਣੀ ਹੈ, ਸਰੀਆ ਖਰੀਦਣਾ ਹੈ ਜਾਂ ਰਾਊਂਡ ਖਰੀਦਣਾ ਹੈ, ਉਸ ਤੇ 1% ਵੈਟ ਦਾ ਇਜ਼ਾਫ਼ਾ ਕੀਤਾ ਹੈ। ਲੋਹੇ ਤੇ ਵੈਟ ਦਾ ਵਾਧਾ ਕੀਤਾ ਹੈ ਅਤੇ ਚੌਥੀ stage ਵੈਟ ਦਾ ਰਿਫੰਡ ਮਿਲੇਗਾ। A ਤੋਂ B ਨੇ ਖਰੀਦਿਆ, B ਤੋਂ C ਨੇ ਖਰੀਦਿਆ, C ਤੋਂ D ਨੇ ਖਰੀਦਿਆ। ਹੁਣ ਜਦੋਂ A ਤੋਂ B ਨੇ ਖਰੀਦਿਆ ਤਾਂ A ਇਹ ਜਾਣਕਾਰੀ ਰੱਖ ਸਕਦਾ ਹੈ ਕਿ B ਬਿਲਕੁਲ ਸਾਫ਼ ਸੁਥਰਾ ਬੰਦਾ ਹੈ ਅਤੇ ਜੇਕਰ D ਨੇ ਕੋਈ hanky panky (trickery) ਕੀਤੀ ਤਾਂ ਉਸ ਤੇ ਕੋਈ ਵੈਟ ਰਿਫੰਡ ਨਹੀਂ ਮਿਲਣਾ, ਜਿਹੜੀ ਕਿ ਸਭ ਤੋਂ ਵੱਡੀ ਦਿੱਕਤ ਹੈ। ਕੱਲ੍ਹ ਦੇ 'ਅਜੀਤ ਅਖ਼ਬਾਰ' ਵਿੱਚ ਇੱਕ ਬਹੁਤ ਵੱਡੀ ਖ਼ਬਰ ਛਪੀ ਸੀ ਕਿ ਬੀ.ਜੇ.ਪੀ. ਦੇ ਸਾਬਕਾ ਸਤਿਕਾਰਯੋਗ ਮੰਤਰੀ ਗੁਸਾਈਂ ਜੀ ਦੇ ਬੇਟੇ ਜਿਹੜੇ ਕਿ ਇੰਡਸਟਰੀਅਲ ਐਸੋਸੀਏਸ਼ਨ ਦੇ ਪ੍ਰਧਾਨ ਹਨ, ਉਨ੍ਹਾਂ ਨੇ ਸਰਕਾਰ ਨੂੰ ਕਿਹਾ ਹੈ ਕਿ ਜੇ ਤੁਸੀਂ ਵੈਟ ਰਿਫੰਡ ਉਤੇ ਧਿਆਨ ਨਾ ਦਿੱਤਾ ਤਾਂ ਅਸੀਂ ਆਪਣੀ ਇੰਡਸਟਰੀ ਨੂੰ ਤਾਲੇ ਲਗਾ ਕੇ ਚਾਬੀਆਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦੇ ਹਵਾਲੇ ਕਰ ਆਉਣੀਆਂ ਹਨ। ਜੇ ਇਹ ਗੱਲ ਕਿਸੇ ਕਾਂਗਰਸ ਵਾਲੇ ਨੇ ਜਾਂ ਕਿਸੇ ਹੋਰ ਨੇ ਕੀਤੀ ਹੁੰਦੀ ਤਾਂ ਮੈਂ ਸਮਝਣਾ ਸੀ ਕਿ ਇਹ ਰਾਜਨੀਤਿਕ ਗੱਲ ਹੈ। ਬੀ.ਜੇ.ਪੀ. ਦੇ ਸਾਬਕਾ ਸਤਿਕਾਰਯੋਗ ਮੰਤਰੀ ਨੇ ਗੱਲ ਕੀਤੀ ਹੈ। ਮੇਰੀ ਬੇਨਤੀ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸਮਾਲ ਸਕੇਲ ਇੰਡਸਟਰੀ ਚਲਦੀ ਹੈ। ਸਤਿਕਾਰਯੋਗ ਚੇਅਰਮੈਨ ਸਾਹਿਬ, ਇਹ ਜਿਹੜੀ ਇੰਡਸਟਰੀ ਹੈ, ਇਹ ਮੁਹੱਲਿਆਂ ਵਿੱਚ ਚੱਲ ਰਹੀ ਹੈ। ਉਥੇ ਥੱਲੇ ਇੰਡਸਟਰੀ ਚਲਦੀ ਹੈ ਅਤੇ ਉੱਪਰ ਰਿਹਾਇਸ਼ ਹੁੰਦੀ ਹੈ। ਇੱਕ ਪਾਸੇ ਇੰਡਸਟਰੀ ਹੈ ਅਤੇ ਨਾਲ ਵਾਲੇ ਪਾਸੇ ਰਿਹਾਇਸ਼ ਹੈ। ਡਿਪਟੀ ਸੀ.ਐਮ. ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਸਤਿਕਾਰਯੋਗ ਮੁੱਖ ਮੰਤਰੀ

ਸਾਹਿਬ ਵੀ ਬਹੁਤ ਵਾਰੀ ਲੁਧਿਆਣਾ ਸ਼ਹਿਰ ਜਾ ਕੇ ਆਏ ਹਨ। ਲੁਧਿਆਣਾ ਸ਼ਹਿਰ ਦੇ ਸਤਿਕਾਰਯੋਗ ਪ੍ਰੇਮ ਮਿੱਤਲ ਸਾਹਿਬ ਵੀ ਬੈਠੇ ਹਨ। ਇਨ੍ਹਾਂ ਦੇ ਇਲਾਕੇ ਵਿੱਚ ਜਿੱਥੇ ਇਨ੍ਹਾਂ ਦੀ ਪੁਰਾਣੀ ਰਿਹਾਇਸ਼ ਹੈ, ਉਥੇ ਪਿਛਲੇ 8-10 ਸਾਲਾਂ ਤੋਂ T.P. Schemes ਦਾ ਰੌਲਾ ਪਿਆ ਹੋਇਆ ਹੈ। ਜਿਨ੍ਹਾਂ ਦਾ ਕੋਈ ਤੱਤ-ਅਰਥ ਨਹੀਂ ਅਤੇ ਨਗਰ ਨਿਗਮ, ਲੁਧਿਆਣਾ ਨੇ ਟੀ.ਪੀ. ਸਕੀਮਾਂ ਨੂੰ ਡਰਾਪ ਕਰਨ ਵਾਸਤੇ ਸਰਬਸੰਮਤੀ ਨਾਲ ਆਪਣੇ ਮਤੇ ਭੇਜੇ ਹਨ ਕਿਉਂਕਿ ਜਿਥੇ ਟੀ.ਪੀ. ਸਕੀਮ ਹੈ, ਟਾਊਨ ਪਲਾਨਿੰਗ ਰਿਹਾਇਸ਼ੀ ਸਕੀਮ ਹੈ, ਉਥੇ ਇੰਡਸਟਰੀ ਵਾਸਤੇ ਨਾ ਬਿਜਲੀ ਦਾ ਕੁਨੈਕਸ਼ਨ ਮਿਲਦਾ ਹੈ ਅਤੇ ਨਾ ਹੀ ਇਸ ਵਿੱਚ ਵਾਧਾ ਕਰਵਾਇਆ ਜਾ ਸਕਦਾ ਹੈ। ਫਿਰ ਆਪਾਂ ਕਿਵੇਂ ਆਸ ਕਰਦੇ ਹਾਂ ਕਿ ਆਪਾਂ ਸਮਾਲ ਸਕੇਲ ਇੰਡਸਟਰੀ ਨੂੰ ਡਿਵੈਲਪ ਕਰਾਂਗੇ। ਸਮਾਲ ਸਕੇਲ ਇੰਡਸਟਰੀ ਕੋਲੋਂ ਪਹਿਲਾਂ ਸੀ.ਐਲ.ਯੂ. ਵਸੂਲਿਆ ਜਾਂਦਾ ਸੀ ਜਦੋਂ ਕਿ ਸਰਕਾਰੀ ਪਾਲਿਸੀ ਮੁਤਾਬਕ ਇਸ ਖੇਤਰ ਵਿੱਚ ਸੀ.ਐਲ.ਯੂ. ਮੁਆਫ ਹੈ। ਅਸੀਂ ਇਸ ਵਾਸਤੇ ਬੜਾ ਤਰੱਦਦ ਕੀਤਾ ਕਿ ਸੀ.ਐਲ.ਯੂ. ਮੁਆਫ ਹੋਵੇ। ਮੈਂ ਖੁਦ ਕਈ ਵਾਰੀ ਅਫਸਰ ਸਾਹਿਬਾਨਾਂ ਕੋਲ ਜਾ ਕੇ ਬੇਨਤੀ ਵੀ ਕੀਤੀ ਕਿ ਜਦੋਂ ਇੰਡਸਟਰੀ ਪਾਲਿਸੀ ਵਿੱਚ ਸੀ.ਐਲ.ਯੂ. ਐਗਜ਼ੰਪਟ ਹੈ ਤਾਂ ਤੁਸੀਂ ਕਿਉਂ ਸੀ.ਐਲ.ਯੂ. ਚਾਰਜ ਕਰਦੇ ਹੋ। ਇਸ ਬਾਰੇ ਰੌਲਾ ਪਿਆ ਤਾਂ ਫਿਰ ਸੀ.ਐਲ.ਯੂ. ਚਾਰਜਿਜ਼ ਸਮਾਪਤ ਹੋ ਗਏ ਅਤੇ ਨਗਰ ਨਿਗਮ ਨੇ ਜਿਹੜੇ ਪਿਛਲੇ 60-60 ਤੇ 70-70 ਸਾਲਾਂ ਤੋਂ ਇਲਾਕੇ ਵਸੇ ਹੋਏ ਹਨ, ਉਨ੍ਹਾਂ ਤੋਂ ਸੀ.ਐਲ.ਯੂ. ਦੀ ਜਗ੍ਹਾ ਤੇ ਈ.ਡੀ.ਸੀ. (ਐਕਸਟਰਨਲ ਡਿਵੈਲਪਮੈਂਟ ਚਾਰਜ) ਲੈਣਾ ਸ਼ੁਰੂ ਕਰ ਦਿੱਤਾ ਜਦੋਂ ਕਿ ਐਕਸਟਰਨਲ ਡਿਵੈਲਪਮੈਂਟ ਚਾਰਜਿਜ ਸਿਰਫ ਉਥੇ ਲਗਦੇ ਹਨ ਜਿਥੇ ਕੋਈ ਨਵੀਂ ਕਾਲੋਨੀ ਬਣਦੀ ਹੈ।

ਇੱਥੇ ਮਾਈਕਰੋ ਇੰਡਸਟਰੀ ਨੂੰ ਗਰੋਥ ਤੇ ਲਿਜਾਣ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਚੇਅਰਮੈਨ ਸਾਹਿਬ, ਮੇਰੀ ਆਦਰ ਸਹਿਤ ਬੇਨਤੀ ਹੈ ਕਿ ਮਾਈਕਰੋ ਇੰਡਸਟਰੀ ਨੂੰ ਚਲਾਉਣ ਵਾਸਤੇ ਵੱਡੀ ਪੱਧਰ ਤੇ ਕੁਨੈਕਸ਼ਨ ਸਮਾਲ ਪਾਵਰ ਦੇ ਹੁੰਦੇ ਹਨ ਜਿਸ ਨੂੰ ਐਸ.ਪੀ. ਕੁਨੈਕਸ਼ਨ ਕਹਿ ਦਿੰਦੇ ਹਾਂ ਜੋ ਕਿ 20 ਕਿਲੋਵਾਟ ਤੱਕ ਦੇ ਹੁੰਦੇ ਹਨ। ਬਿਜਲੀ ਬੋਰਡ ਦੇ ਅਫਸਰਾਂ ਨੇ ਐਸ.ਪੀ. ਕੁਨੈਕਸ਼ਨਾਂ ਤੇ ਐਸਾ ਨਾਦਰਸ਼ਾਹੀ ਫ਼ਰਮਾਨ ਜਾਰੀ ਕੀਤਾ ਹੈ ਕਿ ਪਾਵਰ ਫੈਕਟਰ ਲਾਗੂ ਕਰ ਦਿੱਤਾ । ਇਸ ਬਾਰੇ ਕਿਸੇ ਵੀ ਖਪਤਕਾਰ ਨੂੰ ਅਗਾਊਂ ਕੋਈ ਨੋਟਿਸ ਨਹੀਂ ਦਿੱਤਾ ਗਿਆ, ਅਗਾਊਂ ਕੋਈ ਸੂਚਨਾ ਨਹੀਂ ਦਿੱਤੀ ਗਈ ਕਿ

[ ਸਰਦਾਰ ਸਿਮਰਜੀਤ ਸਿੰਘ ਬੈਂਸ ]

ਕਿਸੇ ਨੇ ਜਾ ਕੇ ਵਰਬਲੀ ਹੀ ਦੱਸ ਦਿੱਤਾ ਹੋਵੇ। ਜਿਸ ਇੰਡਸਟਰੀਲਿਸਟ ਦੇ ਯੂਨਿਟ ਅੰਦਰ ਸਿਰਫ ਚਾਰ ਅੱਡੇ ਲੱਗੇ ਹੋਏ ਹਨ, ਜਿਹੜਾ ਕਿ ਹੈਂਡ ਟੂ ਮਾਊਥ ਇੰਡਸਟਰੀਲਿਸਟ ਹੈ ਅਤੇ ਹੱਥੀਂ ਕਿਰਤ ਕਰਦਾ ਹੈ, ਉਨ੍ਹਾਂ ਦੇ 20 ਕਿਲੋਵਾਟ ਦੇ ਕੁਨੈਕਸ਼ਨ ਤੇ ਕਿਸੇ ਤੇ 50,000 ਰੁਪਏ, ਕਿਸੇ ਦੇ 80,000 ਰੁਪਏ ਅਤੇ ਕਿਸੇ ਤੇ ਇੱਕ ਲੱਖ ਰੁਪਏ ਤੱਕ ਦਾ ਜੁਰਮਾਨਾ ਪਾ ਦਿੱਤਾ ਗਿਆ। ਅੱਜ ਉਹ ਮਾਈਕਰੋ ਇੰਡਸਟਰੀਲਿਸਟ ਜੋ ਕਿ ਸਮਾਲ ਸਕੇਲ ਇੰਡਸਟਰੀ ਤਹਿਤ ਆਉਂਦੇ ਹਨ, ਉਹ ਲੁਧਿਆਣਾ ਸ਼ਹਿਰ ਵਿੱਚ ਰੋਂਦੇ ਫਿਰਦੇ ਹਨ। ਸਤਿਕਾਰਯੋਗ ਡਿਪਟੀ ਸੀ.ਐਮ. ਮੇਰੀ ਗੱਲ ਦਾ ਗੁੱਸਾ ਨਾ ਕਰਨਾ। ਮੇਰੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦੇ ਚਰਨਾਂ ਵਿੱਚ ਆਦਰ ਸਹਿਤ ਬੇਨਤੀ ਹੈ ਕਿ ਦਿੱਲੀ ਵਿੱਚ ਇੰਡਸਟਰਲਿਸਟਾਂ ਦੀ ਮਸ਼ੀਨਰੀ ਦੀ ਇੱਕ ਐਗਜ਼ੀਬਿਸ਼ਨ ਲੱਗੀ, ਮੈਂ ਉਥੇ ਗਿਆ। ਪੰਜਾਬ ਦੀ ਅਤੇ ਖਾਸ ਕਰਕੇ ਲੁਧਿਆਣੇ ਦੀ ਇੰਡਸਟਰੀ ਤਬਾਹ ਹੋਈ ਪਈ ਹੈ, ਮੰਡੀ ਗੋਬਿੰਦਗੜ੍ਹ ਦੀਆਂ 70% ਤੋਂ ਵੱਧ ਮਿੱਲਾਂ ਬੰਦ ਪਈਆਂ ਹਨ ਅਤੇ ਕਿਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ। ਆਪਾਂ ਇੰਡਸਟਰੀ ਦੀ ਗੱਲ ਕਰਦੇ ਹਾਂ, ਵੱਡੇ ਵੱਡੇ ਇੰਡਸਟਰੀਲਿਸਟ ਇੱਥੇ ਲੈ ਕੇ ਆਉਂਦੇ ਹਾਂ। ਪੰਜਾਬ ਵਿੱਚ ਕੋਈ ਵੀ ਇੰਡਸਟਰੀ ਲਗਾਉਣ ਲਈ ਤਿਆਰ ਨਹੀਂ ਹੈ। ਮੈਂ ਦਿੱਲੀ ਵਿਖੇ ਐਗਜੀਬਿਸ਼ਨ ਵਿੱਚ ਗਿਆ। ਉਥੇ ਮੈਨੂੰ ਵੱਡੇ ਇੰਡਸਟਰੀਲਿਸਟ ਮਿਲੇ। ਉਨ੍ਹਾਂ ਦੇ ਮਨ ਵਿੱਚ ਪੰਜਾਬ ਪ੍ਰਤੀ ਕੈਸਾ ਖਦਸ਼ਾ ਹੈ? ਆਪਾਂ ਤਾਂ ਗੱਲਾਂ ਕਰਦੇ ਹਾਂ ਕਿ ਪੰਜਾਬ ਵਿੱਚ ਵੱਡੀ ਇੰਡਸਟਰੀ ਲੈ ਕੇ ਆਉਣੀ ਹੈ ਪਰ ਹਿੰਦੁਸਤਾਨ ਦੇ ਦੂਜੇ ਰਾਜਾਂ ਦੇ ਇੰਡਸਟਰੀਲਿਸਟਾਂ ਦੇ ਮਨ ਅੰਦਰ ਖਦਸ਼ਾ ਇੰਨਾ ਹੈ ਕਿ ਉਸ ਐਗਜੀਬਿਸ਼ਨ ਵਿੱਚ ਮੈਨੂੰ ਉਸ ਖਦਸ਼ੇ ਕਾਰਨ ਸਿਰ ਝੁਕਾਉਣਾ ਪਿਆ। ਉਹ ਕਹਿੰਦੇ ਕਿ ਤੁਹਾਡੇ ਪੰਜਾਬ ਵਿੱਚ ਤਾਂ ਬਰੈਡ ਬਣਾਉਣ ਵਾਲੀ ਫੈਕਟਰੀ ਤੋਂ ਡੰਡਾ ਟੈਕਸ ਲਿਆ ਜਾਂਦਾ ਹੈ। ਲੁਧਿਆਣੇ ਵਿੱਚ ਸਾਈਕਲ ਬਣਾਉਣ ਵਾਲੀਆਂ ਫੈਕਟਰੀਆਂ ਤੋਂ ਡੰਡਾ ਟੈਕਸ-ਗੁੰਡਾ ਟੈਕਸ ਵਸੂਲਿਆ ਜਾਂਦਾ ਹੈ। ਹਿੰਦੁਸਤਾਨ ਦੇ ਉਨ੍ਹਾਂ ਦੂਸਰੇ ਸੂਬਿਆਂ ਦੇ ਇੰਡਸਟਰੀਲਿਸਟਾਂ ਨੂੰ ਕੀ ਜਵਾਬ ਦੇਈਏ? ਆਪਾਂ ਗੱਲਾਂ ਕਰਦੇ ਹਾਂ ਕਿ ਇਥੇ ਵੱਡੀ ਇੰਡਸਟਰੀ ਲੈ ਕੇ ਆਉਣੀ ਹੈ। ਸੀ.ਐਮ. ਸਾਹਿਬ, ਅੱਜ ਸਾਨੂੰ ਆਪਣੀ ਛਵੀ ਚੇਂਜ ਕਰਨ ਦੀ ਜ਼ਰੂਰਤ ਹੈ। ਡਿਪਟੀ ਸੀ.ਐਮ. ਸਾਹਿਬ ਹਮੇਸ਼ਾ ਕਹਿੰਦੇ ਹਨ ਕਿ ਆਪਾਂ ਸਾਰੇ ਪੰਜਾਬੀ ਹਾਂ, ਪੰਜਾਬ ਲਈ ਕੋਈ ਚੰਗੀ ਗੱਲ ਕਰੋ ਜਿਸ ਦਾ ਇੰਪੈਕਟ ਵਧੀਆ ਜਾਵੇ ਪਰ ਇੰਪੈਕਟ ਕਿੱਥੇ ਖੜ੍ਹਾ ਹੈ?

ਕਿਸਾਨਾਂ ਨੂੰ ਸਹੂਲਤਾਂ ਦਿਉ, ਮੈਂ ਸਹਿਮਤ ਹਾਂ ਕਿ ਕਿਸਾਨ ਵਿਚਾਰਾ ਖੁਦਕਸ਼ੀਆਂ ਦੇ ਰਸਤੇ ਤੇ ਪਿਆ ਹੋਇਆ ਹੈ। ਕਿਸਾਨਾਂ ਵਾਸਤੇ ਵੰਨ-ਟਾਈਮ ਸੈਟਲਮੈਂਟ ਸਕੀਮ ਲੈ ਆਉ, ਕਿਸਾਨਾਂ ਦੇ ਕਰਜ਼ੇ ਮੁਆਫ ਕਰ ਦਿਉ, ਵਿਆਜ ਮੁਆਫ ਕਰ ਦਿਉ ਪਰ ਜਿਹੜਾ ਆਰਥਿਕਤਾ ਦਾ ਧੁਰਾ ਹੈ, ਡਿਵੈਲਪਮੈਂਟ ਦਾ ਧੁਰਾ ਹੈ, ਉਹ ਇੰਡਸਟਰੀ ਨਾਲ ਘੁੰਮਦਾ ਹੈ। ਸੋ, ਮੈਂ ਸਤਿਕਾਰਯੋਗ ਐਫ.ਐਮ. ਸਾਹਿਬ ਦੇ ਚਰਨਾਂ ਵਿੱਚ ਬੇਨਤੀ ਕਰਦਾ ਹਾਂ ਕਿ ਮਾਈਕਰੋ ਇੰਡਸਟਰੀ ਬਾਰੇ ਜੋ ਮੈਂ ਦੁਖ ਤਕਲੀਫਾਂ ਦੱਸੀਆਂ ਹਨ, ਆਦਰ ਸਹਿਤ ਬੇਨਤੀ ਹੈ ਇਨ੍ਹਾਂ ਤੇ ਜ਼ਰੂਰ ਗੌਰ ਕੀਤਾ ਜਾਵੇ। ਜੇ ਕਿਤੇ ਤੁਸੀਂ ਜਾ ਕੇ ਫੋਕਲ ਪੁਆਇੰਟਾਂ ਦੇ ਦਰਸ਼ਨ ਕਰੋ, ਇੰਡਸਟਰੀਅਲ ਸਟੇਟ ਦੇ ਦਰਸ਼ਨ ਕਰੋ, ਢੰਡਾਰੀ ਫੋਕਲ ਪੁਆਇੰਟ ਦੇ ਏਰੀਆ 'ਏ', 'ਬੀ' ਤੇ 'ਸੀ' ਦੇ ਦਰਸ਼ਨ ਕਰੋ ਤਾਂ ਦੇਖੋਗੇ ਕਿ ਉਥੇ ਸੜਕ ਨਾਮ ਦੀ ਕੋਈ ਚੀਜ਼ ਨਹੀਂ ਹੈ। ਫਿਰ ਬਾਹਰਲਾ ਵਪਾਰੀ ਇੱਥੇ ਕਿਵੇਂ ਆਵੇਗਾ? ਜਦੋਂ ਕੋਈ ਆਉਂਦਾ ਹੈ ਤਾਂ ਉਸ ਤੇ ਇਸ ਚੀਜ਼ ਦਾ ਮਾੜਾ ਇੰਪਰੈਸ਼ਨ ਪੈਂਦਾ ਹੈ। ਮੇਰੀ ਆਦਰ ਸਹਿਤ ਬੇਨਤੀ ਹੈ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ।

ਸ਼ਹਿਰੀ ਵਿਕਾਸ ਵਾਸਤੇ ਪੈਰ੍ਹਾ ਨੰ: 24 ਤੇ ਦੱਸਿਆ ਗਿਆ ਹੈ। ਢੀਂਡਸਾ ਸਾਹਿਬ, ਇਹ ਸ਼ਹਿਰੀ ਵਿਕਾਸ ਨਹੀਂ ਹੈ, ਇਹ ਸ਼ਹਿਰੀ ਵਿਨਾਸ਼ ਹੈ। ਇੱਥੇ ਬਹੁਤ ਵੱਡੀਆਂ ਵੱਡੀਆਂ ਗੱਲਾਂ ਅਰਬਾਂ-ਖਰਬਾਂ ਰੁਪਿਆਂ ਦੀਆਂ ਕੀਤੀਆਂ ਗਈਆਂ ਹਨ। ਪੰਜਾਬ ਦੀ ਧਰਤੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਹਾਨ ਪਵਿੱਤਰ ਮੇਲਾ ਹੋਲਾ-ਮਹੱਲਾ ਮਨਾਇਆ ਜਾਂਦਾ ਹੈ। ਅਸੀਂ ਅਖਬਾਰਾਂ ਵਿੱਚ ਫੋਟੋਆਂ ਛਪੀਆਂ ਦੇਖੀਆਂ ਕਿ ਉਥੇ ਗੋਡੇ ਗੋਡੇ ਟੋਏ ਪਏ ਹੋਏ ਹਨ। ਟੋਇਆਂ ਵਿੱਚੋਂ ਮਰਦ ਲੋਕ ਆਪਣੀਆਂ ਪੈਂਟਾਂ ਅਤੇ ਬੀਬੀਆਂ ਆਪਣੀਆਂ ਸਲਵਾਰਾਂ ਚੁੱਕ ਕੇ ਲੰਘ ਰਹੀਆਂ ਹਨ। ਘੱਟੋ-ਘੱਟ ਉਥੇ ਪੈਚ ਵਰਕ ਹੀ ਕਰਵਾ ਦਿਉ। ਸਤਿਕਾਰਯੋਗ ਬਾਜਵਾ ਸਾਹਿਬ ਪਿੰਡਾਂ ਦੀਆਂ ਸੜਕਾਂ ਦੀਆਂ ਗੱਲਾਂ ਕਰਕੇ ਗਏ ਹਨ। ਤੁਸੀਂ ਲੁਧਿਆਣੇ ਤੋਂ ਚੰਡੀਗੜ੍ਹ ਦੀ ਸੜਕ ਦਾ ਹੀ ਹਾਲ ਦੇਖ ਲਉ। ਜੇਕਰ ਨਵੀਂ ਸੜਕ ਬਣਾਉਣ ਵਾਸਤੇ ਪੈਸਾ ਨਹੀਂ ਹੈ ਤਾਂ ਘੱਟੋ ਘੱਟ ਪੈਚ-ਵਰਕ ਹੀ ਕਰਵਾ ਦਿਉ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਲੁਧਿਆਣਾ ਸ਼ਹਿਰ ਵਿੱਚ ਜਿੰਨੇ ਵੀ ਪੁਰਾਣੇ ਪ੍ਰਾਜੈਕਟ ਚੱਲ ਰਹੇ ਸਨ, ਉਹ ਇਨ-ਕੰਪਲੀਟ ਪਏ ਹਨ। JNNURM ਤਹਿਤ ਇੱਕ ਸੀਵਰ ਲਾਈਨ ਦਾ ਪ੍ਰਾਜੈਕਟ ਆਇਆ ਸੀ, ਜਿਸ ਨਾਲ ਲੁਧਿਆਣਾ ਸ਼ਹਿਰ ਦੀ ਤਕਰੀਬਨ 45-50 ਫੀਸਦੀ ਅਬਾਦੀ ਜੁੜਨੀ ਹੈ, ਉਹ ਵੀ ਇਨ-ਕੰਪਲੀਟ ਪਿਆ ਹੈ। ਉਸ ਤੇ ਲਗਭਗ 25-30 ਕਰੋੜ ਰੁਪਏ ਦੀ

ਹੋਰ ਜ਼ਰੂਰਤ ਹੈ। ਉਥੇ ਐਸ.ਟੀ.ਪੀ. ਜਵਾਬ ਦੇ ਗਿਆ ਹੈ ਕਿਉਂਕਿ ਉਸ ਦੀ ਕਪੈਸਿਟੀ ਘੱਟ ਹੈ। ਸੋ, ਤੁਸੀਂ ਨਵੀਆਂ ਸਕੀਮਾਂ ਤਾਂ ਬਹੁਤ ਲਿਆਏ ਹੋ ਪਰ ਜਿਹੜੀਆਂ ਪੁਰਾਣੀਆਂ ਸਕੀਮਾਂ ਹਨ, ਜਿਹੜੇ ਪੁਰਾਣੇ ਪ੍ਰਾਜੈਕਟ ਅਧੂਰੇ ਪਏ ਹਨ, ਪਹਿਲਾਂ ਉਨ੍ਹਾਂ ਪ੍ਰਾਜੈਕਟਾਂ ਨੂੰ ਕੰਪਲੀਟ ਕਰਨ ਲਈ ਫੰਡਾਂ ਦਾ ਕੋਈ ਪ੍ਰਬੰਧ ਕਰੋ। ਪੰਜਾਬੀ ਦੀ ਕਹਾਵਤ ਹੈ ਅੱਗਾ ਦੌੜ, ਪਿੱਛਾ ਚੌੜ ਵਾਲੀ ਗੱਲ ਹੋ ਰਹੀ ਹੈ।

ਪੈਰ੍ਹਾ ਨੰ: 28 ਤੇ ਸਿਹਤ ਸੇਵਾਵਾਂ ਬਾਰੇ ਦੱਸਿਆ ਗਿਆ ਹੈ। ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਲੁਧਿਆਣਾ ਸ਼ਹਿਰ ਵਿੱਚ ਸਿਵਲ ਹਸਪਤਾਲ ਦੀ ਨਵੀਂ ਬਿਲਡਿੰਗ ਦੀ ਬੜੀ ਸ਼ਾਨਦਾਰ ਉਸਾਰੀ ਕੀਤੀ ਹੈ। ਸਤਿਕਾਰਯੋਗ ਸਿਹਤ ਮੰਤਰੀ ਜੀ ਉਸ ਦਾ ਉਦਘਾਟਨ ਕਰਕੇ ਆਏ ਸਨ ਪਰ ਉਦਘਾਟਨ ਕਰਨ ਤੋਂ ਤੀਜੇ ਦਿਨ ਹੀ ਉਥੇ ਪੰਜ ਬੱਚਿਆਂ ਦੀ ਮੌਤ ਹੋ ਗਈ ਕਿਉਂਕਿ ਉਥੇ ਸਟਾਫ ਅਤੇ ਮਸ਼ੀਨਰੀ ਦੀ ਘਾਟ ਹੈ। ਕੈਂਸਰ ਪੀੜਤਾਂ ਦੀ ਜੇਕਰ ਗੱਲ ਕਰੀਏ ਤਾਂ ਸਰਕਾਰ ਨੇ 1.5 ਲੱਖ ਰੁਪਏ ਪ੍ਰਤੀ ਮਰੀਜ਼ ਦੇਣ ਦਾ ਪ੍ਰਬੰਧ ਕੀਤਾ ਹੈ। ਇਹ ਅਜਿਹੀ ਬਿਮਾਰੀ ਹੈ ਜੇਕਰ ਇਹ ਕਿਸੇ ਗਰੀਬ ਦੇ ਘਰ ਆ ਜਾਵੇ ਤਾਂ ਸਮਝੋ ਉਸਦਾ ਮਕਾਨ ਵੀ ਗਿਆ, ਗਹਿਣੇ ਵੀ ਗਏ ਅਤੇ ਬੰਦਾ ਵੀ ਗਿਆ। ਤੁਸੀਂ ਕੋਈ ਅਜਿਹੀ ਕੈਟਾਗਰੀ ਬਣਾਉ ਕਿ ਜਿਹੜਾ ਵੀ ਕੋਈ ਗਰੀਬ ਹੈ, ਜੋ ਕੈਂਸਰ ਦਾ ਇਲਾਜ ਆਪਣੇ ਸਾਧਨਾਂ ਤੋਂ ਨਹੀਂ ਕਰਵਾ ਸਕਦਾ, ਉਸ ਦੇ ਇਲਾਜ ਤੇ ਚਾਹੇ 5 ਲੱਖ ਲੱਗੇ, ਚਾਹੇ 10 ਲੱਖ ਲੱਗੇ, ਘੱਟੋ-ਘੱਟ ਉਸਦਾ ਇਲਾਜ ਤਾਂ ਕਰਵਾ ਦਿਉ। ਸੋ, ਮੇਰੀ ਬੇਨਤੀ ਹੈ ਕਿ ਜਿਹੜੇ ਕੈਂਸਰ ਪੀੜਤ ਗਰੀਬ ਲੋਕ ਹਨ, ਉਨ੍ਹਾਂ ਦੇ ਇਲਾਜ ਦਾ ਪੂਰਾ ਖਰਚਾ ਸਰਕਾਰ ਆਪ ਦੇਵੇ।

**ਸ਼੍ਰੀ ਸਭਾਪਤੀ :** ਸਮਾਪਤੀ ਕਰੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਚੇਅਰਮੈਨ ਸਾਹਿਬ, ਲੁਧਿਆਣਾ ਵਿੱਚ ਦਇਆ ਨੰਦ ਹਸਪਤਾਲ ਹੈ। ਉਥੇ ਜਿਹੜਾ ਵੀ ਕੋਈ ਇਲਾਜ ਕਰਵਾਉਣ ਲਈ ਜਾਂਦਾ ਹੈ ਤਾਂ ਉਸ ਤੇ ਬਾਹਰੋਂ ਦਵਾਈ ਖਰੀਦਣ ਤੇ ਪਾਬੰਦੀ ਹੈ। ਜਿਹੜੀ ਦਵਾਈ ਬਾਹਰੋਂ ਇੱਕ ਰੁਪਏ ਦੀ ਮਿਲਦੀ ਹੈ, ਹਸਪਤਾਲ ਵਿੱਚ ਉਹੀ 5 ਰੁਪਏ ਦੀ ਮਿਲਦੀ ਹੈ। ਸੋ, ਇਹ ਪ੍ਰਸ਼ਾਸਨਿਕ ਸੁਧਾਰ ਦਾ ਮਾਮਲਾ ਬਣਦਾ ਹੈ। ਘੱਟੋ-ਘੱਟ ਅਜਿਹੇ ਕੇਸਾਂ ਤੇ ਤਾਂ ਚੈੱਕ ਰੱਖ ਕੇ ਲੋਕਾਂ ਨੂੰ ਸਹੂਲਤ ਦਿੱਤੀ ਜਾ ਸਕਦੀ ਹੈ ਅਤੇ ਪ੍ਰਾਈਵੇਟ ਅਦਾਰਿਆਂ ਦੀ ਠੱਗੀ-ਠੋਰੀ ਤੋਂ ਬਚਾ ਸਕਦੇ ਹਾਂ।

ਪੰਜਾਬ ਨੂੰ ਬਿਜਲੀ ਸਰਪਲੱਸ ਸਟੇਟ ਬਣਾਉਣ ਦੀ ਗੱਲ ਆਈ ਹੈ।

ਸਤਿਕਾਰਯੋਗ ਡਿਪਟੀ ਸੀ.ਐਮ. ਸਾਹਿਬ ਬਿਜਲੀ ਤਾਂ ਆਪੇ ਹੀ ਸਰਪਲੱਸ ਹੋਣੀ ਹੈ ਜਦੋਂ 70 ਫੀਸਦੀ ਫਰਨਿਸਾਂ ਬੰਦ ਪਈਆਂ ਹਨ। ਅੱਜ ਮਿੱਲਾਂ ਦੇ ਮਾਲਕ ਰੋਂਦੇ ਹਨ। ਲੁਧਿਆਣੇ ਦੇ ਹਵਾਈ ਅੱਡੇ ਦੀ ਗੱਲ ਕਰਦੇ ਹਾਂ। ਡਿਪਟੀ ਸੀ.ਐਮ. ਸਾਹਿਬ ਨੇ ਬਹੁਤ ਵੱਡੇ ਵੱਡੇ ਵਾਅਦੇ ਕੀਤੇ ਸੀ। ਮੈਟਰੋ ਰੇਲ ਅਤੇ ਮੋਨੋ ਰੇਲ ਚਲਾਉਣ ਬਾਰੇ ਕਿਹਾ ਸੀ। ਲੁਧਿਆਣੇ ਸ਼ਹਿਰ ਦਾ ਵਪਾਰੀ ਕਾਰੋਬਾਰ ਕਰਨ ਵਾਸਤੇ ਦਿੱਲੀ, ਬੰਬਈ, ਬੰਗਲੌਰ ਅਤੇ ਮਦਰਾਸ ਜਾਂਦਾ ਹੈ। ਮੈਂ ਗਵਾਹੀ ਭਰਦਾ ਹਾਂ ਕਿ 7 ਸਾਲ ਦਾ ਅਰਸਾ ਬੀਤ ਜਾਣ ਦੇ ਬਾਵਜੂਦ ਵੀ ਸਾਡੇ ਪੱਲੇ ਨਮੋਸ਼ੀ ਹੈ। ਤੁਸੀਂ ਕੁਝ ਤਾਂ ਲੁਧਿਆਣਾ ਸ਼ਹਿਰ ਨੂੰ ਦਿਉ। ਤੁਸੀਂ ਤਾਂ ਲੁਧਿਆਣਾ ਸ਼ਹਿਰ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੇ ਹੋ।

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਬੈਠੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਚੇਅਰਮੈਨ ਸਾਹਿਬ, ਲੁਧਿਆਣਾ ਸ਼ਹਿਰ ਅੱਜਕੱਲ੍ਹ ਨਰਕ ਦਾ ਨਮੂਨਾ ਹੈ। ਮੈਂ ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ ਕਿ ਮੈਨੂੰ ਸਮਾਂ ਦਿੱਤਾ ਹੈ। ਤੁਸੀਂ ਪਹਿਲਾਂ ਪੰਜ ਮਿੰਟ ਕਿਹਾ ਸੀ, ਹੁਣ 10 ਮਿੰਟ ਹੋ ਗਏ। ਥੋੜ੍ਹਾ ਜਿਹਾ ਸਮਾਂ ਹੋਰ ਦੇ ਦਿਓ।

**ਸ਼੍ਰੀ ਸਭਾਪਤੀ :** ਬੈਂਸ ਸਾਹਿਬ 14 ਮਿੰਟ ਹੋ ਗਏ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਚੇਅਰਮੈਨ ਸਾਹਿਬ, ਅਸੀਂ ਕੋਈ ਰਾਜਨੀਤੀ ਦੀ ਗੱਲ ਨਹੀਂ ਕਰਨੀ, ਅਸੀਂ ਤਾਂ ਲੋਕਾਂ ਦੀ ਭਲੇ ਦੀ ਗੱਲ ਹੀ ਕਰਨੀ ਹੈ। ਸੋ, ਵਿੱਤ ਮੰਤਰੀ ਜੀ, ਕਿਰਪਾ ਕਰਕੇ ਲੁਧਿਆਣਾ ਸ਼ਹਿਰ ਬਾਰੇ ਕੁਝ ਸੋਚੋ। ਮੈਂ ਪੈਨਸ਼ਨ ਦੀ ਗੱਲ ਕਰਕੇ ਸਮਾਪਤੀ ਕਰ ਦੇਣੀ ਹੈ। ਸੀ.ਐਮ. ਸਾਹਿਬ, ਤੁਸੀਂ ਤਨਖਾਹ ਆਪਣੀ, ਮੰਤਰੀਆਂ ਦੀ ਅਤੇ ਸਾਡੀ ਤਾਂ ਵਧਾ ਦਿੱਤੀ ਹੈ। ਅੱਜ ਸਾਰਾ ਹਾਊਸ ਇਕ ਮਤ ਹੋ ਕੇ ਕਹੇ ਕਿ ਸਾਨੂੰ ਤਨਖਾਹ ਦੀ ਕੋਈ ਜ਼ਰੂਰਤ ਨਹੀਂ ਹੈ, ਅਸੀਂ ਇੱਕ ਰੁਪਿਆ ਸੰਕੇਤਕ ਤਨਖਾਹ ਲਵਾਂਗੇ ਅਤੇ ਬਜ਼ੁਰਗਾਂ ਦੀ, ਵਿਧਵਾਵਾਂ ਦੀ ਅਤੇ ਅੰਗਹੀਣਾਂ ਦੀ ਪੈਨਸ਼ਨ ਵਧਾ ਕੇ ਘੱਟੋ-ਘੱਟ 1000/- ਰੁਪਿਆ ਪ੍ਰਤੀ ਮਹੀਨਾ ਕਰ ਦਿਉ। ਰਾਜਾ ਵੜਿੰਗ ਜੀ ਮੈਨੂੰ ਦੱਸ ਕੇ ਹਟੇ ਹਨ ਕਿ ਦਿੱਲੀ ਵਿੱਚ ਅਜਿਹੀਆਂ ਕੈਟਾਗਰੀਜ਼ ਲਈ 1500/- ਰੁਪਿਆ ਪ੍ਰਤੀ ਮਹੀਨਾ ਪੈਨਸ਼ਨ ਹੈ। ਹਰਿਆਣੇ ਦੇ ਵਿੱਚ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਹੈ। ਸਾਡੀ ਸਾਰਿਆਂ ਦੀ ਸਣੇ ਤੁਹਾਡੇ ਇੱਕ ਰੁਪਿਆ ਸੰਕੇਤਕ ਤਨਖਾਹ ਕਰਕੇ ਇਨ੍ਹਾਂ ਗਰੀਬ ਲੋਕਾਂ ਦੀ ਪੈਨਸ਼ਨ ਕਮ-ਜ਼-ਕਮ ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਕਰ ਦਿਉ।

[ ਸਰਦਾਰ ਸਿਮਰਜੀਤ ਸਿੰਘ ਬੈਂਸ ]

ਸੋ, ਇਹ ਜਿਹੜਾ ਬਜਟ ਹੈ ਉਹ ਮੁੰਗੇਰੀ ਲਾਲ ਦੇ ਹੁਸੀਨ ਸੁਪਨੇ ਹਨ। **ਵੱਡਾ ਗ੍ਰੰਥ ਹੈ। ਜਦੋਂ ਵਾਸਤਵਿਕ ਰੂਪ ਦੇ ਵਿੱਚ ਲੋਕਾਂ ਲਈ ਕੁਝ ਕਰੋਗੇ ਤਾਂ ਜ਼ਰੂਰ ਤੁਹਾਡੀ ਤਾਰੀਫ ਵਿੱਚ ਸ਼ਬਦ ਬੋਲ ਕੇ ਜਾਵਾਂਗਾ। ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸੀ.ਐਮ. ਸਾਹਿਬ ਨੂੰ ਬੜੇ ਆਦਰ ਸਤਿਕਾਰ ਦੇ ਨਾਲ ਕਹਿੰਦਾ ਹਾਂ ਕਿ ਲੁਧਿਆਣੇ ਸ਼ਹਿਰ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕਰੋ। ਕਿਰਪਾ ਕਰਕੇ ਤੁਸੀਂ ਲੁਧਿਆਣੇ ਸ਼ਹਿਰ ਦੀ ਬਿਹਤਰੀ ਵਾਸਤੇ ਧਿਆਨ ਦਿਉ। ਲੁਧਿਆਣਾ ਸ਼ਹਿਰ ਅੱਜ ਕਿਵੇਂ ਤ੍ਰਾਹ-ਤ੍ਰਾਹ ਕਰ ਰਿਹਾ ਹੈ।

**ਸ਼੍ਰੀ ਸਭਾਪਤੀ:** ਹਾਂ ਜੀ ਵਲਟੋਹਾ ਜੀ

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਅਤੇ ਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) :** ਚੇਅਰਮੈਨ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਇਸ ਸਰਕਾਰ ਬਣੀ ਨੂੰ ਅੱਠ ਸਾਲ ਹੋ ਗਏ ਹਨ, ਹਰ ਸਾਲ ਬਜਟ ਪੇਸ਼ ਹੁੰਦਾ ਹੈ। ਮੈਂ ਕਦੇ ਵੀ ਕਿਸੇ ਵੀ ਵਿਸ਼ੇ ਤੇ ਆਪਣੇ ਸਾਹਮਣੇ ਬੈਠੇ ਵੀਰਾਂ ਨੂੰ ਸਾਡੀ ਸ਼ਲਾਘਾ ਕਰਦਿਆਂ ਨਹੀਂ ਦੇਖਿਆ। ਹੁਣੇ ਹੀ ਡਿਪਟੀ ਸੀ.ਐਮ. ਸਾਹਿਬ ਕਹਿ ਰਹੇ ਸੀ ਕਿ ਅਸੀਂ ਇਨਵੈਸਟੀਗੇਸ਼ਨ ਵਿੰਗ ਪੁਲਿਸ ਨਾਲੋਂ ਵੱਖਰਾ ਕਰ ਦਿੱਤਾ ਹੈ। ਪਰਚਾ ਦਰਜ ਕੋਈ ਹੋਰ ਕਰੇਗਾ ਤੇ ਇਨਵੈਸਟੀਗੇਸ਼ਨ ਕੋਈ ਹੋਰ ਕਰੇਗਾ। ਇਹ ਗੱਲ ਵਾਰ ਵਾਰ ਕੀਤੀ ਗਈ ਹੈ ਤੇ ਮੇਰਾ ਖਿਆਲ ਹੈ ਕਿ ਇਸ ਨਾਲ ਤਸੱਲੀ ਹੋ ਗਈ ਹੋਣੀ ਹੈ ਪਰ ਇਨ੍ਹਾਂ ਨੇ ਨਾ ਇਸ ਨੂੰ ਸਰਾਹਿਆ ਹੈ ਤੇ ਨਾ ਹੀ ਸ਼ਲਾਘਾ ਕਰਨੀ ਹੈ। ਮੈਂ ਡਿਪਟੀ ਸੀ.ਐਮ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਜੋ ਮਰਜ਼ੀ ਕਰ ਦੇਵੋ, ਇਨ੍ਹਾਂ ਦਾ ਇੱਕੋ-ਇੱਕ ਨੁਕਾਤੀ ਪ੍ਰੋਗਰਾਮ ਨੁਕਤਾਚੀਨੀ ਕਰਨਾ ਹੈ।

ਚੇਅਰਮੈਨ ਸਾਹਿਬ, ਮੈਂ ਆਪਣੇ ਵਿਸ਼ੇ ਤੇ ਆਉਂਦਾ ਹਾਂ। ਜਿਹੜਾ ਬਜਟ ਹੁੰਦਾ ਹੈ, ਇੱਕ ਸਲ਼ਾਨਾ ਅਨੁਮਾਨ ਬਣਦਾ ਹੈ ਕਿ ਅਸੀਂ ਵੱਖ ਵੱਖ ਸਕੀਮਾਂ ਤਹਿਤ ਵੱਖ ਵੱਖ ਖੇਤਰਾਂ ਦੇ ਵਿੱਚ ਕਿੰਨਾ ਪੈਸਾ ਲਗਾਵਾਂਗੇ। ਇੱਕ ਸਾਲ ਵਿੱਚ ਉਸ ਤੇ ਇੰਪਲੀਮੈਂਟੇਸ਼ਨ ਹੁੰਦੀ ਹੈ। ਰਿਜ਼ਲਟ ਅਖੀਰ ਇਹ ਹੁੰਦਾ ਹੈ ਕਿ ਸਰਕਾਰ ਨੇ ਜਿਹੜੀ ਪਲਾਨ ਲਿਆਂਦੀ ਸੀ ਉਹ ਲਾਗੂ ਹੋਈ ਕਿ ਨਹੀਂ ਹੋਈ। ਉਸ ਦੇ ਵਿੱਚੋਂ ਸਰਕਾਰ ਨੇ ਖਰਚ ਕਿੰਨਾ ਕੀਤਾ ਹੈ। ਬੜੀ ਵਾਰ ਇੱਥੇ ਜ਼ਿਕਰ ਹੋਇਆ ਹੈ ਕਿ ਕਾਂਗਰਸ ਦੇ ਰਾਜ ਸਮੇਂ ਵੀ ਸਾਲਾਨਾ ਯੋਜਨਾ ਆਉਂਦੀ ਰਹੀ ਹੈ ਅਤੇ ਕਿੰਨੀ ਕੁ ਲਾਗੂ ਹੁੰਦੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ

---

** Expunged as per ruling dated 13.3.2013

ਪਾਰਟੀ ਦੀ ਸਰਕਾਰ ਵੀ ਇੱਕ ਯੋਜਨਾ ਹਰ ਸਾਲ ਲੈ ਕੇ ਆਉਂਦੀ ਹੈ। ਇਸ ਦੀ ਇਪੰਲੀਮੈਂਟੇਸ਼ਨ ਕਿੰਨੀ ਹੈ? ਚੇਅਰਮੈਨ ਸਾਹਿਬ, ਤੁਸੀਂ ਵੀ ਪਿਛਲੇ ਅੱਠ ਸਾਲਾਂ ਤੋਂ ਇਸ ਵਿਧਾਨ ਸਭਾ ਦੇ ਮੈਂਬਰ ਹੋ। ਤੁਹਾਨੂੰ ਵੀ ਇਸ ਸਬੰਧੀ ਬੜੀ ਚੰਗੀ ਤਰ੍ਹਾਂ ਜਾਣਕਾਰੀ ਹੈ। ਇਨ੍ਹਾਂ ਦੀ ਸਰਕਾਰ ਨੇ ਸਾਲ 2002 ਵਿੱਚ ਕੇਵਲ 2793 ਕਰੋੜ ਰੁਪਏ ਦੀ ਯੋਜਨਾ ਲਿਆਂਦੀ ਸੀ। ਪਿਛਲੀ ਸਰਕਾਰ ਵੇਲੇ ਸਭ ਤੋਂ ਪਹਿਲਾਂ ਸਾਲ 2002 ਦਾ ਇਨ੍ਹਾਂ ਦਾ ਬਜਟ ਸੀ। ਸਰਦਾਰ ਲਾਲ ਸਿੰਘ ਬੈਠੇ ਹਨ, ਸਾਡੇ ਬੜੇ ਸੀਨੀਅਰ ਮੈਂਬਰ ਹਨ। ਸ਼ਾਇਦ ਇਹ ਉਸ ਸਮੇਂ ਐਫ.ਐਮ. ਸੀ। ਉਸ ਦੇ ਵਿੱਚੋਂ 1768 ਕਰੋੜ ਰੁਪਏ ਦੀ ਯੋਜਨਾ ਲਾਗੂ ਹੋਈ ਜਿਹੜੀ ਕਿ 63% ਬਣਦੀ ਹੈ। ਫਿਰ ਸਾਲ 2003-04 ਦੌਰਾਨ 56% ਯੋਜਨਾ ਲਾਗੂ ਹੋਈ, ਇਸ ਤੋਂ ਅਗਲੀ ਯੋਜਨਾ ਵੀ 56% ਲਾਗੂ ਹੋਈ ਸੀ। ਇਨ੍ਹਾਂ ਦੀ ਕੋਈ ਵੀ ਯੋਜਨਾ ਜਿਹੜੀ ਲਾਗੂ ਹੋਈ ਹੈ ਉਹ 56% ਤੋਂ 60% ਦੇ ਵਿੱਚ ਹੀ ਲਾਗੂ ਹੁੰਦੀ ਰਹੀ ਹੈ। ਇਹ ਯੋਜਨਾ ਪੇਸ਼ ਕਰਦੇ ਰਹੇ ਹਨ ਪਰ ਯੋਜਨਾ ਵਿੱਚ ਵਾਧਾ ਕਿਹੜਾ ਹੈ? ਇਨ੍ਹਾਂ ਦੀ ਸਰਕਾਰ ਵੇਲੇ ਪੰਜਾਂ ਸਾਲਾਂ ਵਿੱਚ ਪਹਿਲੀ ਯੋਜਨਾ 2793 ਕਰੋੜ ਰੁਪਏ ਦੀ ਸੀ ਅਤੇ ਜਿਹੜੀ ਅਖੀਰਲੀ ਯੋਜਨਾ ਪੇਸ਼ ਕੀਤੀ, ਉਹ 4000 ਕਰੋੜ ਰੁਪਏ ਦੀ ਸੀ। ਕੇਵਲ ਤੇ ਕੇਵਲ ਪੰਜਾਂ ਸਾਲਾਂ ਵਿੱਚ ਇਨ੍ਹਾਂ ਨੇ ਆਪਣੀ ਯੋਜਨਾ ਦੇ ਵਿੱਚ ਤਕਰੀਬਨ 1200 ਕਰੋੜ ਰੁਪਏ ਦਾ ਵਾਧਾ ਕੀਤਾ। ਉਸ ਦੀ ਜ਼ਿਹੜੀ ਇੰਪਲੀਮੈਂਟੇਸ਼ਨ ਹੈ ਉਹ ਕਦੀ ਵੀ ਇਨ੍ਹਾਂ ਦੀ 50-55 ਜਾਂ 60% ਤੋਂ ਉਪਰ ਨਹੀਂ ਗਈ। ਇੱਥੇ ਵਾਰ ਵਾਰ ਇਹ ਪੰਜਾਬ ਦੇ ਵਿਕਾਸ ਦੀ ਗੱਲ ਕਰਦੇ ਹਨ, ਇਨ੍ਹਾਂ ਦਾ ਤਜਰਬਾ ਅਤੇ ਇਨ੍ਹਾਂ ਦੀ ਸੋਚ ਉਸ ਤੋਂ ਝਲਕਦੀ ਹੈ।

ਜਿੱਥੋਂ ਤੱਕ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਬਜਟ ਦੀ ਗੱਲ ਹੈ, ਜਿਹੜੀ ਪਲਾਨ ਆਉਂਦੀ ਰਹੀ ਹੈ, ਉਨ੍ਹਾਂ ਵਿੱਚੋਂ 80%, 91%, 98% ਅਤੇ ਇੱਥੋਂ ਤੱਕ ਕਿ 112% ਤੱਕ ਵੀ ਸਕੀਮਾਂ ਲਾਗੂ ਹੋਈਆਂ ਹਨ ਅਤੇ ਚੇਅਰਮੈਨ ਸਾਹਿਬ, ਇਹੀ ਨਹੀਂ, ਇਨ੍ਹਾਂ ਦੀ ਸਰਕਾਰ ਵੇਲੇ ਪਹਿਲੀ ਪਲਾਨ 2793/-ਕਰੋੜ ਦੀ, ਦੂਜੀ 2822/- ਕਰੋੜ ਦੀ ਅਤੇ ਤੀਜੀ 3479/- ਕਰੋੜ ਰੁਪਏ ਦੀ ਪਲਾਨ ਸੀ, ਤੇ ਸਾਡੀ ਪਹਿਲੀ ਪਲਾਨ 5111/- ਕਰੋੜ, ਦੂਜੀ 6210/- ਕਰੋੜ, ਫਿਰ 9150/- ਕਰੋੜ ਦੀ ਅਤੇ ਪਿਛਲੀ 20,100/- ਕਰੋੜ ਰੁਪਏ ਦੀ ਅਤੇ ਹੁਣ 21,174/- ਕਰੋੜ ਰੁਪਏ ਦੀ ਪਲਾਨ ਹੈ। ਪਿਛਲੇ 8 ਸਾਲਾਂ ਵਿੱਚ ਸਾਲਾਨਾ ਯੋਜਨਾ ਵਿੱਚ ਹੀ ਬਹੁਤ ਵੱਡਾ ਵਾਧਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ ਜੋਕਿ ਕਰੀਬ 17000/-

ਕਰੋੜ ਰੁਪਏ ਦਾ ਵਾਧਾ ਬਣਦਾ ਹੈ।

ਚੇਅਰਮੈਨ ਸਾਹਿਬ, ਇੱਥੇ ਖੇਤੀਬਾੜੀ ਦੀ ਗੱਲ ਚੱਲੀ ਹੈ। ਮੇਰਾ ਖਿਆਲ ਹੈ ਕਿ ਕੋਈ ਵੀ ਦਿਨ ਨਹੀਂ ਹੁੰਦਾ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਖੇਤੀਬਾੜੀ ਦੀ ਗੱਲ ਨਹੀਂ ਹੁੰਦੀ, ਕਿਸਾਨ ਦੀ ਗੱਲ ਨਹੀਂ ਹੁੰਦੀ। ਵੈਸੇ ਤਾਂ ਸਮੁੱਚਾ ਹਿੰਦੁਸਤਾਨ ਹੀ ਖੇਤੀ ਪ੍ਰਧਾਨ ਦੇਸ਼ ਹੈ ਪਰ ਪੰਜਾਬ ਰਾਜ ਦੀ ਆਰਥਿਕਤਾ ਵਾਕਿਆ ਹੀ ਕਿਸਾਨ ਅਤੇ ਕਿਸਾਨੀ ਦੇ ਸਿਰ ਤੇ ਹੈ, ਖੇਤੀਬਾੜੀ ਦੇ ਸਿਰ ਤੇ ਹੈ। ਪੰਜਾਬ ਦਾ ਕਿਸਾਨ ਉਹ ਹੈ ਜਿਹੜਾ ਹਿੰਦੁਸਤਾਨ ਦਾ ਢਿੱਡ ਭਰਦਾ ਹੈ। ਚਾਹੇ ਕਣਕ ਹੋਵੇ, ਚਾਹੇ ਝੋਨਾ ਹੋਵੇ, ਉਸ ਵਿੱਚ 50% ਯੋਗਦਾਨ ਪਾਉਂਦਾ ਹੈ। ਚੇਅਰਮੈਨ ਸਾਹਿਬ, ਅਸੀਂ ਡਾਈਵਰਸੀਫਿਕੇਸ਼ਨ ਦੀਆਂ ਬੜੀਆਂ ਗੱਲਾਂ ਸੁਣਦੇ ਹਾਂ ਪਰ ਜੇਕਰ ਉਸ ਪਾਸੇ ਕੋਈ sincerity ਨਾਲ ਤੁਰਿਆ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਹਨ। ਰਾਣਾ ਗੁਰਜੀਤ ਸਿੰਘ ਜੀ ਚਲੇ ਗਏ ਹਨ ਜਿਨ੍ਹਾਂ ਨੇ ਸੀ.ਐਮ. ਸਾਹਿਬ ਵੱਲੋਂ ਇਸ ਪਾਸੇ ਕੀਤੇ ਗਏ ਯਤਨਾਂ ਬਾਰੇ ਗੱਲ ਵੀ ਕੀਤੀ ਹੈ। ਮੈਨੂੰ ਉਹ ਸਮਾਂ ਵੀ ਯਾਦ ਹੈ ਜਦੋਂ ਮੈਂ ਐਮ.ਐਲ.ਏ. ਸੀ ਅਤੇ ਇੱਕ ਕਮੇਟੀ ਦਾ ਚੇਅਰਮੈਨ ਸੀ। ਜਿਹੜੀਆਂ ਸਿਟਰਸ ਕੌਂਸਲ ਸਰਦਾਰ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਨੇ ਪੰਜਾਬ ਦੀ ਡਾਈਵਰਸੀਫਿਕੇਸ਼ਨ ਵਾਸਤੇ ਬਣਾਈਆਂ ਸਨ, ਉਨ੍ਹਾਂ ਦਾ ਕੇਸ ਕਮੇਟੀ ਕੋਲ ਆ ਗਿਆ। ਉਸ ਵਿੱਚ ਇੱਕ ਆਈ.ਏ.ਐਸ. ਅਫ਼ਸਰ ਐਮ.ਡੀ. ਸਨ। ਮੇਰਾ ਖਿਆਲ ਜਾਖੜ ਸਾਹਿਬ ਨੂੰ ਜ਼ਿਆਦਾ ਪਤਾ ਹੋਵੇਗਾ ਕਿਉਂਕਿ ਖੇਤੀਬਾੜੀ ਦਾ, ਖਾਸ ਕਰਕੇ ਡਾਈਵਰਸੀਫਿਕੇਸ਼ਨ ਦਾ ਇਹ ਬੜਾ ਧਿਆਨ ਰੱਖਦੇ ਹਨ। ਉਸ ਸਿਟਰਸ ਕੌਂਸਲ ਵਿੱਚ ਸਰਕਾਰ ਦੀ ਇੰਨੀ ਕੁ ਸਿੰਸੈਰਿਟੀ ਸੀ ਕਿ ਸਿਟਰਸ ਕੌਂਸਲ ਦੇ ਫੰਡ ਦੀਆਂ ਉਨ੍ਹਾਂ ਅਫ਼ਸਰਾਂ ਨੇ ਅਤੇ ਉਸ ਨਾਲ ਸਬੰਧਿਤ ਲੋਕਾਂ ਨੇ ਕਿਸ ਤਰ੍ਹਾਂ ਧੱਜੀਆਂ ਉਡਾਈਆਂ ਅਤੇ ਕਿੰਨੇ ਵੱਡੇ ਵੱਡੇ ਘਪਲੇ ਕੀਤੇ। ਪੁੱਛ ਗਿੱਛ ਵਿੱਚ ਸਾਡੇ ਸਾਹਮਣੇ ਕਈ ਗੱਲਾਂ ਆਈਆਂ ਅਤੇ ਬਹੁਤ ਸਾਰੇ ਅਫ਼ਸਰਾਂ ਬਾਰੇ ਪਤਾ ਲੱਗਾ ਕਿ ਉਹ ਜੇਕਰ ਕਰਨਾਲ ਗਿਆ ਅਤੇ ਉਸ ਨੂੰ ਗਾਂ ਚੰਗੀ ਲੱਗੀ ਤਾਂ ਉਸ ਨੇ ਖਰੀਦ ਲਿਆਂਦੀ। ਕੋਈ ਕਹਿੰਦਾ ਮੈਂ ਫਲਾਣੀ ਥਾਂ ਗਿਆ ਅਤੇ ਮੈਨੂੰ ਮੱਝ ਚੰਗੀ ਲੱਗੀ, ਮੈਂ ਮੱਝ ਖਰੀਦ ਲਿਆਂਦੀ। ਕੋਈ ਸਿਸਟਮ ਨਹੀਂ ਸੀ। ਅਫਸਰ ਪੰਜ ਤਾਰਾ, ਸੱਤ ਤਾਰਾ ਹੋਟਲਾਂ ਵਿੱਚ ਸਿਟਰਸ ਕੌਂਸਲ ਦੇ ਪੈਸਿਆਂ ਦੀ ਡਾਈਵਰਸੀਫਿਕੇਸ਼ਨ ਕਰਦੇ ਸਨ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਮਾਨਯੋਗ ਮੈਂਬਰ ਸਾਹਿਬ ਡਾਈਵਰਸੀਫਿਕੇਸ਼ਨ ਅਤੇ ਸਿਟਰਸ ਕੌਂਸਲ ਦੀ ਗੱਲ ਕਰ ਰਹੇ ਸਨ। ਪਿਛਲੀ ਸਰਕਾਰ ਵੇਲੇ ਸਿਟਰਸ ਕੌਂਸਲ ਬਾਰੇ ਜਿਹੜਾ ਇੰਨਾ ਵੱਡਾ ਉਪਰਾਲਾ ਹੋਇਆ ਹੈ ਅਤੇ ਮੇਰਾ ਖਿਆਲ ਹੈ ਕਿ ਜਿੱਥੇ ਕਿਤੇ ਵੀ ਬਾਗਬਾਨੀ ਹੋ ਸਕਦੀ ਸੀ, ਉਥੇ ਬਾਗਬਾਨੀ ਨੂੰ ਉਤਸ਼ਾਹਿਤ ਕੀਤਾ ਗਿਆ। ਮੇਰੇ ਜ਼ਿਲ੍ਹਾ ਮਾਨਸਾ ਵਿੱਚ ਕਈ ਸੌ ਏਕੜ ਜ਼ਮੀਨ ਵਿੱਚ ਕਿੰਨੂ ਲੱਗੇ। ਇਹ ਇੰਨੀ ਵਧੀਆ ਪਾਲਿਸੀ ਸੀ ਕਿ ਬਾਕਾਇਦਾ ਉਸ ਦਾ ਸੀਡ, ਉਸ ਦੀ ਡਰਿੱਪ ਇਰੀਗੇਸ਼ਨ ਅਤੇ 80% ਤੱਕ ਸਬਸਿਡੀ ਦਿੱਤੀ ਜਾਂਦੀ ਸੀ। ਬਹੁਤ ਸੋਹਣੇ ਬਾਗ ਲੱਗੇ ਸਨ। ਜਿਹੜੀ ਇਨ੍ਹਾਂ ਨੇ ਇਨਕੁਆਰੀ ਦੀ ਗੱਲ ਕੀਤੀ ਹੈ ਕਿ ਕੋਈ ਪੈਸੇ ਖਾ ਗਿਆ, ਇਹ ਤਾਂ ਹਰੇਕ ਹੀ ਖਾ ਜਾਂਦਾ ਹੈ ਜਿਸ ਨੂੰ ਲੋਟ ਆ ਜਾਂਦਾ ਹੈ। ਜੇ ਕਰ ਨਾ ਲੋਟ ਆਵੇ ਤਾਂ ਵੱਖਰੀ ਗੱਲ ਹੈ। ਚਲੋ, ਇਸ ਦੀ ਇਨਕੁਆਰੀ ਹੋ ਰਹੀ ਹੈ ਪਰ ਇੱਕ ਗੱਲ ਦਾ ਮੈਨੂੰ ਅਫਸੋਸ ਹੈ ਕਿ ਜਦੋਂ ਤੋਂ ਇਹ ਸਰਕਾਰ ਆਈ ਹੈ, ਉਹ ਪ੍ਰਾਜੈਕਟ ਫੇਲ੍ਹ ਹੋ ਗਿਆ ਹੈ। ਸਾਰੇ ਬਾਗ ਪੁੱਟੇ ਜਾ ਰਹੇ ਹਨ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇ ਉਸ ਚੀਜ਼ ਨੂੰ ਡਾਈਵਰਸੀਫਿਕੇਸ਼ਨ ਵਿੱਚ ਥੋੜ੍ਹੀ ਜਿਹੀ ਜਗ੍ਹਾ ਦਿੱਤੀ ਜਾਵੇ ਤਾਂ ਘੱਟੋ ਘੱਟ there would be some part of land of Punjab which will be used for diversification. ਇਹ ਮੇਰਾ ਸੁਝਾਅ ਹੈ, ਬਾਕੀ ਤਾਂ ਤੁਸੀਂ ਇਨਕੁਆਰੀ ਕਰਵਾ ਲਉ।

**ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ :** ਚੇਅਰਮੈਨ ਸਾਹਿਬ, ਮੈਂ ਉਸ ਸਿਟਰਸ ਕੌਂਸਲ ਦੀ ਇਨਕੁਆਰੀ ਕਮੇਟੀ ਦਾ ਚੇਅਰਮੈਨ ਸੀ। ਚੇਅਰਮੈਨ ਸਾਹਿਬ, ਉਹ ਰਿਪੋਰਟ ਵੀ ਵਿਧਾਨ ਸਭਾ ਵਿੱਚ ਪੇਸ਼ ਹੋਈ ਸੀ। ਇਥੇ ਸੀਡ ਸਰਟੀਫਿਕੇਸ਼ਨ ਅਤੇ ਫਾਊਂਡੇਸ਼ਨ ਸੀਡ ਬਾਰੇ ਵੀ ਬੜੀ ਗੱਲ ਹੋਈ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਸ ਪਾਸੇ ਬੜੀ ਹੀ ਜ਼ਰੂਰਤ ਹੈ ਅਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੀ ਸੀਡ ਸਰਟੀਫਿਕੇਸ਼ਨ ਹੈ, ਜੇਕਰ ਅਸੀਂ ਕਿਸਾਨਾਂ ਨੂੰ ਇਸ ਪਾਸੇ ਵੱਲ ਉਤਸ਼ਾਹਿਤ ਕਰਦੇ ਹਾਂ ਤਾਂ ਇਹ ਕਿਸਾਨਾਂ ਲਈ ਬੜਾ ਵੱਡਾ ਕਾਰੋਬਾਰ ਬਣ ਸਕਦਾ ਹੈ ਅਤੇ ਫਾਇਦਾ ਵੀ ਹੋ ਸਕਦਾ ਹੈ। ਇਸ ਵਿੱਚ ਇੰਪਲਾਈ ਭਰਤੀ ਕਰਨ ਦੀ ਲੋੜ ਹੈ ਕਿਉਂਕਿ ਹੁਣ ਇਸ ਦੀ ਚੈਕਿੰਗ ਹੀ ਨਹੀਂ ਹੋ ਰਹੀ । ਉਹ ਕੇਵਲ ਰਜਿਸਟਰੇਸ਼ਨ ਕਰਵਾ ਲੈਂਦੇ ਹਨ ਕਿ ਇੰਨੇ ਏਰੀਏ

ਵਿੱਚ ਸੀਡ ਤਿਆਰ ਕਰਨਾ ਹੈ ਅਤੇ ਅਖੀਰ ਤੇ ਉਹ ਟੈਗ ਲਵਾ ਲੈਂਦੇ ਹਨ। ਉਸ ਟੈਗ ਲਵਾਉਣ ਨਾਲ ਹੀ ਉਨ੍ਹਾਂ ਨੂੰ ਸੀਡ ਸਰਟੀਫਿਕੇਸ਼ਨ ਮਿਲ ਜਾਂਦੀ ਹੈ। ਇਸ ਪਾਸੇ ਮਹਿਕਮੇ ਨੂੰ ਵੱਧ ਇੰਪਲਾਈ ਰੱਖਣੇ ਚਾਹੀਦੇ ਹਨ ਤਾਂ ਜੋ ਸੀਡ ਸਰਟੀਫਿਕੇਸ਼ਨ ਵਿੱਚ ਵਧੀਆ ਕੰਮ ਹੋ ਸਕੇ। ਚੇਅਰਮੈਨ ਸਾਹਿਬ, ਮੈਂ ਕਿਸਾਨੀ ਤੋਂ ਗੱਲ ਸ਼ੁਰੂ ਕੀਤੀ ਸੀ। ਜੇਕਰ ਕਿਸੇ ਨੇ ਕਿਸਾਨੀ ਬਾਰੇ ਸੋਚਿਆ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਹਨ। ਇੱਥੇ ਗੱਲ ਵੀ ਕੀਤੀ ਗਈ ਹੈ ਕਿ ਅੱਜ ਪੰਜਾਬ ਦਾ ਕਿਸਾਨ ਵਾਕਿਆ ਹੀ ਬੰਬੀਆਂ (ਟਿਊਬਵੈੱਲ) ਦੇ ਬਿੱਲ ਨਹੀਂ ਦੇ ਸਕਦਾ। ਇਹ ਸੱਚ ਹੈ, ਸਰਦਾਰ ਤੋਤਾ ਸਿੰਘ ਹੋਰਾਂ ਨੇ ਵੀ ਗੱਲ ਕੀਤੀ ਅਤੇ ਉਧਰਲੇ (ਆਪੋਜ਼ੀਸ਼ਨ ਬੈਂਚ) ਪਾਸੇ ਵੱਲੋਂ ਵੀ ਗੱਲ ਕੀਤੀ ਗਈ ਹੈ। ਫਿਰ ਬੰਬੀਆਂ ਦੇ ਬਿੱਲ ਮੁਆਫ ਕਿਸ ਨੇ ਕੀਤੇ ਹਨ, ਕੀ ਇਸ ਬਾਰੇ ਕਿਸੇ ਕਦੀ ਗੱਲ ਕੀਤੀ ਹੈ? ਇਸ ਪਾਸੇ ਕਿਸੇ ਨੇ ਆਪਣੀ ਜ਼ੁਬਾਨੋਂ ਗੱਲ ਕੱਢਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਹਿੰਦੁਸਤਾਨ ਵਿੱਚ ਕਿਸੇ ਮੁੱਖ ਮੰਤਰੀ ਨੇ ਜੇਕਰ ਕਿਸਾਨ ਦੀ ਬਾਂਹ ਫੜੀ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਹਨ, ਜੇਕਰ ਕਿਸੇ ਨੇ ਕਿਸਾਨ ਦਾ ਦੁੱਖ ਜਾਣਿਆ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਹਨ। ਸਾਲ 1997 ਵਿੱਚ ਬੰਬੀਆਂ ਦੇ ਬਿੱਲ ਮੁਆਫ ਕੀਤੇ ਗਏ। ਜੋ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ, ਉਹ ਪੂਰਾ ਕੀਤਾ ਗਿਆ। ਜਦੋਂ ਸਾਲ 2002 ਵਿੱਚ ਸਾਡੀ ਸਰਕਾਰ ਚਲੀ ਗਈ ਤਾਂ ਫਿਰ ਕਿਸਾਨ ਉਤੇ ਬਿੱਲ ਕਿਸ ਨੇ ਲਗਾਏ? ਕਿਸ ਨੇ ਡੰਡੇ ਨਾਲ ਬਿੱਲ ਉਗਰਾਹੇ, ਸਰਦਾਰ ਤੋਤਾ ਸਿੰਘ ਹੋਰਾਂ ਨੇ ਵੀ ਇਸ ਦਾ ਜ਼ਿਕਰ ਕੀਤਾ ਹੈ, ਬਿੱਲ ਡੰਡੇ ਨਾਲ ਉਗਰਾਹੇ ਗਏ ਅਤੇ ਨਾ ਦੇਣ ਵਾਲਿਆਂ ਦੇ ਕੁਨੈਕਸ਼ਨ ਕੱਟੇ ਗਏ। ਅੱਜ ਬਿੱਲ ਉਗਰਾਹੁਣ ਵਾਲੇ ਹੀ ਸਾਨੂੰ ਦੱਸ ਰਹੇ ਹਨ ਕਿ ਉਹ ਕਿਸਾਨ ਹਿਤੈਸ਼ੀ ਹਨ। ਚੇਅਰਮੈਨ ਸਾਹਿਬ, ਹਰ ਸਾਲ 5000 ਕਰੋੜ ਰੁਪਿਆ ਕਿਸਾਨਾਂ ਨੂੰ ਬਿਜਲੀ ਦੀ ਸਬਸਿਡੀ ਦੇ ਤੌਰ ਤੇ ਜਾਂਦਾ ਹੈ। ਇਸ ਵਾਰੀ ਵੀ 5484 ਕਰੋੜ ਰੁਪਏ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਲਾਂ ਦੀ ਸਬਸਿਡੀ ਦੇ ਤੌਰ ਤੇ ਰੱਖੇ ਗਏ ਹਨ।

ਚੇਅਰਮੈਨ ਸਾਹਿਬ, ਮੈਂ ਸਰਹੱਦੀ ਖੇਤਰ ਨਾਲ ਸਬੰਧਤ ਹਾਂ। ਸਰਹੱਦੀ ਕਿਸਾਨਾਂ ਦੀਆਂ ਸਮੱਸਿਆਵਾਂ ਵੱਖਰੀਆਂ ਹਨ, ਸਰਹੱਦੀ ਲੋਕਾਂ ਦੀਆਂ ਸਮੱਸਿਆਵਾਂ ਹੀ ਵੱਖਰੀਆਂ ਹਨ। ਜਾਖੜ ਸਾਹਿਬ ਵੀ ਸਰਹੱਦੀ ਖੇਤਰ ਨਾਲ ਸਬੰਧਤ ਹਨ। ਜਿਹੜੇ ਤਾਰਾਂ ਤੋਂ ਪਾਰ ਖੇਤੀ ਕਰਦੇ ਕਿਸਾਨ ਹਨ, ਉਨ੍ਹਾਂ ਦਾ ਬਹੁਤ ਵੱਡਾ ਰਕਬਾ ਬਣਦਾ ਹੈ। ਤਕਰੀਬਨ 20,000 ਏਕੜ ਰਕਬਾ ਤਾਰਾਂ ਤੋਂ ਪਾਰ ਹੈ। 500 ਕਿਲੋਮੀਟਰ ਤੋਂ ਵੱਧ ਦੇ ਬਾਰਡਰ ਵਿੱਚ ਤਕਰੀਬਨ 100 ਕਿਲੋਮੀਟਰ ਬਾਰਡਰ

ਮੇਰੇ ਹਲਕੇ ਵਿੱਚ ਪੈਂਦਾ ਹੈ। ਬਹੁਤ ਵੱਡਾ ਰਕਬਾ ਤਾਰਾਂ ਤੋਂ ਪਾਰ ਹੈ। ਸਾਲ 1999 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਉਸ ਸਮੇਂ ਹੋਮ ਮਨਿਸਟਰ ਨੂੰ ਬਾਰਡਰ ਤੇ ਲਿਆਂਦਾ, ਬਾਰਡਰ ਵਿਖਾਇਆ ਅਤੇ ਤਾਰਾਂ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਦੀਆਂ ਦੁਖ-ਤਕਲੀਫਾਂ ਵਿਖਾਈਆਂ। ਹੋਮ ਮਨਿਸਟਰ ਸਾਹਿਬ ਨੇ ਕਿਹਾ ਕਿ ਅਸੀਂ ਬਾਰਡਰ ਤਾਂ ਸੁਣਿਆ ਸੀ, ਤਾਰਾਂ ਵੀ ਸੁਣੀਆਂ ਸਨ ਪਰ ਜਿਹੜੇ ਅਜ਼ਾਦ ਹਿੰਦੁਸਤਾਨ ਦੇ ਲੋਕ ਇੱਥੇ ਸਰਹੱਦ ਦੇ ਵਾਸੀ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਤੇ ਤਕਲੀਫਾਂ ਕੀ ਹਨ, ਮੈਂ ਇਹ ਨਹੀਂ ਸੀ ਜਾਣਦਾ ਪ੍ਰੰਤੂ ਅੱਜ ਮੈਂ ਜਾਣ ਗਿਆ ਹਾਂ। ਇਸ ਤੇ ਉਸ ਸਮੇਂ ਦੀ ਐਨ.ਡੀ.ਏ. ਸਰਕਾਰ ਨੇ 3000 ਰੁਪਿਆ ਪ੍ਰਤੀ ਏਕੜ ਦਾ ਮੁਆਵਜ਼ਾ ਤਾਰ ਤੋਂ ਪਾਰ ਦੇ ਕਿਸਾਨਾਂ ਨੂੰ ਦੇਣਾ ਸ਼ੁਰੂ ਕੀਤਾ ਸੀ। ਜਦੋਂ ਸਾਲ 2004 ਵਿੱਚ ਸੈਂਟਰ ਦੀ ਐਨ.ਡੀ.ਏ. ਦੀ ਸਰਕਾਰ ਬਦਲ ਗਈ ਤਾਂ ਪਹਿਲਾ ਕੁਹਾੜਾ ਕਿਸਾਨਾਂ ਤੇ ਕਿਸ ਨੇ ਚਲਾਇਆ ਅਤੇ ਉਹ 3000 ਰੁਪਏ ਦਾ ਮੁਆਵਜ਼ਾ ਦੇਣਾ ਕਿਸ ਨੇ ਬੰਦ ਕੀਤਾ? ਇਹ ਸਾਡੇ ਸਾਹਮਣੇ ਬੈਠੇ ਵੀਰਾਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਦੀ ਸਰਕਾਰ ਨੇ ਉਹ ਮੁਆਵਜ਼ਾ ਦੇਣਾ ਬੰਦ ਕਰ ਦਿੱਤਾ। ਸਾਲ 2004 ਤੋਂ ਲਗਾਤਾਰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਤਰੱਦਦ ਕੀਤਾ, ਮਿਹਨਤ ਕੀਤੀ ਅਤੇ ਮਾਮਲਾ ਉਠਾਇਆ ਪਰ ਕਿਸੇ ਨੇ ਵੀ ਸੁਣਵਾਈ ਨਾ ਕੀਤੀ। ਅਖੀਰ ਵਿੱਚ ਸਾਲ 2013 ਵਿੱਚ ਪੰਜਾਬ ਦੇ ਬਜਟ ਵਿੱਚ ਪ੍ਰੋਵੀਜ਼ਨ ਕੀਤੀ ਅਤੇ ਉਨ੍ਹਾਂ ਕਿਸਾਨਾਂ ਨੂੰ 3000 ਰੁਪਿਆ ਪ੍ਰਤੀ ਏਕੜ ਪੰਜਾਬ ਦੇ ਬਜਟ ਵਿੱਚੋਂ ਦੇਣਾ ਸ਼ੁਰੂ ਕੀਤਾ। ਹੁਣ ਭਾਰਤ ਸਰਕਾਰ ਵੱਲੋਂ ਜਿਹੜੀ ਕਿਸ਼ਤ ਜਾਰੀ ਹੋਈ ਹੈ, 10,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁੜ ਤੋਂ ਉਨ੍ਹਾਂ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਨੂੰ ਮੁਆਵਜ਼ਾ ਮਿਲਿਆ ਕਰੇਗਾ।

ਚੇਅਰਮੈਨ ਸਾਹਿਬ, ਮੈਂ ਇੱਥੇ ਵੀ ਸੁਣਦਾ ਰਿਹਾ ਹਾਂ ਕਿ ਸਰਕਾਰ ਨੇ ਦਲਿਤ ਭਾਈਚਾਰੇ ਵਾਸਤੇ ਕੁਝ ਨਹੀਂ ਕੀਤਾ, ਕੋਈ ਸਕੀਮ ਨਹੀਂ ਲਿਆਂਦੀ। ਸਾਲ 1997 ਵਿੱਚ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਪਹਿਲੀ ਵਾਰੀ ਸਾਰੇ ਹਿੰਦੁਸਤਾਨ ਵਿੱਚ ਸ਼ਗਨ ਸਕੀਮ ਲਿਆਂਦੀ ਸੀ ਔਰ ਸ਼ਗਨ ਸਕੀਮ ਲਾਗੂ ਹੋਈ, ਪੰਜ ਸਾਲ ਸਾਡੇ ਦਲਿਤ ਭਾਈਚਾਰੇ ਨੂੰ ਇਹ ਸਕੀਮ ਮਿਲਦੀ ਰਹੀ ਪਰ ਜਦੋਂ ਸਾਲ 2002 ਵਿੱਚ ਸਰਕਾਰ ਚੇਂਜ ਹੋਈ, ਇਸੀ ਪੰਜਾਬ ਵਿਧਾਨ ਸਭਾ ਵਿੱਚ ਕਿਹਾ ਗਿਆ, ਜਿਹੜੇ ਸਾਹਮਣੇ ਬੈਠੇ ਲੋਕ ਹਨ, ਇਨ੍ਹਾਂ ਕਿਹਾ ਕਿ ਇਹ ਮਾਮਿਆਂ ਦੀ ਸਰਕਾਰ ਸੀ । ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ

ਪਾਰਟੀ ਦੀ ਸਰਕਾਰ ਉੱਤੇ ਰਿਮਾਰਕਸ ਕੱਸੇ ਗਏ ਕਿ ਹੁਣ ਮਾਮਿਆਂ ਦੀ ਸਰਕਾਰ ਨਹੀਂ, ਹੁਣ ਕਿਸੇ ਨੂੰ ਸ਼ਗਨ ਨੂੰ ਨਹੀਂ ਮਿਲੇਗਾ ਤੇ ਸ਼ਗਨ ਸਕੀਮ ਵੀ ਗਰੀਬਾਂ ਦੀ ਬੰਦ ਕੀਤੀ ਗਈ । ਇਹ ਕਿਸ ਨੇ ਬੰਦ ਕੀਤੀ ਸੀ ?

**ਸਰਦਾਰ ਸਾਧੂ ਸਿੰਘ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਇਹ ਗੱਲ ਠੀਕ ਹੈ ਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਸਾਲ 1997 ਵਿੱਚ ਸ਼ਗਨ ਸਕੀਮ ਲਿਆਂਦੀ ਸੀ । ਉਦੋਂ 8,000/- ਰੁਪਏ ਸ਼ਗਨ ਸਕੀਮ ਤਹਿਤ ਬੈਨੀਫਿਸ਼ਰੀ ਨੂੰ ਮਿਲਦਾ ਸੀ ਤੇ ਮੈਂ ਕਹਿ ਸਕਦਾ ਹਾਂ ਕਿ ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਇਸ ਰਾਸ਼ੀ ਨੂੰ ਵਧਾ ਕੇ 15,000/- ਰੁਪਏ ਕੀਤਾ ਸੀ ।

**ਸ਼੍ਰੀ ਸਭਾਪਤੀ :** ਵਲਟੋਹਾ ਸਾਹਿਬ, ਹੁਣ ਸਮਾਪਤੀ ਕਰੋ ।

**ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ :** ਚੇਅਰਮੈਨ ਸਾਹਿਬ, ਮੈਂ ਇਸ ਬਾਰੇ ਦੱਸਦਾ ਹਾਂ। ਚੇਅਰਮੈਨ ਸਾਹਿਬ, 2-3 ਹੀ ਮਸਲੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2002 ਵਿੱਚ ਜਦੋਂ ਸਰਕਾਰ ਆਈ ਤਾਂ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਬਣੇ, ਦਲਿਤ ਵੀਰਾਂ ਦੇ ਮਾਣ ਵਾਸਤੇ ਤੇ ਵਿਹਾਉਣ ਵਾਲੀ ਬੱਚੀ ਦੇ ਮਾਣ ਵਾਸਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਜਿਹੜੀ ਸ਼ਗਨ ਸਕੀਮ ਸ਼ੁਰੂ ਕੀਤੀ ਸੀ, ਉਹ ਇਨ੍ਹਾਂ ਨੇ ਬੰਦ ਕੀਤੀ ਪਰ ਜਦੋਂ ਇਹ ਜਾਣ ਲੱਗੇ ਸੀ, ਇਨ੍ਹਾਂ ਨੇ ਫਿਰ ਸਕੀਮ ਚਾਲੂ ਕਰਕੇ ਸਬਜ਼ ਬਾਗ ਵਿਖਾਏ । ਉਦੋਂ ਤਾਂ ਇਨ੍ਹਾਂ ਨੇ ਕਿਸਾਨਾਂ ਦੇ ਬਿਲ ਵੀ ਫਿਰ ਮਾਫ ਕਰ ਦਿੱਤੇ ਸਨ । ਗਰੀਬਾਂ ਦੀਆਂ ਬੱਚੀਆਂ ਦੀ ਸ਼ਗਨ ਸਕੀਮ ਫਿਰ ਦੁਬਾਰਾ ਤੋਂ ਇਹ ਸ਼ੁਰੂ ਕਰ ਗਏ ਸਨ । ਜੇ ਕਿਸੇ ਨੂੰ ਕੇਵਲ ਤੇ ਕੇਵਲ ਡਰਾਮੇ ਤੇ ਪ੍ਰਲੋਭਨ ਦੇਣੇ ਹਨ ਤਾਂ ਇਹ ਇਨ੍ਹਾਂ ਵੀਰਾਂ ਨੂੰ ਹੀ ਦੇਣੇ ਆ ਸਕਦੇ ਹਨ । ਜੇ ਕੋਈ ਕਿਸੇ ਦੇ ਭਲੇ ਦੀ ਗੱਲ ਕਰ ਸਕਦੇ ਹਨ, ਕਿਸੇ ਦਾ ਹਿਤੈਸ਼ੀ ਹੋਣ ਦਾ ਹੱਕ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਅਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਹੀ ਕੇਵਲ ਤੇ ਕੇਵਲ ਜਾਂਦਾ ਹੈ ।

ਚੇਅਰਮੈਨ ਸਾਹਿਬ, ਇੱਥੇ ਇਨਵੈਸਟਮੈਂਟ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ, ਇਨਵੈਸਟਮੈਂਟ ਸੁਮਿਟ ਉੱਤੇ ਵੀ ਗੱਲਾਂ ਹੁੰਦੀਆਂ ਰਹੀਆਂ । ਸਰਕਾਰ ਵੱਲੋਂ ਯਤਨ ਹਨ ਕਿ ਪੰਜਾਬ ਅੰਦਰ ਇੰਡਸਟਰੀ ਆਵੇ, ਇਨਵੈਸਟਮੈਂਟ

ਆਵੇ, ਉਸ ਲਈ ਮਿਹਨਤ ਤੇ ਲਗਨ ਨਾਲ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਵੱਲੋਂ ਤੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਵੱਲੋਂ ਯਤਨ ਕੀਤੇ ਜਾ ਰਹੇ ਹਨ । ਉਸ ਉੱਤੇ ਵੀ ਕੁਐਸਚਨ ਕੀਤਾ ਜਾ ਰਿਹਾ ਹੈ । ਉਸ ਤੇ ਵੀ ਨੁਕਤਾਚੀਨੀ ਕੀਤੀ ਜਾ ਰਹੀ ਹੈ । ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ, ਰਾਣਾ ਜੀ ਉਦੋਂ ਐਮ.ਐਲ.ਏ. ਸਨ ਤੇ ਮੁੱਖ ਮੰਤਰੀ ਸਾਹਿਬ ਦੇ ਬੜੇ ਖਾਸਮ-ਖਾਸ ਸਨ। ਸ਼ਾਇਦ ਇਹ ਵੀ ਨਾਲ ਗਏ ਹੋਣ। ਇੱਕ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਲੈਣ ਵਾਸਤੇ ਕੈਪਟਨ ਅਮਰਿੰਦਰ ਸਿੰਘ ਜੀ ਜਹਾਜ਼ ਚੜ੍ਹ ਕੇ ਗਏ ਸਨ। ਕਿੰਨਿਆਂ ਨੂੰ ਨਾਲ ਲੈ ਕੇ ਗਏ ਸੀ, ਮੈਨੂੰ ਪਤਾ ਨਹੀਂ ਪਰ ਜਿੰਨਿਆਂ ਨੂੰ ਵੀ ਨਾਲ ਲੈ ਕੇ ਗਏ ਸਨ, ਉਨ੍ਹਾਂ ਨੂੰ ਰਾਹ ਵਿੱਚ ਹੀ ਉਤਾਰ ਦਿੱਤਾ ਤੇ ਆਪ ਪਤਾ ਨਹੀਂ ਕਿੱਥੇ ਚਲੇ ਗਏ, ਲੱਭੇ ਹੀ ਨਹੀਂ ਤੇ ਪੈਸਾ ਪਤਾ ਨਹੀਂ ਕਿੱਥੋਂ ਲੱਭਣਾ ਸੀ । ਇਹ ਇੱਕ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਜਿਹੜੀ ਕੈਪਟਨ ਅਮਰਿੰਦਰ ਸਿੰਘ ਜੀ ਜਹਾਜ਼ ਤੇ ਲੈਣ ਗਏ ਸਨ, ਉਹ ਜਹਾਜ਼ ਤੇ ਮੁੜ ਗਏ, ਸਾਥੀਆਂ ਨੂੰ ਰਾਹ ਵਿੱਚ ਛੱਡ ਗਏ, ਅੱਜ ਤੱਕ ਸਾਨੂੰ ਇਹੋ ਜਿਹੀ ਇਨਵੈਸਟਮੈਂਟ ਨਹੀਂ ਲੱਭੀ ਤੇ ਨਾ ਹੀ ਇਹੋ ਜਿਹੀ ਇਨਵੈਸਟਮੈਂਟ ਦੀ ਗੱਲ ਕਰਨ ਵਾਲੇ ਲੱਭੇ ....... ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ** **

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ :** ਜੇ ਤੁਸੀਂ ਕਹਿ ਦਿਉ ਕਿ ਇੱਕ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਅਤੇ ਜਹਾਜ਼ ਚੜ੍ਹਨ ਵਾਲੀ ਗੱਲ ਵਿੱਚ ਸੱਚਾਈ ਨਹੀਂ ਤਾਂ ਮੈਂ ਹਾਊਸ ਤੋਂ ਬਾਹਰ ਹੋ ਜਾਂਦਾ ਹਾਂ। ਗਰੀਬ ਨੂੰ ਅੱਜ ਕਿਸ ਚੀਜ਼ ਦੀ ਲੋੜ ਹੈ ? ਉਸ ਨੇ ਆਪਣੇ ਬੱਚੇ ਪਾਲਣੇ ਹਨ, ਦਵਾਈ ਅਤੇ ਕੱਪੜੇ ਵਾਸਤੇ ਪੈਸੇ ਚਾਹੀਦੇ ਹਨ, ਘਰ ਦੀਆਂ ਰੋਜ਼ਾਨਾ ਜ਼ਰੂਰਤਾਂ ਵਾਸਤੇ ਪੈਸੇ ਚਾਹੀਦੇ ਹਨ ਪਰ ਜੇ ਉਸ ਦੀ ਸਭ ਤੋਂ ਵੱਡੀ ਤਕਲੀਫ ਹੈ ਤਾਂ ਉਹ ਭੁੱਖ ਹੈ, ਉਸ ਦੀ ਰੋਟੀ ਦੀ ਭੁੱਖ ਦੀ ਚਿੰਤਾ ਜੇ ਕਿਸੇ ਨੇ ਦੂਰ ਕੀਤੀ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਦੂਰ ਕੀਤੀ ਹੈ । ਸਾਰੇ ਹਿੰਦੁਸਤਾਨ ਵਿੱਚ ਕੇਵਲ ਤੇ ਕੇਵਲ ਆਟਾ ਦਾਲ ਸਕੀਮ ਜੇ ਕਿਸੇ ਨੇ ਸ਼ੁਰੂ ਕੀਤੀ, ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸ਼ੁਰੂ ਕੀਤੀ । ਅੱਜ ਗਰੀਬ ਨੂੰ ਇੱਕ ਰੁਪਿਆ ਆਟਾ ਤੇ 20/- ਰੁਪਏ ਕਿਲੋ ਦਾਲ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਿੰਦੇ ਹਨ। ਕੀ ਕਦੀ ਕਿਸੇ ਨੇ ਇਸ ਬਾਰੇ ਜ਼ਿਕਰ ਕੀਤਾ ਹੈ ?

**Expunged as ordered by the Chair.

**ਸਰਦਾਰ ਅਜਾਇਬ ਸਿੰਘ ਭੱਟੀ :** ** **

**ਸ਼੍ਰੀ ਸਭਾਪਤੀ :** ਭੱਟੀ ਸਾਹਿਬ, ਬੈਠ ਜਾਓ। No Point of Order.

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਸ਼੍ਰੀ ਸਭਾਪਤੀ :** ਬੈਠ ਜਾਉ। No Point of Order. ਬੈਠੋ, ਬੈਂਸ ਸਾਹਿਬ। ਵਲਟੋਹਾ ਸਾਹਿਬ, ਨਿਬੇੜੋ ਜੀ।

**ਮੁੱਖ ਸੰਸਦੀ ਸਕੱਤਰ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਰੱਖਿਆ ਸੇਵਾਵਾਂ ਭਲਾਈ :** ਚੇਅਰਮੈਨ ਸਾਹਿਬ, ਬੱਸ ਦੋ ਮਿੰਟ ਜੀ। ਚੇਅਰਮੈਨ ਸਾਹਿਬ, ਰੋਜ਼ ਹੀ ਬਹਿਸ ਚਲਦੀ ਹੈ। ਸਾਡੇ ਵੀਰ ਗਰੀਬਾਂ ਦੀ ਭਲਾਈ ਦੀ ਗੱਲ ਕਰਦੇ ਹਨ। ਇਹ ਜਵਾਬਦੇਹੀ ਕਰਦੇ ਹਨ ਕਿ ਸਰਕਾਰ ਗਰੀਬਾਂ ਵਾਸਤੇ ਕੁਝ ਨਹੀਂ ਕਰਦੀ। ਜੇ ਆਟਾ-ਦਾਲ ਦੀ ਸਕੀਮ ਲਿਆਂਦੀ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਲਿਆਂਦੀ। ਮੈਂ ਵਿਰੋਧੀ ਧਿਰ ਦੇ ਵੀਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤੋਂ ਵੱਡੀ ਕੋਈ ਸਕੀਮ ਹੈ? ਇਸ ਤੋਂ ਵੱਡਾ ਗਰੀਬਾਂ ਦੇ ਭਲੇ ਵਾਸਤੇ ਕੋਈ ਕੰਮ ਹੋ ਸਕਦਾ ਹੈ? ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ। ਇਨ੍ਹਾਂ ਦੀ ਸਰਕਾਰ ਸਮੇਂ ਇੱਕ ਬੀ.ਪੀ.ਐਲ. ਸਰਵੇ ਹੋਇਆ ਸੀ। ਬਿਲੋਅ ਪਾਵਰਟੀ ਲਾਈਨ ਜਿਹੜਾ ਸਰਵੇ ਹੈ, ਗਰੀਬੀ ਰੇਖਾ ਤੋਂ ਥੱਲੇ ਜਿਹੜੇ ਲੋਕ ਰਹਿੰਦੇ ਹਨ। ਅੱਜ ਇਹ ਬੜੇ ਬੜੇ ਆਬਜੈਕਸ਼ਨ ਕਰਦੇ ਹਨ। ਅੱਜ ਇਹ ਡਾਕੂਮੈਂਟ ਲੈ ਕੇ ਆਉਂਦੇ ਹਨ। ਮੇਰੇ ਹਲਕੇ ਦਾ ਮਾਨਯੋਗ ਸਾਬਕਾ ਮੰਤਰੀ, ਮੇਰਾ ਖਿਆਲ ਹੈ ਕਿ ਉਹ ਕਰੋੜਾਂ ਹੀ ਨਹੀਂ ਸਗੋਂ ਅਰਬਾਂਪਤੀ ਹੋਣਾ ਹੈ, ਅੱਜ ਉਸ ਦਾ ਨਾਮ ਬੀ.ਪੀ.ਐਲ. ਦੇ ਸਰਵੇ ਦੇ ਵਿੱਚ ਬੋਲਦਾ ਹੈ। ਇਸ ਤੋਂ ਵੱਡੀ ਕਿਹੜੀ ਗਲਤ ਗੱਲ ਹੋ ਸਕਦੀ ਹੈ? ਚੇਅਰਮੈਨ ਸਾਹਿਬ, ਇਨ੍ਹਾਂ ਲੋਕਾਂ ਦੇ ਹੱਥ ਵਿੱਚ ਜਦੋਂ ਵਾਗਡੋਰ ਸੀ, ਇਨ੍ਹਾਂ ਨੇ ਵੇਖਿਆ ਨਹੀਂ, ਬੀ.ਪੀ.ਐਲ. ਦੀਆਂ ਸਕੀਮਾਂ ਤੋਂ ਲਾਭ ਲੈਣ ਵਾਸਤੇ, ਇਨ੍ਹਾਂ ਨੇ ਕੇਵਲ ਤੇ ਕੇਵਲ ਆਪਣੇ ਘਰਾਂ ਵਾਲੇ ਪਾਸੇ ਤੱਕਿਆ ਹੈ ਕਿ ਮੇਰੇ ਘਰ ਚਾਹੇ ਚਾਰ ਕਿੱਲੋ ਦਾਣੇ ਹੀ ਆ ਜਾਣ, ਜਿਹੜਾ ਬੀ.ਪੀ.ਐਲ. ਲੋਕਾਂ ਨੂੰ ਮਕਾਨ ਵਾਸਤੇ ਜੋ 25-30 ਹਜ਼ਾਰ ਰੁਪਿਆ ਮਿਲਦਾ ਹੈ, ਉਹੀ ਆ ਜਾਵੇ। ਉਸ ਦੇ ਵਿੱਚ ਚਾਹੇ ਜਿੰਨਾ ਵੱਡਾ ਮਰਜ਼ੀ ਕੋਈ ਧਨਾਢ ਕਾਂਗਰਸੀ ਸੀ, ਕੋਈ ਆਪਣੇ ਆਪ ਨੂੰ ਇਸ ਲਾਜ ਤੋਂ ਬਚਾ ਨਹੀਂ ਸਕਿਆ ਔਰ ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਤੇ ਸਵਾਲ

**Expunged as ordered by the Chair.

ਕੱਸਣ ਦੀ ਗੱਲ ਕਰਦੇ ਹਨ।

ਚੇਅਰਮੈਨ ਸਾਹਿਬ, ਇਸ ਬਜਟ ਦੇ ਵਿੱਚ ਪੰਜਾਬ ਦੇ ਹਰ ਖੇਤਰ ਵਿੱਚ ਚਹੁੰ ਮੁਖੀ ਵਿਕਾਸ ਵਾਸਤੇ ਪ੍ਰੋਵੀਜ਼ਨ ਕੀਤੀ ਗਈ ਹੈ। ਇਸ ਦੇ ਨਾਲ ਵਾਕਿਆ ਹੀ ਪੰਜਾਬ ਦੇ ਹਰ ਵਰਗ ਦਾ, ਪੰਜਾਬ ਦੇ ਹਰ ਖੇਤਰ ਦਾ ਵਿਕਾਸ ਹੋਵੇਗਾ ਔਰ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਜਿਨ੍ਹਾਂ ਕੋਲ ਇੰਨਾ ਵੱਡਾ ਤਜਰਬਾ ਹੈ ਔਰ ਸਰਦਾਰ ਸੁਖਬੀਰ ਸਿੰਘ ਜੀ ਬਾਦਲ, ਜਿਨ੍ਹਾਂ ਦੀ ਮੈਨੇਜਮੈਂਟ ਸਾਡੇ ਵਿਰੋਧੀ ਵੀਰ ਵੀ ਮੰਨਦੇ ਹਨ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਵਰਗੀ ਮੈਨੇਜਮੈਂਟ ਕੋਈ ਨਹੀਂ ਕਰ ਸਕਦਾ, ਇਹ ਜਿਹੜੀ ਘੱਟੋ ਘੱਟ 25 ਸਾਲ ਰਾਜ ਕਰਨ ਦੀ ਗੱਲ ਕੀਤੀ ਸੀ, ਉਹ ਨਜ਼ਰ ਆ ਰਹੀ ਹੈ। ਸੋ, ਚੇਅਰਮੈਨ ਸਾਹਿਬ, ਇਸ ਬਜਟ ਦੀ ਸ਼ਲਾਘਾ ਕਰਦਾ ਹੋਇਆ ਮੈਂ ਆਪਣੇ ਸਾਰੇ ਵੀਰਾਂ ਨੂੰ ਬੇਨਤੀ ਕਰਾਂਗਾ, ਆਪਣੇ ਸਾਰੇ ਵਿਰੋਧੀ ਵੀਰਾਂ ਨੂੰ ਵੀ ਕਿ ਨੁਕਤਾਚੀਨੀ ਵਾਲੀ ਗੱਲ ਛੱਡੋ, ਕੋਈ ਠੋਸ ਸੁਝਾਅ ਦਿਆ ਕਰੋ, ਜਿਸ ਨਾਲ ਪੰਜਾਬ ਦੀ ਬਿਹਤਰੀ ਹੋ ਸਕੇ। ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ।

**ਸ਼੍ਰੀ ਸਭਾਪਤੀ :** ਸ਼੍ਰੀ ਸੁੰਦਰ ਸ਼ਾਮ ਅਰੋੜਾ ਜੀ। ਸਿਰਫ 8-10 ਮਿੰਟ ਜੀ।

**ਸ਼੍ਰੀ ਸੁਨੀਲ ਜਾਖੜ :** ਚੇਅਰਮੈਨ ਸਾਹਿਬ, ਡਿਪਟੀ ਸੀ.ਐਮ. ਸਾਹਿਬ ਨੇ ਬੇਨਤੀ ਕਰ ਦਿੱਤੀ ਸੀ ਕਿ ਸਾਡਾ ਅਕਾਲੀਆਂ ਦਾ ਟਾਈਮ ਲੈ ਲਵੋ।

**ਸ਼੍ਰੀ ਸਭਾਪਤੀ :** ਉਹ ਸਾਰਿਆਂ ਲਈ ਨਹੀਂ ਸੀ, ਸਿਰਫ ਇੱਕ ਲਈ ਕੀਤੀ ਸੀ, ਰਾਣਾ ਜੀ ਲਈ ਕੀਤੀ ਸੀ। ਹਾਂ ਜੀ, ਅਰੋੜਾ ਸਾਹਿਬ,

**ਸ਼੍ਰੀ ਸੁੰਦਰ ਸ਼ਾਮ ਅਰੋੜਾ (ਹੁਸ਼ਿਆਰਪੁਰ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਚਾਲੂ ਵਿੱਤੀ ਵਰ੍ਹੇ ਦਾ ਬਜਟ ਅਗਰ ਸ਼ਹਿਰਾਂ ਦੇ ਸਬੰਧ ਵਿੱਚ ਦੇਖਿਆ ਜਾਵੇ ਤਾਂ ਮੈਂ ਇਸ ਨੂੰ ਸਿਰਫ ਅੰਕੜਿਆਂ ਦਾ ਬਜਟ ਕਹਾਂਗਾ। ਸ਼ਹਿਰਾਂ ਲਈ ਇਸ ਬਜਟ ਵਿੱਚ ਕੁਝ ਨਹੀਂ ਕੀਤਾ ਗਿਆ। ਇਸ ਬਜਟ ਵਿੱਚ ਕੋਈ ਨਵੀਂ ਤਜਵੀਜ਼ ਨਹੀਂ ਹੈ, ਜਿਸ ਨਾਲ ਪੰਜਾਬ ਦੇ ਗਰੀਬਾਂ ਨੂੰ, ਪਛੜੀਆਂ ਜਾਤਾਂ ਨੂੰ, ਖਾਸ ਕਰਕੇ ਸ਼ਹਿਰੀ ਗਰੀਬਾਂ ਨੂੰ ਆਸ ਦੀ ਕਿਰਨ ਦਿਖਾਈ ਦਿੰਦੀ ਹੋਵੇ ਅਤੇ ਉਨ੍ਹਾਂ ਨੂੰ ਕੋਈ ਲਾਭ ਪਹੁੰਚਾਉਣ ਦਾ ਭਰੋਸਾ ਦਿੰਦੀ ਹੋਵੇ। ਇਸ ਤਰ੍ਹਾਂ ਦੀ ਬਜਟ

[ ਸ਼੍ਰੀ ਸੁੰਦਰ ਸ਼ਾਮ ਅਰੋੜਾ ]

ਦੇ ਵਿੱਚ ਕੋਈ ਤਜਵੀਜ਼ ਨਹੀਂ ਹੈ। ਸ਼ਹਿਰਾਂ ਵਿੱਚ ਰਹਿ ਰਹੀ 37 ਪ੍ਰਤੀਸ਼ਤ ਜਨਸੰਖਿਆ ਲਈ ਅਗਰ ਇਹ ਬਜਟ ਮੈਂ ਅੰਕੜਿਆਂ ਦਾ ਕਹਾਂ ਤਾਂ ਇਸ ਤੋਂ ਜ਼ਿਆਦਾ ਕੁਝ ਨਹੀਂ ਹੈ।

ਪੈਰ੍ਹਾ ਨੰ: 24 ਵਿੱਚ ਹੁਡਕੋ ਦੀ ਸਾਂਝੇਦਾਰੀ ਨਾਲ ਆਰਥਿਕ ਪੱਖ ਤੋਂ ਪਛੜੇ ਹੋਏ ਲੋਕਾਂ ਲਈ ਘਰ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ। ਪੰਜਾਬ ਸ਼ਹਿਰੀ ਵਿਕਾਸ ਦੇ ਤਹਿਤ ਬੁਨਿਆਦੀ ਢਾਂਚਾ ਸਾਲ 2017 ਤੱਕ ਉਪਲਬਧ ਕਰਵਾਉਣ ਦਾ ਟੀਚਾ ਮਿਥਿਆ ਗਿਆ ਹੈ। ਇਹ 50,000 ਘਰ ਬਣਾਉਣ ਲਈ ਪੈਸਾ ਕਿਥੋਂ ਆਵੇਗਾ, ਇਹ ਬਜਟ ਵਿੱਚ ਕਿਤੇ ਵਰਣਨ ਨਹੀਂ ਹੈ। ਨਾ ਕੋਈ ਜ਼ਮੀਨ, ਨਾ ਕੋਈ ਨਕਸ਼ਾ, ਨਾ ਕੋਈ ਯੋਜਨਾ ਬਾਰੇ ਦੱਸਿਆ ਗਿਆ ਹੈ। ਸਿਰਫ ਸ਼ਹਿਰੀ ਲੋਕਾਂ ਨੂੰ 37 % ਜਨਤਾ ਨੂੰ ਦਿਲਾਸਾ ਦੇਣ ਲਈ ਬਜਟ ਵਿੱਚ ਇਹ ਕਿਹਾ ਗਿਆ ਹੈ ਕਿ ਅਸੀਂ ਪੰਜਾਹ ਹਜ਼ਾਰ ਘਰ ਬਣਾ ਕੇ ਲੋਕਾਂ ਨੂੰ ਦਿਆਂਗੇ ਪਰ ਇਸ ਦੀ ਕੋਈ ਤਜਵੀਜ਼ ਨਹੀਂ ਦੱਸੀ ਗਈ। ਜਦੋਂ ਇਸ ਵਾਸਤੇ ਬਜਟ ਵਿੱਚ ਕੋਈ ਪੈਸਾ ਨਹੀਂ ਹੈ ਤਾਂ ਉਹ ਪੰਜਾਹ ਹਜ਼ਾਰ ਘਰ ਕਿੱਥੋਂ ਬਣੇਗਾ, ਇਸ ਦਾ ਕੋਈ ਵਰਣਨ ਇਸ ਬਜਟ ਵਿੱਚ ਨਹੀਂ ਹੈ।

ਪੈਰ੍ਹਾ ਨੰ: 56 ਵਿੱਚ ਬਿਜਲੀ ਦੀ ਗੱਲ ਕੀਤੀ ਗਈ ਹੈ। ਅਗਰ ਸ਼ਹਿਰਾਂ ਦੀ ਗੱਲ ਕੀਤੀ ਜਾਵੇ ਕਿ ਸ਼ਹਿਰਾਂ ਵਿੱਚ ਬਿਜਲੀ ਸਪਲਾਈ ਦਾ ਮਾੜਾ ਹਾਲ ਹੈ, ਸ਼ਹਿਰੀ ਲੋਕ ਚਾਹੇ ਉਹ 37% ਹਨ, ਇਸ ਬਜਟ ਵਿੱਚ ਜਿਸ ਤਰ੍ਹਾਂ ਮੈਂ ਬੋਲਿਆ ਹੈ ਕਿ ਅਸਲ ਵਿੱਚ ਸ਼ਹਿਰ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਨੂੰ ਕੋਈ ਗਰੀਬ ਨਹੀਂ ਸਮਝਦਾ । 37% ਸ਼ਹਿਰੀ ਲੋਕਾਂ ਵਿੱਚੋਂ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਵਾਸਤੇ ਬਜਟ ਵਿੱਚ ਕੋਈ ਵਰਣਨ ਨਹੀਂ ਹੈ। ਸ਼ਹਿਰਾਂ ਨੂੰ ਬਿਲਕੁਲ ਅਣਗੌਲਿਆ ਕੀਤਾ ਗਿਆ ਹੈ, ਸਾਰਾ ਸਾਰਾ ਦਿਨ ਦਾ ਪਾਵਰ ਕੱਟ ਲਗਦਾ ਹੈ, ਮਹਿੰਗੀ ਬਿਜਲੀ ਖਰੀਦ ਕੇ ਬਿਜਨੈਸ਼ਮੈਨ ਦਾ, ਛੋਟੀ ਇੰਡਸਟਰੀ ਦਾ ਬੁਰਾ ਹਾਲ ਹੈ। ਮੈਂ ਬੈਂਸ ਸਾਹਿਬ ਨਾਲ ਸਹਿਮਤ ਸੀ ਜਦੋਂ ਉਹ ਗੱਲ ਕਰ ਰਹੇ ਸੀ ਕਿ ਸ਼ਹਿਰਾਂ ਦਾ ਜੋ ਹਾਲ ਹੋ ਰਿਹਾ ਹੈ, ਮੈਨੂੰ ਤਿੰਨ ਸਾਲ ਐਮ.ਐਲ. ਏ. ਬਣੇ ਨੂੰ ਹੋ ਗਏ ਹਨ ਤੇ ਇਹ ਚੌਥਾ ਬਜਟ ਮੈਂ ਸੁਣ ਰਿਹਾ ਹਾਂ ਜਿਸ ਵਿੱਚ ਸ਼ਹਿਰੀ ਲੋਕਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ, ਸ਼ਹਿਰਾਂ ਦੇ ਬਾਰੇ ਕੋਈ ਤਜਵੀਜ਼ ਨਹੀਂ ਹੈ।

ਅੱਜ ਸੀਵਰੇਜ ਦੀ ਗੱਲ ਕੀਤੀ ਗਈ ਹੈ, 100% ਵਾਟਰ ਸਪਲਾਈ ਦੇਣ ਦੀ ਗੱਲ ਕੀਤੀ ਗਈ ਹੈ ਪਰ ਅੱਜ ਮੇਰੇ ਹੁਸ਼ਿਆਰਪੁਰ ਸ਼ਹਿਰ ਵਿੱਚ ਜਾ

ਕੇ ਵੇਖੋ ਤਾਂ ਟੁੱਟੀਆਂ ਹੋਈਆਂ ਗਲੀਆਂ ਉਦਾਂ ਹੀ ਪੁੱਟੀਆਂ ਪਈਆਂ ਹਨ। ਜਿਵੇਂ 100% ਸੀਵਰੇਜ ਦੀ ਗੱਲ ਕੀਤੀ ਗਈ ਸੀ, ਅੱਜ ਤੋਂ ਚਾਰ-ਪੰਜ ਸਾਲ ਪਹਿਲਾਂ 100% ਵਾਟਰ ਸਪਲਾਈ ਦੀ ਗੱਲ ਕੀਤੀ ਗਈ ਸੀ, ਅੱਧੇ ਹੁਸ਼ਿਆਰਪੁਰ ਸ਼ਹਿਰ ਵਿੱਚ ਸੀਵਰੇਜ ਤੇ ਵਾਟਰ ਸਪਲਾਈ ਨਹੀਂ ਹੈ। ਅੱਜ ਅਸੀਂ 100% ਬੁਨਿਆਦੀ ਢਾਂਚੇ ਦੀ ਗੱਲ ਕਰਦੇ ਹਾਂ । ਅੱਜ ਅਸੀਂ 100% ਸੀਵਰੇਜ ਅਤੇ ਵਾਟਰ ਸਪਲਾਈ ਦੀ ਗੱਲ ਕਰਦੇ ਹਾਂ। ਮੈਂ ਕਹਿ ਸਕਦਾ ਹਾਂ ਕਿ ਸਿਵਾਏ ਦਿਲਾਸਿਆਂ ਤੋਂ ਸ਼ਹਿਰੀ ਲੋਕਾਂ ਨੂੰ ਇਸ ਬਜਟ ਵਿੱਚ ਕੁਝ ਨਹੀਂ ਦਿੱਤਾ ਗਿਆ।

ਸਿੱਖਿਆ ਲਈ ਵੀ ਸਰਕਾਰ ਗੰਭੀਰ ਨਹੀਂ ਹੈ। ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਤੇ ਕਾਲਜਾਂ ਦੇ ਅਧਿਆਪਕਾਂ ਤੇ ਪ੍ਰੋਫੈਸਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਕੋਈ ਯੋਜਨਾ ਨਹੀਂ ਹੈ। ਟੀਚਰ ਠੇਕੇ ਤੇ ਭਰਤੀ ਕੀਤੇ ਜਾ ਰਹੇ ਹਨ, 250 ਕਰੋੜ ਰੁਪਏ ਬਜਟ ਵਿੱਚ ਰੱਖੇ ਗਏ ਹਨ ਜੋ ਕਿ ਕਾਫੀ ਨਹੀਂ ਹਨ। ਅਗਰ ਵੇਖਿਆ ਜਾਵੇ ਤਾਂ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਹਾਇਰ ਐਜੂਕੇਸ਼ਨ ਦੀਆਂ ਪੋਸਟਾਂ ਕਾਫ਼ੀ ਖਾਲੀ ਹਨ। ਪੈਰ੍ਹਾ ਨੰ: 71 ਉਚੇਰੀ ਸਿੱਖਿਆ ਨਾਲ ਸਬੰਧਤ ਹੈ, ਇਸ ਵਿੱਚ ਦੋ ਨਵੇਂ ਕਾਲਜ ਬਣਾਉਣ ਦੀ ਗੱਲ ਕੀਤੀ ਹੈ। ਸਹਾਇਤਾ ਪ੍ਰਾਪਤ ਕਾਲਜਾਂ ਵਿੱਚ 25 ਪ੍ਰਿੰਸੀਪਲ ਤੇ ਘੱਟੋ ਘੱਟ ਇੱਕ ਹਜ਼ਾਰ ਪ੍ਰੋਫੈਸਰਾਂ ਦੀ ਪੋਸਟਾਂ ਖਾਲੀ ਪਈਆਂ ਹਨ ਅਤੇ ਸਾਡੇ ਬੱਚਿਆਂ ਨੂੰ ਅੱਛੀ ਐਜੂਕੇਸ਼ਨ ਨਹੀਂ ਮਿਲ ਰਹੀ । ਸਾਲ 2015-16 ਦੌਰਾਨ ਸਹਾਇਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਨੂੰ 250 ਕਰੋੜ ਰੁਪਏ ਦੀਆਂ ਜਾਰੀ ਕੀਤੀਆਂ ਗਰਾਂਟਾਂ ਬਾਰੇ ਤਾਂ ਬਜਟ ਵਿੱਚ ਵਿਖਾ ਦਿੱਤਾ ਗਿਆ ਹੈ ਲੇਕਿਨ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿਛਲੇ 15 ਮਹੀਨਿਆਂ ਤੋਂ ਤਨਖਾਹ ਇਨ੍ਹਾਂ ਕਾਲਜਾਂ ਦੇ ਪ੍ਰੋਫੈਸਰਾਂ ਨੂੰ ਕਿਉਂ ਨਹੀਂ ਦਿੱਤੀ ਗਈ? ਸੀ.ਐਮ.ਸਾਹਿਬ ਵੀ ਇੱਥੇ ਬੈਠੇ ਹਨ। ਪੂਰੇ 15 ਮਹੀਨੇ ਲੰਘ ਗਏ ਹਨ ਪਰ ਇਨ੍ਹਾਂ ਕਾਲਜਾਂ ਦੇ ਪ੍ਰੋਫੈਸਰਾਂ ਨੂੰ ਅਜੇ ਤੱਕ ਤਨਖਾਹ ਨਹੀਂ ਮਿਲੀ।

ਚੇਅਰਮੈਨ ਸਾਹਿਬ, ਇੱਕ ਦਿਨ ਪਹਿਲਾਂ ਇੱਥੇ ਅਵਾਰਾ ਡੰਗਰਾਂ ਅਤੇ ਕੁੱਤਿਆਂ ਬਾਰੇ ਚਰਚਾ ਹੋਈ, ਮੇਰਾ ਖਿਆਲ ਹੈ ਕਿ ਸਾਰਾ ਦਿਨ ਚਰਚਾ ਹੁੰਦੀ ਰਹੀ। ਇਸ ਬਜਟ ਵਿੱਚ ਸ਼ਹਿਰਾਂ ਵਿੱਚ ਗਊਸ਼ਾਲਾ ਬਣਾਉਣ ਦੀ ਗੱਲ ਵੀ ਕੀਤੀ ਗਈ ਹੈ। ਬਹੁਤ ਅੱਛੀ ਗੱਲ ਹੈ ਕਿ ਗਊਸ਼ਾਲਾਵਾਂ ਸ਼ਹਿਰਾਂ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਜੋ ਅਵਾਰਾ ਪਸ਼ੂ ਘੁੰਮਦੇ ਹਨ ਉਨ੍ਹਾਂ ਦੇ ਰੱਖ-ਰਖਾਵ ਦਾ

[ ਸ਼੍ਰੀ ਸੁੰਦਰ ਸ਼ਾਮ ਅਰੋੜਾ ]

ਕੋਈ ਪ੍ਰਬੰਧ ਹੋਣਾ ਚਾਹੀਦਾ ਹੈ ਪਰ ਇਸ ਬਜਟ ਵਿੱਚ ਕਿਤੇ ਵੀ ਇਹ ਵਰਣਨ ਨਹੀਂ ਕੀਤਾ ਗਿਆ ਕਿ ਜੋ ਗਊਸ਼ਾਲਾਵਾਂ ਬਣਨਗੀਆਂ, ਉਨ੍ਹਾਂ ਗਊਸ਼ਾਲਾਵਾਂ ਬਣਾਉਣ ਵਾਸਤੇ ਪੈਸਾ ਕਿੱਥੋਂ ਆਵੇਗਾ? ਗਊਸ਼ਾਲਾ ਬਣਾਉਣ ਵਾਸਤੇ ਜ਼ਮੀਨ ਕਿਥੋਂ ਆਵੇਗੀ? ਇਸ ਦਾ ਕੋਈ ਵਰਣਨ ਨਹੀਂ ਹੈ। ਚਲੋ ਕਿਸੇ ਤਰੀਕੇ ਨਾਲ ਗਊਸ਼ਾਲਾ ਬਣ ਵੀ ਜਾਵੇ ਤਾਂ ਗਊਸ਼ਾਲਾ ਲਈ ਚਾਰਾ ਕਿਥੋਂ ਆਵੇਗਾ, ਉਸ ਦਾ ਵੀ ਕੋਈ ਬਜਟ ਵਿੱਚ ਵਰਣਨ ਨਹੀਂ ਹੈ, ਸਿਰਫ ਇੰਨੀ ਗੱਲ ਕੀਤੀ ਗਈ ਹੈ ਕਿ ਗਊਸ਼ਾਲਾਵਾਂ ਬਣਾ ਦਿੱਤੀਆਂ ਜਾਣਗੀਆਂ । ਅਵਾਰਾ ਪਸ਼ੂਆਂ ਕਾਰਨ ਬਹੁਤ ਨੁਕਸਾਨ ਹੋ ਰਿਹਾ ਹੈ, ਇਨ੍ਹਾਂ ਦਾ ਰੱਖ-ਰਖਾਵ ਕੀਤਾ ਜਾਵੇਗਾ ਲੇਕਿਨ ਬਜਟ ਵਿੱਚ ਇਸ ਲਈ ਕੋਈ ਪੈਸਾ ਨਹੀਂ ਵਿਖਾਇਆ ਗਿਆ ਕਿ ਜੇ ਅਗਰ ਕੋਈ ਗਊਸ਼ਾਲਾ ਬਣਾਉਂਦੇ ਹਾਂ ਤਾਂ ਉਸ ਗਊਸ਼ਾਲਾ ਲਈ ਚਾਰਾ ਕਿੱਥੋਂ ਦਿਉਗੇ, ਉਨ੍ਹਾਂ ਨੂੰ ਖੁਰਾਕ ਕਿਥੋਂ ਦਿਆਂਗੇ, ਇਸ ਚੀਜ਼ ਦਾ ਕੋਈ ਵਰਣਨ ਨਹੀਂ ਹੈ।

ਜੇਕਰ ਮੈਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੱਲ ਕਰਾਂ, ਸੀ.ਐਮ. ਸਾਹਿਬ, ਇਸ ਬਜਟ ਵਿੱਚ ਹੁਸ਼ਿਆਰਪੁਰ ਵਾਸਤੇ ਕਈ ਸਕੀਮਾਂ ਸ਼ੁਰੂ ਕਰਕੇ ਫਾਇਦਾ ਹੋ ਸਕਦਾ ਸੀ। ਹਾਰਟੀਕਲਚਰ ਡਿਵੈਲਪਮੈਂਟ ਬੋਰਡ ਦੀ ਗੱਲ ਕੀਤੀ ਹੈ ਅਗਰ ਇਹ ਹੁਸ਼ਿਆਰਪੁਰ ਵਿੱਚ ਸਥਾਪਤ ਕੀਤਾ ਜਾਵੇ ਤਾਂ ਜ਼ਿਆਦਾ ਵਧੀਆ ਰਹੇਗਾ ਕਿਉਂਕਿ ਉਥੇ ਹਰ ਤਰ੍ਹਾਂ ਦਾ ਫਲ ਹੁੰਦਾ ਹੈ ਅਤੇ ਪੌਣ-ਪਾਣੀ ਵੀ ਇਨ੍ਹਾਂ ਚੀਜ਼ਾਂ ਵਾਸਤੇ ਬਹੁਤ ਵਧੀਆ ਹੈ। ਅਗਰ ਇਹ ਹਾਰਟੀਕਲਚਰ ਬੋਰਡ ਹੁਸ਼ਿਆਰਪੁਰ ਵਿੱਚ ਬਣਾਇਆ ਜਾਵੇ ਤਾਂ ਇਸ ਨਾਲ ਪੰਜਾਬ ਨੂੰ ਬਹੁਤ ਫਾਇਦਾ ਹੋਵੇਗਾ ਪਰੰਤੂ ਇੱਥੇ ਹੁਸ਼ਿਆਰਪੁਰ ਨੂੰ ਅਣਗੌਲਿਆਂ ਕੀਤਾ ਗਿਆ ਹੈ।

ਸੈਰ-ਸਪਾਟੇ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ। ਹੁਸ਼ਿਆਰਪੁਰ ਹਿਮਾਚਲ ਪ੍ਰਦੇਸ਼ ਦਾ ਪ੍ਰਵੇਸ਼ ਦੁਆਰ ਹੈ। ਅਗਰ ਹਿਮਾਚਲ ਪ੍ਰਦੇਸ਼ ਜਾਣਾ ਹੋਵੇ ਜਾਂ ਉਸ ਪਾਸੇ ਕਿਸੇ ਧਾਰਮਿਕ ਜਗ੍ਹਾ ਜਾਣਾ ਹੋਵੇ ਤਾਂ ਹੁਸ਼ਿਆਰਪੁਰ ਵਿੱਚੋਂ ਲੰਘ ਕੇ ਜਾਣਾ ਪੈਂਦਾ ਹੈ। ਹੁਸ਼ਿਆਰਪੁਰ ਵਿੱਚ ਇੰਨੇ ਡੈਮ ਹਨ, ਇੰਨੇ ਪੁਰਾਣੇ ਵਿਰਾਸਤੀ ਕਿਲੇ ਹਨ, ਜੇਕਰ ਬਜਟ ਵਿੱਚ ਉਥੋਂ ਵਾਸਤੇ ਸੈਰ-ਸਪਾਟੇ ਬਾਬਤ ਗੱਲ ਕੀਤੀ ਜਾਂਦੀ ਤਾਂ ਬਹੁਤ ਵਧੀਆ ਗੱਲ ਹੋਣੀ ਸੀ। ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਵੀ ਫਾਇਦਾ ਹੁੰਦਾ ਅਤੇ ਡੈਮ ਵੀ ਵਿਕਸਤ ਹੋ ਜਾਂਦੇ। ਉਥੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਗੱਲ ਹੁੰਦੀ ਜਿਹੜੀ ਕਿ ਬਜਟ ਵਿੱਚ ਅਣਗੌਲਿਆਂ ਕੀਤੀ ਗਈ ਹੈ।

ਚੇਅਰਮੈਨ ਸਾਹਿਬ, ਸੀ.ਐਮ. ਸਾਹਿਬ ਬੈਠੇ ਹਨ। ਮੈਂ ਵਿੱਤ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਇਸ ਗੱਲ ਬਾਰੇ ਜਾਣੂੰ ਕਰਵਾਉਣਾ ਚਾਹੁੰਦਾ ਹਾਂ ਕਿ ਗਰਮੀ ਪੈਂਦੀ ਨੂੰ ਸਿਰਫ਼ ਦੋ ਦਿਨ ਹੋਏ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੂਰੀਆਂ ਗਰਮੀਆਂ ਵਿੱਚ ਰੋਜ਼ ਕਿਸੇ ਨਾ ਕਿਸੇ ਗਲੀ-ਮੁਹੱਲੇ ਵਿੱਚ ਪੀਣ ਵਾਲੇ ਪਾਣੀ ਲਈ ਧਰਨੇ ਲਗਦੇ ਹਨ। ਉਥੇ ਪੀਣ ਵਾਲੇ ਪਾਣੀ ਦੀ ਇੰਨੀ ਭਾਰੀ ਸਮੱਸਿਆ ਹੈ ਕਿ ਲੋਕਾਂ ਨੂੰ ਰੋਜ਼ ਸੜਕਾਂ ਤੇ ਬੈਠਣਾ ਪੈਂਦਾ ਹੈ। ਲੋਕਾਂ ਨੂੰ ਇਹੀ ਫਿਕਰ ਹੁੰਦਾ ਹੈ ਕਿ ਸਵੇਰੇ ਉੱਠ ਕੇ ਚਾਰ ਬਾਲਟੀਆਂ ਪਾਣੀ ਦੀਆਂ ਭਰ ਲਉ ਵਰਨਾ ਸਾਰਾ ਦਿਨ ਪਾਣੀ ਕਿੱਥੋਂ ਪੀਵਾਂਗੇ।

ਜੇਕਰ ਐਜੂਕੇਸ਼ਨ ਖੇਤਰ ਦੀ ਗੱਲ ਕੀਤੀ ਜਾਵੇ, ਯੂ.ਪੀ.ਐਸ.ਸੀ. ਦੇ ਐਗਜ਼ਾਮ ਵਿੱਚ ਹੁਸ਼ਿਆਰਪੁਰ ਦੇ ਬੱਚੇ ਫਸਟ ਆਉਂਦੇ ਹਨ। ਜੂਡੀਸ਼ਰੀ ਦੇ ਐਗਜ਼ਾਮਾਂ ਵਿੱਚ ਵੀ ਹੁਸ਼ਿਆਰਪੁਰ ਦੇ ਬੱਚੇ ਫਸਟ ਆਉਂਦੇ ਹਨ ਮਗਰ ਜਦੋਂ ਡਿਵੈਲਪਮੈਂਟ ਦੀ ਗੱਲ ਕੀਤੀ ਜਾਵੇ, ਕੁਝ ਦੇਣ ਦੀ ਗੱਲ ਕੀਤੀ ਜਾਵੇ ਤਾਂ ਸਾਡਾ ਹੁਸ਼ਿਆਰਪੁਰ ਜ਼ਿਲ੍ਹਾ ਕਿਤੇ ਵੀ ਅੰਕੜਿਆਂ ਵਿੱਚ ਨਹੀਂ ਆਉਂਦਾ। ਸੀ.ਐਮ. ਸਾਹਿਬ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਹੁਸ਼ਿਆਰਪੁਰ ਨੂੰ ਪਛਾਣੋ, ਉਥੋਂ ਕੀ ਕੀ ਫਾਇਦਾ ਲਿਆ ਜਾ ਸਕਦਾ ਹੈ? ਉਥੇ ਸੈਰ-ਸਪਾਟਾ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਉਥੇ ਐਗਰੀਕਲਚਰ ਵਾਲੇ ਖੇਤਰ ਵਿੱਚ ਬੜਾ ਫਾਇਦਾ ਲਿਆ ਜਾ ਸਕਦਾ ਹੈ। ਇਹ ਬਹੁਤ ਵੱਡੀਆਂ ਚੀਜ਼ਾਂ ਹਨ ਅਤੇ ਇਸ ਪਾਸੇ ਡਿਵੈਲਪਮੈਂਟ ਕਰਨ ਦੀ ਲੋੜ ਹੈ। ਉਸ ਇਲਾਕੇ ਨੂੰ ਪਰਖਣ ਦੀ ਲੋੜ ਹੈ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਚਲੇ ਗਏ ਹਨ, ਇਹ ਪਿੱਛੇ ਜਿਹੇ ਹੁਸ਼ਿਆਰਪੁਰ ਹੋ ਕੇ ਆਏ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪੂਰੇ ਹੁਸ਼ਿਆਰਪੁਰ ਦਾ ਜੋ ਹਾਲ ਹੈ, ਤੁਸੀਂ ਸਕੂਟਰ ਤੇ ਬੈਠ ਕੇ ਪੂਰੇ ਹੁਸ਼ਿਆਰਪੁਰ ਦੀ ਗੇੜੀ ਨਹੀਂ ਲਗਾ ਸਕਦੇ, ਉਥੇ ਸੜਕਾਂ ਦਾ ਇੰਨਾ ਮਾੜਾ ਹਾਲ ਹੈ। ਸੜਕਾਂ ਇੰਨੀਆਂ ਟੁੱਟੀਆਂ ਹੋਈਆਂ ਹਨ ਜਦੋਂ ਕਿ ਹਾਲੇ ਬਰਸਾਤਾਂ ਵੀ ਨਹੀਂ ਸ਼ੁਰੂ ਹੋਈਆਂ। ਪਿਛਲੀ ਵਾਰੀ ਮੈਂ ਸੀਵਰੇਜ ਬਾਰੇ ਸਵਾਲ ਕੀਤਾ ਸੀ, ਸੈਂਟਰ ਗੌਰਮਿੰਟ ਦੀ ਮਦਦ ਨਾਲ 112 ਕਰੋੜ ਰੁਪਏ ਦੀ ਸੀਵਰੇਜ ਦੀ ਸਕੀਮ ਚਾਲੂ ਹੋਈ ਸੀ। ਮਾਨਯੋਗ ਮੰਤਰੀ ਠੰਡਲ ਸਾਹਿਬ ਵੀ ਇੱਥੇ ਬੈਠੇ ਹਨ। ਇਹ ਵੀ ਹੁਸ਼ਿਆਰਪੁਰ ਨੂੰ ਬਿਲਾਂਗ ਕਰਦੇ ਹਨ। ਮੈਂ ਸਵਾਲ ਕੀਤਾ ਸੀ ਕਿ ਇਹ ਸੀਵਰੇਜ ਪੈਣ ਦਾ ਕੰਮ ਕਦੋਂ ਪੂਰਾ ਹੋਵੇਗਾ? ਮਾਨਯੋਗ ਮੰਤਰੀ ਸਾਹਿਬ ਨੇ ਜਵਾਬ

[ ਸ਼੍ਰੀ ਸੁੰਦਰ ਸ਼ਾਮ ਅਰੋੜਾ ]

ਦਿੱਤਾ ਸੀ ਕਿ ਹਾਲੇ ਜਗ੍ਹਾ ਪੋਲੀ ਹੈ, ਬਰਸਾਤਾਂ ਤੋਂ ਬਾਅਦ ਸਾਰਾ ਪੂਰਾ ਹੋ ਜਾਵੇਗਾ। ਚੇਅਰਮੈਨ ਸਾਹਿਬ, ਹੁਣ ਤਾਂ 2-3 ਬਰਸਾਤਾਂ ਬੀਤ ਗਈਆਂ ਹਨ। ਸੜਕਾਂ ਉਵੇਂ ਦੀਆਂ ਉਵੇਂ ਹੀ ਪਈਆਂ ਹਨ। ਗਲੀਆਂ ਉਵੇਂ ਦੀਆਂ ਉਵੇਂ ਪਈਆਂ ਹਨ। ਹੁਸ਼ਿਆਰਪੁਰ ਅੰਦਰਲੇ ਇਲਾਕਿਆਂ ਦੇ ਬੜੇ ਅੱਛੇ ਅੱਛੇ ਨਾਂ ਹਨ – ਸੁੰਦਰ ਨਗਰ, ਗੁਰੂ ਰਵਿਦਾਸ ਨਗਰ ਆਦਿ। ਪਰ ਤੁਸੀਂ ਜਾ ਕੇ ਇਨ੍ਹਾਂ ਦੇ ਹਾਲ ਤਾਂ ਦੇਖੋ ਕਿ ਕੀ ਹਨ? ਸੜਕਾਂ ਦਾ ਹਾਲ ਦੇਖੋ, ਪੀਣ ਵਾਲੇ ਪਾਣੀ ਦਾ ਹਾਲ ਦੇਖੋ, ਅਵਾਰਾ ਘੁੰਮਦੇ ਪਸ਼ੂ ਦੇਖੋ।

ਸੀ.ਐਮ. ਸਾਹਿਬ, ਤੁਸੀਂ ਹੁਸ਼ਿਆਰਪੁਰ ਬਹੁਤ ਜਾਂਦੇ ਹੋ। ਤੁਸੀਂ ਉਥੋਂ ਦੇ ਲੋਕਾਂ ਨੂੰ ਪੁੱਛ ਕੇ ਦੇਖੋ ਕਿ ਉਹ ਆਪਣੀ ਜ਼ਿੰਦਗੀ ਕਿਸ ਤਰ੍ਹਾਂ ਬਤੀਤ ਕਰਦੇ ਹਨ। ਹੁਸ਼ਿਆਰਪੁਰ ਨੂੰ ਮਿੰਨੀ ਕਾਸ਼ੀ ਕਿਹਾ ਜਾਂਦਾ ਹੈ। ਉਥੇ ਬੜੇ ਪਵਿੱਤਰ ਮੇਲੇ ਲਗਦੇ ਹਨ। ਹੁਣ ਨਰਾਤੇ ਚੱਲ ਰਹੇ ਹਨ ਅਤੇ ਲੋਕ ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਨੂੰ ਪੈਦਲ ਚੱਲ ਕੇ ਜਾਂਦੇ ਹਨ। ਲੇਕਿਨ ਜਦੋਂ ਨੰਗੇ ਪੈਰੀਂ ਹੁਸ਼ਿਆਰਪੁਰ ਦੇ ਬਜ਼ਾਰਾਂ ਵਿੱਚੋਂ ਲੰਘਦੇ ਹਨ, ਉਨ੍ਹਾਂ ਦੇ ਪੈਰ ਸੁੱਜ ਜਾਂਦੇ ਹਨ, ਛਿੱਲੇ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਇੱਕ ਇੱਕ ਫੁੱਟ ਡੂੰਘੇ ਟੋਇਆਂ ਵਿੱਚੋਂ ਲੰਘਣਾ ਪੈਂਦਾ ਹੈ। ਉਥੇ ਉਹੀ ਬੰਦੇ ਠੇਕੇਦਾਰ ਹਨ, ਜਿਹੜੇ ਹਲਕਾ ਇੰਚਾਰਜ ਦੇ ਵਰਕਰ ਹਨ। ਉਥੇ ਉਨ੍ਹਾਂ ਨੂੰ ਹੀ ਕੰਮ ਮਿਲਦੇ ਹਨ, ਹੋਰ ਕੋਈ ਠੇਕੇਦਾਰ ਨਹੀਂ ਹੈ। ਫੇਰ ਤੁਸੀਂ ਦੇਖ ਲਉ ਕਿ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ। ਇਹ ਦੇਖਣ ਵਾਲੀ ਗੱਲ ਹੈ। ਸੀ.ਐਮ. ਸਾਹਿਬ, ਇਸ ਦੀ ਜਾਂਚ ਕਰਾਉ। ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦੇ ਨਾਲ ਹੁਸ਼ਿਆਰਪੁਰ ਵਿੱਚ ਡਿਵੈਲਪਮੈਂਟ ਕਿਉਂ ਨਹੀਂ ਹੁੰਦੀ? ਉਹ ਸੜਕਾਂ ਕਿਉਂ ਨਹੀਂ ਬਣਦੀਆਂ? ਉਥੇ ਪਾਣੀ ਦਾ ਇੰਤਜ਼ਾਮ ਕਿਉਂ ਨਹੀਂ ਹੁੰਦਾ? ਸੀਵਰੇਜ ਸਮੱਸਿਆ ਹਾਲੇ ਤੱਕ 100% ਪੈਂਡਿੰਗ ਕਿਉਂ ਹੈ? ਇਹ ਸਾਰਾ ਕੁਝ ਦੇਖਣ ਦੀ ਲੋੜ ਹੈ। ਅੱਜ ਅਸੀਂ ਗੰਦਗੀ ਦੇ ਢੇਰ ਤੇ ਰਹਿ ਰਹੇ ਹਾਂ।

ਚੇਅਰਮੈਨ ਸਾਹਿਬ, ਹੁਸ਼ਿਆਰਪੁਰ ਕਾਰਪੋਰੇਸ਼ਨ ਬਣਾ ਦਿੱਤੀ ਗਈ ਲੇਕਿਨ ਕੁਝ ਨਹੀਂ ਦਿੱਤਾ ਗਿਆ। ਸਿਰਫ਼ ਨਾਂ ਦੀ ਕਾਰਪੋਰੇਸ਼ਨ ਬਣਾਈ ਗਈ ਹੈ। 31 ਕੌਂਸਲਰ ਤੋਂ ਵਧਾ ਕੇ 50 ਕਰ ਦਿੱਤੇ ਗਏ। ਜਿੰਨੀ ਸਾਡੀ ਸ਼ਰਾਬ ਅਤੇ ਬਿਜਲੀ ਦੀ ਔਕਟਰਾਇ ਹੈ, ਅਗਰ ਉਹ ਹੀ ਸਾਨੂੰ ਸਹੀ ਮਿਲ ਜਾਵੇ ਤਾਂ ਵੀ ਹੁਸ਼ਿਆਰਪੁਰ ਦਾ ਵਿਕਾਸ ਹੋ ਸਕਦਾ ਹੈ। ਲੇਕਿਨ ਉਹ ਵੀ ਸਾਨੂੰ ਮਿਲਦੀ ਨਹੀਂ। ਲੇਕਿਨ ਅੱਜ ਇੱਕ ਧਾਰਮਿਕ ਸ਼ਹਿਰ ਦੇ ਹੁੰਦੇ ਹੋਏ, ਜਿਸ ਨੂੰ ਮਿੰਨੀ

ਕਾਸ਼ੀ ਕਿਹਾ ਜਾਂਦਾ ਹੈ, ਪੜ੍ਹੇ ਲਿਖਿਆਂ ਦਾ ਸ਼ਹਿਰ ਹੋਣ ਨਾਤੇ, ਬੜੇ ਬੜੇ ਇਤਿਹਾਸ ਬਣਾਏ, ਬੜੇ ਬੜੇ ਕਾਰਨਾਮੇ ਉਥੋਂ ਦੇ ਲੋਕਾਂ ਨੇ ਕੀਤੇ ਹਨ ਲੇਕਿਨ ਇਸ ਦੇ ਬਾਵਜੂਦ ਸਾਡੇ ਉਥੇ ਸਫਾਈ ਸੇਵਕਾਂ ਦੀ ਘਾਟ ਹੈ। ਉਥੇ ਸਫਾਈ ਸੇਵਕ ਨਹੀਂ ਹਨ। ਮੇਰੇ ਤੋਂ ਪਹਿਲਾਂ ਛੋਟੀ ਇੰਡਸਟਰੀ ਬਾਰੇ ਬੈਂਸ ਸਾਹਿਬ ਬੋਲ ਕੇ ਗਏ ਹਨ। ਮੈਂ ਉਸ ਗੱਲ ਨੂੰ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ।

**ਸ਼੍ਰੀ ਸਭਾਪਤੀ :** ਸਮਾਪਤੀ ਕਰੋ ਜੀ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਚੇਅਰਮੈਨ ਸਾਹਿਬ, ਬਸ, ਮੈਂ ਕਰ ਰਿਹਾ ਹਾਂ ਜੀ। ਉਥੇ ਸਫਾਈ ਦਾ ਬੁਰਾ ਹਾਲ ਹੈ। ਮੈਂ ਬਜਟ ਵਿੱਚ ਦੇਖਿਆ ਹੈ ਕਿ ਖੁਦਕਸ਼ੀਆਂ ਕਰ ਰਹੇ ਕਿਸਾਨਾਂ ਦੇ ਪਰਿਵਾਰਾਂ ਵਾਸਤੇ ਪੈਸੇ ਰੱਖੇ ਗਏ ਹਨ। ਇਹ ਨਹੀਂ ਕਿਹਾ ਗਿਆ ਕਿ ਖੁਦਕਸ਼ੀਆਂ ਰੋਕਣੀਆਂ ਹਨ। ਜੇ ਖੁਦਕਸ਼ੀਆਂ ਰੋਕਣ ਬਾਰੇ ਕਿਹਾ ਜਾਂਦਾ ਤਾਂ ਜ਼ਿਆਦਾ ਅੱਛੀ ਗੱਲ ਹੋਣੀ ਸੀ। ਮੇਰੇ ਸੀਨੀਅਰ ਮੈਂਬਰ ਸਰਦਾਰ ਲਾਲ ਸਿੰਘ ਜੀ ਇੱਥੇ ਬੈਠੇ ਹਨ, 20 ਕਰੋੜ ਰੁਪਿਆ ਖੁਦਕਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ ਰੱਖਿਆ ਗਿਆ ਲਿਖਿਆ ਹੋਇਆ ਹੈ, ਮੈਂ ਰਾਤ ਇਸ ਨੂੰ ਪੜ੍ਹ ਰਿਹਾ ਸੀ। ਜੇ ਖੁਦਕਸ਼ੀਆਂ ਰੋਕਣ ਲਈ ਪੈਸਾ ਰੱਖਿਆ ਜਾਂਦਾ ਤਾਂ ਕਿੰਨੀ ਵਧੀਆ ਗੱਲ ਸੀ। ਆਪਾਂ ਬੜੀਆਂ ਵੱਡੀਆਂ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਹਾਂ। ਸੀ.ਐਮ. ਸਾਹਿਬ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਹੁਸ਼ਿਆਰਪੁਰ ਸ਼ਹਿਰ ਤੇ ਕੋਈ ਕਿਰਪਾ ਕਰੋ। ਸਾਡੇ ਤੇ ਕਿਰਪਾ ਕਰੋ। ਵਿੱਤ ਮੰਤਰੀ ਸਾਹਿਬ ਕਿਤੇ ਹੁਸ਼ਿਆਰਪੁਰ ਆਉ, ਤੁਹਾਨੂੰ ਦਿਖਾਈਏ। ਠੰਡਲ ਸਾਹਿਬ, ਸਾਡੇ ਤੇ ਕਿਰਪਾ ਕਰੋ ਅਤੇ ਸਾਡੀ ਸਿਫਾਰਸ਼ ਕਰੋ।

**ਜੇਲ੍ਹਾਂ, ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ):** ਚੇਅਰਮੈਨ ਸਾਹਿਬ, ਮੈਂ ਬੋਲਣਾ ਤਾਂ ਨਹੀਂ ਚਾਹੁੰਦਾ ਸੀ ਕਿਉਂਕਿ ਇਹ ਬੜੇ ਸਤਿਕਾਰਯੋਗ ਮੈਂਬਰ ਹਨ। ਇਹ ਜ਼ਿਲ੍ਹੇ ਦੀ ਗੱਲ ਕਰ ਰਹੇ ਸੀ, ਹਲਕੇ ਦੀ ਗੱਲ ਵੀ ਕਰਨੀ ਬਣਦੀ ਹੈ। ਪਰ ਕੁਝ ਗੱਲਾਂ ਇਹੋ ਜਿਹੀਆਂ ਹਨ ਜਿਹੜੀਆਂ ਪਿਛਲੇ ਸਮੇਂ ਦੌਰਾਨ ਹੁਸ਼ਿਆਰਪੁਰ ਵਿੱਚ ਹੋਈਆਂ ਹਨ, ਉਨ੍ਹਾਂ ਦਾ ਕਿਤੇ ਇਨ੍ਹਾਂ ਵੱਲੋਂ ਜ਼ਿਕਰ ਨਹੀਂ ਕੀਤਾ ਗਿਆ। ਇਹ ਆਪ ਮਾਰਕੀਟ ਕਮੇਟੀ ਦੇ ਚੇਅਰਮੈਨ ਵੀ ਰਹੇ, ਇਨ੍ਹਾਂ ਦੀ ਸਰਕਾਰ ਵੀ ਰਹੀ।ਪਰ

ਜੇ ਹੁਸ਼ਿਆਰਪੁਰ ਵਿੱਚ ਬੱਸ ਸਟੈਂਡ ਬਣਾਇਆ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੇ ਬਣਾਇਆ (ਥੰਪਿੰਗ) ਜੇ ਹੁਸ਼ਿਆਰਪੁਰ ਵਿੱਚ ਭੰਗੀ ਚੋਅ ਦਾ ਪੁਲ ਬਣਾਇਆ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੇ ਬਣਾਇਆ। ਮਿੰਨੀ ਸੈਕਟਰੀਏਟ ਵੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬਣਾਇਆ। ਸੀਵਰੇਜ ਹਾਲੇ ਅਧੂਰਾ ਪਿਆ ਹੈ, ਮੈਂ ਇਸ ਗੱਲ ਨੂੰ ਮੰਨਦਾ ਹਾਂ, ਬਰਸਾਤਾਂ ਵਿੱਚ ਆ ਗਈਆਂ ਸੀ। ਪਿਛਲੇ ਸਮੇਂ ਦੌਰਾਨ ਸਭ ਤੋਂ ਪਹਿਲਾਂ ਹੁਸ਼ਿਆਰਪੁਰ ਵਿੱਚ ਸੀਵਰੇਜ ਸਿਸਟਮ ਸ਼ੁਰੂ ਹੋਇਆ ਸੀ। ਕਾਰਪੋਰੇਸ਼ਨ ਭਾਵੇਂ ਬਾਅਦ ਵਿੱਚ ਬਣੀ ਹੈ ਪਰ ਕਾਰਪੋਰੇਸ਼ਨ ਦਾ ਸਭ ਤੋਂ ਵਧੀਆ ਆਫਿਸ ਹੁਸ਼ਿਆਰਪੁਰ ਵਿੱਚ ਬਣਾ ਕੇ ਦਿੱਤਾ ਹੈ। ਗੁਰੂ ਰਵੀਦਾਸ ਜੀ ਯੂਨੀਵਰਸਿਟੀ ਵੀ ਹੁਸ਼ਿਆਰਪੁਰ ਵਿੱਚ ਬਾਦਲ ਸਾਹਿਬ ਨੇ ਬਣਾ ਕੇ ਦਿੱਤੀ ਹੈ। (ਵਿਘਨ)(ਸ਼ੋਰ) ਇੱਕ ਮਿੰਟ ਸੁਣ ਲਵੋ। ਮੈਂ ਕੋਈ ਗਲਤ ਤਾਂ ਦੱਸ ਨਹੀਂ ਰਿਹਾ। ਹੁਣ ਖੁਰਾਲਗੜ੍ਹ ਵਿੱਚ ਗੁਰੂ ਰਵੀਦਾਸ ਜੀ ਦੀ ਯਾਦਗਾਰ ਬਣ ਰਹੀ ਹੈ। ਮੈਂ ਉਨ੍ਹਾਂ ਗੱਲਾਂ ਦਾ ਜ਼ਿਕਰ ਕਰ ਰਿਹਾ ਹਾਂ, ਜਿਹੜੀਆਂ ਅਸੀਂ ਕੀਤੀਆਂ ਹਨ, ਜਿਹੜੀਆਂ ਨਹੀਂ ਕੀਤੀਆਂ, ਉਨ੍ਹਾਂ ਦਾ ਜ਼ਿਕਰ ਮੈਂ ਨਹੀਂ ਕਰ ਰਿਹਾ।

**ਸ਼੍ਰੀ ਸਭਾਪਤੀ :** ਠੰਡਲ ਸਾਹਿਬ, ਬੈਠੋ। ਤੁਹਾਡੀ ਗੱਲ ਆ ਗਈ ਹੈ। ਸੁੰਦਰ ਸ਼ਾਮ ਅਰੋੜਾ ਜੀ।

**ਜੇਲ੍ਹਾਂ, ਸੈਰ-ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਤੇ ਅਜਾਇਬ ਘਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ :** ਸੋ, ਇਸ ਕਰਕੇ ਜਦੋਂ ਇਨ੍ਹਾਂ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ, ਇੱਕ ਸੜਕ ਬਣੀ ਸੀ, ਉਸ ਤੇ ਸਾਨੂੰ ਪੰਜ ਟੋਲ ਟੈਕਸ ਲੱਗਦੇ ਹਨ। ਇਸ ਵੇਲੇ ਫਗਵਾੜਾ ਹੁਸ਼ਿਆਰਪੁਰ ਸੜਕ ਬਣ ਰਹੀ ਹੈ, ਉਸ ਤੇ ਕੋਈ ਟੋਲ ਨਹੀਂ ਲਗਣਾ। ਜਲੰਧਰ ਹੁਸ਼ਿਆਰਪੁਰ ਸੜਕ ਬਣ ਰਹੀ ਹੈ, ਕੋਈ ਟੋਲ ਨਹੀਂ ਹੈ। ਜਿੰਨੀਆਂ ਸੜਕਾਂ ਬਣ ਰਹੀਆਂ ਹਨ, ਵਧੀਆ ਬਣ ਰਹੀਆਂ ਹਨ...(ਵਿਘਨ) ਜਿਹੜੇ ਕੰਮ ਹੋਏ ਹਨ, ਮੈਂਬਰ ਸਾਹਿਬ ਉਨ੍ਹਾਂ ਦਾ ਜ਼ਿਕਰ ਨਹੀਂ ਕਰ ਰਹੇ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਚੇਅਰਮੈਨ ਸਾਹਿਬ, ਇਹ ਪੁਆਇੰਟ ਆਫ ਆਰਡਰ ਤੇ ਹਨ। ਸਰ, ਮੈਂ ਇੱਕ ਮਿੰਟ ਵਿੱਚ ਆਪਣੀ ਗੱਲ ਪੂਰੀ ਕਰ ਰਿਹਾ ਹਾਂ ਜੀ। ਮੰਤਰੀ ਸਾਹਿਬ ਨੂੰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਚੰਡੀਗੜ੍ਹ ਤੋਂ

ਹੁਸ਼ਿਆਰਪੁਰ ਵਿੱਚ ਆਉਣਾ ਹੋਵੇ ਤਾਂ ਨਾਕੇ ਕਿੰਨੇ ਲਗਦੇ ਹਨ?

**ਸ਼੍ਰੀ ਸਭਾਪਤੀ :** ਉੱਧਰ ਪੁੱਛਣ ਦੀ ਲੋੜ ਨਹੀਂ ਹੈ। ਤੁਸੀਂ ਇੱਧਰ ਗੱਲ ਕਰੋ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਚੇਅਰਮੈਨ ਸਾਹਿਬ, ਟੋਲ ਪਲਾਜ਼ੇ ਕਿੰਨੇ ਹਨ ਜੀ? ਤੇਲ ਦੇ ਕਾਫੀ ਪੈਸੇ ਇਨ੍ਹਾਂ ਟੋਲ ਪਲਾਜ਼ਿਆਂ ਤੇ ਲਗ ਜਾਂਦੇ ਹਨ। ਸੋ, ਮੈਂ ਬੇਨਤੀ ਕਰ ਰਿਹਾ ਹਾਂ, ਮੈਂ ਆਪਣੀ ਗੱਲ ਸਮਾਪਤ ਕਰ ਰਿਹਾ ਹਾਂ। ਮੈਂ ਅੱਜ ਸ਼ਹਿਰਾਂ ਦਾ ਜੋ ਹਾਲ ਹੈ, ਉਸ ਬਾਰੇ ਗੱਲ ਰਿਹਾ ਸੀ । ਮੇਰੇ ਲੀਡਰ ਜਾਖੜ ਸਾਹਿਬ ਇੱਥੇ ਬੈਠੇ ਹਨ। 70% ਲੋਕ ਸ਼ਹਿਰਾਂ ਦੇ ਬੀ.ਪੀ. ਤੇ ਸ਼ੂਗਰ ਦੇ ਮਰੀਜ਼ ਹਨ। ਭਾਵੇਂ ਇਸ ਦਾ ਸਰਵੇ ਕਰਵਾ ਲਉ ਤੇ ਕੋਈ ਕਮੇਟੀ ਬਿਠਾ ਦਿਉ। ਵਪਾਰੀ ਮਾਨਸਿਕ ਤੌਰ ਤੇ ਪਰੇਸ਼ਾਨ ਹਨ। ਵਿੱਤ ਮੰਤਰੀ ਸਾਹਿਬ ਇਸ ਬਾਰੇ ਕਮੇਟੀ ਬਿਠਾ ਕੇ ਚੈੱਕ ਕਰਵਾ ਲਵੋ। ਅਗਰ ਮੇਰੀ ਗੱਲ ਗਲਤ ਹੋਵੇ ਤਾਂ ਕਹਿਣਾ। ਮਾਨਸਿਕ ਤੌਰ ਤੇ ਵਪਾਰੀ ਲੋਕ ਕਿੰਨੇ ਪਰੇਸ਼ਾਨ ਹਨ, ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। (ਵਿਘਨ) ਮੈਂ ਗੱਲ ਰਿਹਾ ਸੀ

**ਸ਼੍ਰੀ ਸਭਾਪਤੀ :** ਅਰੋੜਾ ਸਾਹਿਬ, ਸਮਾਪਤੀ ਕਰੋ।

**ਸ਼੍ਰੀ ਸੁੰਦਰ ਸ਼ਾਮ ਅਰੋੜਾ :** ਸ਼ਹਿਰਾਂ ਵਿੱਚ ਪ੍ਰਾਪਰਟੀ ਟੈਕਸ ਲੱਗਿਆ ਹੋਇਆ ਹੈ। ਸ਼ਹਿਰਾਂ ਵਿੱਚ ਦੁਨੀਆਂ ਭਰ ਦੇ ਟੈਕਸ ਲਗੇ ਹੋਏ ਹਨ। ਮੈਨੂੰ ਆਪਣੇ ਸ਼ਹਿਰ ਦੀ ਗੱਲ ਕਰਨ ਲਈ ਮੇਰੀ ਆਪਣੀ ਪਾਰਟੀ ਅਤੇ ਚੇਅਰਮੈਨ ਸਾਹਿਬ ਨੇ ਸਮਾਂ ਦਿੱਤਾ ਹੈ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ। (ਆਪੋਜੀਸ਼ਨ ਵੱਲੋਂ ਥੰਪਿੰਗ)

**ਸ਼੍ਰੀ ਸਭਾਪਤੀ :** ਸ਼੍ਰੀ ਕੇ.ਡੀ. ਭੰਡਾਰੀ, ਤੁਹਾਡੇ ਕੋਲ 8-10 ਮਿੰਟ ਹਨ।

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ.ਡੀ.ਭੰਡਾਰੀ) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਅੰਕੜਿਆਂ ਵਿੱਚ ਨਹੀਂ ਪੈਣਾ, ਮੈਂ ਬਜਟ ਤੇ ਕੁਝ ਸੁਝਾਅ ਦੇਣੇ ਹਨ ਅਤੇ ਮੇਰੀਆਂ ਕੁਝ ਮੰਗਾਂ ਹਨ। ਮੈਂ ਜਲੰਧਰ ਸ਼ਹਿਰ ਨਾਲ ਸਬੰਧਤ ਹਾਂ। ਇਹ ਇੱਕ ਇੰਡਸਟਰੀਅਲ ਟਾਊਨ ਹੈ। ਜਿਵੇਂ ਮੇਰੇ ਵੀਰ ਬੈਂਸ ਸਾਹਿਬ ਅਤੇ ਅਰੋੜਾ ਜੀ ਨੇ ਗੱਲ ਕੀਤੀ ਹੈ, ਮੈਂ ਵੀ ਇੰਡਸਟਰੀ ਬਾਰੇ ਗੱਲ ਕਰਾਂਗਾ। ਅੱਜ ਇੰਡਸਟਰੀ ਫੋਕਲ ਪੁਆਇੰਟਾਂ ਦੇ ਰੱਖ-ਰੱਖਾਵ

[ ਮੁੱਖ ਸੰਸਦੀ ਸਕੱਤਰ, ਸਹਿਕਾਰਤਾ ]

ਵਾਸਤੇ ਵਿੱਤ ਮੰਤਰੀ ਜੀ ਨੇ ਸਿਰਫ 10 ਕਰੋੜ ਰੁਪਿਆ ਰੱਖਿਆ ਹੈ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿੱਚ ਜਿਹੜਾ ਵੀ ਇੰਡਸਟਰੀਅਲ ਟਾਊਨ ਹੈ, ਚਾਹੇ ਉਹ ਲੁਧਿਆਣਾ ਹੈ, ਜਲੰਧਰ ਹੈ, ਅੰਮ੍ਰਿਤਸਰ ਹੈ, ਪਟਿਆਲਾ ਹੈ, ਫਗਵਾੜਾ ਜਾਂ ਹੁਸ਼ਿਆਰਪੁਰ ਹੈ, ਇਨ੍ਹਾਂ ਵਿੱਚ ਇੰਡਸਟਰੀ ਫੋਕਲ ਪੁਆਇੰਟਾਂ ਵਿੱਚ ਬਣੀ ਹੈ। ਪਰ ਅੱਜ ਫੋਕਲ ਪੁਆਇੰਟਾਂ ਦੇ ਹਾਲਾਤ ਖਰਾਬ ਹਨ। ਚਾਹੇ ਮੈਂ ਸਰਕਾਰ ਦਾ ਪਾਰਟ ਐਂਡ ਪਾਰਸਲ ਹਾਂ ਪਰ ਜਿਹੜੀ ਗੱਲ ਲੋਕਾਂ ਦੀ ਹੈ, ਉਹ ਮੈਂ ਜ਼ਰੂਰ ਰੱਖਾਂਗਾ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਤੁਸੀਂ ਇਹ 10 ਕਰੋੜ ਰੁਪਏ ਰੱਖੇ ਹਨ, ਇਸ ਵਾਸਤੇ ਘੱਟੋ ਘੱਟ 100 ਕਰੋੜ ਰੁਪਿਆ ਰੱਖਿਆ ਜਾਣਾ ਚਾਹੀਦਾ ਸੀ (ਥੰਪਿੰਗ) ਕਿਉਂਕਿ ਜੇਕਰ ਅੱਜ ਅਸੀਂ 20 ਹਜ਼ਾਰ ਕਰੋੜ ਰੁਪਿਆ ਇਕੱਠਾ ਕਰਦੇ ਹਾਂ ਤਾਂ ਇਹ ਸਾਰਾ ਕਿਸਾਨੀ ਤੋਂ ਨਹੀਂ ਮਿਲਦਾ। ਇਥੇ ਡਾਈਵਰਸੀਫਿਕੇਸ਼ਨ ਦੀ ਗੱਲ ਵੀ ਹੋਈ ਹੈ, ਸੀਡ ਦੀ ਗੱਲ ਹੋਈ ਹੈ। ਪਰ ਅੱਜ ਪੰਜਾਬ ਸਟੇਟ ਕੇਵਲ ਉਦਯੋਗ ਅਤੇ ਵਪਾਰ ਦੇ ਸਿਰ ਤੇ ਚੱਲ ਰਹੀ ਹੈ। ਅਫਸੋਸ ਦੀ ਗੱਲ ਹੈ ਕਿ ਅੱਜ ਅਫਸਰ ਸਾਡੇ ਵਪਾਰੀਆਂ ਨੂੰ ਭੈੜੀ ਨਿਗਾਹ ਨਾਲ ਵੇਖਦੇ ਹਨ। ਬੋਗਸ ਬਿਲਿੰਗ 4-5 ਫੀਸਦੀ ਲੋਕ ਕਰਦੇ ਹਨ ਪਰ 90 ਫੀਸਦੀ ਲੋਕਾਂ ਨੂੰ ਸਾਡੇ ਅਫਸਰ ਸਾਹਿਬਾਨ ਬਹੁਤ ਮਾੜੀ ਨਿਗਾਹ ਨਾਲ ਦੇਖਦੇ ਹਨ ਅਤੇ ਉਨ੍ਹਾਂ ਦੇ ਹੱਕਾਂ ਤੋਂ ਉਨ੍ਹਾਂ ਨੂੰ ਵੰਚਿਤ ਰੱਖਿਆ ਜਾਂਦਾ ਹੈ। ਵੈਟ ਰਿਫੰਡ ਦੀ ਗੱਲ ਕਰੀਏ ਤਾਂ ਅੱਜ ਵਪਾਰੀਆਂ ਦਾ ਕਰੋੜਾਂ ਰੁਪਿਆ ਵੈਟ ਰਿੰਫਡ ਦਾ ਫਸਿਆ ਹੋਇਆ ਹੈ, ਜਿਹੜਾ ਕਿ ਉਨ੍ਹਾਂ ਦਾ ਹੱਕ ਬਣਦਾ ਹੈ, ਲੇਕਿਨ ਕੁਝ ਲੋਕਾਂ ਨੇ ਬੋਗਸ ਬਿਲਿੰਗ ਕੀਤੀ ਹੈ, ਜਿਸ ਕਾਰਨ 90 ਫੀਸਦੀ ਲੋਕ ਇਸ ਦਾ ਸਿੱਟਾ ਭੁਗਤ ਰਹੇ ਹਨ। ਜਿਵੇਂ ਬੈਂਸ ਸਾਹਿਬ ਨੇ ਕਿਹਾ ਹੈ ਕਿ ਚਾਰ ਸਟੇਜਾਂ ਤੱਕ ਇਸ ਦੀ ਇਨਕੁਆਰੀ ਹੁੰਦੀ ਹੈ। ਜਿਵੇਂ ਮੈਂ ਸਿੱਧੂ ਸਾਹਿਬ ਤੋਂ ਮਾਲ ਖਰੀਦਿਆ ਅਤੇ ਇਨ੍ਹਾਂ ਨੇ ਅੱਗੋਂ ਖਰੀਦਿਆ, ਸੋ, ਮੈਨੂੰ ਕੀ ਪਤਾ ਕਿ ਇਨ੍ਹਾਂ ਨੇ ਮਾਲ ਸਹੀ ਖਰੀਦਿਆ ਹੈ ਜਾਂ ਗਲਤ। ਡਿਪਟੀ ਸੀ.ਐਮ. ਸਾਹਿਬ ਇੱਥੇ ਬੈਠੇ ਨਹੀਂ ਹਨ, ਅਸੀਂ ਬੜੀ ਵਾਰੀ ਵਪਾਰੀਆਂ ਨਾਲ ਇਨ੍ਹਾਂ ਕੋਲ ਗਏ ਹਾਂ ਕਿ ਸਾਡੇ ਵਪਾਰੀਆਂ ਦੀ ਇਹ ਬਹੁਤ ਵੱਡੀ ਸਮੱਸਿਆ ਹੈ, ਜਿਹੜੀ ਕਿ ਸਰਕਾਰ ਦੇ ਖਿਲਾਫ ਜਾ ਰਹੀ ਹੈ। ਇਸ ਕਰਕੇ ਇਸ ਚੀਜ਼ ਤੇ ਸਾਨੂੰ ਜ਼ਰੂਰ ਗੌਰ ਕਰਨਾ ਚਾਹੀਦਾ ਹੈ। ਜਲੰਧਰ ਸ਼ਹਿਰ ਹੈਂਡ ਟੂਲ ਦੀ ਬਹੁਤ ਵੱਡੀ ਮੰਡੀ ਹੈ। ਵਿਸ਼ਵ ਭਰ ਵਿੱਚ ਜਲੰਧਰ ਤੋਂ ਹੈਂਡ ਟੂਲ ਸਪਲਾਈ ਹੁੰਦਾ ਹੈ। ਹੈਂਡ ਟੂਲ ਕਲੱਸਟਰ ਵਾਸਤੇ

ਪਿਛਲੀ ਸਰਕਾਰ ਵੇਲੇ ਇੱਕ ਪਰਪੋਜ਼ਲ ਵੀ ਆਈ ਸੀ ਲੇਕਿਨ ਕੁਝ ਕਾਰਨਾਂ ਕਰਕੇ ਉਹ ਹੈਂਡ ਟੂਲ ਕਲੱਸਟਰ ਉਥੇ ਨਹੀਂ ਲੱਗ ਸਕਿਆ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਕੇਂਦਰ ਸਰਕਾਰ ਨਾਲ ਦੁਬਾਰਾ ਤੋਂ ਟਾਈਅੱਪ ਕਰਕੇ ਇਹ ਕਲੱਸਟਰ ਲੈ ਕੇ ਆਈਏ ਤਾਂ ਜੋ ਜਲੰਧਰ ਸ਼ਹਿਰ ਦੀ ਇੰਡਸਟਰੀ ਨੂੰ ਹੋਰ ਬੜਾਵਾ ਮਿਲੇ।

*5.57 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਜਲੰਧਰ ਸ਼ਹਿਰ ਵਿੱਚ ਸਪੋਰਟਸ ਦੀ ਬਹੁਤ ਵੱਡੀ ਮੰਡੀ ਹੈ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਦੀ ਪਾਲਿਸੀ ਕਾਰਨ ਸਾਡੀ ਇੰਡਸਟਰੀ ਯੂ.ਪੀ. ਵਿੱਚ ਜਾ ਰਹੀ ਹੈ। ਅੱਜ ਜਿਨ੍ਹਾਂ ਵੀ ਕ੍ਰਿਕਟ ਦੇ ਬੈਟ ਦਾ ਕੰਮ ਹੈ ਉਹ ਮੇਰਠ ਵਿੱਚ ਹੋ ਰਿਹਾ ਹੈ, ਉਹ ਕਸ਼ਮੀਰੀ ਲੱਕੜ ਨਾਲ ਬਣਦੀ ਹੈ ਪਰ ਕਿਉਂਕ ਜਿਹੜੀ ਕਸ਼ਮੀਰ ਦੀ ਲੱਕੜ ਹੈ, ਉਹ ਕਸ਼ਮੀਰ ਦੀ ਸਰਕਾਰ ਨੇ ਪੰਜਾਬ ਲਿਆਉਣ ਵਾਸਤੇ ਬੈਨ ਕੀਤੀ ਹੋਈ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਉਥੋਂ ਦੀ ਸਰਕਾਰ ਨਾਲ ਗੱਲਬਾਤ ਕਰੀਏ ਅਤੇ ਪੰਜਾਬ ਵਿੱਚ ਕਸ਼ਮੀਰੀ ਲੱਕੜ ਪ੍ਰੋਵਾਈਡ ਕਰਵਾਈਏ। ਇਸ ਤੋਂ ਇਲਾਵਾ ਇਥੇ 4 ਫੀਸਦੀ ਵੈਟ ਲੱਗਦਾ ਹੈ ਜਦੋਂ ਕਿ ਮੇਰਠ ਵਿੱਚ ਕੋਈ ਵੈਟ ਨਹੀਂ ਹੈ। ਇਸ ਕਰਕੇ ਲੋਕ ਸਾਰੀ ਪਰਚੇਜ਼ ਮੇਰਠ ਤੋਂ ਕਰ ਰਹੇ ਹਨ, ਜਿਸ ਕਾਰਨ ਸਾਡੀ ਪੰਜਾਬ ਦੀ ਇੰਡਸਟਰੀ ਮਰ ਰਹੀ ਹੈ। ਜਿਹੜੀ ਮਾਈਕਰੋ ਇੰਡਸਟਰੀ ਹੈ। ਘਰਾਂ-ਘਰਾਂ ਵਿੱਚ ਲੋਕਾਂ ਨੇ ਮਾਈਕਰੋ ਇੰਡਸਟਰੀ ਖੋਲ੍ਹੀ ਹੈ, ਕੋਈ ਚਿੜੀ ਬਣਾਉਂਦਾ ਹੈ, ਕੋਈ ਛਿੱਕਾ ਬਣਾਉਂਦਾ ਹੈ, ਕੋਈ ਫੁਟਬਾਲ ਸੀਂਦਾ ਹੈ। ਇਸ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ। ਲੇਕਿਨ ਸਾਡੀ ਵੈਟ ਪਾਲਿਸੀ ਕਰਕੇ ਇਹ ਰੁਜ਼ਗਾਰ, ਸਾਡੀ ਟਰੇਡ ਮੇਰਠ ਚਲੀ ਗਈ ਹੈ, ਯੂ.ਪੀ. ਚਲੀ ਗਈ ਹੈ। ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਉੱਤੇ ਜ਼ਰੂਰ ਵਿਚਾਰ ਕਰੀਏ।

ਇੰਸਪੈਕਟਰੀ ਰਾਜ ਤੋਂ ਰਾਹਤ ਸਕੀਮ ਜਿਹੜੀ ਅਸੀਂ ਚਲਾਈ ਸੀ, ਉਹ ਵੀ ਲੋਕਾਂ ਦੇ ਵਿੱਚ ਬਹੁਤਾ ਕੰਮ ਨਹੀਂ ਕਰ ਸਕੀ। ਅਸੀਂ ਲੋਕਾਂ ਨੂੰ ਪ੍ਰੇਰਿਤ ਕਰੀਏ ਕਿ ਜੋ ਸਾਨੂੰ ਇਸ ਦੇ ਵਿੱਚ ਫੈਸਿਲਿਟੀ ਮਿਲਦੀ ਹੈ, ਅਸੀਂ ਉਸ ਨੂੰ ਅਵੇਲ ਕਰੀਏ ਤਾਂ ਕਿ ਜਿਹੜਾ ਇੰਸਪੈਕਟਰੀ ਰਾਜ ਹੈ, ਉਸ ਤੋਂ ਅਸੀਂ ਰਾਹਤ ਪਾ ਸਕੀਏ। ਇਸ ਦੇ ਲਈ ਆਪਾਂ ਨੂੰ ਲੋਕਾਂ ਲਈ ਸੈਮੀਨਾਰ ਲਗਾਉਣੇ ਚਾਹੀਦੇ

[ ਮੁੱਖ ਸੰਸਦੀ ਸਕੱਤਰ, ਸਹਿਕਾਰਤਾ ]

ਹਨ ਤਾਂ ਕਿ ਜਿਹੜਾ ਵਪਾਰੀ ਹੈ, ਅਸੀਂ ਉਸ ਨੂੰ ਚੰਗੇ ਤਰੀਕੇ ਦੇ ਨਾਲ ਸਮਝਾ ਸਕੀਏ। ਈ.ਟੀ.ਓਜ਼ ਨੂੰ ਜਿਹੜਾ ਟਾਰਗੈਟ ਦਿੱਤਾ ਗਿਆ ਹੈ, ਇਸ ਦੇ ਨਾਲ ਸਾਡਾ ਵਪਾਰੀ ਬਹੁਤ ਦਹਿਸ਼ਤ ਦੇ ਵਿੱਚ ਹੈ। ਪਰਸੋਂ ਦੀ ਗੱਲ ਹੈ। ਇੱਕ ਵਪਾਰੀ ਹਿਮਾਚਲ ਪ੍ਰਦੇਸ਼ ਵਿੱਚੋਂ ਆਇਆ। ਜਲੰਧਰ ਸ਼ਹਿਰ ਦੀਆਂ ਚਾਰ ਫਰਮਾਂ ਵਿੱਚੋਂ ਉਸ ਨੇ ਮਾਲ ਖਰੀਦਿਆ। ਉਸ ਦੀ ਗੱਡੀ ਫੜੀ ਗਈ। ਈ.ਟੀ.ਓ ਨੇ ਕਿਹਾ ਕਿ ਸਵਾ ਲੱਖ ਪਨੈਲਿਟੀ ਪੈਣੀ ਹੈ। ਏ.ਡੀ.ਸੀ. ਕੋਲ ਗੱਲ ਪਹੁੰਚ ਗਈ, ਉਸ ਨੇ ਕਿਹਾ ਕਿ ਮੈਂ ਇਸ ਦੀ ਇਨਕੁਆਰੀ ਕਰਾਂਗੀ ਤੇ ਮੈਂ ਛੇ ਲੱਖ ਰੁਪਿਆ ਪਨੈਲਿਟੀ ਪਾਉਣੀ ਹੈ। ਮੈਨੂੰ ਹਿਮਾਚਲ ਤੋਂ ਫੋਨ ਆਇਆ ਕਿ ਭੰਡਾਰੀ ਸਾਹਿਬ ਤੁਹਾਡੇ ਸ਼ਹਿਰ ਦਾ ਇੱਕ ਕੰਮ ਹੈ ਤੇ ਤੁਸੀਂ ਇਸ ਦੀ ਮਦਦ ਕਰ ਦਿਉ। ਕਹਿੰਦੇ ਈ.ਟੀ.ਓ ਨੇ ਸਵਾ ਲੱਖ ਰੁਪਿਆ ਮੰਗਿਆ ਸੀ ਤੇ ਹੁਣ ਮੈਡਮ ਕੋਲ ਕੇਸ ਚਲਾ ਗਿਆ, ਛੇ ਲੱਖ ਰੁਪਿਆ ਮੰਗਿਆ ਹੈ। ਮੈਂ ਮੈਡਮ ਨਾਲ ਗੱਲ ਕੀਤੀ ਕਿ ਛੇ ਲੱਖ ਰੁਪਿਆ ਤੁਸੀਂ ਕਿਸ ਗੱਲ ਦਾ ਮੰਗ ਰਹੇ ਹੋ? ਉਸ ਨੇ ਕਿਹਾ ਕਿ ਭੰਡਾਰੀ ਸਾਹਿਬ ਮੈਂ ਪੂਰੀ ਇਨਕੁਆਰੀ ਕਰਾਂਗੀ ਤੇ ਫਿਰ ਅਖੀਰ ਉਸ ਤੋਂ ਬਾਅਦ ਸਵਾ ਦੋ ਲੱਖ ਰੁਪਏ ਦੀ ਪਰਚੀ ਕੱਟ ਕੇ ਮਾਲ ਬੰਦੇ ਦੇ ਹੱਥ ਦੇ ਦਿੱਤਾ। ਛੇ ਲੱਖ ਤੋਂ ਸਵਾ ਦੋ ਤੇ ਆ ਗਏ। ਕਿੰਨੀ ਹੈਰਾਸਮੈਂਟ ਹੋ ਰਹੀ ਹੈ। ਇਹ ਵਿਚਾਰਨ ਦੀ ਲੋੜ ਹੈ। ਸਾਡੇ ਸ਼ਹਿਰ ਦੇ ਵਿੱਚ, ਪੰਜਾਬ ਦੇ ਵਿੱਚ ਇਹ ਵਿਚਾਰਨ ਦੀ ਲੋੜ ਹੈ ਕਿ ਜਿਹੜਾ ਅਫਸਰਾਂ ਨੂੰ ਅਸੀਂ ਟਾਰਗੈਟ ਦਿੱਤਾ ਹੈ ਕਿ ਤੁਸੀਂ 50 ਲੱਖ ਰੁਪਿਆ ਹਫਤੇ ਦਾ ਇੱਕਠਾ ਕਰਕੇ ਦੇਣਾ ਹੈ, ਉਸ ਦੇ ਨਾਲ ਵਪਾਰ ਸਾਡਾ ਬਹੁਤ ਪਿਛੇ ਨੂੰ ਆ ਰਿਹਾ ਹੈ ਔਰ ਸਾਡੀ ਇੰਡਸਟਰੀ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਸਰਕਾਰ ਨੂੰ ਵੀ ਨੁਕਸਾਨ ਹੋ ਰਿਹਾ ਹੈ।

**ਸਰਦਾਰ ਬਲਬੀਰ ਸਿੰਘ ਸਿੱਧੂ :** **.**

**Mr. Speaker :** No point of order.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਸ਼ਹਿਰਾਂ ਦੀ ਗੱਲ ਕਰੀਏ। ਜਲੰਧਰ ਸ਼ਹਿਰ ਦੀ ਬਹੁਤ ਮੰਦੀ ਹਾਲਤ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਲੰਧਰ ਸ਼ਹਿਰ ਵਾਸਤੇ ਘੱਟ ਤੋਂ ਘੱਟ 20 ਕਰੋੜ ਰੁਪਿਆ ਮੇਨ ਰੋਡਸ ਦੀ ਲੁਕ ਆਫਟਰ ਵਾਸਤੇ immediately ਦਿਉ। ਰੋਜ਼ ਇਸ ਬਾਰੇ ਅਖਬਾਰਾਂ ਦੇ ਵਿੱਚ ਚਰਚਾ ਆਉਂਦੀ ਹੈ, ਰਾਣਾ ਸਾਹਿਬ ਵੀ ਉਥੇ ਰਹਿੰਦੇ ਹਨ। ਸਾਨੂੰ ਬੜੀ ਨਮੋਸ਼ੀ

**Expunged as ordered by the Chair.

ਹੁੰਦੀ ਹੈ ਜਦੋਂ ਲੋਕ ਸਰਕਾਰ ਦੇ ਖਿਲਾਫ ਧਰਨੇ ਲਾਉਂਦੇ ਹਨ, ਪੁਤਲੇ ਫੂਕਦੇ ਹਨ ਅਤੇ ਪ੍ਰਦਰਸ਼ਨ ਕਰਦੇ ਹਨ। ਅਸੀਂ ਜਲੰਧਰ ਸ਼ਹਿਰ ਦੇ ਵਿਕਾਸ ਦੇ ਲਈ ਜ਼ਰੂਰ ਹੰਭਲਾ ਮਾਰੀਏ ਤਾਂ ਜੋ ਅਸੀਂ ਉਥੇ ਸਰਵਾਈਵ ਕਰ ਸਕੀਏ।

ਬਾਕੀ ਜਿਹੜਾ ਬਿਜਲੀ ਦੇ ਕੰਮ ਵਾਸਤੇ 5484 ਕਰੋੜ ਰੁਪਿਆ ਰੱਖਿਆ ਹੈ, ਉਸ ਦੇ ਲਈ ਮੈਂ ਡਿਪਟੀ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਸਾਡੇ ਸ਼ਹਿਰ ਦੇ ਵਿੱਚ ਬਹੁਤ ਵੱਡਾ ਉਭਾਰ ਆਏਗਾ। ਸਾਡੀ ਇੰਡਸਟਰੀ ਨੂੰ ਵੀ ਇਸ ਚੀਜ਼ ਦਾ ਬੈਨੀਫਿਟ ਮਿਲੇਗਾ। ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ।

ਸਿਹਤ ਸੁਵਿਧਾਵਾਂ ਦੇਣ ਵਾਸਤੇ ਪੰਜਾਬ ਦੇ ਵਿੱਚ ਬਹੁਤ ਵਧੀਆ ਹਸਪਤਾਲ ਚਲ ਰਹੇ ਹਨ। ਪਰ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਉਥੋਂ ਇਲਾਜ ਮੁਹੱਈਆ ਨਹੀਂ ਹੁੰਦਾ । ਜੇਕਰ ਹਾਰਟ ਦਾ ਇਲਾਜ ਕਰਵਾਉਣਾ ਹੈ ਜਾਂ ਸਟੰਟ ਪੁਆਉਣਾ ਹੈ, ਇਸ ਵਾਸਤੇ ਉਹ ਪ੍ਰਾਈਵੇਟ ਹਸਪਤਾਲ ਜਾਂਦੇ ਹਨ ਤਾਂ ਉਨ੍ਹਾਂ ਦਾ ਬਹੁਤ ਸ਼ੋਸ਼ਣ ਹੁੰਦਾ ਹੈ ਜਿਹੜਾ ਕਿ ਬਰਦਾਸ਼ਤ ਨਹੀਂ ਹੁੰਦਾ । ਉਹ ਹਸਪਤਾਲ ਕਿਸੇ ਦੇ ਕੋਲੋਂ ਸਵਾ ਲੱਖ ਰੁਪਿਆ, ਕਿਸੇ ਦੇ ਕੋਲੋਂ 2 ਲੱਖ ਰੁਪਿਆ ਲੈਂਦੇ ਹਨ। ਆਪਾਂ ਇਸ ਦੇ ਲਈ ਵੀ ਇੱਕ ਕਮਿਸ਼ਨ ਬਣਾਈਏ ਜਿਹੜਾ ਕਿ ਹਸਪਤਾਲਾਂ ਦੇ ਉਪਰ ਚੈੱਕ ਰੱਖ ਸਕੇ। ਅੱਜ ਸਮੇਂ ਦੀ ਬਹੁਤ ਵੱਡੀ ਲੋੜ ਹੈ ਕਿ ਜਿਹੜਾ ਗਰੀਬ ਪਰਿਵਾਰ ਹੈ, ਉਹ ਆਪਣਾ ਇਲਾਜ ਪ੍ਰਾਈਵੇਟ ਹਸਪਤਾਲ ਵਿੱਚੋਂ ਨਹੀਂ ਕਰਵਾ ਸਕਦਾ ਅਤੇ ਸਰਕਾਰੀ ਹਸਪਤਾਲਾਂ ਦੇ ਵਿੱਚ ਸਾਨੂੰ ਕਈ ਸਹੂਲਤਾਂ ਮੁਹੱਈਆ ਨਹੀਂ ਹੋ ਸਕਦੀਆਂ ਜਿਸ ਤਰ੍ਹਾਂ ਕਿ ਸਟੰਟ ਪੁਆਉਣਾ ਅਤੇ ਜੇ ਕਿਸੇ ਨੇ ਗੋਡਾ ਬਦਲਵਾਉਣਾ ਹੈ, ਉਸ ਦੇ ਲਈ ਇੱਹ ਇੱਕ ਬਹੁਤ ਵੱਡਾ ਸ਼ੋਸ਼ਣ ਦਾ ਕਾਰਨ ਬਣਦਾ ਹੈ। ਪ੍ਰਾਈਵੇਟ ਹਸਪਤਾਲ ਵਾਲੇ ਆਪਣੇ ਤਰੀਕੇ ਦੇ ਨਾਲ ਰੇਟ ਲਾਉਂਦੇ ਹਨ।

ਸੈਰ-ਸਪਾਟੇ ਵਾਸਤੇ ਮਾਨਯੋਗ ਸੀ.ਐਮ ਸਾਹਿਬ ਨੇ ਜਿਹੜਾ 500 ਕਰੋੜ ਰੁਪਿਆ ਰੱਖਿਆ ਹੈ, ਉਸ ਦੇ ਬਾਰੇ ਮੈਂ ਬੇਨਤੀ ਕਰਾਂਗਾ ਕਿ ਸੀ.ਐਮ. ਸਾਹਿਬ ਸਾਡੇ ਜਲੰਧਰ ਸ਼ਹਿਰ ਵਿੱਚ ਹਰਬਲੱਵ ਸੰਗੀਤ ਸੰਮੇਲਨ ਵਿੱਚ ਆਏ ਸੀ ਤੇ ਹਰਬਲੱਵ ਸੰਗੀਤ ਅਕਾਦਮੀ ਨੂੰ ਇੱਕ ਕਰੋੜ ਰੁਪਿਆ ਇਨ੍ਹਾਂ ਨੇ ਗਰਾਂਟ ਵੀ ਦਿੱਤੀ ਸੀ। ਇਹ ਅਕਾਦਮੀ ਸਾਡੇ ਪੁਰਾਤਨ ਸਭਿਆਚਾਰ ਨੂੰ ਅਤੇ ਸ਼ਾਸ਼ਤਰੀ ਸੰਗੀਤ ਨੂੰ ਚਲਾਉਂਦੀ ਹੈ ਅਤੇ ਹਰ ਸਾਲ ਵਿਦੇਸ਼ਾਂ ਦੇ ਵਿੱਚੋਂ ਵੀ ਲੋਕ ਉਥੇ

[ ਮੁੱਖ ਸੰਸਦੀ ਸਕੱਤਰ, ਸਹਿਕਾਰਤਾ ]

ਆ ਕੇ ਸੰਗੀਤ ਦਾ ਆਨੰਦ ਮਾਣਦੇ ਹਨ। ਬੱਚਿਆਂ ਨੂੰ ਉਸ ਅਕਾਦਮੀ ਵਿੱਚੋਂ ਬਹੁਤ ਵੱਡੀ ਸਿੱਖਿਆ ਪ੍ਰਾਪਤ ਹੁੰਦੀ ਹੈ। ਸੀ.ਐਮ. ਸਾਹਿਬ ਨੇ ਬੜੀ ਮਹਾਨਤਾ ਕੀਤੀ ਸੀ ਕਿ ਉਸ ਅਕੈਡਮੀ ਨੂੰ 1 ਕਰੋੜ ਰੁਪਿਆ ਦਿੱਤਾ ਸੀ। ਮੇਰੀ ਬੇਨਤੀ ਹੈ ਕਿ ਅਸੀਂ ਹਰ ਸਾਲ ਬਜਟ ਵਿੱਚ ਇਸ ਗੱਲ ਦਾ ਉਪਬੰਧ ਕਰੀਏ ਕਿ ਉਸ ਅਕਾਦਮੀ ਨੂੰ ਪ੍ਰਫੁੱਲਤ ਕਰ ਸਕੀਏ ਅਤੇ ਆਉਣ ਵਾਲੀ ਜੈਨਰੇਸ਼ਨ ਅਤੇ ਆਪਣੇ ਸੱਭਿਆਚਾਰ ਦੀ ਸੰਭਾਲ ਕਰ ਸਕੀਏ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ....

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਇੱਕ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ** **

**Mr. Speaker :** No Point of Order. ਹਾਂ ਜੀ, Please conclude.

**ਮੁੱਖ ਸੰਸਦੀ ਸਕੱਤਰ, ਸਹਿਕਾਰਤਾ :** ਸੀ.ਐਮ. ਸਾਹਿਬ ਦੀ ਅਗਵਾਈ ਹੇਠ ਪੰਜਾਬ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਜਿਹੜੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਅਤੇ ਜਿਨ੍ਹਾਂ ਦੇ ਨੰਬਰ 80% ਤੋਂ ਜ਼ਿਆਦਾ ਹੁੰਦੇ ਹਨ, ਉਨ੍ਹਾਂ ਲਈ ਮੈਰੀਟੋਰੀਅਸ ਸਕੂਲ ਖੋਲ੍ਹੇ ਹਨ। ਜਲੰਧਰ ਵਿੱਚ ਵੀ ਇੱਕ ਅਜਿਹਾ ਸਕੂਲ ਹੈ। ਮੈਨੂੰ ਸੀ.ਐਮ. ਸਾਹਿਬ ਨਾਲ ਉਥੇ ਜਾਣ ਦਾ ਮੌਕਾ ਮਿਲਿਆ ਅਤੇ ਮੈਂ ਦੇਖਿਆ ਕਿ ਸੀ.ਐਮ. ਸਾਹਿਬ ਕਿੰਨੀ ਨੇੜਤਾ ਨਾਲ ਆਪ ਬੱਚਿਆਂ ਨਾਲ ਇੰਟਰਐਕਸ਼ਨ ਕਰਦੇ ਹਨ ਕਿ ਤੁਹਾਡੇ ਕੱਪੜੇ ਕਿਸ ਤਰ੍ਹਾਂ ਪ੍ਰੈਸ ਹੋ ਰਹੇ ਹਨ, ਤੁਹਾਡੇ ਗੀਜ਼ਰ ਲੱਗਾ ਹੈ ਜਾਂ ਨਹੀਂ? ਇਹ ਗਰੀਬ ਬੱਚੇ ਜਦੋਂ ਪੜ੍ਹ ਕੇ ਵੱਡੇ ਅਫ਼ਸਰ ਲੱਗਣਗੇ ਤਾਂ ਉਸ ਵੇਲੇ ਉਹ ਸਰਕਾਰ ਨੂੰ ਵਾਕਿਆ ਹੀ ਅਸੀਸਾਂ ਦੇਣਗੇ ਅਤੇ ਪੰਜਾਬ ਦੇ ਬੱਚੇ ਬੁਲੰਦੀਆਂ ਤੇ ਪਹੁੰਚਣਗੇ। ਇਸ ਲਈ ਮੈਂ ਸੀ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਬਹੁਤ ਵਧੀਆ ਕੰਮ ਕੀਤਾ ਹੈ।

ਮੈਂ ਡਿਪਟੀ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ

---

**Expunged as ordered by the Chair.

ਖੇਡਾਂ ਵਾਸਤੇ ਬਹੁਤ ਵੱਡਾ ਹੰਭਲਾ ਮਾਰਿਆ ਹੈ । ਸਾਡੇ ਨੌਜਵਾਨਾਂ ਨੂੰ ਨਸ਼ੇ ਤੋਂ ਪਰ੍ਹੇ ਕਰਨ ਲਈ ਇਹ ਬੱਚਿਆਂ ਨੂੰ ਜਿੰਮ ਸੁਵਿਧਾਵਾਂ ਅਤੇ ਸਪੋਰਟਸ ਕਿੱਟਾਂ ਦੇ ਰਹੇ ਹਨ, ਇਹ ਬਹੁਤ ਹੀ ਸ਼ਲਾਘਾਯੋਗ ਗੱਲ ਹੈ। ਅੱਜ ਇਹ ਸਮੇਂ ਦੀ ਲੋੜ ਹੈ ਕਿ ਜਿਹੜੇ ਨੌਜਵਾਨ ਨਸ਼ਿਆਂ ਵੱਲ ਜਾ ਰਹੇ ਹਨ, ਉਨ੍ਹਾਂ ਨੂੰ ਰੋਕਣ ਲਈ ਜਾਂ ਤਾਂ ਅਸੀਂ ਉਨ੍ਹਾਂ ਨੂੰ ਧਰਮ ਨਾਲ ਜੋੜੀਏ ਜਾਂ ਉਨ੍ਹਾਂ ਨੂੰ ਸਪੋਰਟਸ ਨਾਲ ਜੋੜੀਏ। ਜੇ ਨਹੀਂ ਜੋੜਾਂਗੇ ਤਾਂ ਸਾਡਾ ਬੱਚਾ ਵਿਹਲਾ ਘੁੰਮੇਗਾ ਅਤੇ ਉਹ ਸ਼ੈਤਾਨ ਦੀ ਟੂਟੀ ਬਣੇਗਾ ਅਤੇ ਨਸ਼ਿਆਂ ਵੱਲ ਜਾਵੇਗਾ। ਇਸ ਲਈ ਡਿਪਟੀ ਸੀ.ਐਮ. ਸਾਹਿਬ ਨੇ ਬਹੁਤ ਵੱਡੇ ਉਪਰਾਲੇ ਕੀਤੇ ਹਨ। ਉਨ੍ਹਾਂ ਨੇ ਸਪੋਰਟਸ ਗਰਾਊਂਡ ਬਣਾਏ ਹਨ ਅਤੇ ਸਪੋਰਟਸ ਕਿੱਟਾਂ ਵੰਡੀਆਂ ਹਨ, ਇਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦੀ ਹਾਂ।

ਢੀਂਡਸਾ ਸਾਹਿਬ ਨੇ ਜਿਹੜਾ ਟੈਕਸ ਫਰੀ ਬਜਟ ਪੇਸ਼ ਕੀਤਾ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ ਅਤੇ ਇਸ ਨੂੰ ਪਾਸ ਕਰਨ ਦੀ ਬੇਨਤੀ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਸ਼੍ਰੀ ਸੁਨੀਲ ਜਾਖੜ ਜੀ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਹਾਲੇ ਸਾਡੇ ਦੋ ਹੋਰ ਬੁਲਾਰਿਆਂ ਦਾ ਟਾਈਮ ਰਹਿੰਦਾ ਹੈ।

**ਮਾਨਯੋਗ ਸਪੀਕਰ :** ਮੇਰੇ ਕੋਲ ਜਿਹੜੀ ਲਿਸਟ ਆਈ ਹੈ, ਉਸ ਮੁਤਾਬਕ ਤਾਂ ਖਤਮ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਦੇਖੋ, ਉਸ ਵਿੱਚ ਕਿੰਨੇ ਨਾਂ ਹਨ। ਮੇਰੀ ਲਿਸਟ ਵਿੱਚ ਰਾਣਾ ਗੁਰਜੀਤ ਜੀ, ਤ੍ਰਿਪਤ ਰਜਿੰਦਰ ਬਾਜਵਾ ਜੀ, ਸੁੰਦਰ ਸ਼ਾਮ ਅਰੋੜਾ ਜੀ, ਭਾਰਤ ਭੂਸ਼ਣ ਆਸ਼ੂ ਜੀ ਅਤੇ ਕੁਲਜੀਤ ਨਾਗਰਾ ਜੀ ਹਨ।

**ਮਾਨਯੋਗ ਸਪੀਕਰ :** ਆਸ਼ੂ ਜੀ ਦਾ ਨਾਂ ਤਾਂ ਨਹੀਂ ਹੈ।

**ਸ਼੍ਰੀ ਸੁਨੀਲ ਜਾਖੜ :** ਪਰ ਟਾਈਮ ਤਾਂ ਸਾਡਾ ਹੀ ਹੈ ਜੀ। ਉਹ ਟਾਈਮ ਮੈਨੂੰ ਦੇ ਦਿਉ।

**ਮਾਨਯੋਗ ਸਪੀਕਰ :** ਉਹ ਗੱਲ ਛੱਡੋ। ਜੇਕਰ ਕਿਸੇ ਨੇ ਟਾਈਮ ਮੰਗਿਆ ਹੋਵੇ ਅਤੇ ਮੈਂ ਨਾ ਦੇਵਾਂ ਤਾਂ ਕਹੋ। ਪਰ ਜੇ ਟਾਈਮ ਹੀ ਨਹੀਂ ਮੰਗਿਆ ਫਿਰ ਮੈਂ ਕੀ ਕਰਾਂ। ਤੁਹਾਡੇ ਵੱਲੋਂ ਹੀ ਪਰਚੀ ਆਉਂਦੀ ਹੈ। ਉਹ ਵੀ ਨਹੀਂ ਆਈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਆਪਣੀ ਪਰਚੀ ਹੀ ਪੜ੍ਹ ਕੇ ਸੁਣਾ ਰਿਹਾ ਹਾਂ।

**ਮਾਨਯੋਗ ਸਪੀਕਰ :** ਮੈਂ ਕਿਹਾ ਕਿ ਮੇਰੇ ਕੋਲ ਨਹੀਂ ਆਈ। ਜਿਹੜੇ ਨਾਮ ਆਏ ਹਨ, ਤੁਹਾਡੇ ਉਹ ਸਾਰੇ ਮੈਂਬਰ ਬੋਲ ਚੁੱਕੇ ਹਨ। ਆਸ਼ੂ ਜੀ ਤਾਂ ਇੱਥੇ ਹੈ ਹੀ ਨਹੀਂ।

**ਸ਼੍ਰੀ ਸੁਨੀਲ ਜਾਖੜ :** ਪਰ ਉਨ੍ਹਾਂ ਦਾ ਟਾਈਮ ਤਾਂ ਸਾਡਾ ਹੀ ਸੀ।

**ਮਾਨਯੋਗ ਸਪੀਕਰ :** ਤੁਹਾਡੇ ਬੰਦਿਆਂ ਨੇ 65 ਮਿੰਟ ਬੋਲ ਲਏ ਹਨ ਅਤੇ ਸਿਰਫ 5 ਮਿੰਟ ਬਚਦੇ ਹਨ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਕਿਵੇਂ ਬੋਲ ਲਿਆ? That's your responsibility.

**ਮਾਨਯੋਗ ਸਪੀਕਰ :** ਇਹ ਕੋਈ ਗੱਲ ਨਹੀਂ। ਮੇਰੇ ਕੋਲ ਇੱਕ-ਇੱਕ ਮਿੰਟ ਦਾ ਹਿਸਾਬ ਹੈ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, please don't be stickler for the rules for these immaterial issues. ਤੁਸੀਂ ਤਾਂ ਹੋਰ ਹੀ ਪਾਸੇ ਪੈ ਗਏ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਤੁਸੀਂ ਸ਼ੁਰੂ ਕਰੋ।

**ਸ਼੍ਰੀ ਸੁਨੀਲ ਜਾਖੜ (ਅਬੋਹਰ) :** ਸਪੀਕਰ ਸਾਹਿਬ, ਧੰਨਵਾਦ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਬਹੁਤ ਸਾਰੇ ਸਾਥੀਆਂ ਨੇ ਇਸ ਉਤੇ ਬਹੁਤ ਚਾਨਣਾ ਪਾਇਆ ਹੈ। ਕੈਗ ਨੇ ਵੀ ਚਾਨਣਾ ਪਾਇਆ ਹੈ, ਉਨ੍ਹਾਂ ਗੱਲਾਂ ਤੇ ਵੀ ਆਵਾਂਗੇ। ਸਪੀਕਰ ਸਾਹਿਬ, ਮੇਰੇ ਕੋਲ ਸਾਲ 2015-16 ਦਾ ਬਜਟ ਹੈ, ਮੇਰੇ ਕੋਲ ਸਾਲ 2013-14 ਅਤੇ ਇਸ ਤੋਂ ਪਹਿਲੇ ਬਜਟ ਦੀ ਕਾਪੀ ਵੀ ਹੈ। ਜਦੋਂ ਪੇਪਰ ਆਇਆ ਤਾਂ ਮੈਂ ਸਭ ਤੋਂ ਵੱਡੀ ਗੱਲ ਨੋਟਿਸ ਕੀਤੀ ਕਿ ਪਹਿਲਾਂ ਇਹ ਰੰਗੀਨ ਸੀ। ਟੈਕਨੀਕਲ ਸੀ, ਬੜਾ ਕਲਰਫੁੱਲ ਸੀ, ਇਸ ਵਿੱਚ ਰੰਗ ਬਿਰੰਗੇ ਫੋਟੋਗਰਾਫਸ ਵੀ ਸਨ ਪਰ ਐਤਕੀਂ ਰੰਗ ਉਡ ਗਏ। (ਹਾਸਾ) ਰੰਗ ਉਡ ਗਿਆ ਬਜਟ ਦਾ, ਰੰਗ ਉਡ ਗਿਆ ਸਰਕਾਰ ਦਾ ਅਤੇ ਸਾਨੂੰ ਅਫਸੋਸ ਹੈ ਕਿ ਰੰਗ ਉਡ ਗਿਆ ਪੰਜਾਬ ਦਾ। (ਵਿਘਨ) ਸਪੀਕਰ ਸਾਹਿਬ, ਰੰਗ ਕਿਉਂ ਉਡ ਗਿਆ? We have to go into the genesis of the problem. ਇਸ ਦਾ

ਕਿਤੇ ਨਾ ਕਿਤੇ ਤਾਂ ਕੋਈ ਕਾਰਨ ਹੋਵੇਗਾ।

ਇਸ ਹਾਊਸ ਨੇ ਬੜਾ ਟਾਈਮ ਲਗਾਇਆ ਹੈ, ਬੜੀਆਂ ਧਾਰਮਿਕ ਭਾਵਨਾਵਾਂ ਵਿਅਕਤ ਕੀਤੀਆਂ ਹਨ। ਸੀ.ਐਮ. ਸਾਹਿਬ ਨੇ ਕਈ ਸਾਲ ਪਹਿਲਾਂ ਗਊ ਮਾਤਾ ਦਾ ਸਮਾਰਕ ਬਣਾਉਣਾ ਵੀ ਸੈਂਕਸ਼ਨ ਕੀਤਾ ਸੀ। ਢਾਈ ਘੰਟੇ ਹੁਣ ਲਗਾਏ ਹਨ ਕਿ ਗਊ ਬੜੀ ਪਰੇਸ਼ਾਨ ਹੈ। ਸਪੀਕਰ ਸਾਹਿਬ, ਬਿਲਕੁਲ ਧਾਰਮਿਕ ਭਾਵਨਾ ਹੈ, ਜਿਹੜੀ ਨਜ਼ਰ ਪੰਜਾਬ ਨੂੰ ਲੱਗੀ ਹੈ, ਉਹ ਸਰਦਾਰ ਲਾਲ ਸਿੰਘ ਜੀ, ਇਸ ਕਰਕੇ ਲੱਗੀ ਹੈ ਕਿ ਪੰਜਾਬ ਵਿੱਚ ਅੰਮ੍ਰਿਤਸਰ, ਗੁਰੂ ਕੀ ਨਗਰੀ ਅਤੇ ਪਵਿੱਤਰ ਸ਼ਹਿਰ ਦੀ ਧਰਤੀ ਉਤੇ ਗਊ ਹੱਤਿਆ ਹੋਈ। ਸਪੀਕਰ ਸਾਹਿਬ, ਗਊ ਹੱਤਿਆ ਕਰਵਾਈ ਗਈ, ਅਕਾਲੀਆਂ ਅਤੇ ਬੀ.ਜੇ.ਪੀ. ਵਾਲਿਆਂ ਨੇ ਰਲ ਕੇ ਕਰਵਾਈ, ਮੇਰਾ ਭਾਵ ** ** ** ਜੀ ਨਾਲ ਹੈ...

**ਮਾਨਯੋਗ ਸਪੀਕਰ :** ** ** **ਨਾਂ ਐਕਸਪੰਜ ਕਰ ਦਿੱਤਾ ਜਾਵੇ।

**Shri Sunil Jakhar:** He is capable man. ਉਸ ਦਾ ਪੁਲੀਟੀਕਲ ਮਰਡਰ ਉਥੇ ਲਿਆ ਕੇ ਕਰਵਾਇਆ ਗਿਆ ਹੈ ਅਤੇ unfortunately for Punjab he has become the Finance Minister of the country.

**ਮੁੱਖ ਮੰਤਰੀ :** ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਦੋਂ ਵੀ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਹੋਣ, ਮੈਂ ਵਿੱਚ ਨਹੀਂ ਬੋਲਦਾ, ਬੈਠਾ ਰਹਿੰਦਾ ਹਾਂ। ਇਹ ਸੈਟਾਇਰ ਇਨ੍ਹਾਂ ਨੇ ਇਸ ਗੱਲ ਤੇ ਕੀਤਾ ਹੈ, ਕੀ ਚੰਗਾ ਲੱਗਦਾ ਹੈ? ਤੁਹਾਡੇ ਮੂੰਹ ਵਿੱਚੋਂ ਇਹ ਗੱਲ ਚੰਗੀ ਨਹੀਂ ਲਗਦੀ। ਇਸ ਨੂੰ ਤੁਸੀਂ ਹੋਰ ਤਰ੍ਹਾਂ ਪੇਸ਼ ਕਰਦੇ, ਸੈਟਾਇਰ ਦੇ ਤੌਰ ਤੇ ਨਹੀਂ। ਚੌਧਰੀ ਸਾਹਿਬ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ । ਤੁਸੀਂ ਤਾਂ ਜੋ ਕੀਤਾ, ਉਹ ਕੀਤਾ। ਉਹ ਸਾਰੇ ਦੇਸ਼ ਦਾ ਫਾਈਨਾਂਸ ਮਨਿਸਟਰ ਬਣਿਆ ਹੈ।

**Shri Sunil Jakhar :** He is capable man. I have all the respect for him. ਪਰ ਜਿਹੜੀ ਸਾਡੀ ਕੰਪਲਸ਼ਨ ਸੀ, ਉਸ ਦੇ ਚਲਦੇ ਇੱਥੇ ਉਨ੍ਹਾਂ ਨੂੰ ਲਿਆਂਦਾ ਗਿਆ। ਅਸੀਂ ਪਹਿਲੇ ਦਿਨ ਤੋਂ ਹੀ ਕਿਉਂ ਵਿਤਕਰੇ ਵਾਲੀ ਗੱਲ ਕਹਿ ਰਹੇ ਹਾਂ। ਅਗਰ ਸੀ.ਐਮ. ਸਾਹਿਬ ਮਹਿਸੂਸ ਕਰਦੇ ਹਨ ਤਾਂ ਮੈਂ ਮਰਡਰ ਵਾਲੀ ਗੱਲ ਪਾਸੇ ਕੱਢ ਦਿੰਦਾ ਹਾਂ। ਪ੍ਰੰਤੂ ਸਪੀਕਰ ਸਾਹਿਬ, ਦੋ ਗੱਲਾਂ ਨਹੀਂ ਹੋ ਸਕਦੀਆਂ। ਇੱਕ ਪਾਸੇ ਤਾਂ ਤੁਸੀਂ ਹੋ, ਆਪਾਂ ਤਾਂ ਹਰੇਕ ਨੂੰ ਜਿਵੇਂ ਇਕ

**Expunged as ordered by the Chair.

[ ਸ਼੍ਰੀ ਸੁਨੀਲ ਜਾਖੜ ]

ਕਹਾਵਤ ਹੈ ਕਿ ਗਊ ਵਰਗਾ ਬੰਦਾ ਹੈ, ਬਿਲਕੁਲ ਸਾਊ ਬੰਦਾ ਹੈ, ਕਿਸੇ ਨੂੰ ਕੁਝ ਨਹੀਂ ਕਹਿੰਦਾ। ** ** **ਨੇ ਕਿਸੇ ਦਾ ਕੀ ਵਿਗਾੜਿਆ ਸੀ, ਅਸੀਂ ਹਮੇਸ਼ਾ ਹੀ ਉਸ ਨੂੰ ਬਲੇਮ ਕਰਦੇ ਰਹੇ ਹਾਂ। ਉਨ੍ਹਾਂ ਨੂੰ ਕਹਿੰਦੇ ਸੀ ਕਿ ਸਾਡੇ ਨਾਲ ਬੜਾ ਵਿਤਕਰਾ ਹੋ ਰਿਹਾ ਹੈ। ਅੱਜ ਸਿਵਲ ਸਪਲਾਈਜ਼ ਵਾਲੇ ਮਨਿਸਟਰ ਜੀ ਫਿਰ ਨਹੀਂ ਬੈਠੇ, ਇਹ ਜਿਹੜੀ ਕੈਸ਼ ਕਰੈਡਿਟ ਵਾਲੀ ਗੱਲ ਹੈ, he has to go and fight a battle to get our cash credit limit released. ਪੈਡੀ ਵਾਸਤੇ ਇੰਨੀ ਜੱਦੋ-ਜਹਿਦ ਕਰਨੀ ਪਈ, ਕਿਉਂ?

**ਮਾਨਯੋਗ ਸਪੀਕਰ :** ** ** ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਸ਼੍ਰੀ ਸੁਨੀਲ ਜਾਖੜ :** ਉਹ ਕਹਿੰਦੇ ਕਿ ਤੁਹਾਡੇ ਨਾਲ ਸਾਡੇ ਫਿਗਰਜ਼ ਰੀ-ਕੰਸਾਈਲ ਨਹੀਂ ਹੋ ਰਹੇ। ਤੁਹਾਡੇ ਪਾਸਿਉਂ ਇਹ ਕਹਿ ਰਹੇ ਸੀ ਕਿ ਸਾਡੇ 25000 ਕਰੋੜ ਰੁਪਏ ਨਿਕਲਦੇ ਹਨ ਅਤੇ ਉਹ ਕਹਿ ਰਹੇ ਸਨ ਕਿ ਉਨ੍ਹਾਂ ਦੇ 45000 ਕਰੋੜ ਰੁਪਏ ਨਿਕਲਦੇ ਹਨ। This problem existed even earlier. ਡਿਪਟੀ ਸੀ.ਐਮ. ਸਾਹਿਬ ਉਸ ਦਿਨ ਬੜਾ ਮਹਿਸੂਸ ਕਰ ਰਹੇ ਸਨ, ਜਿਸ ਦਿਨ ਸਰਦਾਰ ਲਾਲ ਸਿੰਘ ਜੀ ਬੋਲ ਰਹੇ ਸਨ ਕਿ ਇਹ ਕਾਰਪੋਰੇਸ਼ਨ ਹੈ। ਇਹ ਕਹਿ ਰਹੇ ਸਨ ਕਿ ਕੈਸ਼ ਲਿਮਿਟ ਹੈ। These limits are taken against stock. ਸਪੀਕਰ ਸਾਹਿਬ, ਜਿਸ ਦਿਨ ਸਟਾਕ ਵੈਰੀਫਿਕੇਸ਼ਨ ਹੋਈ, ** ** ਨੂੰ ਇਨ੍ਹਾਂ ਨੇ ਨਰਾਜ਼ ਕਰ ਰੱਖਿਆ ਹੈ, ਇਸ ਕਰਕੇ ਕਹਿ ਰਿਹਾ ਹਾਂ। ਅਸੀਂ ਤਾਂ ਉਨ੍ਹਾਂ ਦੀ ਮਿੰਨਤ ਵੀ ਕਰ ਲਵਾਂਗੇ ਕਿ ਪੰਜਾਬ ਨੂੰ ਸਜ਼ਾ ਨਾ ਦਿਉ, ਜਿਸ ਦਿਨ ਸਟਾਕ ਵੈਰੀਫਿਕੇਸ਼ਨ ਹੋਈ ਤਾਂ ਉਸ ਦਿਨ ਸਾਰੀ ਸੱਚਾਈ ਸਾਹਮਣੇ ਆ ਜਾਵੇਗੀ because there is a huge bungling. Stocks do not exist but ** ** ਨੇ ਇਹ ਠੰਢੇ ਬਸਤੇ ਵਿੱਚ ਪਾ ਦਿੱਤਾ ਸੀ ਜੋ ਕੁਝ ਹੈ, ਚੱਲਣ ਦਿਉ, ਇਸ ਕਰਕੇ ਅੱਜ ਪੰਜਾਬ ਦੇ ਰੰਗ ਉੱਡੇ ਹਨ। ਮੈਂ ਸਮਝਦਾ ਹਾਂ ਕਿ ਇਹ ਇੱਕ ਬਹੁਤ ਵੱਡਾ ਮਸਲਾ ਹੈ। ਫਾਈਨਾਂਸ ਮਨਿਸਟਰ ਸਾਹਿਬ ਤੋਂ ਪੰਜਾਬ ਨੂੰ ਤਵੱਕੋ ਸੀ ਕਿ ਟਰੱਕਾਂ ਦੇ ਟਰੱਕ ਪੈਸੇ ਦੇ ਭਰ ਕੇ ਆਉਣਗੇ but today we are struggling for a small little thing which is our right. ਆਪਾਂ ਸਾਰੇ ਗੱਲ ਕਰਦੇ ਹਾਂ ਕਿ ਕਿਸਾਨੀ ਨੂੰ ਪੈਸਾ ਆਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਸ ਬਜਟ ਤੇ ਬੋਲਦੇ ਹੋਏ ਅੰਕੜਿਆਂ ਦੀ ਗੱਲ ਕਰਦੇ

**Expunged as ordered by the Chair.

ਹਾਂ, ਕੈਗ ਦੀ ਰਿਪੋਰਟ ਆਈ ਹੈ। Is it not a condemnation in the severest possible way....Rs.3,000 crore unaccounted for ਇਸ ਦਾ ਸ਼ਾਇਦ ਤੁਸੀਂ ਜਵਾਬ ਦਿਉਗੇ। (ਉਪ ਮੁੱਖ ਮੰਤਰੀ ਵੱਲ ਇਸ਼ਾਰਾ) Finance Minister is not answering. You are going to speak. ਮੇਰੀ ਸਬਮਿਸ਼ਨ ਸੀ ਕਿ before you reply afterwards whatever have been the communications since this Govt. took over. ਮੁੱਖ ਮੰਤਰੀ ਜੀ ਨੇ ਉਥੇ ਜਾ ਕੇ ਗੁਜਾਰਿਸ਼ ਕੀਤੀ ਸੀ ਕਿ ਲੋਨ ਵੇਵ ਹੋਣਾ ਚਾਹੀਦਾ ਹੈ। ਉਸ ਦਾ ਕੀ ਰਿਪਲਾਈ ਆਇਆ ਸੀ? I would like to have all that correspondence made public and laid on the table of the House. White paper should be issued ਕਿ ਉਨ੍ਹਾਂ ਨੇ ਤੁਹਾਡੇ ਤੇ ਕੀ ਕੀ ਸਟਰਿਕਚਰ ਪਾਸ ਕੀਤੇ ਹਨ। ਜਿਹੜੇ ਦੂਜੀਆਂ ਸਟੇਟਾਂ ਨੂੰ ਰੈਵੇਨਿਊ ਡੈਫੀਸਿਟ ਦੀ ਗਰਾਂਟ ਦਿੰਦੇ ਹਨ, ਤੁਹਾਨੂੰ ਉਸ ਵਾਸਤੇ ਵੀ ਤਰਲੇ ਲੈਣੇ ਪਏ। ਤੁਹਾਡਾ ਸਮਾਲ ਸੇਵਿੰਗ ਦਾ ਇੰਟਰੈਸਟ ਘਟਾ ਕੇ 350 ਕਰੋੜ ਰੁਪਿਆ ਕਰ ਦਿੱਤਾ। ਕਹਿੰਦੇ ਹਨ ਕਿ ਨਮਾਜ਼ ਬਖਸ਼ਾਉਣ ਗਏ ਸੀ, ਰੋਜ਼ੇ ਗਲ ਪਾ ਆਏ। ਉਸਨੇ ਜਾਂਦੇ ਹੀ ਉਹ ਪੈਸੇ ਵੀ ਰੋਕ ਲਏ ਕਿ ਇਹ ਪੈਸੇ ਨਹੀਂ ਦੇਵਾਂਗੇ । ਸਪੀਕਰ ਸਾਹਿਬ, ਇਸ ਕਰਕੇ ਇਹ ਜਿਹੜੇ ਘਪਲੇ ਹਨ, these are in real. ਤਿੰਨ ਹਜ਼ਾਰ ਕਰੋੜ ਰੁਪਏ ਬਾਰੇ ਜਿਹੜਾ ਐਫ. ਐਮ. ਸਾਹਿਬ ਨੇ ਕਿਹਾ ਹੈ, ਜਿਹੜੀ ਇਨ੍ਹਾਂ ਦੀ ਮੰਗ ਸੀ ਕਿ we are revenue deficit state and special package may be granted. ਉਨ੍ਹਾਂ ਨੇ ਕਿਹਾ ਕਿ ਜਿਹੜਾ ਤਿੰਨ ਹਜ਼ਾਰ ਕਰੋੜ ਰੁਪਿਆ ਹੈ, you are not putting Rs.3,000 crore in consolidated fund of the State, ਇਹ ਅਕਾਊਂਟਿਡ ਨਹੀਂ। ਤੁਹਾਡੀ ਪਾਕੇਟ ਮਨੀ ਹੋ ਗਈ । ਜਿੱਥੇ ਤੁਸੀਂ ਗਏ, ਜਿਵੇਂ ਰਾਜੇ ਮਹਾਰਾਜੇ ਵੰਡਦੇ ਫਿਰਦੇ ਸਨ, ਫਿਰ ਇਹ ਡੈਮੋਕਰੇਟਿਕ ਸਿਸਟਮ ਹੀ ਖਤਮ ਹੋ ਗਿਆ । The primary responsibility of any elected Govt. in a democracy is accountability. Accountability is the corner stone of this democracy. We have to be eternally vigilant, this is the price you pay for democracy, this is the price you pay for freedom. ਸਾਡੀ ਜ਼ੁਬਾਨ ਹੀ ਬੰਦ ਕਰ ਦਿਉਗੇ ? ਇੱਥੇ ਲੈ ਕੇ ਹੀ ਨਹੀਂ ਆਉਣਾ, ਤਿੰਨ ਹਜ਼ਾਰ ਕਰੋੜ ਰੁਪਿਆ ਖੁਰਦ-ਬੁਰਦ ਕਰੀ ਜਾਂਦੇ ਹੋ ਤੇ ਫਿਰ ਉਨ੍ਹਾਂ ਤੋਂ ਭਾਲਦੇ ਹੋ ਤੇ ਉਨ੍ਹਾਂ ਨੇ ਫਿਰ ਨਿਬੇੜਾ ਕਰ ਦਿੱਤਾ ਕਿ Punjab

[ ਸ਼੍ਰੀ ਸੁਨੀਲ ਜਾਖੜ ]

is not a revenue deficit state. ਬਾਕੀ ਬਚੀ-ਬਚਾਈ ਕਸਰ ਹੈ, ਇਹ ਕੈਗ ਦੀ ਰਿਪੋਰਟ ਹੈ । ਤੁਸੀਂ ਬੋਲਣ ਨਹੀਂ ਦਿੱਤਾ । ਤੁਸੀਂ ਕਹਿ ਦਿੱਤਾ ਕਿ ਬਜਟ ਤੇ ਡਿਸਕਸ ਕਰ ਲੈਣਾ । ਸਪੀਕਰ ਸਾਹਿਬ, ਹੁਣ ਕਿਸ ਕਿਸ ਇਸ਼ੂ ਤੇ ਡਿਸਕਸ ਕਰਾਂਗੇ ? I believe this itself has put the very sanctity of this budget in question, and undercloud. ਸਪੀਕਰ ਸਾਹਿਬ, ਜੇ ਬਾਕੀ ਕੋਈ ਗੱਲ ਬਚਦੀ ਹੈ, ਮੈਨੂੰ ਮਾਫੀ ਦਿਓ । ਜਿਸ ਦਿਨ ਬਜਟ ਆਇਆ ਹੈ, I am sorry, I do not mean any disrespect to you or to the House or the Hon'ble Member. Sir, I just get carried away, I apologize for that please. Sir, with all the best of my intentions, I am not trying to demean anybody, but these are the facts with which Punjab has to confront. ਪੰਜਾਬ ਨੂੰ ਇਨ੍ਹਾਂ ਗੱਲਾਂ ਨੂੰ ਫੇਸ ਕਰਨਾ ਪਵੇਗਾ । ਇਸ ਕਰਕੇ ਹੀ ਮੈਂ ਕਹਿ ਰਿਹਾ ਹਾਂ । ਸਪੀਕਰ ਸਾਹਿਬ, ਜਿਸ ਦਿਨ ਬਜਟ ਆਇਆ, ਅਗਲੇ ਦਿਨ ਸਾਰੇ ਨਿਊਜ਼ ਪੇਪਰ ਭਰੇ ਪਏ ਸਨ । ਮੈਂ ਅੰਡਰ ਲਾਈਨ ਲਗਾਏ ਤੇ ਜਿਹੜਾ ਸੈਂਟਰਲ ਆਈਡੀਆ ਸੀ, ਉਹ ਸੀ , 'This is for the first time that in the Budget of the State, the Hon'ble Finance Minister has tried to give a budget whereby Punjab is going to live within its means.' ਮੈਂ ਕਿਹਾ ਕਿ ਇਕਦਮ ਪੰਜਾਬ ਸਰਕਾਰ ਨੂੰ ਇੰਨੀ ਸਿਆਣਪ ਕਿਵੇਂ ਆ ਗਈ ? ਕਹਿੰਦੇ ਸੀ, ਸਾਡੇ ਤਾਂ ਗੱਫੇ ਖੁੱਲ੍ਹੇ ਹਨ ਤੇ ਇਹ ਕਿਵੇਂ ਹੋ ਗਿਆ । ਫਿਰ ਮੈਂ ਕਿਹਾ ਕਿ ਝਾਤੀ ਮਾਰੀਏ ਕਿਉਂਕਿ ਉਸ ਦਿਨ ਮੈਂ ਨਹੀਂ ਸੀ । ਆ ਕੇ ਮੁੜ ਕੇ ਵੇਖਿਆ । ਮੇਰੀ ਸਾਹਮਣੇ ਇੱਕ ਗੱਲ ਆਈ, ਭੰਡਾਰੀ ਸਾਹਿਬ ਉਠ ਕੇ ਕਹਿ ਰਹੇ ਸਨ ਕਿ ਇਕੱਲੀ ਕਿਸਾਨੀ ਦੀ ਗੱਲ ਨਾ ਕਰੋ ਕਿਉਂਕਿ ਕਿਸਾਨੀ ਉਤੇ ਸਾਰਿਆਂ ਦੀ ਅੱਖ ਹੈ। ਸਾਰੇ ਕਹਿ ਦਿੰਦੇ ਹਨ ਕਿ ਤੁਸੀਂ ਕਿਸਾਨੀ ਦੀ ਹੀ ਡੁਗਡੁਗੀ ਵਜਾਈ ਜਾਂਦੇ ਹੋ । ਇਹ ਦੋਨੋਂ ਪਹੀਏ ਹਨ, they are all part. Nobody can survive, ਇਨ੍ਹਾਂ ਨੂੰ ਸਾਡੇ ਬਿਨਾਂ ਬਜ਼ਾਰ ਨਹੀਂ ਮਿਲਣਾ ਤੇ ਸਾਨੂੰ ਇਨ੍ਹਾਂ ਬਿਨਾਂ ਸੰਗ ਨਹੀਂ ਮਿਲਣਾ। ਇਹ ਦੋਨੋਂ ਇਕੱਠੇ ਚੱਲਣਗੇ ਪਰ ਜਿਹੜਾ ਸਭ ਤੋਂ ਵੱਡਾ ਉਲ੍ਹਾਮਾ ਪੰਜਾਬ ਨੂੰ ਲੱਗਿਆ, ਉਹ ਬਿਜਲੀ ਦੀ ਸਬਸਿਡੀ ਹੈ। ਉਸ ਵਾਸਤੇ even economists talk about it ਕਿ ਬੜਾ ਗਲਤ ਹੋ ਰਿਹਾ ਹੈ । ਤੁਸੀਂ ਬਜਟ

ਵਿੱਚ ਜਿਹੜਾ ਬਿਆਨ ਦਿੱਤਾ ਹੈ, that you have provided for Rs.5,484 crores. ਜਿਥੇ ਪ੍ਰੋਵੀਜ਼ਨ ਰੱਖੀ ਹੈ, ਉਥੇ ਪਾਇਆ ਹੈ, 2984 ਕਰੋੜ ਰੁਪਿਆ । ਤੁਸੀਂ ਕੁਝ ਨਾ ਕੁਝ ਕਹੋਗੇ । ਚਾਹੇ ਕਹੋਗੇ ਕਿ ਟਾਈਪੋਗਰਾਫੀਕਲ ਮਿਸਟੇਕ ਹੋ ਗਈ ਜਾਂ ਕੋਈ ਨਾ ਕੋਈ ਸਿਆਣਾ ਬੰਦਾ ਤੁਹਾਨੂੰ ਕਹਿ ਦੇਵੇਗਾ They will always come up with some excuse but my specific question, and I would like the Finance Minister to answer when he is going to reply this debate. Has there ever been during your tenure that the social security funds, the money has been diverted to pay for the subsidies? The social security funds, ਪਰ ਇਸ ਬਾਰੇ ਤੁਸੀਂ ਸੋਚ ਕੇ ਜਵਾਬ ਦਿਓ । ਪੁੱਛ ਲੈਣਾ । That the social security funds, which have been created by our Hon'ble former Chief Minister Capt. Amarinder Singh, will go only and only for paying that, and cannot be diverted. ਗਰੀਬ ਦਾ ਪੈਸਾ, ਉਸ ਦੀ ਪੈਨਸ਼ਨ ਦੀ ਪੈਸਾ, ਵੈਲਫੇਅਰ ਦਾ ਪੈਸਾ and even that money has been transferred, ਪੀ. ਐਸ. ਈ. ਬੀ. ਹੱਥ ਖੜ੍ਹੇ ਕਰੀ ਖੜ੍ਹੀ ਸੀ ਕਿ ਇਹ ਪੈਸੇ ਤੁਸੀਂ ਲੈ ਲਉ । This itself puts this entire thing under cloud. ਸਪੀਕਰ ਸਾਹਿਬ, ਮੈਂ ਕੈਗ ਦੀ ਗੱਲ ਕਰ ਰਿਹਾ ਸੀ । ਤੁਸੀਂ ਰੋਕ ਦਿੱਤਾ । ਮੈਂ ਨਾ ਤਾਂ ਹੈਲੀਕਾਪਟਰ ਦੀ ਗੱਲ ਕੀਤੀ । ਨਾ ਮੈਂ ਐਮੂਨੇਸ਼ਨ ਪਰਚੇਜ਼ ਦੀ ਗੱਲ ਕੀਤੀ ਪਰ ਇੱਕ ਗੱਲ ਬੜੀ ਚੁੱਭੀ । ਪਰ ਕਿਉਂਕਿ ਕਿਹਾ ਜਾਂਦਾ ਹੈ, 'ਪੰਜਾਬੀਆਂ ਦੀ ਸ਼ਾਨ ਵੱਖਰੀ' । ਥੋੜ੍ਹੇ ਦਿਨ ਪਹਿਲਾਂ ਡਿਪਟੀ ਸੀ. ਐਮ. ਸਾਹਿਬ ਨੇ ਜ਼ਰੂਰ ਧਿਆਨ ਦਿੱਤਾ ਹੋਣਾ ਹੈ । There was auction held in New York for a painting. Do you know that painting which was sold for a very very hefty price of Rs.18 crores. 18 ਕਰੋੜ ਰੁਪਏ ਦੀ ਪੇਂਟਿੰਗ ਆਕਸ਼ਨ ਹੋਈ ਸੀ, it belongs to a very famous Punjabi. It was a self-portrait, ਬੜੇ ਹੀ ਸਤਿਕਾਰਯੋਗ ਅੰਮ੍ਰਿਤਾ ਸ਼ੇਰਗਿੱਲ ਜੀ ਦਾ ਸੈਲੱਫ-ਪੋਰਟਰੇਟ 18 ਕਰੋੜ ਰੁਪਏ ਵਿੱਚ ਆਕਸ਼ਨ ਹੋਇਆ। Why I am bringing it ? ਮੈਂ ਇਸ ਕਰਕੇ ਇਹ ਗੱਲ ਲਿਆ ਰਿਹਾ ਹਾਂ, ਉਨ੍ਹਾਂ ਦਾ ਤਾਂ ਪੋਰਟਰੇਟ ਸਾਢੇ ਅਠਾਰਾਂ ਕਰੋੜ ਰੁਪਏ ਦਾ ਹੈ ਪਰ ਅਸੀਂ ਐਂਬੂਲੈਂਸ ਦੇ ਉਤੇ ਸਾਡੇ ਸਤਿਕਾਰਯੋਗ ਸੀ.ਐਮ. ਸਾਹਿਬ ਦੀ ਜਿਹੜੀ ਫੋਟੋ ਲਗਾਈ ਹੈ, it has

[ ਸ਼੍ਰੀ ਸੁਨੀਲ ਜਾਖੜ ]

cost the State 23.80 crores. ਸਪੀਕਰ ਸਾਹਿਬ, ਸਾਨੂੰ ਇਸਦੀ ਕਾਸਟ 23 ਕਰੋੜ 80 ਲੱਖ ਰੁਪਏ ਦੀ ਪਈ ਹੈ। He cannot be valued in money, no amount of money, maybe in billions, trillions cannot be put on his dignity, his position in public life. ਪਰ ਇੱਕ ਜ਼ਿੱਦ ਫੜ੍ਹ ਕੇ ਬਹਿ ਗਏ ਕਿ ਕਾਂਗਰਸੀਆਂ ਨੇ ਜਾ ਕੇ ਧਰਨਾ ਲਗਾ ਦਿੱਤਾ ਕਿ ਐਂਬੂਲੈਂਸ ਦੇ ਉਤੇ ਫੋਟੋ ਨਹੀਂ ਲੱਗਣੀ। ਮੈਨੂੰ ਇਹ ਸੀ ਕਿ ਸੁਨੀਲ, ਤੂੰ ਮੂੰਹ ਖੋਲ੍ਹਣ ਤੋਂ ਪਹਿਲਾਂ ਚੈੱਕ ਕਰ ਕਿਤੇ ਇਹ ਨਾ ਹੋਵੇ ਕਿ ਕੱਲ੍ਹ ਨੂੰ ਕਹਿ ਦੇਣ ਕਿ ਬਾਦਲ ਸਾਹਿਬ ਦੀ ਫੋਟੋ ਸੀ, ਇਸ ਕਰਕੇ ਯੂ.ਪੀ.ਏ. ਸਰਕਾਰ ਨੇ ਜਿਹੜੀ ਗਰਾਂਟ ਬਣਦੀ ਸੀ, ਰੋਕ ਲਈ। Even in this 2014-15 ਜਦੋਂ ਦੀ ਤੁਹਾਡੀ ਇਹ ਐਨ.ਡੀ.ਏ. ਵਾਲੀ ਸਰਕਾਰ ਬਣੀ ਹੈ, ਇਸ ਨੇ ਵੀ ਉਹ ਪੈਸੇ ਰੋਕ ਲਏ। 23 ਕਰੋੜ 80 ਲੱਖ ਰੁਪਏ ਦੀ ਗਰਾਂਟ, which was due to the State of Punjab, was witheld. ਹੁਣ ਦੱਸੋ ਕਿ ਅਸੀਂ ਇੱਥੇ ਵਾਲੇ ਤਕੜੇ ਹਾਂ ਜਾਂ ਅੰਮ੍ਰਿਤਾ ਸ਼ੇਰਗਿੱਲ ਜੀ ਵਾਲਾ ਸੈਲਫ-ਪੋਰਟਰੇਟ ਤਕੜਾ ਹੈ। Speaker Sahib, this is not done. ਆਪਾਂ ਗਰੀਬਾਂ ਦੀ ਗੱਲ ਕਰਦੇ ਹਾਂ। ਮੈਂ ਫਿਰ ਪਾਸੇ ਚਲਿਆ ਜਾਵਾਂਗਾ, let me stay within the things.

**ਪਸ਼ੂ ਪਾਲਣ, ਡੇਅਰੀ ਵਿਕਾਸ ਤੇ ਮੱਛੀ ਪਾਲਣ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜਾਰ ਸਿੰਘ ਰਣੀਕੇ) (ਬੈਠੇ-ਬੈਠੇ) :** ਤੁਸੀਂ ਕਹਿ ਲਵੋ।

**ਸ਼੍ਰੀ ਸੁਨੀਲ ਜਾਖੜ :** ਚਲੋ, ਮੈਂ ਕਹਿ ਹੀ ਦਿੰਦਾ ਹਾਂ। ਜੇ ਮੈਨੂੰ ਛੇੜ ਲਿਆ ਹੈ ਤਾਂ ਟਾਈਮ ਤਾਂ ਮੈਨੂੰ ਦੇ ਹੀ ਰੱਖਿਆ ਹੈ। ਸਪੀਕਰ ਸਾਹਿਬ, ਦੋ ਸੜਕਾਂ ਦੀ ਗੱਲ ਅੱਜਕਲ੍ਹ ਪੰਜਾਬ ਵਿੱਚ ਹੁੰਦੀ ਹੈ। ਹੁਣੇ ਹੀ ਤੁਸੀਂ ਵੀ ਗੱਲ ਕੀਤੀ ਸੀ, even you mentioned. ਉਸ ਤੇ ਮੈਂ ਫਿਰ ਆਵਾਂਗਾ। ਇੱਕ ਤਾਂ ਜਿਹੜੀ ਤੁਸੀਂ ਬੰਬ ਪਰੂਫ ਸੜਕ ਦੀ ਗੱਲ ਕੀਤੀ ਹੈ, ਉਹ ਬਠਿੰਡੇ ਬਣ ਰਹੀ ਹੈ। ਦੂਜੀ ਇੱਕ ਸੜਕ ਹੈ, ਜਿਸ ਤੇ ਪਾਮ ਟਰੀ ਲੱਗੇ ਹਨ। ਸਪੀਕਰ ਸਾਹਿਬ, ਇੱਕ ਕਿਤਾਬ ਸੀ-'ਲਿਟਲ ਪਰਿੰਸ'। ਉਸ ਵਿੱਚ ਉਹ ਕਹਿੰਦਾ ਹੈ - words are so misunderstanding and ਕਿਤੇ ਨਾ ਕਿਤੇ ਕਮਿਊਨੀਕੇਸ਼ਨ ਦਾ ਗੈਪ ਰਹਿ ਜਾਂਦਾ ਹੈ। ਲੋਕ ਤੁਹਾਡੇ ਤੋਂ ਸੇਫ ਰੋਡ ਭਾਲਦੇ ਸੀ। ਸਾਡੇ ਇੱਕ ਨਿਊਜ਼ਪੇਪਰ 'ਭਾਸਕਰ' ਨੇ ਪੂਰਾ ਅਭਿਆਨ ਚਲਾਇਆ ਸੀ। ਮੇਰਾ ਖਿਆਲ ਵਿਚਾਰੇ ਤਿੰਨ

ਮਹੀਨੇ ਲੱਗੇ ਰਹੇ ਪਰ ਕਿਸੇ ਨੇ ਉਸ ਗੱਲ ਤੇ ਗੌਰ ਨਹੀਂ ਕੀਤੀ। ਤੁਸੀਂ ਕਰ ਲਈ। Punjab is looking for safe roads, they were not looking for bomb-proof roads, they were looking for bump-proof roads ** **ਬਿਹਾਰ ਵਾਲਿਆਂ ਨੂੰ ਬੋਲਦੇ ਹਨ, ਉਵੇਂ ਇਥੇ ਸਾਰੇ ਪੜ੍ਹੇ ਲਿਖੇ ਨਹੀਂ, ਸਾਰੇ ਬੇਵਕੂਫ ਤੁਰੇ ਫਿਰਦੇ ਹਨ। ਤੁਸੀਂ ਉਸ ਦਿਨ ਲੋਕਾਂ ਨੂੰ ਸਪੀਚ ਦੇ ਰਹੇ ਸੀ, is this an attitude towards the people of the Punjab.

**ਮਾਨਯੋਗ ਸਪੀਕਰ :** ** ** ਲਫਜ਼ ਐਕਸਪੰਜ ਕਰ ਦੇਣਾ।

**ਸ਼੍ਰੀ ਸੁਨੀਲ ਜਾਖੜ :** ਇਹ ਕਿਹਾ ਗਿਆ ਕਿ ਭਾਵੇਂ ਬੰਬ ਸੁੱਟ ਦਿਉ, ਇਸ ਦਾ ਕੁਝ ਨਹੀਂ ਵਿਗੜਨਾ। ਸਪੀਕਰ ਸਾਹਿਬ, ਦੂਜੀ ਪਾਮ ਟਰੀਜ਼ ਵਾਲੀ ਸੜਕ ਮਸ਼ਹੂਰ ਹੋਈ ਹੈ, Is palm a native tree? ਪਰ ਕੱਲ੍ਹ ਮੈਂ ਖਟਕੜ ਕਲਾਂ ਤੋਂ ਇੱਧਰ ਦੀ ਹੋ ਕੇ ਆਇਆ ਹਾਂ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਕੰਨ ਸੁੱਟ ਰੱਖੇ ਸੀ। That is the fate of economy that reflects the thinking of the Government and that reflects the state of the economy. ਜਿਵੇਂ ਇੱਕ ਦੋਹਾ ਹੈ,'ਬੜੇ ਹੂਏ ਤੋ ਕਿਆ ਹੂਏ ਜੈਸੇ ਪੇੜ ਖਜੂਰ, ਪੰਛੀ ਕੋ ਛਾਇਆ ਨਹੀਂ, ਫਲ ਲਾਗੇ ਅਤਿ ਦੂਰ।'

ਖਜੂਰ ਦੇ ਪੇੜ ਦੀ ਤਰ੍ਹਾਂ ਨਾ ਇਨ੍ਹਾਂ ਪਾਮ ਟਰੀਜ਼ ਦੀ ਛਾਂ ਹੋਣੀ ਹੈ, ਨਾ ਕੁਝ ਹੋਰ ਹੋਣਾ ਹੈ। ਲੋਕ ਤੁਹਾਡਾ ਮਜ਼ਾਕ ਬਣਾ ਦੇਣਗੇ ਕਿ ਜ਼ਿਆਦਾ ਚੰਗਾ ਰਹਿੰਦਾ ਜੇ ਕਿਤੇ ਪਿੱਪਲ ਲਗਾ ਦਿੰਦੇ, ਕਿੱਕਰ ਲਗਾ ਦਿੰਦੇ ਜਾਂ ਕੋਈ ਵੀ ਹੋਰ ਦਰਖੱਤ ਲਗਾ ਦਿੰਦੇ। But these are the only two roads which are being mentioned today. ਸਪੀਕਰ ਸਾਹਿਬ, ਇਹ ਇੱਕ ਬਹੁਤ ਵੱਡਾ ਇਸ਼ੂ ਹੈ। ਮੈਂ ਬਾਕੀ ਫਿਗਰਾਂ ਵਿੱਚ ਨਾ ਜਾ ਕੇ ਕਹਿੰਦਾ ਹਾਂ ਕਿ ਮਾਨਯੋਗ ਸੀ.ਐਮ. ਸਾਹਿਬ ਨੇ ਵੀ ਵਧਾਈ ਦਿੱਤੀ, ਜਿਸ ਦਿਨ new scheme came under the devolution of funds. ਡੈਵੋਲਿਊਸ਼ਨ ਫੰਡਜ਼ ਦਾ ਜਿਹੜਾ ਹੈ, they have been harping about . ਇਹ ਮੇਰੇ ਤੋਂ ਸਿਆਣੇ ਹਨ। He is very very capable Finance Minister but in real sense the federalism has now come and the states would have their due share, I want to dispel that notion that Punjab has benefited, ਪਰ ਕਿਉਂਕਿ ਉਦੋਂ

**Expunged as ordered by the Chair.

[ ਸ਼੍ਰੀ ਸੁਨੀਲ ਜਾਖੜ ]

ਤਾਈਂ ਆਪਸ ਵਿੱਚ ਰਾਬਤਾ ਬਣਿਆ ਨਹੀਂ ਸੀ। ਉਸ ਦਿਨ ਸੀ.ਐਮ. ਸਾਹਿਬ ਤਾਂ ਕਹਿ ਰਹੇ ਸੀ ਕਿ ਐਫ.ਐਮ. ਸਾਹਿਬ ਨੂੰ ਵਧਾਈ ਹੋਵੇ ਔਰ ਐਫ.ਐਮ. ਸਾਹਿਬ ਕਹੀ ਜਾਂਦੇ ਸੀ ਕਿ ਪੰਜਾਬ ਨੂੰ ਮਾਰ ਦਿੱਤਾ ਹੈ। ਮੈਂ ਉਨ੍ਹਾਂ ਦਾ ਦਰਦ ਤਾਂ ਸਮਝਦਾ ਹਾਂ ਪਰ ਅਗਲੇ ਦਿਨ ਚੁੱਪ ਹੋ ਗਏ, ਉਸ ਗੱਲ ਤੇ ਠੰਡੇ ਪੈ ਗਏ। ਕਿਉਂ ਪੈ ਗਏ, ਕਿਉਂਕਿ ਮਜ਼ਬੂਰੀ ਹੈ। ਹੁਣ ਵੱਡਾ ਕੋਈ ਘਰ ਵਿੱਚ ਬੋਲਦਾ ਹੈ ਤਾਂ ਅਗਲਾ ਚੁੱਪ ਹੋ ਗਿਆ। ਸਪੀਕਰ ਸਾਹਿਬ, ਇੱਕ ਭਰਮ ਫੈਲਾਇਆ ਗਿਆ ਕਿ ਪੰਜਾਬ ਨੂੰ ਇਸ ਸਾਰੀ ਸਕੀਮ ਨਾਲ ਬੜਾ ਬੈਨੀਫਿਟ ਹੋਇਆ ਹੈ ਕਿ State share has increased, it is total myth. Speaker Sahib, as far as Punjab is concerned, I am talking of today, this moment, what has happened.

ਸਪੀਕਰ ਸਾਹਿਬ, ਦੋ ਕਿਸਮ ਦੇ ਪੈਸੇ ਸਾਡੇ ਕੋਲ ਆਉਂਦੇ ਸੀ। One was the State share in the collection of the Central Taxes and the other is the part of the Central Schemes. ਸੈਂਟਰ ਸਕੀਮ ਦੇ ਵਿਚ ਥੋੜ੍ਹਾ ਜਿਹਾ ਗੌਰ ਕਰਿਓ, ਇਹ ਅੰਕੜੇ ਹਨ which sound very romantic, ਕਿਤੇ ਇਹ ਨਾ ਕਹਿ ਦਿਉ ਕਿ ਕਿਉਂ ਜਾਨ ਖਾਈ ਜਾਂਦਾ ਹੈ, but these are real issues. ਜਿਹੜਾ ਸੈਂਟਰਲ ਸਕੀਮਜ਼ ਦੇ ਤਹਿਤ ਆਪਾਂ ਨੂੰ ਪੈਸਾ ਆਉਂਦਾ ਸੀ, ਸਾਲ 2013-14 ਦੇ ਅੰਦਰ 6574 ਕਰੋੜ ਰੁਪਿਆ ਸਾਨੂੰ ਐਲੋਕੇਸ਼ਨ ਹੋਈ ਸੀ, ਜਦੋਂ ਅਗਲਾ ਸਾਲ 2014-15 ਆਇਆ there was an increase because economy is growing, national GDP has grown, tax collection has grown and proportionately our states share has also increased. ਇਹ 6574/- ਕਰੋੜ ਰੁਪਏ ਤੋਂ ਵੱਧ ਕੇ 8230 ਕਰੋੜ ਰੁਪਏ ਹੋ ਗਿਆ, ਇਸ ਤਰ੍ਹਾਂ ਨਾਲ ਤਕਰੀਬਨ 1600-1700/- ਕਰੋੜ ਰੁਪਏ ਦਾ ਵਾਧਾ ਹੈ, ਇਹ ਆਪਾਂ ਨੂੰ ਆ ਗਿਆ। ਪਰ ਹੁਣ ਇਸ ਸਕੀਮ ਦੇ ਤਹਿਤ ਕਿੰਨਾ ਆਇਆ ਹੈ, ਇਹ ਵੀ ਵੇਖਿਆ ਜਾਵੇ? ਜੇਕਰ ਉਹ ਪ੍ਰਾਗਰੈਸ, ਰਫਤਾਰ ਚਲਦੀ ਰਹਿੰਦੀ ਤਾਂ 1500/- ਕਰੋੜ ਰੁਪਿਆ ਤਾਂ ਆ ਹੀ ਜਾਂਦਾ ਅਤੇ ਹੁਣ ਕੀ ਹੋ ਰਿਹਾ ਹੈ? Under this scheme let us say that the economy has got stagnated, the GDP remained static, the collection of taxes also remained static and as a result our states share in this

proportion would have increased to 10000 crores rupees ਜਿਸ ਦੇ ਵਾਸਤੇ ਆਪਾਂ ਇੱਥੇ ਖੁਸ਼ੀ ਮਨਾਉਂਦੇ ਫਿਰਦੇ ਹਾਂ, ਹੁਣ ਆਪਾਂ ਨੂੰ ਮਿਲਿਆ ਕੀ ਹੈ, ਕੇਵਲ 5075/- ਕਰੋੜ ਰੁਪਿਆ। It is a loss of 5000/- crores but this is also not the real loss. Now you would say ਕਿ ਸਾਡਾ ਟੈਕਸਿਜ਼ ਸ਼ੇਅਰ ਵੱਧ ਗਿਆ ਹੈ, ਪਰ ਟੈਕਸਿਜ਼ ਦੇ ਬਾਰੇ ਮੇਰੇ ਕੋਲ 2013-14 ਦੇ figures ਹਨ। ਸਾਲ 2013-14 ਵਿਚ ਸਾਨੂੰ 4431/- ਕਰੋੜ 47 ਲੱਖ ਰੁਪਏ ਸਟੇਟ ਸ਼ੇਅਰ ਵਜੋਂ from the Central taxes ਮਿਲਿਆ। ਇਹ 2014-15 ਵਿਚ ਵੱਧ ਕੇ without any change in the formula, without any real federalism taking place, increased to Rs.5400/- crores, an increase of almost Rs.1000/- crores ਇੱਕ ਹਜ਼ਾਰ ਕਰੋੜ ਰੁਪਿਆ ਸਾਡੀ ਟੈਕਸਿਜ ਦੀ ਆਮਦਨ ਵੱਧ ਗਈ । ਸਾਲ 2015-16 ਅੰਦਰ, ਹੁਣ ਜੇ ਉਸੇ ਤਰ੍ਹਾਂ ਪ੍ਰਾਗਰੈਸ ਚਲਦੀ ਰਹਿੰਦੀ ਤਾਂ ਜਿਹੜੀ ਉਸ ਸਾਲ ਵਿਚ ਪਹਿਲਾਂ ਇੱਕ ਹਜ਼ਾਰ ਕਰੋੜ ਰੁਪਏ ਦੀ ਇਨਕਰੀਜ਼ ਹੋਈ ਸੀ ਤਾਂ ਆਪਣਾ ਉਸੇ ਪ੍ਰੋਪੋਸ਼ਨ ਨਾਲ 6400-6500/- ਕਰੋੜ ਰੁਪਿਆ ਡਿਊ ਬਣ ਜਾਣਾ ਸੀ ਪਰ ਜੇ ਵੇਖਿਆ ਜਾਵੇ ਤਾਂ ਇਨ੍ਹਾਂ ਦੇ ਹਿਸਾਬ ਨਾਲ ਤਕਰੀਬਨ 8000/- ਕਰੋੜ ਰੁਪਿਆ ਮਿਲਿਆ ਜਿਸ ਨਾਲ ਤਕਰੀਬਨ 1500 ਕਰੋੜ ਰੁਪਏ ਫਾਲਤੂ ਆਏ ਹਨ। But in real sense, we have lost 3500/- crores. ਇਹ ਦੋਨਾਂ ਨੂੰ ਮਿਲਾ ਕੇ, ਜਿਹੜਾ ਸੈਂਟਰ ਸਕੀਮ ਦਾ ਸ਼ੇਅਰ ਸੀ ਉਹ ਸੈਂਟਰ ਦੀ ਸਕੀਮ ਲੋਕਾਂ ਤੱਕ ਜਾਂਦੀ ਸੀ । (ਵਿਘਨ) ਮੈਂ ਉਥੇ ਵੀ ਆਵਾਂਗਾ। ਤੁਸੀਂ ਵੇਖੋ, I am giving him a credit. ਸਪੀਕਰ ਸਾਹਿਬ, ਉਹ ਬੜੇ ਸਮਝਦਾਰ ਹਨ, he is a very capable man and he comes from a State, ਜਿਸ ਸਟੇਟ ਵਿੱਚੋਂ ਉਹ ਹਨ, ਉਸ ਸਟੇਟ ਨੂੰ ਵਰਦਾਨ ਹੈ ਕਿ ਉਥੇ ਜਦੋਂ ਜੁਆਕ ਵੀ ਪੈਦਾ ਹੋ ਜਾਂਦਾ ਹੈ he becomes a businessman and, therefore, he is by nature, a businessman. ਉਥੇ ਹਿੰਦੂ ਮੁਸਲਮਾਨ ਵਾਲਾ ਫਸਾਦ ਪਾ ਦਿੱਤਾ ਸੀ, ਅਦਰਵਾਈਜ਼ ਉਹ ਸਾਰਿਆਂ ਤੋਂ ਸ਼ਰੀਫ ਹਨ, ਕੋਈ ਫੈਕਟਰੀ ਲਗਾਈ ਬੈਠਾ ਹੈ, ਕੋਈ ਹੀਰੇ ਕੱਢ ਰਿਹਾ ਹੈ, ਕੋਈ ਕੁਝ ਕਰੀ ਜਾਂਦਾ ਹੈ ? as a result it has become a big industrial state because ਉਨ੍ਹਾਂ ਦੀ ਨੇਚਰ ਹੈ ਅਤੇ ਉਹ ਸਮਝਦਾਰ ਵੀ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਸਦਨ ਦਾ ਟਾਈਮ ਵਧਾ ਲਿਆ ਜਾਵੇ।

**ਮਾਨਯੋਗ ਸਪੀਕਰ :** ਟਾਈਮ ਤਾਂ ਪਹਿਲਾਂ ਹੀ ਜਿਹੜੀ ਬਿਜਨਸ ਐਡਵਾਈਜ਼ਰੀ ਕਮੇਟੀ ਦੀ ਪਿਛਲੀ ਮੀਟਿੰਗ ਹੋਈ ਸੀ, ਉਸ ਵਿਚ ਵਧਾਇਆ ਹੋਇਆ ਹੈ, till the completion of the Business for the day.

**ਉਪ ਮੁੱਖ ਮੰਤਰੀ (ਬੈਠੇ ਬੈਠੇ) :** ਅੱਜ ਡਿਨਰ ਵੀ ਹੈ।

**ਸ਼੍ਰੀ ਸੁਨੀਲ ਜਾਖੜ :** ਅੱਜ ਸਵਾਦ ਨਹੀਂ ਲੱਗਣਾ। ਇਹ ਆਲਰੇਡੀ ਐਕਸਟੈਂਡਿਡ ਹੈ।

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਦੇਣੀ ਚਾਹੁੰਦਾ ਹਾਂ। ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਜਿਹੜੀ ਨਵੀਂ ਡੈਵੋਲਿਊਸ਼ਨ ਆਫ ਟੈਕਸਿਜ ਦੀ ਗੌਰਮਿੰਟ ਆਫ ਇੰਡੀਆ ਦੀ ਹੈ, ਉਸ ਨੂੰ ਕ੍ਰੀਟੀਸਾਈਜ਼ ਕਰ ਰਹੇ ਸੀ । ਮੈਂ ਸਿਰਫ ਦੋ ਲਾਈਨਾਂ ਕੋਟ ਕਰਨੀਆਂ ਹਨ, ਸ਼੍ਰੀ ਪੀ.ਚਿੰਦਬਰਮ, ਜਿਹੜੇ ਯੂ.ਪੀ.ਏ. ਗੌਰਮਿੰਟ ਦੇ ਵਿੱਚ ਫਾਰਮਰ ਯੂਨੀਅਨ ਮਨਿਸਟਰ ਸਨ, ਉਨ੍ਹਾਂ ਨੇ ਇਹ ਕਿਹਾ ਹੈ। ਕਾਈਂਡਲੀ ਉਸ ਦੀ ਰੌਸ਼ਨੀ ਵਿੱਚ ਇਹ ਦੱਸਣਗੇ ਕਿ ਇਨ੍ਹਾਂ ਦਾ ਸਟੈਂਡ ਤੇ ਉਨ੍ਹਾਂ ਦੇ ਸਟੈਂਡ ਦਾ ਫਰਕ ਕਿਉਂ ਹੈ? ਮੈਂ ਕਾਈਂਡਲੀ ਦੋ ਲਾਈਨਾਂ ਉਨ੍ਹਾਂ ਦੀਆਂ ਕੋਟ ਕਰ ਰਿਹਾ ਹਾਂ "I have long held the view that State share of taxes and duties collected by the Centre must be significantly increased. I have also held the view that as the Central Govt. Schemes are very few and, therefore, must be fully funded by the Central Government." ਇਹ ਉਨ੍ਹਾਂ ਦਾ ਵਿਊ ਹੈ ਅਤੇ ਜੋ ਸਾਡੇ ਮਾਨਯੋਗ ਲੀਡਰ ਆਫ਼ ਦਿ ਆਪੋਜ਼ੀਸ਼ਨ ਬੋਲ ਰਹੇ ਹਨ, ਇਹ ਉਸ ਦੇ ਬਿਲਕੁਲ ਆਪੋਜ਼ਿਟ ਬੋਲ ਰਹੇ ਹਨ। ਇਹ ਇਸ ਦੀ ਕਲੈਰੀਫਿਕੇਸ਼ਨ ਦੇਣ।

**ਸ਼੍ਰੀ ਸੁਨੀਲ ਜਾਖੜ :** ਮੈਂ ਬਿਲਕੁਲ ਕਲੈਰੀਫਿਕੇਸ਼ਨ ਦੇਵਾਂਗਾ। It is a real honour to be discussing these issues with him. For once you have really made a nice choice. ਮੈਂ ਖਾਸ ਕਰਕੇ ਜਿਹੜੇ ਤੁਸੀਂ ਐਜੂਕੇਸ਼ਨ ਮਨਿਸਟਰ ਬਣਾਏ ਗਏ ਹੋ, ਮੈਂ ਤਾਂ ਕਹਿੰਦਾ ਹਾਂ ਕਿ ਇੱਥੇ ਸਿਰਫ਼ ਦੋ ਹੀ ਬੰਦੇ ਜਾਂ ਤਾਂ ਵਡਾਲਾ ਸਾਹਿਬ ਜਾਂ ਤੁਸੀਂ ਮਤਲਬ ਦੀ ਗੱਲ ਕਰਨ ਵਾਲੇ

ਹੋ। It is always a pleasure to have such people. ਬਾਕੀ ਤਾਂ ਮੇਰੇ ਵਰਗੇ ਮਾੜ੍ਹੂ ਹਨ। ਖਾਸ ਕਰਕੇ ਇਹ ਮਤਲਬ ਦੀ ਗੱਲ ਤਾਂ ਕਰਦੇ ਹਨ, ਅਸੀਂ ਐਵੇਂ ਤੂੰ-ਤੂੰ, ਮੈਂ-ਮੈਂ ਕਰਦੇ ਰਹਿੰਦੇ ਹਾਂ। ਸਪੀਕਰ ਸਾਹਿਬ, ਮੈਂ ਬਿਲਕੁਲ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ, ਸੀ.ਐਮ. ਸਾਹਿਬ ਦਾ ਇਹੀ ਤਰੀਕਾ ਰਿਹਾ ਹੈ ਜਿਵੇਂ ਪੁਰਾਣੇ ਸਮਿਆਂ ਵਿੱਚ ਇੱਕ ਟੀਕਾ ਹੁੰਦਾ ਸੀ, ਜਿਸ ਨੂੰ ਪੈਨਸਲੀਨ ਕਹਿੰਦੇ ਸੀ। ਜਿਸ ਨੂੰ ਕੋਈ ਬਿਮਾਰੀ ਹੈ, ਉਸ ਦੇ ਠੋਕ ਦਿਉ। It was a broad spectrum antibiotic. ਖਾਸ ਕਰਕੇ ਸੀ.ਐਮ. ਸਾਹਿਬ ਦੀ ਮੰਗ ਸਟੇਟ ਸਪੈਸੇਫਿਕ ਹੈ। Now it is project specific, state specific. C.M. Sahib ਦੀ ਡਿਮਾਂਡ ਹੈ। Cheema Sahib, I agree that the devolution, it should be left to the State but at what cost? I am talking about the cost now. I am coming to the cost.

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਦੇਖ ਰਿਹਾ ਹਾਂ what we expected, ਕੀ ਸਾਨੂੰ ਇਕੱਲਾ opposition for criticism sake ਹੋਣਾ ਚਾਹੀਦਾ ਹੈ? ਉਹ ਗੱਲ ਵੀ ਕੀਤੀ ਜਾਵੇ ਜਿਸ ਵਿੱਚ ਸਾਨੂੰ ਤੁਹਾਡੀ ਰਾਏ ਦਾ ਕੋਈ ਫਾਇਦਾ ਹੋਵੇ, ਸਾਰੇ ਆਨਰੇਬਲ ਮੈਂਬਰ ਬੋਲੇ ਹਨ, ਸਾਨੂੰ ਤੁਹਾਡੀ ਇੱਕ ਇੱਕ ਗੱਲ ਦਾ ਫਾਇਦਾ ਹੋਵੇ। ਤੁਹਾਡੇ ਵਰਗਾ ਇਨਸਾਨ ਕ੍ਰਿਟੀਸਿਜ਼ਮ ਕਰੇ ਕਿ ਸਾਨੂੰ ਘੱਟ ਮਿਲਿਆ ਹੈ, ਇਸ ਨਾਲ ਪੰਜਾਬ ਨੂੰ ਕੀ ਫਾਇਦਾ ਹੋਵੇਗਾ? ਕੀ ਆਪੋਜੀਸ਼ਨ ਸਿਰਫ਼ ਕ੍ਰਿਟੀਸਿਜ਼ਮ ਵਾਸਤੇ ਹੀ ਹੈ? ਮੈਂ ਤੁਹਾਡੇ ਤੋਂ ਐਕਸਪੈਕਟ ਕਰਦਾ ਹਾਂ ਕਿ ਤੁਸੀਂ ਪੰਜਾਬ ਦੀ ਬਿਹਤਰੀ ਵਾਸਤੇ ਸੁਜੈਸ਼ਨਜ਼ ਦਿਉ, ਜਿਨ੍ਹਾਂ ਨੂੰ ਅਸੀਂ ਮੰਨੀਏ ਅਤੇ ਲਾਗੂ ਕਰੀਏ। ਕੀ ਇਨ੍ਹਾਂ ਗੱਲਾਂ ਦਾ ਕੋਈ ਫਾਇਦਾ ਹੋਵੇਗਾ, ਜੋ ਤੁਸੀਂ ਕਰ ਰਹੇ ਹੋ? ਠੀਕ ਹੈ, ਸਾਡੀ ਨਿੰਦਾ ਕਰ ਲਉ। ਉਪਰਲਿਆਂ (ਸੈਂਟਰ ਸਰਕਾਰ) ਨੇ ਦਿੱਤਾ ਹੈ, ਸਾਰੀ ਦੁਨੀਆਂ ਕਹਿ ਰਹੀ ਹੈ ਕਿ ਸਟੇਟਸ ਨੂੰ ਵੱਧ ਦਿੱਤਾ ਹੈ, autonomy ਦਿੱਤੀ ਹੈ। ਹੁਣ ਸੀ.ਐਮਜ਼ ਦੀਆਂ ਨੀਤੀਆਂ ਬਣਾਉਣ ਵਾਸਤੇ ਮੀਟਿੰਗਾਂ ਵੀ ਹੋ ਰਹੀਆਂ ਹਨ। ਹੁਣ ਮੈਂ ਤੁਹਾਡੇ ਤੋਂ ਐਕਸਪੈਕਟ ਕਰਦਾ ਹਾਂ ਕਿ ਜਿਹੜਾ ਤੁਹਾਡਾ ਬਾਕੀ ਸਮਾਂ ਰਹਿੰਦਾ ਹੈ, ਇਸ ਵਿੱਚ ਕ੍ਰਿਟੀਸਿਜ਼ਮ ਦੀ ਜਗ੍ਹਾਂ ਤੁਸੀਂ ਸਾਨੂੰ ਚੰਗੇ ਸੁਝਾਅ ਦਿਉ ਤਾਂ ਕਿ ਤੁਹਾਡੇ ਕਾਬਲ ਦਿਮਾਗ ਤੋਂ ਨਿਕਲੀਆਂ ਗੱਲਾਂ ਅਸੀਂ ਆਪਣੇ ਬਜਟ ਵਿੱਚ ਰੱਖ ਸਕੀਏ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਮੇਰੇ ਗੁਰੂ ਹਨ। ਮੈਂ ਜੋ

[ ਸ਼੍ਰੀ ਸੁਨੀਲ ਜਾਖੜ ]

ਕੁਝ ਸਿੱਖਿਆ ਹੈ, ਇਨ੍ਹਾਂ ਤੋਂ ਸਿੱਖਿਆ ਹੈ, as far as politics is concerned ਤੁਸੀਂ ਇੱਥੇ ਦੋ ਘੰਟੇ ਟਕੋਰਾਂ ਕੀਤੀਆਂ ਹਨ, ਕਹਿੰਦੇ ਸੀ ਕਿ ਮੈਂ ਹੱਥ ਖੜ੍ਹੇ ਕਰਵਾ ਕੇ ਜਾਵਾਂਗਾ। ਹੁਣ ਸਾਡੀਆਂ ਵੀ ਸੁਣ ਲਉ।

**ਮੁੱਖ ਮੰਤਰੀ (ਬੈਠੇ ਬੈਠੇ) :** ਮੈਂ ਹੱਥ ਖੜ੍ਹੇ ਕਰਾਉਣ ਬਾਰੇ ਕਦੋਂ ਕਿਹਾ ਹੈ।

**ਸ਼੍ਰੀ ਸੁਨੀਲ ਜਾਖੜ :** ਤੁਸੀਂ ਹੀ ਉਸ ਦਿਨ ਕਿਹਾ ਸੀ। ਸਪੀਕਰ ਸਾਹਿਬ, ਮੈਂ ਤਾਂ ਸਿਰਫ਼ ਪੜ੍ਹਿਆ ਹੈ ਪਰ ਇਨ੍ਹਾਂ ਨੇ ਦੋ ਘੰਟੇ ਕਿਹੜੀ ਸੁਜੈਸ਼ਨ ਦਿੱਤੀ? I am just following in his foot steps ਜਿਗਰਾ ਰੱਖਣਾ ਚਾਹੀਦਾ ਹੈ, ਹੁਣ ਇਹ ਸੁਣ ਵੀ ਲੈਣ। ਮੈਂ ਸੁਜੈਸ਼ਨ ਵੀ ਦੇਵਾਂਗਾ। ਮੈਂ ਕਿਸੇ ਤੇ ਕੋਈ ਟਕੋਰ ਨਹੀਂ ਕਰ ਲੱਗਿਆ, ਮੈਂ ਸਿਰਫ਼ ਇਹ ਕਹਿ ਰਿਹਾ ਹਾਂ ਕਿ ਜਿਹੜਾ ਚੀਮਾ ਸਾਹਿਬ ਨੇ ਸਵਾਲ ਕੀਤਾ, why am I saying this. At what cost? I said it may be beneficial for other States. But what has happened to Punjab? ਤੁਸੀਂ ਭੰਡਾਰੀ ਸਾਹਿਬ ਨੂੰ ਸੁਣਿਆ ਨਹੀਂ ਹੋਵੇਗਾ, ਹੁਣ ਉਹ ਚਲੇ ਗਏ ਹਨ। ਉਨ੍ਹਾਂ ਨੇ ਵੀ ਉਸ ਦਿਨ ਉਹੀ ਗੱਲਾਂ ਕੀਤੀਆਂ ਸਨ, ਜਿਹੜੀਆਂ ਮੈਂ ਕੀਤੀਆਂ ਹਨ। I think he was the only person who has the guts to say exactly. ਉਨ੍ਹਾਂ ਨੇ ਜਲੰਧਰ ਦੇ ਰੈਫਰੈਂਸ ਨਾਲ ਕੀਤੀਆਂ ਸਨ, ਤੁਸੀਂ ਧਿਆਨ ਨਹੀਂ ਦਿੱਤਾ। He was waiting for you. You came late. You could not listen.

ਸਵੱਛ ਭਾਰਤ ਅਭਿਆਨ ਚੱਲਿਆ ਹੈ। Whose responsibility is it now? ਉਪਰਲਿਆਂ ਨੇ ਤਾਂ ਸਾਰਿਆਂ ਨੂੰ ਝਾੜੂ ਫੜਾ ਕੇ ਪੱਲਾ ਝਾੜ ਲਿਆ, ਸਵੱਛ ਭਾਰਤ ਅਭਿਆਨ ਵਿੱਚ ਲਾਸਟ ਯੀਅਰ ਜਿਹੜਾ ਐਲੋਕੇਸ਼ਨ ਹੋਇਆ, What does this allocation comprises of? This comprises of water supply and sanitation ਅਰੋੜਾ ਸਾਹਿਬ ਬੋਲ ਰਹੇ ਸਨ ਕਿ ਅਸੀਂ ਗੰਦਗੀ ਦੇ ਢੇਰ ਤੇ ਬੈਠੇ ਹਾਂ। ਮੈਂ ਤਾਂ ਆਨਰੇਬਲ ਸੀ.ਐਮ. ਸਾਹਿਬ ਨੂੰ ਅਬੋਹਰ ਲੈ ਕੇ ਗਿਆ ਸੀ। ਮੈਨੂੰ ਕਹਿੰਦੇ, ਜਾਖੜ ਸਾਹਿਬ, ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਅਬੋਹਰ ਦਾ ਇੰਨਾ ਬੁਰਾ ਹਾਲ ਹੈ। ਅਸੀਂ ਉਥੇ ਹੀ ਬੈਠੇ ਹਾਂ। What has happened? Cheema Sahib what has happened? ਪਿਛਲੀ ਵਾਰੀ ਇਸ ਵਾਸਤੇ 12,000 ਕਰੋੜ ਰੁਪਏ ਸੈਂਟਰ ਗੌਰਮਿੰਟ ਦੇ ਸਨ ਪਰ ਇਸ ਵਾਰ ਉਨ੍ਹਾਂ ਨੇ ਕੀ ਕੀਤਾ ਹੈ, that has been cut down to Rs.6000/- crore. ਉਹ ਹੁਣ

ਤੁਹਾਡੇ ਵਾਲੇ ਖਾਤੇ ਵਿੱਚ ਪਾ ਦਿੱਤੇ। ਇਹ ਜਿਹੜੀ ਹੁਣ ਡੈਵੋਲਿਊਸ਼ਨ ਹੋਈ ਹੈ, they will expect you to fund that. ਜਿਹੜਾ ਤੁਸੀਂ 7,000 ਕਰੋੜ ਰੁਪਿਆ ਅਰਬਨ ਡਿਵੈਲਪਮੈਂਟ ਦਾ ਪਾਇਆ ਹੈ ਅਤੇ ਹੁਣ ਤੁਸੀਂ ਸਾਲ 2017 ਬਾਰੇ ਗੱਲ ਕਰਨ ਲੱਗ ਪਏ ਕਿ ਉਦੋਂ ਕਰ ਦੇਵਾਂਗੇ, I have not seen the allocation anywhere. Maybe I am wrong. Maybe you are expecting some more funds ਕਿ ਜਵਾਹਰ ਲਾਲ ਨਹਿਰੂ ਸਕੀਮ ਬਦਲ ਕੇ ਕੋਈ ਹੋਰ ਨਵੀਂ ਸਕੀਮ ਆ ਜਾਵੇਗੀ ਤਾਂ ਉਸ ਵਿੱਚੋਂ ਪਾ ਲਵਾਂਗੇ but they have shifted the onus on to you. ਹੁਣ ਤੁਸੀਂ ਜਾਣੋ ਜਾਂ ਝਾੜੂ ਵਾਲੇ ਜਾਣਨ। ਹੁਣ ਉਨ੍ਹਾਂ ਦਾ ਕੰਮ ਤੁਸੀਂ ਕਰਦੇ ਰਹੋ। We will be paying through our nose. This concerns us. ਜਿਹੜਾ ਸਵੱਛ ਭਾਰਤ ਮਿਸ਼ਨ ਹੈ ਅਸੀਂ ਸਾਰੇ ਗੰਗਾ ਦੀ ਇੱਜ਼ਤ ਕਰਦੇ ਹਾਂ, ਗੰਗਾ ਮਾਂ ਕਹਿੰਦੇ ਹਾਂ। ਆਪਣੇ ਪਾਪ ਉਥੇ ਧੋ ਕੇ ਆ ਜਾਂਦੇ ਹਾਂ ਪਰ ਸਤਲੁਜ ਦਾ ਕੌਣ ਕਰੇਗਾ? ਬਿਆਸ ਦਾ ਕੌਣ ਕਰੇਗਾ? ਵਡਾਲਾ ਸਾਹਿਬ ਨੇ ਉਸ ਦਿਨ ਕਾਲੀ ਵੇਈਂ ਦੀ ਗੱਲ ਕੀਤੀ। ਇਨ੍ਹਾਂ ਨੇ ਕਿਹਾ ਕਿ this is coming. ਸਾਡੇ ਵਾਲਿਆਂ ਵੱਲੋਂ ਟ੍ਰੀਬਿਊਟਰੀ ਜੋ ਹੈ, ਉਹ ਸਾਫ ਹੁੰਦੀ ਹੈ, ਉਸ ਦਾ ਪਾਣੀ ਪੀਂਦੇ ਸੀ, ਉਸ ਦੀ ਸਫਾਈ ਕੌਣ ਕਰੇਗਾ? Are we capable to do that? ਇਸੇ ਹਾਊਸ ਵਿੱਚ ਮਾਨਯੋਗ ਸੀ.ਐਮ. ਸਾਹਿਬ ਨੇ ਇਕ ਮਤਾ ਪਾਸ ਕੀਤਾ ਸੀ, let the House unanimously resolve that we thank Jai Ram Ramesh Ji. ਸ਼੍ਰੀ ਜੈ ਰਾਮ ਰਮੇਸ਼ ਜੀ ਨੇ ਇਸ ਪ੍ਰੋਜੈਕਟ ਲਈ 2100 ਕਰੋੜ ਰੁਪਿਆ ਦੇਣ ਬਾਰੇ ਕਿਹਾ ਸੀ, ਮੈਂ ਇਕ ਵਾਰੀ ਸੀ.ਐਮ ਸਾਹਿਬ ਨੂੰ ਪੁੱਛਿਆ ਸੀ ਉਹ ਕਹਿੰਦੇ ਕਿ ਟੈਕਨੀਕਲ ਕਾਰਨ ਕਰਕੇ ਉਹ ਲੱਗਿਆ ਨਹੀਂ। ਉਨ੍ਹਾਂ ਨੇ ਕਿਹਾ ਸੀ ਕਿ ਇਸ ਪ੍ਰੋਜੈਕਟ ਵਾਸਤੇ 2100 ਕਰੋੜ ਰੁਪਿਆ ਲੈ ਜਾਵੋ, ਇਥੇ ਉਸ ਸਮੇਂ ਦੇ ਸੈਕਟਰੀ ਬੈਠੇ ਹਨ, ਵਲਟੋਹਾ ਸਾਹਿਬ ਤੁਸੀਂ ਵੀ ਉਸ ਕਮੇਟੀ ਦੇ ਪਾਰਟ ਸੀ। ਆਪਾਂ ਲੁਧਿਆਣੇ ਗਏ ਸੀ। ਪ੍ਰਿੰਸੀਪਲ ਸੈਕਟਰੀ ਸਾਹਿਬ ਵੀ ਨਾਲ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪ੍ਰੋਪੋਜ਼ਲ ਬਣਾ ਲਈ, ਗੰਦੇ ਨਾਲੇ ਦਾ ਜਿਹੜਾ ਪਾਣੀ ਹੈ, we will make it fit for irrigation. ਇਹ ਗੱਲ ਪਿਛਲੀ ਅਸੰਬਲੀ ਦੀ ਹੈ, ਇਸ ਅਸੰਬਲੀ ਪੀਰੀਅਡ ਦੀ ਨਹੀਂ।

ਰਾਣਾ ਜੀ, ਨਾਰਮਲ ਸੈਂਟਰਲ ਅਸਿਸਟੈਂਸ ਜਿਹੜੀ ਸਟੇਟ ਨੂੰ ਨੈਚੁਰਲ

[ ਸ਼੍ਰੀ ਸੁਨੀਲ ਜਾਖੜ ]

ਵੇਅ ਵਿੱਚ ਸੈਂਟਰਲ ਗੌਰਮਿੰਟ ਦੇ ਪੈਸਿਆਂ ਵਿੱਚੋਂ ਆ ਜਾਂਦੀ ਸੀ, ਪਿਛਲੇ ਸਾਲ ਵਿੱਚ ਐਲੋਕੇਸ਼ਨ 26814 ਕਰੋੜ ਰੁਪਏ ਦੀ ਸੀ। ਸਪੈਸ਼ਲ ਸੈਂਟਰਲ ਅਸਿਸਟੈਂਸ ਜਿਹੜੀ ਅਸੀਂ ਡਾਕਟਰ ਮਨਮੋਹਨ ਸਿੰਘ ਜੀ ਕੋਲ ਜਾ ਕੇ ਪੇਸ਼ ਕਰ ਦਿੰਦੇ ਸੀ ਕਿ ਸਾਡਾ ਕੇਸ ਹੈ, ਇਸ ਵਾਸਤੇ ਇਹ ਅਸਿਸਟੈਂਸ ਦੇ ਦਿਉ, ਇਸ ਵਾਸਤੇ ਪਿਛਲੇ ਸਾਲ 10150 ਕਰੋੜ ਰੁਪਿਆ ਸੀ। ਸਪੈਸ਼ਲ ਪਲਾਨ ਅਸਿਸਟੈਂਸ 7666 ਕਰੋੜ ਰੁਪਏ ਦੀ ਸੀ। ਸਟੇਟਸ ਵਿੱਚ ਉਹ ਵੰਡੇ ਜਾਣੇ ਸੀ। ਅੱਜ ਵੀ ਜਿਹੜਾ ਸਾਡੇ ਪਿੰਡਾਂ ਵਿੱਚ ਜਾ ਕੇ ਪੈਸਾ ਲਗਦਾ ਹੈ, ਇਨ੍ਹਾਂ ਕੰਮਾਂ ਲਈ ਰੂਰਲ ਏਰੀਆ ਡਿਵੈਲਪਮੈਂਟ ਫੰਡ ਉਥੋਂ ਆਉਂਦੇ ਹਨ। (ਵਿਘਨ) ਸੈਂਟਰ ਦਾ ਪੜ੍ਹ ਰਿਹਾ ਹਾਂ ਜੀ। (ਵਿਘਨ) ਸਰਦਾਰ ਤੋਤਾ ਸਿੰਘ ਜੀ ਸੈਂਟਰ ਨਾਲ ਅੱਜ ਬੜਾ ਸਬੰਧ ਹੈ। ਕੋਈ ਗੱਲ ਨਹੀਂ ਆਪਾਂ ਨੂੰ ਕਾਹਲ ਕਿੰਨੀ ਹੈ, ਤੁਸੀਂ ਬਜ਼ੁਰਗ ਹੋ, ਬਜ਼ੁਰਗਾਂ ਵਿੱਚ ਪੇਸੈਂਸ ਥੋੜ੍ਹੀ ਜਿਹੀ ਜ਼ਿਆਦਾ ਹੁੰਦੀ ਹੈ। ਸਾਡੇ ਵਰਗਿਆਂ ਵਿੱਚ ਸ਼ਾਇਦ ਕਿਤੇ ਘੱਟ ਹੋ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਸੈਂਟਰਲ ਸਕੀਮਾਂ ਗਿਣਾਈਆਂ ਹਨ। ਚੀਮਾ ਸਾਹਿਬ, ਇੱਕ ਮਿੰਟ ਖੜ੍ਹ ਜਾਵੋ।

**ਮਾਨਯੋਗ ਸਪੀਕਰ :** ਚੀਮਾ ਸਾਹਿਬ ਦੀ ਗੱਲ ਸੁਣ ਲਵੋ।

**ਸਿੱਖਿਆ ਮੰਤਰੀ (ਡਾਕਟਰ ਦਲਜੀਤ ਸਿੰਘ ਚੀਮਾ) :** ਸਪੀਕਰ ਸਾਹਿਬ, ਨਵਾਂ ਸਿਸਟਮ ਸਾਰਾ ਜੋ ਚੇਂਜ ਹੋਇਆ ਹੈ, ਜਾਂ ਤਾਂ ਸਾਨੂੰ ਬਿਲਕੁਲ ਸਮਝ ਨਹੀਂ ਲੱਗੀ, ਮੈਂ ਇਹ ਤਾਂ ਨਹੀਂ ਕਹਿ ਸਕਦਾ ਕਿ ਜਾਖੜ ਸਾਹਿਬ ਨੂੰ ਸਮਝ ਨਹੀਂ ਲੱਗੀ ਪਰ ਜਿਹੜੀਆਂ ਇਹ ਗੱਲਾਂ ਕਰ ਰਹੇ ਹਨ, ਸਾਰੇ ਦੇਸ਼ ਦੀ ਮੰਗ ਇਸ ਗੱਲ ਦੀ ਸੀ ਕਿ ਜਿਹੜੀ ਨਾਰਮਲ ਸੈਂਟਰਲ ਅਸਿਸਟੈਂਸ ਹੈ, ਉਹ ਵਧਣੀ ਚਾਹੀਦੀ ਹੈ। Untied ਫੰਡ ਸਟੇਟ ਨੂੰ ਵਧਣੇ ਚਾਹੀਦੇ ਹਨ। ਸੈਂਟਰਲੀ ਸਪਾਂਸਰਡ ਸਕੀਮਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਦੇ ਸਮੇਂ ਵਿੱਚ ਪਲਾਨਿੰਗ ਕਮਿਸ਼ਨ ਤੇ ਜੋ ਸਪੈਸ਼ਲ ਕਮੇਟੀ ਬਣੀ ਸੀ, ਜਿਸ ਨੇ ਰਿਪੋਰਟ ਦਿੱਤੀ ਸੀ, ਉਸ ਦੀ ਆਪਣੀ ਰਿਕੁਮੈਂਡੇਸ਼ਨ ਇਹ ਸੀ ਕਿ ਜਿਹੜੀਆਂ ਇਹ ਸਕੀਮਾਂ ਹਨ, ਜੋ ਕਿ ਗਿਣਤੀ ਵਿੱਚ 300 ਤੋਂ ਉਤੇ ਪਹੁੰਚ ਗਈਆਂ ਸਨ, ਉਨ੍ਹਾਂ ਨੂੰ ਘਟਾ ਕੇ 64 ਤੇ ਲੈ ਆਉ ਔਰ ਸੂਬਿਆਂ ਨੂੰ Untied ਫੰਡ ਜਿਹੜੇ ਹਨ, ਉਹ ਵੱਧ ਦੇਣੇ ਚਾਹੀਦੇ ਹਨ। ਇਹ ਕਨਫਿਊਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਐਕਚੂਅਲ ਸਟੇਟ ਦੀ ਹੋਰ ਡਿਮਾਂਡ ਸੀ। (ਵਿਘਨ) ਉਸ ਦੇ ਦੋ ਨੁਕਸਾਨ ਸੀ, ਇੱਕ ਨੁਕਸਾਨ ਤਾਂ ਇਹ ਸੀ ਜਿਹੜੀ ਸਕੀਮ ਅਸੀਂ ਇੱਥੇ ਲਾਗੂ ਹੋਣੀ ਨਹੀਂ

ਵੀ ਚਾਹੁੰਦੇ ਸੀ, ਉਸ ਵਾਸਤੇ ਵੀ ਸਟੇਟ ਨੂੰ ਆਪਣੇ ਫੰਡ ਦੇਣੇ ਪੈਂਦੇ ਸਨ। ਸਾਡੇ ਫੰਡ ਦੀ ਸਮੱਸਿਆ ਸੀ, ਉਹ ਸਾਲਵ ਹੋਣ ਪਾਸੇ ਹੁਣ ਤੁਰੀ ਹੈ, ਇਹ ਉਸ ਨੂੰ ਦੂਜੇ ਪਾਸੇ ਲਿਜਾਉਣ ਦੀ ਕੋਸ਼ਿਸ਼ ਕਰਦੇ ਹਨ। ਇੱਕ ਹੋਰ ਪੁਆਇੰਟ ਹੈ ਜੀ, ਜੇ ਪੰਜਾਬ ਦਾ ਨਾਮ ਰੈਵੇਨਿਊ ਡੈਫੇਸਿਟ ਸਟੇਟ ਵਿੱਚੋਂ ਨਿਕਲ ਗਿਆ ਹੈ ਤਾਂ ਇਹ ਵਧਾਈ ਵਾਲੀ ਗੱਲ ਹੈ, ਇਸ ਤੇ ਇਹ ਅਫ਼ਸੋਸ ਕਾਹਦੇ ਵਾਸਤੇ ਪ੍ਰਗਟ ਕਰੀ ਜਾਂਦੇ ਹਨ? ਪਹਿਲਾਂ ਤਾਂ ਸਾਡੇ ਤੇ ਇੱਥੇ ਇਹੀ ਕ੍ਰਿਟੀਸਿਜ਼ਮ ਸੀ ਕਿ ਇਹ ਰੈਵੇਨਿਊ ਡੈਫੇਸਿਟ ਸਟੇਟ ਹੈ। (ਵਿਘਨ) ਤੁਸੀਂ ਤਾਂ ਹੁਣ ਵੀ ਕ੍ਰਿਟੀਸਿਜ਼ਮ ਕਰੀ ਜਾਂਦੇ ਹੋ।

**ਸ਼੍ਰੀ ਸੁਨੀਲ ਜਾਖੜ :** ਅਸੀਂ ਤਾਂ ਕੇਸ ਬਣਾ ਕੇ ਦੇ ਕੇ ਆਏ ਸੀ ਕਿ ਸਾਡੀ ਸਟੇਟ ਰੈਵੇਨਿਊ ਡੈਫੇਸਿਟ ਸਟੇਟ ਹੈ ਅਤੇ ਸਾਡੀ ਮਦਦ ਕਰੋ। ** ** ਦੇਖੋ, ਜਦੋਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਫਾਈਨਾਂਸ ਮਨਿਸਟਰ ਸਨ, ਉਦੋਂ ਕੇਸ ਬਣਾ ਕੇ ਲੈ ਕੇ ਗਏ ਸੀ ਕਿ we are not a revenue deficit state. ਤਿੰਨ ਹਜ਼ਾਰ ਕਰੋੜ ਰੁਪਏ ਜਦੋਂ ਤੱਕ ਇੱਧਰ ਨਹੀਂ ਪਾਉਂਦੇ, ਉਦੋਂ ਤੱਕ ਪੰਜਾਬ ਦਾ ਕੁਝ ਨਹੀਂ ਹੋਣਾ। Cheema Sahib, you are under-mining your own case.

**ਸਿੱਖਿਆ ਮੰਤਰੀ :** ਉਸ ਤੋਂ ਬਾਅਦ ਹੁਣ ਸਾਡੀ ਸਟੇਟ ਰੈਵੇਨਿਊ ਡੈਫੀਸਿਟ ਸਟੇਟ ਨਹੀਂ ਰਹੀ। ਹੁਣ ਤੁਸੀਂ ਵਧਾਈ ਤਾਂ ਦੇ ਦਿਉ।

**ਸ਼੍ਰੀ ਸੁਨੀਲ ਜਾਖੜ :** ਇਹ ਗੱਲ ਐਫ.ਐਮ. ਸਾਹਿਬ ਤੇ ਛੱਡ ਦਿਉ।

ਹੁਣ ਮੈਂ ਅਗਲੀ ਗੱਲ ਕਰਦਾ ਹਾਂ। ਇਨ੍ਹਾਂ ਨੂੰ ਸਵੱਛਤਾ ਅਭਿਆਨ ਦੀ ਚਲੋ ਲੋੜ ਨਹੀਂ ਹੋਣੀ। ਡਾਈਵਰਸੀਫਿਕੇਸ਼ਨ ਬਾਰੇ ਤਾਂ ਪੇਸ਼ੈਂਸ ਸਬੰਧੀ ਇਸ ਕਰਕੇ ਕਹਿ ਰਿਹਾ ਸੀ ਕਿ ਸਾਡੇ ਸੀ.ਐਮ. ਸਾਹਬਿ ਬਹੁਤ ਹੀ ਕਾਬਲ ਹਨ he is a farmer by heart and by virtue of his being a farmer, ਇਨ੍ਹਾਂ ਨੂੰ ਹਰ ਗੱਲ ਦਾ ਪਤਾ ਹੈ। ਡਾਈਵਰਸੀਫਿਕੇਸ਼ਨ ਦੀ ਬੜੀ ਗੱਲ ਹੋਈ ਕਿ untied ਫੰਡਜ ਆਉਣੇ ਚਾਹੀਦੇ ਹਨ।

ਆਰ.ਕੇ.ਵੀ.ਵਾਈ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਦੀ ਗੱਲ ਕਰ ਲਉ। ਉਸ ਵਿੱਚ ਡਾਈਵਰਸੀਫਿਕੇਸ਼ਨ ਦੇ ਪੈਸੇ ਵੀ ਸੀ। ਸਾਨੂੰ ਸਾਲ 2011-12, 2012-13, 2013-14 ਅਤੇ 2014-15 ਵਿੱਚ ਕੁੱਲ ਮਿਲਾ ਕੇ 1242 ਕਰੋੜ

**Expunged as ordered by the Chair.

[ ਸ਼੍ਰੀ ਸੁਨੀਲ ਜਾਖੜ ]

75 ਲੱਖ ਰੁਪਏ ਮਿਲੇ। ਮੇਰੇ ਕੋਲ ਪੂਰਾ ਚਾਰਟ ਹੈ। We are the State which has the least utilization of those funds ਕੇਂਦਰ ਸਰਕਾਰ ਦੀ ਰਿਪੋਰਟ ਦੇ ਹਿਸਾਬ ਨਾਲ as on dated 17.12.2014, 59% ਯੂਟੀਲਾਈਜ਼ੇਸ਼ਨ ਹੈ। ਇਹੀ ਹਾਲ ਬਾਕੀ ਸਕੀਮਾਂ ਦਾ ਸੀ। ਆਪਾਂ ਆਪਣਾ ਸ਼ੇਅਰ ਪਾਇਆ ਨਹੀਂ ਜਿਸ ਕਾਰਨ ਦੂਜੇ ਪਾਸੇ ਪੈਸੇ ਵੀ ਰੁਲ ਗਏ। Rather than utilizating the funds which were coming from the Centre we have gone for the easy way ਕਿ ਵਿਆਜ ਚੁੱਕ ਲਉ, ਉਧਾਰ ਚੁੱਕ ਲਉ। ਉਧਾਰ ਵਾਲੇ ਵਿਸ਼ੇ ਤੇ ਬਹੁਤ ਗੱਲਾਂ ਹੋ ਗਈਆਂ। I am not going to go into that again, ਸਰਦਾਰ ਲਾਲ ਸਿੰਘ ਨੇ ਤਫ਼ਸੀਲ ਨਾਲ ਦੱਸ ਦਿੱਤਾ ਸੀ। ਮੇਰਾ ਤਾਂ ਆਮ ਆਦਮੀ ਵਾਂਗ ਮੋਟਾ ਦਿਮਾਗ ਹੈ, ਮੈਂ ਗੁਜਰਾਤ ਨਾਲ ਸਬੰਧਤ ਨਹੀਂ ਹਾਂ, ਮੈਂ ਪੰਜਾਬ ਨੂੰ ਬਿਲੌਂਗ ਕਰਦਾ ਹਾਂ। ਮੈਂ ਤਾਂ ਉਹ ਗੱਲ ਕਹਾਂਗਾ ਜਿਹੜੀ ਹਰੇਕ ਬੰਦੇ ਦੀ ਹਿੱਕ ਵਿੱਚ ਲੱਗੇ। ਇਸ ਦਾ ਰੋਜ਼ਾਨਾ ਵਿਆਜ ਤਕਰੀਬਨ 27 ਕਰੋੜ ਰੁਪਏ ਬਣਦਾ ਹੈ। ਇੱਕ ਬੰਦੇ ਨੂੰ ਹਰ ਦਿਨ ਕਿੰਨਾ ਹਿੱਸੇ ਆਉਂਦਾ ਹੈ ? ਪੰਜਾਬ ਦੀ ਜਿਹੜੀ ਸਾਲ 2011 ਦੀ ਸੈਂਸਜ਼ ਰਿਪੋਰਟ ਹੈ, ਉਸ ਹਿਸਾਬ ਨਾਲ 2 ਕਰੋੜ 71 ਲੱਖ ਪਾਪੂਲੇਸ਼ਨ ਸੀ, ਉਸ ਮੁਤਾਬਕ every child born in Punjab yesterday or today, he carries an interest burden every day of an amount of Rs. 9.85/-. Is this the kind of development we want ? ਇਸ ਦਾ ਮਤਲਬ ਮਹੀਨੇ ਦਾ ਕਰੀਬ 300/- ਰੁਪਏ ਵਿਆਜ ਬਣ ਗਿਆ। ਤੁਸੀਂ 250/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੰਦੇ ਹਾਂ, ਉਹ ਵੀ ਕਿਸੇ ਨੂੰ ਮਿਲਦੀ ਹੈ ਅਤੇ ਕਿਸੇ ਨੂੰ ਨਹੀਂ ਮਿਲਦੀ। ਸੋਸ਼ਲ ਸਿਕਿਉਰਿਟੀ ਦੀ ਗੱਲ ਕਰਦੇ ਹਾਂ। 300/- ਰੁਪਏ ਪ੍ਰਤੀ ਮਹੀਨਾ ਵਿਆਜ ਪਾ ਦਿੱਤਾ, Is this kind of development we are talking about ? ਇਸ ਰਿਪੋਰਟ ਵਿੱਚ ਬਹੁਤ ਕੁਝ ਕਿਹਾ ਗਿਆ ਹੈ, I don't want to go into it. ਫਿਰ ਸਾਡੇ ਸਤਿਕਾਰਯੋਗ ਖੇਤੀਬਾੜੀ ਮੰਤਰੀ ਸਰਦਾਰ ਤੋਤਾ ਸਿੰਘ ਜੀ ਵੱਲ ਗੱਲ ਆਵੇਗੀ। ਮੈਂ ਤਾਂ ਉਹ ਫਿਗਰ ਰੱਖੀ ਹੈ ਜਿਸ ਤੇ ਤੁਸੀਂ ਵੀ ਹਾਮੀ ਭਰੋਗੇ।

ਸੋ, ਆਪਾਂ ਡਿਸਕਸ ਕਰ ਰਹੇ ਸੀ ਕਿ ਪਿੰਡਾਂ ਵਿੱਚ ਸੜਕਾਂ ਦੀ ਹਾਲਤ ਬਹੁਤ ਮਾੜੀ ਹੈ। ਪਿਛਲੇ ਸਾਲ ਇਸ ਵਾਸਤੇ 500 ਕਰੋੜ ਰੁਪਿਆ ਰੱਖਿਆ ਗਿਆ ਸੀ ਪਰ ਕਿਤੇ ਕੋਈ ਪੈਚ ਵੀ ਨਹੀਂ ਲਗਾਇਆ। ਇਸ ਵਾਰ 700

ਕਰੋੜ ਰੁਪਿਆ ਰੱਖਿਆ ਹੈ, how do we believe ? ਮੈਂ ਸਤਿਕਾਰਯੋਗ ਸਿੱਖਿਆ ਮੰਤਰੀ ਜੀ ਨੂੰ ਮੁਖਾਤਿਬ ਹੋਣਾ ਚਾਹੁੰਦਾ ਹਾਂ ਕਿ that day at least he was candid enough, he got up, he had the courage to say that we are withdrawing our scheme ਜਿਹੜੀ ਸਾਡੀ ਟੈਬਲਟ ਦੀ ਸਕੀਮ ਸੀ, ਲੈਪਟਾਪ ਦੀ ਸੀ ਜਾਂ ਪੀ.ਸੀ. ਦੀ ਸੀ whatever, we are withdrawing it, at least he could say. ਮਾਨਯੋਗ ਮੰਤਰੀ ਜੀ, ਗੌਰ ਕਰਿਉ, ਪਿਛਲੀ ਵਾਰ ਤੁਸੀਂ ਬੱਚੀਆਂ ਦੇ ਸ਼ਾਈਕਲਾਂ ਵਾਸਤੇ 62.50 ਕਰੋੜ ਰੁਪਏ ਰੱਖੇ ਸੀ। ਕੀ ਇਸ ਨਾਲ ਵੀ ਬੱਚਿਆਂ ਦਾ ਕਰੈਕਟਰ ਖਰਾਬ ਹੋ ਜਾਵੇਗਾ? Because that day he said ਕਿ ਬੱਚੇ ਇੰਟਰਨੈਟ ਤੇ ਪਤਾ ਨਹੀਂ ਕੀ ਕੀ ਦੇਖਦੇ ਹਨ। We are trying to make an info hub here, we want to compete with Hyderabad, we want to compete with Bangalore ਪਰ ਆਪਾਂ ਇੱਥੇ ਕਹਿੰਦੇ ਹਾਂ ਕਿ ਜੇਕਰ ਬੱਚਿਆਂ ਨੇ ਇੰਟਰਨੈਟ ਅਕਸੈਸ ਕਰ ਲਿਆ ਤਾਂ ਬੱਚਿਆਂ ਦੀਆਂ ਆਦਤਾਂ ਵਿਗੜ ਜਾਣਗੀਆਂ ਪਰ ਬੱਚੀਆਂ ਨੂੰ ਸਾਈਕਲ ਦੇਣ ਲੱਗਿਆਂ ਕੀ ਖਰਾਬ ਹੋਵੇਗਾ? CAG has come down heavily on you. ਮੈਂ ਨਹੀਂ ਕਹਿ ਰਿਹਾ, ਇਹ ਕੈਗ ਦੀ ਰਿਪੋਰਟ ਵਿੱਚ ਹੈ। ਇਸ ਵਾਰ ਤੁਸੀਂ ਫਿਰ 40 ਕਰੋੜ ਰੁਪਏ ਦੇ ਦਿੱਤੇ ਹਨ। ਪਿਛਲੀ ਵਾਰ ਦੇ 62 ਕਰੋੜ ਰੁਪਿਆਂ ਦਾ ਕੋਈ ਹਿਸਾਬ ਨਹੀਂ ਹੈ। Speaker Sahib, discussing these things is just like a discussion, ਕਿਸੇ ਦੇ ਸੁਪਨੇ ਕਹਿ ਲਉ, ਡਿਪਟੀ ਸੀ.ਐਮ. ਸਾਹਿਬ ਦੇ ਸੁਪਨੇ ਕਹਿ ਲਉ ਜਾਂ ਮੇਰੇ ਕਹਿ ਲਉ, these are statements ਕਿ ਅਸੀਂ ਕਰਾਂਗੇ, ਕੱਲ੍ਹ ਇਨ੍ਹਾਂ ਨੇ ਕਹਿ ਦਿੱਤਾ, ਹੁਣ ਤਾਂ ਉਹ ਰਾਹ ਪੈ ਗਈ। ਥੋੜ੍ਹਾ ਜਿਹਾ ਸਮਾਂ ਹੋਰ ਮਿਲ ਜਾਵੇ ਤਾਂ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿਉਂਕਿ ਹੁਣ ਮੂਡ ਗਰਮ ਹੋ ਗਿਆ ਹੈ, we come from Marwar, ਉਥੇ ਬੜੀ ਗਰਮੀ ਪੈਂਦੀ ਹੈ, ਉਥੇ ਪੁਰਾਣੇ ਸ਼ਾਹੂਕਾਰ ਹੁੰਦੇ ਸੀ, ਇੱਕ ਸ਼ਾਹੂਕਾਰ ਆਪਣੀ ਹੱਟੀ ਤੇ ਕੰਮ ਕਰ ਰਿਹਾ ਸੀ ਅਤੇ ਸ਼ਾਹੂਕਾਰ ਦੀ ਪਤਨੀ ਉਸ ਨੂੰ ਪੱਖਾ ਝੱਲ ਰਹੀ ਸੀ, ਉਹ ਰੋਣ ਲੱਗ ਪਿਆ ਉਸ ਦੀ ਪਤਨੀ ਉਸ ਨੂੰ ਪੁੱਛਦੀ ਕਿ ਸੇਠ ਜੀ ਕੀ ਗੱਲ ਹੋ ਗਈ, ਰੋ ਕਿਉਂ ਰਹੇ ਹੋ, ਤਬੀਅਤ ਠੀਕ ਹੈ ਤਾਂ ਉਹ ਕਹਿੰਦਾ ਕਿ ਹਾਂ ਤਬੀਅਤ ਤਾਂ ਠੀਕ ਹੈ ਪਰ ਮੇਰੇ ਪੇਟ ਤੋਂ ਕੀੜੀ ਨਿਕਲ ਗਈ, ਇਸ ਲਈ ਮੈਂ ਰੋ ਰਿਹਾ ਹਾਂ। ਉਸ ਦੀ ਪਤਨੀ ਨੇ ਫਿਰ ਕਿਹਾ ਕਿ ਤੇਰਾ ਦਿਮਾਗ ਤਾਂ ਠੀਕ ਹੈ, ਕੀੜੀ ਨਿਕਲ ਗਈ ਤਾਂ ਫਿਰ ਕੀ ਹੋਇਆ। ਉਹ ਕਹਿੰਦਾ ਕਿ ਭਾਗਵਾਨੇ ਕੀੜੀ ਦਾ ਮਸਲਾ ਨਹੀਂ

[ ਸ਼੍ਰੀ ਸੁਨੀਲ ਜਾਖੜ ]

ਹੈ। ਹੁਣ ਇਹ ਰਾਹ ਪੈ ਗਿਆ। ਅੱਜ ਕੀੜੀ ਨਿਕਲੀ ਹੈ। ਕੱਲ੍ਹ ਨੂੰ ਪਤਾ ਨਹੀਂ ਕੀ ਕੀ ਨਿਕਲੇਗਾ। ਚੀਮਾ ਸਾਹਿਬ, ਕੱਲ੍ਹ ਤੁਸੀਂ ਵਿਦਿਆਰਥੀਆਂ ਨੂੰ ਟੈਬਲਟ ਦੇਣ ਬਾਰੇ ਮਨ੍ਹਾ ਕੀਤਾ। ਕੱਲ੍ਹ ਡਿਪਟੀ ਸੀ.ਐਮ ਸਾਹਿਬ ਵੀ ਖਟਕੜ ਕਲਾਂ ਜਾ ਕੇ ਕਹਿ ਆਏ ਕਿ ਲੁਧਿਆਣੇ ਵਿੱਚ ਹੁਣ ਮੈਟਰੋ ਨਹੀਂ ਬਣੇਗੀ। ਇਹੀ ਹਾਲ ਜਿਹੜੀ ਤੁਸੀਂ ਬੱਸ ਚਲਾਈ ਹੈ, ਉਸ ਦਾ ਹੋਵੇਗਾ। I was listening to him while he was talking to our Member, ਕਿਸੇ ਦੇ ਨਾਲ ਬਹਿਸ ਕਰਦੇ ਹੋਏ ਤੁਸੀਂ ਕਿਹਾ ਸੀ, that is OK, ਪਾਣੀ ਵਿੱਚ ਬੱਸਾਂ ਚੱਲਣ ਬਾਰੇ ਕਹਿੰਦੇ, ਹਿੰਦੋਸਤਾਨ ਵਿੱਚ ਉਹ ਬੱਸ ਆ ਗਈ। ਕੇਰਲਾ ਵਿੱਚ ਆ ਗਈ, Kerela ਵਿੱਚ backwaters ਹਨ। ਤੁਸੀਂ ਵੀ ਮੇਰਾ ਖਿਆਲ ਹੈ ਕਿ ਆਈ.ਟੀ.ਸੀ. ਅਤੇ ਓਬਰਾਏ ਵਰਗੇ ਹੋਟਲ ਵੀ ਇੱਥੇ ਲੈ ਕੇ ਆਉਗੇ । ਮੈਂ ਕਹਿੰਦਾ ਹਾਂ ਕਿ ਲਿਆਉ, ਬਿਲਕੁਲ ਬਣਾਉ। But does it mean it will come to Punjab and will it be viable ? ਮੈਂ ਇੱਥੇ ਇੱਕ ਗੱਲ ਪ੍ਰੈਕਟੀਕਲੀ ਕਹਿੰਦਾ ਹਾਂ ਕਿ ਅਬੋਹਰ ਤੋਂ ਮੁਕਤਸਰ ਸੜਕ ਬਾਰੇ ਪੁੱਛਣ ਤੇ ਤੁਸੀਂ ਮੈਨੂੰ ਕਿਹਾ ਕਿ ਇਸ ਵਾਸਤੇ 4 ਕਰੋੜ ਰੁਪਿਆ ਰੱਖਿਆ ਹੈ। ਮੇਰਾ ਖਿਆਲ ਹੈ ਕਿ ਇਕੱਲਾ ਉਹ ਪੁਲ ਰਿਪੇਅਰ ਕਰਨ ਵਿੱਚ ਤਿੰਨ ਸਾਲ ਲੱਗ ਗਏ। ਬਾਕੀ ਸਾਰੇ ਪੁੱਲ ਪਤਾ ਨਹੀਂ ਕਦੋਂ ਉੱਚੇ ਕਰੋਗੇ? ਕਦੋਂ ਉਥੇ ਮੱਛੀਆਂ ਫੜਾਂਗੇ? ਜਿਹੜੀਆਂ ਬੱਸਾਂ ਆਉਣੀਆਂ ਸੀ, ਪਤਾ ਨਹੀਂ ਉਹ ਕਦੋਂ ਚੱਲਣਗੀਆਂ? ਉਨ੍ਹਾਂ ਸਾਰੀਆਂ ਨਹਿਰਾਂ ਤੇ ਤਾਂ ਝੱਗ ਆ ਗਈ। Let's talk about real things.

ਇਕ Smart card schemes ਆਈ ਸੀ। ਤੁਸੀਂ ਭਗਤ ਪੂਰਨ ਸਿੰਘ ਸਕੀਮ ਤਹਿਤ ਪੈਸੇ ਰੱਖੇ ਹਨ। ਤੁਸੀਂ ਕਿਹਾ ਕਿ ਇਸ ਵਾਸਤੇ 50 ਕਰੋੜ ਰੁਪਏ ਰੱਖੇ ਹਨ ਤੇ ਸਾਰੇ ਨੀਲੇ ਕਾਰਡ ਵਾਲਿਆਂ ਦੇ ਬੀਮੇ ਕਰ ਕਰ ਦਿਆਂਗੇ। Under the Food Security Act, 30 ਲੱਖ ਨੀਲੇ ਕਾਰਡ ਬਣਨੇ ਹਨ। ਅੱਜ ਤੱਕ ਕਿੰਨੇ ਬਣੇ ਹਨ? Deputy C.M Sahib, have you ever bothered to check? ਸਿਰਫ ਪੰਜ ਲੱਖ ਬੰਦਿਆਂ ਦੇ ਬੀਮੇ ਹੋਏ ਹਨ। Out of those 30 lakhs only 5 lakhs ਦੇ ਬੀਮੇ ਹੋਏ ਹਨ, ਬਾਕੀ 25 ਲੱਖ ਵਿਅਕਤੀਆਂ ਦੇ ਬੀਮੇ ਕਦੋਂ ਹੋਣਗੇ? ਸਿੱਧੂ ਸਾਹਿਬ, ਤੁਸੀਂ ਦੱਸ ਰਹੇ ਸੀ ਕਿ ਪਰ ਹੈੱਡ ਬੰਦੇ ਨੂੰ ਕਿੰਨਾ ਪੈਸਾ ਆਉਂਦਾ ਹੈ। ਸਭ ਖਿਆਲੀ ਪੁਲਾਅ ਹਨ। ਮੈਂ ਤਾਂ ਤੁਹਾਨੂੰ ਫੈਕਚੁਅਲ ਪੁਰਾਣੀਆਂ ਗੱਲਾਂ ਦੱਸ ਰਿਹਾ ਹਾਂ। ਮੈਨੂੰ ਲੋਕ ਮਜ਼ਾਕ ਕਰਦੇ ਹਨ ਕਿ

ਜਾਖੜ ਤੂੰ ਤਾਂ ਸੰਘ ਪਾੜ ਕੇ ਆ ਗਿਆ, ਹੋਇਆ ਕੁਝ ਵੀ ਨਹੀਂ ਹੈ। ਉਦੋਂ ਠੰਡਲ ਸਾਹਿਬ ਤੁਹਾਡੀ ਕੁਰਸੀ ਤੇ ਬੈਠਦੇ ਸੀ। Ms. Laxmi Kanta Chawla, ਸਾਡੇ ਆਨਰੇਬਲ ਵਜ਼ੀਰ ਉਦੋਂ ਇੱਥੇ ਬੈਠਦੇ ਸੀ। ਮੈਂ ਸਮਾਰਟ ਕਾਰਡ ਦਾ ਮਸਲਾ ਚੁੱਕਿਆ ਸੀ। ਮੈਂ ਕਿਹਾ ਸੀ ਭੈਣ ਜੀ ਸੈਂਟਰ ਦਾ ਪੈਸਾ ਹੈ। 30 ਰੁਪਏ ਦੇ ਵਿੱਚ 30 ਹਜ਼ਾਰ ਰੁਪਏ ਦੀ ਇੰਸ਼ੋਰੈਂਸ ਹੁੰਦੀ ਸੀ। 75:25 ਦੀ ਰੇਸ਼ੋ ਦੇ ਵਿੱਚ ਪੈਸੇ ਆਉਂਦੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਸਾਨੂੰ ਬੀ.ਪੀ.ਐਲ ਕਾਰਡ ਵਾਲੇ ਮਿਲ ਨਹੀਂ ਰਹੇ ਹਨ। ਬੀ.ਪੀ.ਐਲ ਕਾਰਡ ਵਾਲੇ 4 ਲੱਖ 62 ਹਜ਼ਾਰ ਹਨ। Every district has been put on the Computer. ਡੇਢ ਲੱਖ ਦਾ ਬੀਮਾ ਤਾਂ ਦੂਰ ਦੀ ਗੱਲ ਹੈ, ਉਨ੍ਹਾਂ ਵਿਚੋਂ ਅੱਜ ਵੀ 30000 ਰੁਪਏ ਦਾ ਬੀਮਾ ਸੈਂਟਰ ਗੌਰਮਿੰਟ ਦੇ ਪੈਸਿਆਂ ਨਾਲ 2 ਲੱਖ 32 ਹਜ਼ਾਰ ਦਾ ਬੀਮਾ ਹੋਇਆ ਹੈ। ਕਦੋਂ ਕਰੋਗੇ? ਬੀ.ਪੀ.ਐਲ ਕੈਟਾਗਰੀ ਵਾਲਿਆਂ ਦੇ ਬੀਮੇ ਤਾਂ ਕਰਵਾ ਦਿਉ। ਜਿਹੜੀ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਆ ਰਹੀ ਹੈ, ਉਸ ਤਹਿਤ ਹੀ ਕਰਵਾ ਦਿਉ। ਤੁਸੀਂ ਭਗਤ ਪੂਰਨ ਸਿੰਘ ਵਾਲੀ ਸਕੀਮ ਕਦੋਂ ਨੇਪਰੇ ਚੜ੍ਹਾਉਗੇ? ਤੁਸੀਂ ਬੋਲੀ ਜਾਂਦੇ ਹੋ ਅਤੇ ਅਸੀਂ ਸੁਣੀ ਜਾਂਦੇ ਹਾਂ। ਹਾਊਸ ਵਿੱਚ ਅਸੀਂ ਹੱਥ ਖੜ੍ਹੇ ਕਰਕੇ ਚਲੇ ਜਾਵਾਂਗੇ। ਜਿਵੇਂ ਵਾਰ ਵਾਰ ਸੀ.ਐਮ ਸਾਹਿਬ ਕਹਿ ਦਿੰਦੇ ਹਨ ਕਿ ਹਾਊਸ ਵਿੱਚ ਪ੍ਰਸ਼ੰਸਾ ਵਾਲੀ ਵੀ ਕੋਈ ਗੱਲ ਕਰੋ। ਸੀ.ਐਮ ਸਾਹਿਬ ਤੇ ਡਿਪਟੀ ਸੀ.ਐਮ ਸਾਹਿਬ, ਇੱਕ ਮਿੰਟ ਧਿਆਨ ਕਰੋ, ਬਜਟ ਤਾਂ ਹੁਣ ਆਇਆ ਹੈ he has taken it personally in the last couple of days. ਅਖਬਾਰਾਂ ਵਿੱਚ ਛਪਿਆ। ਇੱਕ ਤਾਂ ਇਨ੍ਹਾਂ ਦਾ ਇਲਜ਼ਾਮ ਸੀ ਕਿ ਅਸੀਂ ਨਸ਼ੇ ਦੇ ਉੱਤੇ ਇੰਨਾ ਕੰਮ ਕੀਤਾ, ਅਸੀਂ ਡਿਵੈਲਪਮੈਂਟ ਵਾਸਤੇ ਇੰਨਾ ਕੰਮ ਕੀਤਾ ਹੈ। ਤੁਹਾਡਾ 8 ਫਰਵਰੀ ਨੂੰ 'ਹਿੰਦੋਸਤਾਨ ਟਾਈਮਜ਼' ਅਖਬਾਰ ਵਿੱਚ ਆਰਟੀਕਲ ਆਇਆ ਸੀ। ** ** ** ਨੇ ਵੀ ਇੱਕ ਆਰਟੀਕਲ ਲਗਾਇਆ ਸੀ।

**ਮਾਨਯੋਗ ਸਪੀਕਰ :** ਸਾਰਿਆਂ ਦੇ ਨਾਂ ਐਕਸਪੰਜ ਕਰ ਦਿਓ।

**Shri Sunil Jakhar :** I am not going to mention the politicians. We could have a coloured vision and we could have our own prejudices and what…

**ਮਾਨਯੋਗ ਸਪੀਕਰ :** ** ** ** ਦਾ ਨਾਮ ਐਕਸਪੰਜ ਕਰ ਦਿੱਤਾ ਜਾਵੇ।

**Expunged as ordered by the Chair.

**Shri Sunil Jakhar :** Sorry, I was talking about political references. I am not going to mention that, but my humble submission is that I would like to know whether the Hon'ble Deputy Chief Minister has bothered to read others' point of views also or has he just read his own. Have you been fed by your Advisors, I think you have the whole list of advisors. ਐਡਵਾਈਜਰਜ਼ ਜ਼ਿਆਦਾ ਭਰਤੀ ਕਰ ਰੱਖੇ ਹਨ। ਕੁਝ ਲੋਕ ਸੰਪਰਕ ਵਿਭਾਗ ਵਾਲੇ ਹਨ ਅਤੇ ਕੁਝ ਦੂਜੇ ਮਹਿਕਮਿਆਂ ਦੇ ਵੀ ਹਨ। ਅੱਜ ਮੈਂ ਦੇਖ ਰਿਹਾ ਸੀ, ਉਹ ਵਾਰੀ ਵਾਰੀ ਤੁਹਾਨੂੰ ਬਸਤਾ ਫੜਾ ਰਹੇ ਸਨ। ਮੈਂ ਸੋਚਿਆ ਕਿ ਤੁਸੀਂ ਜਵਾਬ ਦੇਵੋਗੇ। ਸਪੀਕਰ ਸਾਹਿਬ, I am not going to say ਮੈਂ ਦੇਖਿਆ ਹੈ ਕਿ even if you go by democratic way, ਜਿੰਨੇ ਵੀ ਆਰਟੀਕਲ ਆਏ ਹਨ You have what you call, ਜਿਵੇਂ ਕਹਿੰਦੇ ਹਨ ਕਿ ਫੇਸਬੁੱਕ ਤੇ ਕਿੰਨੀਆਂ ਲਾਈਕਸ ਆਈਆਂ ਹਨ, There is only one like. ਪ੍ਰੋਫੈਸਰ ਸ਼ੇਰਗਿੱਲ ਬਿਲਕੁਲ ਠੋਕ ਕੇ ਤੁਹਾਡੇ ਨਾਲ ਖੜ੍ਹੇ ਹਨ। But Prof. Nirvikar Singh, Santa Cruize University, California, ਉਨ੍ਹਾਂ ਨੇ ਜੋ ਲਿਖਿਆ ਸੀ, ਕੀ ਤੁਸੀਂ ਉਹ ਪੜ੍ਹਿਆ? Have you bothered to read, what he has said? What are his comments? Have somebody briefed the Deputy Chief Minister? ਸਾਡੇ ਫਾਰਮਰ ਚੀਫ ਸੈਕਟਰੀ ਸ੍ਰੀ ਲਖਨਪਾਲ ਜੀ ਨੇ ਇੱਕ ਆਰਟੀਕਲ ਲਿਖਿਆ ਹੈ, he said, " Don't give me the statistics, give me the facts." ਜਿਹੜੀ ਕਾਂਸਟੈਂਟ ਪ੍ਰਾਈਸ ਹੈ, ਹੁਣ ਮੈਂ ਤਾਂ ਕਮਲਾ ਜੱਟ ਹਾਂ, ਮੈਂ ਬੀ.ਏ. ਇਕਨਾਮਿਕਸ ਆਨਰਜ਼ ਕੀਤੀ ਸੀ ਤੇ ਇਸ ਤੋਂ ਬਾਅਦ ਐਮ.ਏ. (ਇਕਨਾਮਿਕਸ) ਵਿੱਚ ਐਡਮਿਸ਼ਨ ਲੈ ਲਈ। ਸਾਡੇ ਚੌਧਰੀ ਕਾਂਸ਼ੀ ਰਾਮ ਜੀ ਸੀ, ਉਹ ਮੈਨੂੰ ਪੁੱਛਣ ਲੱਗੇ ਕਿ ਬੇਟਾ ਕੀ ਕਰ ਰਹੇ ਹੋ। ਮੈਂ ਕਿਹਾ ਕਿ ਮੈਂ ਐਮ.ਏ. ਇਕਨਾਮਿਕਸ ਕਰ ਰਿਹਾ ਹਾਂ। ਉਹ ਕਹਿੰਦੇ ਕਿ ਕਮਲਾ ਹੋ ਗਿਆ ਹੈਂ, ਜੱਟ ਦਾ ਮੁੰਡਾ ਹੋ ਕੇ ਕਿੱਧਰ ਇਕਨਾਮਿਕਸ ਵਿੱਚ ਆ ਗਿਆ। ਚੱਲ ਤੈਨੂੰ ਐਮ.ਏ. ਇੰਗਲਿਸ਼ ਵਿੱਚ ਐਡਮਿਸ਼ਨ ਦਿਵਾ ਦਿੰਦਾ ਹਾਂ। ਉਨ੍ਹਾਂ ਨੇ ਮੈਨੂੰ ਉਧਰ ਲਗਾ ਦਿੱਤਾ ਅਤੇ ਮੈਂ ਵੀ ਕਿਹਾ ਕਿ ਚੱਲੋ ਪੜ੍ਹਨ ਲਿਖਣ ਦਾ ਖਹਿੜਾ ਛੁਟਿਆ। I do not understand ,but these economists understand the constant prices. Maybe I am carrying a degree I may not make out the

best but ਉਨ੍ਹਾਂ ਨੇ ਕੀ ਕਿਹਾ ਹੈ ? Give me the facts ਤੁਸੀਂ ਇਕੱਲੇ ਨਹੀਂ, ਅਸੀਂ ਵੀ ਦੇਈਏ। We had got an early advantage when this boom was taking place, when this dot com thing collapsed in San Francisco, of course ਉਧਰ ਦਿਵਾਲਾ ਹੀ ਨਿਕਲ ਗਿਆ there was big rush. Then we could have developed this area as info technology hub, we missed it. ਅਸੀਂ ਹੈਦਰਾਬਾਦ ਤੋਂ ਤਾਂ ਬਹੁਤ ਚੰਗੇ ਹਾਂ। ਉਥੇ ਬਹੁਤ ਗਰਮੀ ਹੋਣ ਕਾਰਨ ਭੱਖ ਜਾਂਦੇ ਹਾਂ। ਅੱਜ ਕੱਲ੍ਹ ਤਾਂ ਬੰਗਲੌਰ ਦਾ ਹਾਲ ਵੀ ਮਾੜਾ ਹੈ। But everbody has gone there, we have missed the bus, but other than that, ਨਿਰਵਿਕਾਰ ਸਿੰਘ ਜੀ ਕਹਿੰਦੇ ਹਨ human capital, it is not that the things are broken but we are not even mending them ਉਨ੍ਹਾਂ ਨੇ ਕੈਲੀਫੋਰਨੀਆ ਤੋਂ ਲਿਖ ਕੇ ਭੇਜਿਆ ਹੈ। ਘੁੰਮਣ ਸਾਹਿਬ ਨੇ ਲਿਖਿਆ ਹੈ। ਹੋਰ ਤਾਂ ਹੋਰ, ਬਾਕੀਆਂ ਨੇ ਵੀ ਜਿਵੇਂ ਕਿ ਸੁਖਪਾਲ ਸਿੰਘ ਜੀ ਅਹਿਮਦਾਬਾਦ ਤੋਂ ਪ੍ਰੋਫੈਸਰ ਨੇ, ਉਨ੍ਹਾਂ ਨੇ ਵੀ ਲਿਖਿਆ ਹੈ।

**ਉਪ ਮੁੱਖ ਮੰਤਰੀ (ਬੈਠੇ-ਬੈਠੇ):** ਖਹਿਰਾ ਤਾਂ ਨਹੀਂ। (ਹਾਸਾ)

**ਸ੍ਰੀ ਸੁਨੀਲ ਜਾਖੜ :** ਉਹ ਤਾਂ ਬੀਬੀ ਜੀ (ਬੀਬੀ ਜਗੀਰ ਕੌਰ ਵੱਲ ਇਸ਼ਾਰਾ) ਬੈਠੇ ਹਨ, ਉਹ ਜਾਣਦੇ ਹੋਣਗੇ। ਉਹ ਨਿਬੇੜ ਲੈਣਗੇ। ਮੈਂ ਪ੍ਰੋਫੈਸਰ ਸੁਖਪਾਲ ਸਿੰਘ ਜੀ ਦੀ ਗੱਲ ਕਰਦਾ ਹਾਂ। ਘੁੰਮਣ ਸਾਹਿਬ ਨੇ ਤਾਂ ਕਿਹਾ ਹੈ ਕਿ less said the better, let's talk about the current issues which is harped by the politicians here. ਬਾਦਲ ਸਾਹਿਬ, ਸਾਲ 2012 ਦਾ ਇਲੈਕਸ਼ਨ ਖਤਮ ਹੋਣ ਤੋਂ ਬਾਅਦ he had taken the opportunity, he went to Punjabi University, he met with the professors. He said politicians may have won, he was referring themselves that they have got a thumping majority, but Punjab has lost. Have we made any sincere efforts to rectify that? Are we even willing? ਇੱਕ ਪ੍ਰੋਫੈਸਰ ਨੇ ਲਿਖਿਆ ਹੈ even to correct something, we have to acknowledge our mistakes, we have to acknowledge our flaws. ਆਪਾਂ ਐਵੇਂ ਕਹੀ ਜਾਂਦੇ ਹਾਂ ਕਿ ਤੁਸੀਂ ਸਾਨੂੰ ਕ੍ਰਿਟੀਸਾਈਜ਼ ਕਰੀ ਜਾਂਦੇ ਹੋ। How can you say? I was the first one at my own cost, ਜਦੋਂ ਸਾਲ 2007 ਵਿੱਚ ਤੁਹਾਡੀ ਸਰਕਾਰ ਬਣੀ ਹੈ,

[ ਸ਼੍ਰੀ ਸੁਨੀਲ ਜਾਖੜ ]

ਮੈਂ ਖੜ੍ਹੇ ਹੋ ਕੇ ਕਿਹਾ ਸੀ ਕਿ ਪਹਿਲੀ ਵਾਰੀ ਘੱਟੋ ਘੱਟ ਏਜੰਡਾ ਤਾਂ ਬਦਲਿਆ ਹੈ and Instead of talking about Panthic agenda, he is talking about making every district information hub. ਇਨ੍ਹਾਂ ਨੇ ਕਿਹਾ ਸੀ ਕਿ ਮੈਂ ਇੰਜੀਨੀਅਰਿੰਗ ਕਾਲਜ ਖੋਲ੍ਹਾਂਗਾ। ਐਤਕੀਂ ਇਨ੍ਹਾਂ ਨੇ ਜਦੋਂ ਕਿਹਾ ਕਿ ਮੈਂ ਪਾਵਰ ਸਰਪਲੱਸ ਕਰ ਦਿਆਂਗਾ, ਮੈਂ ਕਿਹਾ ਕਿ of course, it is the right thinking, we will see how to implement? ਇਸ ਦਾ ਸਵਾਲ ਕੱਲ੍ਹ ਲੱਗਾ ਹੈ, ਕੱਲ੍ਹ ਗੱਲ ਕਰਾਂਗੇ। But until and unless we rectify these things, human capital, Sir, it was the chapter which was fixed for green revolution, it cannot be the same techniques we apply today. ਮੈਂ ਇਹ ਕਿਉਂ ਕਹਿ ਰਿਹਾ ਹਾਂ ਕਿਉਂਕਿ ਅਸੀਂ ਸਾਰੇ ਭੁਗਤ ਭੋਗੀ ਹਾਂ I am giving you a personal instance. ਸਪੀਕਰ ਸਾਹਿਬ, ਅੱਜ ਟਾਈਮ ਦੇ ਦਿਉ, ਕਿਉਂਕਿ ਪਤਾ ਨਹੀਂ ਮੁੜ ਕੇ ਕੀ ਹੋਣਾ ਹੈ। ਕਿਸ ਨੂੰ ਪਤਾ ਹੈ ਕਿ ਕੱਲ੍ਹ ਨੂੰ ਕੀ ਹੋ ਜਾਣਾ ਹੈ। ਸਪੀਕਰ ਸਾਹਿਬ, ਜਦੋਂ ਇੱਥੋਂ ਜਾਂਦੇ ਹਾਂ, ਜਦੋਂ ਸੜਕਾਂ ਤੇ ਬੰਬ ਪਈ ਜਾਂਦੇ ਹਨ, ਕੀ ਪਤਾ ਆਪਾਂ ਤੇ ਵੀ ਡਿੱਗ ਪਵੇ। ਜਦੋਂ ਬਰਨਾਲੇ ਤੋਂ ਇਧਰਲੇ ਪਾਸੇ ਮੁੜਦੇ ਹਾਂ ਤਾਂ ਕਾਰਨਰ ਤੇ ਮੈਂ ਚਾਹ ਪੀਣ ਲਈ ਰੁਕ ਗਿਆ ਕਿਉਂਜੋ ਰਾਤ ਨੂੰ ਲੇਟ ਹੋ ਗਿਆ ਸੀ। ਮੇਰੇ ਕੋਲ ਗੱਡੀ ਸੀ ਤੇ ਇੱਕ ਮੇਰਾ ਗੰਨਮੈਨ ਸੀ। ਮੈਂ ਮੰਜੇ ਤੇ ਬੈਠ ਕੇ ਚਾਹ ਪੀ ਰਿਹਾ ਸੀ। ਜਿਹੜਾ ਉਸ ਦਾ ਮਾਲਕ ਸੀ, I am not going to name the person concerned. ਉਸ ਨੇ ਮੇਰੇ ਕੋਲ ਆ ਪੁੱਛਿਆ ਕਿ ਕੀ ਤੁਸੀਂ ਜਾਖੜ ਸਾਹਿਬ ਹੋ। ਮੈਂ ਕਿਹਾ, ਹਾਂ ਜੀ। ਉਹ ਕਹਿੰਦਾ ਕਿ ਮੈਂ ਤੁਹਾਡੇ ਵੱਡੇ ਭਰਾ ਸ਼੍ਰੀ ਸੱਜਣ ਜੀ ਨਾਲ ਅਜਨਾਲੇ ਕੈਂਪ ਅਟੈਂਡ ਕੀਤਾ ਸੀ। ਮੇਰੇ ਤੇ ਤਾਂ ਬੜੀ ਮਿਹਰਬਾਨੀ ਹੋਈ ਹੈ। ਇਹ ਸਾਹਮਣੇ ਹੀ ਮੇਰਾ ਬੀ.ਐਡ ਕਾਲਜ ਹੈ। ਸਪੀਕਰ ਸਾਹਿਬ, ਰਿਓੜੀਆਂ ਵਾਂਗੂ ਬੀ.ਐਡ. ਕਾਲਜ ਵੰਡੇ ਜਾਂਦੇ ਹਨ ਅਤੇ ਰਿਓੜੀਆਂ ਵਾਂਗ ਹੀ ਆਈ.ਟੀ.ਆਈਜ਼ ਵੰਡੀਆਂ ਜਾਂਦੀਆਂ ਹਨ। ਸਾਡੇ ਉਥੇ ਇੱਕ ਆਈ.ਟੀ.ਆਈ ਵਿੱਚ ਮੈਨੂੰ ਚੀਫ ਗੈਸਟ ਦੇ ਤੌਰ ਤੇ ਬੁਲਾ ਲਿਆ। ਮੈਂ ਨਿਕਲਣ ਲੱਗਿਆ ਕਿਹਾ ਕਿ ਸ਼ੇਰਾ ਮਾਲਾ ਫੇਰੀਂ ਕਿ ਕਾਂਗਰਸ ਦੀ ਸਰਕਾਰ ਨਾ ਬਣ ਜਾਵੇ, ਇਹ ਸ਼ਾਇਦ ਸਾਲ 2012 ਦੀ ਗੱਲ ਹੈ। ਜੇਕਰ ਬਣ ਗਈ ਤਾਂ ਬੁਲਡੋਜ਼ਰ ਲੈ ਕੇ ਆਉਂਗਾ ਤੇ ਫੇਰਾਂਗਾ। ਦੋ ਸਟੂਡੈਂਟ who came out as JE, they could not even draw a straight line,

much less to talk about anything else. ਉਹ ਬੰਦੇ ਇੱਥੇ ਟੈਕਨੀਕਲ ਐਜੂਕੇਸ਼ਨ ਵਿੱਚ ਲੱਗੇ ਹੋਏ ਹਨ, ਉਨ੍ਹਾਂ ਨੂੰ ਸਿਰਫ ਇੰਨਾ ਪਤਾ ਹੈ ਕਿ ਇੰਸਟੀਚਿਊਟ ਬਣਾਉਣ ਲਈ ਕਿੰਨੀ ਜ਼ਮੀਨ ਚਾਹੀਦੀ ਹੈ, 10 ਏਕੜ ਚਾਹੀਦੀ ਹੈ, ਕਿੰਨੀ ਛੱਤੀ ਹੋਣੀ ਚਾਹੀਦੀ ਹੈ। ਉਹ ਛੱਤਿਆ ਹੋਇਆ ਕਹਿੰਦੇ ਹਨ ਕਿ ਇੰਨਾ ਛੱਤਿਆ ਹੋਵੇ ਤੇ ਲਾਇਸੰਸ ਮਿਲ ਜਾਂਦਾ ਹੈ। ਉਥੇ ਜਿਹੜੇ ਪ੍ਰੋਫੈਸਰ ਤੇ ਲੈਕਚਰਾਰ ਸਨ, ਉਹ ਆ ਕੇ ਗੋਡਿਆਂ ਤੇ ਹੱਥ ਲਾਉਂਦੇ ਸਨ। ਸਾਡੇ ਖੂਹੀਆਂ ਸਰਵਰ ਦੀ ਗੱਲ ਹੈ। ਮੈਂ ਪੁੱਛਿਆ ਤੁਸੀਂ ਕੌਣ ਹੋ ਅਤੇ ਕੀ ਕਰਦੇ ਹੋ? ਉਹ ਕਹਿੰਦਾ ਕਿ ਮੈਂ ਲੈਕਚਰਾਰ ਲੱਗਾ ਹੋਇਆ ਹਾਂ। Is this the kind of capital we are creating? ਫਿਰ ਇਹੋ ਜਿਹੇ ਹਾਲਾਤ ਵਿੱਚ ਤਾਂ ਕੰਪਿਊਟਰ ਦੇਣ ਦੀ ਲੋੜ ਹੀ ਨਹੀਂ ਹੈ। We have to make them fit. ਸਪੀਕਰ ਸਾਹਿਬ, ਉਸ ਵਾਸਤੇ ਕੁਝ ਕਰੋ। ਸਪੀਕਰ ਸਾਹਿਬ, ਮੈਂ ਇਕ ਗੁਜਾਰਿਸ਼ ਉਪ ਮੁੱਖ ਮੰਤਰੀ ਜੀ ਨੂੰ ਕਰਾਂਗਾ। ਇਨ੍ਹਾਂ ਦੇ ਇੰਨੇ ਐਡਵਾਈਜ਼ਰ ਹਨ, ਇੱਕ ਐਡਵਾਈਜ਼ਰ ਹੋਰ ਰੱਖ ਲਵੋ and please assign this duty to that particular man, he should keep track of the promises you make. Sir, I am taking the pointed liberty ਅਤੇ ਕਹਿੰਦਾ ਹਾਂ, ਮੈਂ ਤੁਝੇ ਵਲੀ ਸਮਝਤਾ ਥਾ, ਯੇ ਤੇਰਾ ਅੰਦਾਜ਼ੇ ਬਿਆਨ ਥਾ। ਤੁਸੀਂ ਵਾਅਦੇ ਕਰਕੇ ਭੁੱਲ ਜਾਂਦੇ ਹੋ। ਤੁਹਾਨੂੰ ਬਿਲਕੁਲ ਹੀ ਧਿਆਨ ਨਹੀਂ ਰਹਿੰਦਾ ਕਿ ਤੁਸੀਂ ਕੀ ਕਹਿ ਗਏ ਹੋ।

ਜੋਸ਼ੀ ਸਾਹਿਬ, ਉਹ ਗੱਲਾਂ ਤਾਂ ਮੈਂ ਫਿਰ ਕਰਾਂਗਾ, ਜਿਹੜਾ ਤੁਸੀਂ ਕਿਹਾ ਸੀ ਕਿ ਸਾਲ 2015 ਵਿੱਚ ਸਾਰੇ ਸ਼ਹਿਰਾਂ ਵਿੱਚ ਸੀਵਰੇਜ ਸਿਸਟਮ ਪੂਰਾ ਹੋ ਜਾਵੇਗਾ। ਫਿਰ ਤੁਹਾਡਾ ਬਿਆਨ ਆ ਗਿਆ ਕਿ ਨਹੀਂ ਇਸ ਸਾਲ ਅੰਤ ਤੱਕ ਸਾਰੇ 165 ਸ਼ਹਿਰਾਂ ਵਿੱਚ ਸੀਵਰੇਜ ਸਿਸਟਮ ਪੂਰਾ ਕਰ ਦਿੱਤਾ ਜਾਵੇਗਾ। ਫਿਰ 3-4 ਦਿਨ ਪਹਿਲਾਂ ਬਿਆਨ ਆ ਗਿਆ ਅਸੀਂ 2017 ਦੇ ਅਖੀਰ ਵਿੱਚ ਕਰ ਦਿਆਂਗੇ। ਮੈਂ ਉਹ ਵੀ ਮੰਨ ਲਿਆ। ਮੈਂ ਗਰੀਬਾਂ ਦੀ ਗੱਲ ਕਿਵੇਂ ਮੰਨਾਂ? ਮੈਂ ਉਨ੍ਹਾਂ ਦੀ ਅੱਖ ਵਿੱਚ ਅੱਖ ਪਾ ਕੇ ਨਹੀਂ ਆਖ ਸਕਦਾ। ਮੈਂ ਪਰਸਨਲੀ ਫੀਲ ਕਰਦਾ ਹਾਂ। 16 ਸਤੰਬਰ ਦਾ ਤੁਹਾਡਾ ਬਿਆਨ ਲੱਗਾ ਹੈ, ਜਿਸ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ Houses for one lac BPL families by October, 2016. I will send you a copy, you don't have to take notes. I am sending the copy. ਪਰ ਬਜਟ ਵਿੱਚ you are promising 50,000 houses for them till 2017. What meaning does this carry? ਤੁਸੀਂ ਕਹਿੰਦੇ ਹੋ ਕਿ

[ ਸ਼੍ਰੀ ਸੁਨੀਲ ਜਾਖੜ ]

ਸਾਡੀ ਗੱਲ ਨਹੀਂ ਮੰਨਦੇ, ਕਿਵੇਂ ਮੰਨ ਲਈਏ। ਮੈਂ ਸਮਝਦਾ ਹਾਂ ਕਿ ਫਿਸਕਲ ਡੈਫੀਸਿਟ ਹੈ, ਰੈਵੇਨਿਊ ਡੈਫੀਸਿਟ ਹੈ, what this Govt. suffer lot is creditability deficit. There is no creditability, creditability is what they say. (Thumping from Opposition Benches) ਸਪੀਕਰ ਸਾਹਿਬ, ਸਾਨੂੰ ਇਹ ਗਿਲਾ ਹੈ। ਇਹ ਕਹਿ ਜਾਂਦੇ ਹਨ, ਅਸੀਂ ਸੁਣ ਲੈਂਦੇ ਹਾਂ। ਫਿਰ ਤੁਸੀਂ ਕਹਿੰਦੇ ਹੋ ਕਿ ਤੁਸੀਂ ਕ੍ਰਿਟੀਸਾਈਜ਼ ਕਰਦੇ ਹੋ। ਤੁਸੀਂ ਇਹ ਕਰੋ ਕਿ ਇਹ ਸੁਖਬੀਰ ਬਾਦਲ ਦੀ ਜ਼ੁਬਾਨ ਤੋਂ ਨਿਕਲਿਆ ਸ਼ਬਦ ਹੈ, ਜਿਸ ਤਰ੍ਹਾਂ ਕਿਹਾ ਹੋਵੇਗਾ, ਇੰਨਬਿੰਨ ਲਾਗੂ ਹੋਵੇਗਾ। ਚੌਧਰੀ ਬੰਸੀ ਲਾਲ, ਹਰਿਆਣੇ ਦੇ ਸੀ.ਐਮ. ਸਨ, ਉਹ ਕਹਿੰਦੇ ਹੁੰਦੇ ਸਨ ਕਿ ਮੈਂ ਫਲਾਣੇ ਦਿਨ ਨੀਂਹ ਪੱਥਰ ਰੱਖਣ ਨਹੀਂ ਆਉਣਾ, ਮੈਂ ਤਾਂ ਉਦਘਾਟਨ ਕਰਨ ਆਉਣਾ ਹੈ। Lets have a credit balance of all the foundation stones laid and how many inauguration stones have been put up, there will be total deficit, ਤੁਹਾਨੂੰ ਤਾਂ ਯਾਦ ਵੀ ਨਹੀਂ ਹੋਣਾ ਕਿ ਤੁਸੀਂ ਕਿੰਨੇ ਕੁ ਪੱਥਰ ਲਗਾ ਜਾਂਦੇ ਹੋ ਅਤੇ ਤੁਰੇ ਜਾਂਦੇ ਲਗਾ ਜਾਂਦੇ ਹੋ। ਫਿਰ ਸਾਡੇ ਤੋਂ ਐਕਸਪੈਕਟ ਕਰਦੇ ਹੋ ਕਿ ਤੁਹਾਡੇ ਵਾਸਤੇ ਤਾਲ਼ੀ ਵਜਾਈਏ । Opposition is not cheer leaders. ਅੱਜਕੱਲ੍ਹ ਇਨ੍ਹਾਂ ਨੇ ਨਵਾਂ ਹੀ ਕਰ ਦਿੱਤਾ ਹੈ, ਜਿਵੇਂ ਟਵੰਟੀ ਟਵੰਟੀ ਮੈਚਾਂ ਵਿੱਚ Cheer Leaders ਬਾਹਰੋਂ ਲਿਆਏ ਜਾਂਦੇ ਹਨ, ਜੋ ਖੁਸ਼ ਰੱਖਦੀਆਂ ਹਨ । means you , ਜਿਵੇਂ ਕਿਹਾ ਗਿਆ ਹੈ:

ਨਿੰਦਕ ਨੇੜੇ ਰਾਖੀਐ ।।

ਨਿੰਦਾ ਸੁਣੋ ਤਾਂ ਸਹੀ । ਸਪੀਕਰ ਸਾਹਿਬ, ਦੇਖ ਲਉ, ਹੱਸ ਕੇ ਗੱਲ ਨਿਬੇੜ ਦਿੱਤੀ। ਸਪੀਕਰ ਸਾਹਿਬ, ਸਾਰੀਆਂ ਗੱਲਾਂ ਛੱਡੋ । ਜਿਵੇਂ ਰਾਣਾ ਸਾਹਿਬ ਕਹਿ ਰਹੇ ਸੀ, ਡਿਪਟੀ ਸੀ. ਐਮ. ਸਾਹਿਬ ਤੇ ਸੀ. ਐਮ. ਸਾਹਿਬ ਨੂੰ ਨਰਾਜ਼ ਨਹੀਂ ਕਰਨਾ ਚਾਹੀਦਾ, ਨਹੀਂ ਕਰਦੇ । ਜਿਹੜੇ ਆਪਣੇ ਤੋਂ ਦੂਰ ਬੈਠੇ ਹਨ, ਉਨ੍ਹਾਂ ਦੀ ਗੱਲ ਕਰ ਲੈਂਦੇ ਹਾਂ ।

ਸਪੀਕਰ ਸਾਹਿਬ, ਕੱਲ੍ਹ ਮੈਂ ਸਮਝਦਾ ਹਾਂ ਕਿ ਕਈਆਂ ਦੇ ਬਿਆਨ ਆਏ ਸੀ ਕਿ ਪਹਿਲੀ ਦਫਾ ਹੋ ਰਿਹਾ ਹੈ ਕਿ ਪੀ. ਐਮ. ਸਾਹਿਬ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਆਏ ਹਨ । ਸ਼੍ਰੀ ਰਾਜੀਵ ਗਾਂਧੀ ਜੀ ਵੀ ਆਏ ਸੀ । ਸੋ ਆਪਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ।

It is everybody's duty. we owe it to them. ਜੋ ਕੁਝ ਅਸੀਂ ਇੱਥੇ ਹਾਂ, ਅਜ਼ਾਦੀ ਦਾ ਮਾਣ ਭੋਗ ਰਹੇ ਹਾਂ, ਉਨ੍ਹਾਂ ਸ਼ਹੀਦਾਂ ਕਰਕੇ ਭੋਗ ਰਹੇ ਹਾਂ, ਅਸੀਂ ਇਸ ਕਰਕੇ ਇਨ੍ਹਾਂ ਗੱਲਾਂ ਵਿੱਚ ਨਹੀਂ ਪੈਂਦੇ । ਕੱਲ੍ਹ ਉਨ੍ਹਾਂ ਤੋਂ ਬਹੁਤ ਆਸਾਂ ਸਨ। ਸਾਨੂੰ ਪੀ. ਐਮ. ਸਾਹਿਬ ਤੋਂ ਬੜੀਆਂ ਆਸਾਂ ਹਨ । ਲੋਕਾਂ ਨੂੰ ਆਸ ਸੀ ਕਿ ਪੀ. ਐਮ. ਸਾਹਿਬ ਪੰਜਾਬ ਵਿੱਚ ਆਏ ਹਨ, ਖਾਸ ਕਰਕੇ ਪਿੰਕੀ ਜੀ ਨੂੰ ਬਹੁਤ ਜ਼ਿਆਦਾ ਆਸ ਸੀ । ਇਹ ਤਾਂ ਬੜੇ ਚਾਅ ਵਿੱਚ ਸਨ ਕਿ ਫਿਰੋਜ਼ਪੁਰ ਆਏ ਹਨ ਤੇ ਸਾਰਾ ਕੰਮ ਕਰ ਜਾਣਗੇ but may they are geopolitical compulsion ਕਿ ਹੁਸੈਨੀਵਾਲਾ ਬਾਰਡਰ ਖੁੱਲ੍ਹ ਨਹੀਂ ਸਕਦਾ । ਸਪੀਕਰ ਸਾਹਿਬ, ਉਥੇ in the sum total of his speech, major portion was addressed to the farmers. ਉਨ੍ਹਾਂ ਨੇ ਕਿਸਾਨੀ ਉਤੇ ਮਨ ਦੀ ਬਾਤ ਵੀ ਕੀਤੀ। ਸਾਰਿਆਂ ਨੂੰ ਮੇਰਾ ਖਿਆਲ ਹੈ ਬਾਤ ਸਾਰੇ ਕਰ ਲੈਂਦੇ ਹਨ ਪਰ ਸੁਣਦਾ ਕੋਈ ਨਹੀਂ । ਮਾੜੀ ਮੋਟੀ ਸੁਣ ਵੀ ਲਿਆ ਕਰੋ । ਜਦੋਂ ਮੈਂ ਤੁਹਾਨੂੰ ਕਿਹਾ ਸੀ, ਉਨ੍ਹਾਂ ਦਾ ਵੀ ਪੜ੍ਹ ਲਓ । ਪ੍ਰਾਈਮ ਮਨਿਸਟਰ ਸਾਹਿਬ ਨੇ ਨਸੀਹਤ ਜਿਹੜੀ ਦਿੱਤੀ ਹੈ, ਉਹ ਤਾਂ ਹੋਰ ਗੱਲ ਹੈ, ਇੱਕ ਜਿਹੜੀ ਮੇਨ ਗੱਲ ਕਹੀ, ਪਰ ਜਿਵੇਂ ਆਪਣੇ ਘਰਾਂ ਵਿੱਚ ਕਹਿੰਦੇ ਹਾਂ, ਸੁਣਾਉਣਾ ਤਾਂ ਨੂੰਹ ਨੂੰ ਹੁੰਦਾ ਹੈ ਤੇ ਝਿੜਕਦੀ ਧੀ ਨੂੰ ਹੈ। ਕੀ ਕਹਿ ਗਏ, ਉਹ ਕਹਿ ਗਏ, " ਕਿਆ ਹਾਲ ਕਰ ਰਖਾ ਹੈ ਪੰਜਾਬ ਕਾ । " I am putting verbatim. What have you people done to Punjab ? He has the right. He has the overall vision of the Counrty. He will compare them. ਮੈਂ ਜਿਹੜਾ ਪੁੱਛਣਾ ਚਾਹੁੰਦਾ ਹਾਂ, ਜਿਹੜਾ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਉਨ੍ਹਾਂ ਨੂੰ ਕੁਝ ਤਾਂ ਪੁੱਛ ਲੈਂਦੇ। ਮੰਨ ਲਵੋ ਕਿਸਾਨ ਬਹੁਤ ਮਾੜੇ ਹਨ, ਕਿਸਾਨਾਂ ਨੇ ਸਾਰੀ ਖੇਡ ਵਿਗਾੜ ਦਿੱਤੀ। ਮੈਂ ਗਾ ਕੇ ਕਹਿੰਦਾ ਹਾਂ, Our Chief Minister is the only Chief Minister ਜਿਨ੍ਹਾਂ ਨੇ ਹੱਥੀਂ ਖੇਤੀ ਕੀਤੀ ਹੈ । Somebody has said there. ਮੇਰੇ ਕੋਲ ਨਰਮੇ ਦੇ ਰੇਟ ਹਨ । ਪਿਛਲੇ ਸਾਲ 5500 ਰੁਪਏ ਪ੍ਰਤੀ ਕੁਇੰਟਲ ਦੇ ਕਰੀਬ ਸੀ । ਐਤਕੀਂ 4100 ਰੁਪਏ ਪ੍ਰਤੀ ਕੁਇੰਟਲ ਵਿਕਿਆ। ਸਭ ਤੋਂ ਵੱਧ ਸਿਰੇ ਦਾ ਭਾਅ ਮੈਂ ਦੱਸ ਰਿਹਾ ਹਾਂ। ਪਿਛਲੇ ਸਾਲ ਬਾਸਮਤੀ 3700 ਤੋਂ ਲੈ ਕੇ 4000 ਰੁਪਏ ਪ੍ਰਤੀ ਕੁਇੰਟਲ ਤੱਕ ਵਿਕੀ ਤੇ ਹੁਣ 2300 ਤੋਂ ਲੈ ਕੇ 2500 ਰੁਪਏ ਪ੍ਰਤੀ ਕੁਇੰਟਲ ਤੱਕ ਦਾ ਹੀ ਰੇਟ ਰਿਹਾ । Overall the fall in prices have been 25 per cent to 35 per cent. ਕੀ ਸਹੀ ਹਾਂ ਕਿ ਗਲਤ ਕਹਿ ਰਿਹਾ ਹਾਂ ? ਮੈਨੂੰ ਦੱਸ ਦਿਓ ।

[ ਸ਼੍ਰੀ ਸੁਨੀਲ ਜਾਖੜ ]

(**ਅਵਾਜ਼ਾਂ :** ਬਿਲਕੁਲ ਠੀਕ ਹੈ।)

ਹੁਣ ਮੈਂ ਗੁਆਰ ਬਾਰੇ ਗੱਲ ਕਰਦਾ ਹਾਂ। ਅਸੀਂ ਰਾਜਸਥਾਨ ਦੀ ਜੜ੍ਹ ਵਿੱਚ ਬੈਠੇ ਹਾਂ । ਉਥੇ ਗੁਆਰ ਦੀ ਬੜੀ ਲਾਲਾ-ਲਾਲਾ ਹੋਈ ਕਿ ਗੁਆਰ ਵਾਲਿਆਂ ਦੇ ਬੜੇ ਵਾਰੇ ਨਿਆਰੇ ਹੋ ਰਹੇ ਹਨ । ਉਥੇ ਜੇ ਕਿਸੇ ਨੂੰ ਪੁੱਛਦੇ ਸੀ ਤਾਂ ਉਹ ਕਹਿੰਦੇ ਸੀ ਕਿ ਜਿਹੜੀ ਨਵੀਂ ਪਾਲਿਸੀ ਹੈ, ਜਿਸ ਵਿੱਚ ਗੈਸ ਤੇ ਕਰੂਡ ਕੱਢ ਰਹੇ ਹਨ, ਉਸ ਕਰਕੇ ਬੜੀ ਮੰਗ ਹੋਈ ਹੈ, ਸਾਰਾ ਕੁਝ ਉਥੇ ਜਾ ਕੇ ਲੱਗਦਾ ਹੈ, it is bio degradeable. ਬਾਜਵਾ ਸਾਹਿਬ, ਪਰ ਪੰਜ-ਛੇ ਹਜ਼ਾਰ ਰੁਪਿਆ, 6206/- ਰੁਪਏ ਪ੍ਰਤੀ ਕੁਇੰਟਲ ਪਿਛਲੇ ਵਾਰੀ ਉਸ ਦਾ ਰੇਟ ਸੀ ਤੇ ਜਦੋਂ ਦੀ ਐਨ.ਡੀ. ਏ. ਸਰਕਾਰ ਬਣੀ ਹੈ, ਇਹ ਰੇਟ ਟੁੱਟ ਕੇ 3400/- ਤੋਂ 3600/- ਰੁਪਏ ਪ੍ਰਤੀ ਕੁਇੰਟਲ ਦੇ ਕਰੀਬ ਆ ਗਿਆ (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਰੇਟ ਵਿੱਚ 45% ਫਾਲ ਆ ਗਈ। ਮੈਂ ਸਾਰਿਆਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ। ਸਭ ਦੀ ਐਕਸੀਲੈਂਟ ਕੰਟਰੀਬਿਊਸ਼ਨ ਹੈ।

ਮੈਂ ਮਿੱਤਲ ਸਾਹਿਬ ਦੀ ਗੱਲ ਵੀ ਬੜੀ ਧਿਆਨ ਨਾਲ ਸੁਣੀ, ਮੈਂ ਉਧਰ ਵੀ ਆਉਂਦਾ ਹਾਂ। ਵਡਾਲਾ ਸਾਹਿਬ make some very pertinent points. ਐਨ. ਕੇ. ਸ਼ਰਮਾ ਜੀ ਸਾਹਿਬ ਬੋਲ ਰਹੇ ਸੀ ਕਿ ਕਾਂਗਰਸ ਸਰਕਾਰ ਨੇ ਜ਼ਮੀਨ ਐਕਵਾਇਰ ਕਰ ਲਈ । ਤੁਹਾਨੂੰ ਵੀ ਯਾਦ ਹੈ, may be not, ਸਭ ਤੋਂ ਪਹਿਲਾਂ ਜਦੋਂ ਅਸੀਂ ਕਾਲਜ ਪੜ੍ਹਦੇ ਸੀ ਤੇ ਸਾਡੇ ਬੇਲੀਆਂ ਦਾ ਇੱਥੇ ਮੁਰਗੀਖਾਨਾ ਹੁੰਦਾ ਸੀ, ਜਦੋਂ ਪਟਿਆਲੇ ਵਾਲੇ ਪਾਸੇ ਮੋੜ ਮੁੜਦੇ ਸੀ । ਉਦੋਂ ਇਸ ਦਾ ਜ਼ੀਰਕਪੁਰ ਨਾਂ ਸੀ ਤੇ ਜਦੋਂ ਕੈਪਟਨ ਸਾਹਿਬ ਦੀ ਸਰਕਾਰ ਬਣੀ, ਕਈ ਇਸ ਨੂੰ Zeroicpur ਕਹਿੰਦੇ ਸੀ because the rate per square metre were higher, ਉਥੇ ਪਾਰਕ ਪਲਾਜ਼ੇ ਨਾਲੋਂ ਜਿਆਦਾ ਮਹਿੰਗੇ ਰੇਟ ਸਨ, but what has happened now? ਹੁਣ 25 ਤੋਂ 30 ਪ੍ਰਤੀਸ਼ਤ ਰੇਟਸ had got dropped. ਸਪੀਕਰ ਸਾਹਿਬ, ਕਹਿੰਦੇ day-to-day income is fine but bottom line, net value has been reduced. ਸਾਡੇ ਜਿਹੜਾ 35 ਲੱਖ ਨੂੰ ਕਿੱਲਾ ਵਿਕਦਾ ਸੀ, ਅੱਜ 20 ਲੱਖ ਨੂੰ ਕੋਈ ਨਹੀਂ ਲੈਂਦਾ। ਉਸ ਤੋਂ ਬਾਅਦ ਬਾਹਰੋਂ ਆ ਕੇ ਸਾਨੂੰ ਕੋਈ ਇਹ ਕਹਿ ਦੇਵੇ ਕਿ what have you done to Punjab. Of course they have all the right to say, ਮਨ ਕੀ ਬਾਤ ਵਿੱਚ ਉਨ੍ਹਾਂ ਨੇ ਪਹਿਲਾਂ ਨਸ਼ੇ ਦੀ ਗੱਲ ਕਰ ਲਈ। ਤੁਸੀਂ ਵੀ ਕਹਿ ਦਿੱਤਾ ਸੀ ਕਿ ਹੁਣ ਪੰਜਾਬ

ਦੇ ਵਿੱਚ, ਅੱਜ ਕਾਲੀਆ ਸਾਹਿਬ ਨਹੀਂ ਬੈਠੇ, I must point it out, you were not there. ਕਈ ਗੱਲਾਂ ਮਿਸ ਹੋ ਜਾਂਦੀਆਂ ਹਨ, because nobody bothers ਕਿ ਇੰਨਾ ਲੇਟ ਹੋ ਗਿਆ, ਅਸੀਂ ਬੈਠਣ ਤੋਂ ਭੱਜੀ ਜਾਂਦੇ ਹਾਂ। ਕਾਲੀਆ ਸਾਹਿਬ ਦੀ ਤੁਸੀਂ ਗੱਲ ਸੁਣੀ, he mentioned a point, ਤੁਸੀਂ ਵੀ ਡਿਨਰ ਤੇ ਕਹਿ ਦਿੱਤਾ ਕਿ ਹੁਣ ਤਾਂ ਜੀ ਮਸਲਾ ਠੰਢਾ ਪੈ ਗਿਆ। ਡਰੱਗ ਵਾਲਾ ਕੰਮ ਖਤਮ ਹੋ ਗਿਆ। ਆਪੋਜੀਸ਼ਨ ਦੀ ਫੂਕ ਨਿਕਲ ਗਈ। ਸਾਡੀ ਤਾਂ ਨਿਕਲ ਗਈ ਹੋਣੀ ਹੈ। ਕਾਲੀਆ ਸਾਹਿਬ ਕੱਲ੍ਹ ਕਹਿ ਰਹੇ ਸੀ। ਉਹ ਕਹਿੰਦੇ ਕਿ ਸੂਡੋ ਐਫੇਡਰੀਨ ਜਿਹੜੀ ਹੈ, that is a drug that is used against allergies. ਮੈਨੂੰ ਤਾਂ ਇੰਨਾ ਪਤਾ ਨਹੀਂ ਸੀ ਕਿ ਸੂਡੋ ਐਫੇਡਰੀਨ ਪੈਂਦੀ ਕਿਸ ਵਿੱਚ ਹੈ। ਕਹਿੰਦੇ ਇਹ ਅਲਰਜੀ ਵਾਸਤੇ ਹੈ। ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਦੂਜਾ ਸਾਲਟ ਹੈ, ਉਹ ਬਣਵਾਉ ਅਤੇ ਸੂਡੋ ਐਫੇਡਰੀਨ ਨੂੰ ਬੰਦ ਕਰ ਦਿਓ। ਸੂਡੋ ਐਫੇਡਰੀਨ ਬੰਦ ਕਰ ਦਿਉਗੇ? ਪਰਸੋਂ ਤੁਸੀਂ ਫਾਰਮਾਸਿਊਟੀਕਲ ਐਸੋਸੀਏਸ਼ਨ ਵਾਲੇ ਬੁਲਾ ਰੱਖੇ ਸੀ, have you made up your mind because what you want to do, ਸਾਡੇ ਵਾਲੇ ਸਪੋਕਸਮੈਨ ਨੂੰ ਤੁਸੀਂ ਭਾਲਦੇ ਸੀ ਪਰ ਤੁਹਾਡੇ ਵਾਲੇ ਸਪੋਕਸਮੈਨ ਨੇ ਪਤਾ ਕੀ ਬਿਆਨ ਦਿੱਤੇ ਸੀ ਕਿ ਹਿਮਾਚਲ ਪ੍ਰਦੇਸ਼ ਵਿੱਚ ਸੂਡੋ ਐਫੇਡਰੀਨ ਬਣਦੀ ਹੈ। ਫਾਰਮਾਸਿਊਟੀਕਲ ਕੰਪਨੀਆਂ ਬੰਦ ਕਰਵਾ ਦਿਓ। ਮਾਰੋਗੇ ਹਿੰਦੁਸਤਾਨ ਨੂੰ? Have you not tried that ਕਿ ਉਥੋਂ ਬਾਰਡਰ ਵਾਲਾ ਏਰੀਆ ਰਹਿ ਜਾਵੇ ਅਤੇ ਸੂਡੋ ਐਫੇਡਰੀਨ ਇਥੇ ਬਣਾ ਲਵਾਂਗੇ। ਐਤਕੀਂ ਬਜਟ ਵਿੱਚ ਉਸ ਦੀ ਚਰਚਾ ਹੀ ਨਹੀਂ ਹੈ। You are a very competent and you may be a very right hearted man but you don't follow up. You have a lack of giving power point presentation..... ਮਿੱਤਲ ਸਾਹਿਬ, you had mentioned that day ਕਿ ਆਹ ਸਕੀਮ ਦਾ ਬੜਾ ਫਾਇਦਾ ਹੋਇਆ ਹੈ। ਸਰ, ਕੀ ਤੁਸੀਂ ਰਾਜੇਸ਼ ਗੁਪਤਾ ਨੂੰ ਜਾ ਕੇ ਪੁੱਛੋਗੇ। ਕੀ ਤੁਸੀਂ ਰਾਜੇਸ਼ ਗੁਪਤਾ ਨੂੰ ਜਾਣਦੇ ਹੋ? Can you explain to his family. ਪਤਾ ਰਾਜੇਸ਼ ਗੁਪਤਾ ਕੌਣ ਸੀ? ਮੰਡੀ ਗੋਬਿੰਦਗੜ੍ਹ ਦੇ ਅੰਦਰ 17 ਮਾਰਚ ਨੂੰ ਉਸ ਨੇ ਆਤਮ ਹੱਤਿਆ ਕੀਤੀ। ਉਹ ਲਿਖ ਕੇ ਗਿਆ ਕਿ ਮੇਰੇ ਤੋਂ ਈ.ਟੀ.ਓ. ਪੈਸੇ ਮੰਗਦਾ ਹੈ। Can you explain it through power point presentation and can you tell us about your promises? ਮੇਰੀ ਗੱਲ ਤੁਸੀਂ ਹੱਸ ਕੇ ਟਾਲ ਦਿੱਤੀ। ਮੈਂ ਤੁਹਾਡਾ ਮੈਨੀਫੈਸਟੋ ਨਾਲ ਲਗਾ ਕੇ ਲਈ ਫਿਰਦਾ ਹਾਂ। Can you tell to it to

[ ਸ਼੍ਰੀ ਸੁਨੀਲ ਜਾਖੜ ]

that, ਗੁਰਪ੍ਰੀਤ ਕੌਰ ਇੱਕ ਗੁਰਸਿੱਖ ਲੜਕੀ ਸੀ। ਤੁਸੀਂ ਭੁੱਲ ਗਏ ਹੋਵੋਗੇ। ਉਸਨੇ 12 ਦਸੰਬਰ ਨੂੰ ਸੀ.ਐਮ. ਸਾਹਿਬ ਦੇ ਗੇਟ ਦੇ ਅੱਗੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾਈ ਸੀ। Have anybody bothered? ਕੋਹਾੜ ਸਾਹਿਬ, ਕੀ ਉਸ ਨੂੰ ਨੌਕਰੀ ਦਿੱਤੀ? ਸਵੇਰੇ ਰੌਲਾ ਪਾ ਲਿਆ, ਮੈਂ ਉਹੀ ਪੁੱਛਣਾ ਚਾਹੁੰਦਾ ਸੀ। Has anybody bothered? ਉਹ ਵਿਚਾਰੀ ਅਨਾਥ ਬੱਚੀ ਸੀ। ਕਹਿੰਦੀ ਮੈਂ ਦਰਬਾਰ ਸਾਹਿਬ ਵਿੱਚ ਰਹਿ ਕੇ ਪੜ੍ਹਾਈ ਕੀਤੀ ਹੈ। ਮੈਂ ਨੌਕਰੀ ਦੀ ਤਲਾਸ਼ ਵਿੱਚ ਆਈ ਹਾਂ। ਉਸ ਨੂੰ ਅੱਗ ਲਗਾਉਣੀ ਪੈ ਗਈ। We are talking about ਕਿ ਇੰਡਸਟਰੀ ਨੂੰ ਲੈ ਕੇ ਆਈਏ। ਭੰਡਾਰੀ ਸਾਹਿਬ ਦੱਬੀ ਜ਼ੁਬਾਨ ਵਿੱਚ ਕਹਿ ਰਹੇ ਸੀ, ਸਾਰੇ ਕਹਿ ਰਹੇ ਹਨ, ਬਾਹਰ ਆ ਕੇ ਮੈਨੂੰ ਵੀ ਕਹਿ ਦੇਣਗੇ ਕਿ ਬਹੁਤ ਠੀਕ ਬੋਲੇ। ਬੈਂਸ ਸਾਹਿਬ ਨੇ ਮਾਈਕਰੋ ਇੰਡਸਟਰੀ ਅਤੇ ਸਮਾਲ ਸਕੇਲ ਇੰਡਸਟਰੀ ਬਾਰੇ ਬੜੀਆਂ ਅੱਛੀਆਂ ਗੱਲਾਂ ਕੀਤੀਆਂ ਹਨ। ਸਪੀਕਰ ਸਾਹਿਬ, did we ever believe and can we ever expect from this present regime in Centre ਕਿ ਸਵਾਮੀਨਾਥਨ ਰਿਪੋਰਟ ਲਿਆ ਦੇਣੀ ਸੀ। ਐਵੇਂ ਉਨ੍ਹਾਂ ਨੂੰ ਮਸਕਾ ਲਗਾਈ ਜਾਂਦੇ ਹਾਂ। ਕੱਲ੍ਹ ਉਥੇ ਬਿਆਨ ਆਏ ਕਿ 60 ਸਾਲਾਂ ਵਿੱਚ ਇਹੋ ਜਿਹਾ ਪ੍ਰਧਾਨ ਮੰਤਰੀ ਨਹੀਂ ਦੇਖਿਆ। ਸਪੀਕਰ ਸਾਹਿਬ, ਮੇਰੀ ਆਖਰੀ ਇੱਕੋ ਗੱਲ ਹੈ। ਮੈਂ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ। ਚੀਮਾ ਸਾਹਿਬ, ਜਦੋਂ ਤੁਸੀਂ ਇਨ੍ਹਾਂ ਨੂੰ ਪੰਥ ਰਤਨ ਦੀ ਗੱਲ ਕੀਤੀ, ਇਹ ਪੰਥ ਨਹੀਂ ਸਾਰੇ ਸਮਾਜ ਦੇ ਰਤਨ ਹਨ। He not only belongs to one community, he belongs to all. ਸੇਖੋਂ ਸਾਹਿਬ, ਮਾਨਯੋਗ ਸਾਡੇ ਮੰਤਰੀ ਸਾਹਿਬ, ਕੱਲ੍ਹ ਇਨ੍ਹਾਂ ਨੇ ਪੀ.ਐਮ. ਸਾਹਿਬ ਨੂੰ ਪੱਗ ਪਵਾਈ ਹੈ। ਉਹ ਆਏ ਤਾਂ ਅਸੀਂ ਬਿਲਕੁੱਲ ਸਵਾਗਤ ਕਰਦੇ ਹਾਂ we expect him ਪਰ ਸਾਹਿਬ ਜੇਕਰ ਕਿਸਾਨਾਂ ਵਾਲੀ ਗੱਲ ਉਥੇ ਜਾ ਕੇ ਨਾ ਕਰਾਂਗੇ ਤਾਂ ਠੀਕ ਨਹੀਂ। ਮੇਰੀ ਇੱਕੋ ਲਾਸਟ ਗੁਜ਼ਾਰਿਸ਼ ਹੈ, with all due humility at my command, ਮੈਂ ਇਨ੍ਹਾਂ ਤੋਂ ਹੀ ਇਹ ਸਿੱਖੀ ਹੈ –

ਝੁਕ ਕੇ ਸਲਾਮ ਕਰਨੇ ਮੇਂ ਕੋਈ ਹਰਜ਼ ਨਹੀਂ
ਪਰ ਇਤਨਾ ਵੀ ਮੱਤ ਗਿਰੋ ਕਿ ਦਸਤਾਰ ਗਿਰ ਪੜੇ

ਸਾਹਿਬ, ਉਨ੍ਹਾਂ ਦਾ ਖੜ੍ਹ ਕੇ ਮੁਕਾਬਲਾ ਕਰੋ (ਵਿਰੋਧੀ ਧਿਰ ਵੱਲੋਂ ਥੰਪਿੰਗ) ਪੰਜਾਬ ਦੀ ਗੱਲ ਕਰੀਏ, ਅਸੀਂ ਨਾਲ ਚੱਲਾਂਗੇ। ਉਥੇ ਜਾ ਕੇ ਮੁਕਾਬਲਾ ਕਰੋ।

ਐਫ.ਸੀ.ਆਈ. ਦੀ ਗੱਲ ਕਰੋ। ਕਿਸਾਨੀ ਦੀ ਗੱਲ ਕਰੋ। ਇੰਡਸਟਰੀ ਦੀ ਗੱਲ ਕਰੋ। ਸਾਂਝੀ ਗੱਲ ਕਰੋਗੇ ਤਾਂ ਨਾਲ ਖੜ੍ਹਾਂਗੇ। ਇਸ ਕਿਸਮ ਦੇ ** ** ** ਨਾਲ ਅਸੀਂ ਨਾ ਅੱਜ ਸਹਿਮਤ ਹਾਂ, ਨਾ ਕੱਲ੍ਹ ਸਹਿਮਤ ਹੋਵਾਂਗੇ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਕਿਤੇ ਭਾਵੁਕ ਹੋ ਕੇ ਮੈਂ ਕੋਈ ਮੰਦੀ ਚੰਗੀ ਗੱਲ ਕਹਿ ਗਿਆ ਹੋਵਾਂ, you are at full liberty ਮੈਂ ਸਾਰਿਆਂ ਤੋਂ ਮੁਆਫੀ ਵੀ ਮੰਗ ਲੈਂਦਾ ਹਾਂ। but I have said it with full ਜਿਵੇਂ ਤੁਸੀਂ ਕਿਹਾ ਸੀ you have written in your article ਸਰ, ਲਾਸਟ ਇਨ੍ਹਾਂ ਨੇ ਕਿਹਾ ਸੀ ਉਸ ਵਿੱਚ ਲਿਖਿਆ ਹੈ ? "Blame me, don't blame Punjab". I am not even blaming you, Sir. I am blaming your policies. It is your policies and it is perusal of your policies. You say something and you dump it. Follow it through. Let there be an image ਕਿ ਸੁਖਬੀਰ ਬਾਦਲ ਦੀ ਜ਼ੁਬਾਨ ਵਿਚੋਂ ਨਿਕਲਿਆ ਸ਼ਬਦ ਹੈ ਸਿਰੇ ਚੜ੍ਹੇਗਾ, ਨਹੀਂ ਤਾਂ ਸਰ, ਫਿਰ ਠੀਕ ਹੈ, ਸਾਰੇ ਕਹਿ ਦੇਣਗੇ ਫਿਰ ਉਹ ਦੂਜਾ ਨਾਂ ਲਗੇਗਾ ਕਿ ਉਸ ਦੇ ਸੁਪਨੇ ਹਨ, unless and until you have dreams you cannot reach anywhere but find sometime to lay some foundations for those castles you have built in the air otherwise they will remain castles in the air and I am sorry to say as on today this is how it appears. Thank you, Speaker Sahib. (ਵਿਰੋਧੀ ਧਿਰ ਵੱਲੋਂ ਥੰਪਿੰਗ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਲੀਡਰ ਆਫ ਆਪੋਜ਼ੀਸ਼ਨ ਨੇ ਭਾਵੁਕ ਹੋ ਕੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ । ਅਸੀਂ ਸੁਣਦੇ ਰਹੇ, ਪੁਆਇੰਟ ਆਊਟ ਕਰਕੇ ਨਾਂ ਵੀ ਸਾਰਿਆਂ ਦੇ ਲੈ ਦਿੱਤੇ , ਜਿਹੜੇ ਹਾਜ਼ਰ ਸਨ, ਉਨ੍ਹਾਂ ਦੇ ਵੀ ਤੇ ਜਿਹੜੇ ਗੈਰ ਹਾਜ਼ਰ ਹਨ ਉਨ੍ਹਾਂ ਦੇ ਵੀ ਲੈ ਦਿੱਤੇ। ਪਰ ਮੈਨੂੰ ਇੱਕ ਗੱਲ ਇਨ੍ਹਾਂ ਦੀ ਬਹੁਤ ਮੰਦੀ ਲੱਗੀ ਕਿ Prime Minister is the Prime Minister, he may be from any party. ਪਰ ਇਹ ਵਾਰ ਵਾਰ ਇਨ੍ਹਾਂ ਨੂੰ ਪੱਗ ਬੰਨ੍ਹ ਦਿੱਤੀ, ਕਿਉਂ ਬੰਨ ਦਿੱਤੀ, ਫਲਾਣੇ ਦੇ ਬੰਨ੍ਹ ਦਿੱਤੀ, After all he has come here.... (interruption)..... please wait.......

**Expunged as ordered by the Chair.

**Shri Sunil Jakhar :** I have no intentions, Sir. I have highest regards for him. If anybody's sentiments have been hurt, I withdraw that statement. Don't make an issue .

**ਸੰਸਦੀ ਮਾਮਲੇ ਮੰਤਰੀ :** 30 ਸਾਲ ਤੋਂ ਬਾਅਦ ਪਹਿਲਾ ਪ੍ਰਾਈਮ ਮਨਿਸਟਰ ਹੈ ਜਿਨ੍ਹਾਂ ਨੇ ਹੁਸੈਨੀਵਾਲਾ ਆ ਕੇ ਰਿਸਪੈਕਟ ਪੇਅ ਕੀਤੀ, rather he should have respected ਕਿ ਉਨ੍ਹਾਂ ਦੀ ਆਨਰ ਕੀਤੀ ਗਈ, ਉਨ੍ਹਾਂ ਦੇ ਪੱਗ ਬੰਨੀ। ਜੇ ਪੱਗ ਬੰਨ੍ਹੀ ਤਾਂ ਪੰਜਾਬ ਦੀ ਆਨਰ ਕੀਤੀ ਹੈ। ਇਹ ਪੱਗੜੀ ਪੰਜਾਬ ਦੀ ਇੱਜ਼ਤ ਹੈ। ਕਿਸੇ ਨੂੰ ਪੰਜਾਬ ਦੀ ਪੱਗ ਬੰਨ੍ਹਣ ਦਾ ਮਤਲਬ ਉਸ ਨੂੰ ਪੰਜਾਬ ਦੇ ਵੱਲੋਂ ਇੱਜ਼ਤ ਦੇਣਾ ਹੈ। (ਵਿਘਨ)

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਬਾਦਲ। (ਵਿਘਨ) Silence please.

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਜਦੋਂ ਪ੍ਰਧਾਨ ਮੰਤਰੀ ਆਏ ਸਨ ** ** **

**ਮਾਨਯੋਗ ਸਪੀਕਰ :** Please sit down. No. No. Nothing is to be recorded. Please sit down. ਕੁਝ ਰਿਕਾਰਡ ਨਹੀਂ ਹੋ ਰਿਹਾ । ਕਿਰਪਾ ਕਰਕੇ ਬੈਠ ਜਾਉ। ਹਾਂ ਜੀ, ਸਰਦਾਰ ਸੁਖਬੀਰ ਸਿੰਘ ਜੀ ਬਾਦਲ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ):** ਤੁਹਾਨੂੰ ਅਗਲੀ ਵਾਰੀ ਜ਼ਰੂਰ ਬੁਲਾਵਾਂਗੇ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਪੰਜਾਬ ਦੇ ਫਾਈਨਾਂਸ ਮਨਿਸਟਰ ਢੀਂਡਸਾ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਜਦੋਂ ਦੇ ਇਹ ਆਏ ਹਨ ਤਾਂ ਪੰਜਾਬ ਦੀ ਫਾਈਨਾਂਸ਼ੀਅਲ ਪੁਜ਼ੀਸ਼ਨ ਪ੍ਰਾਗਰੈਸਿਵਲੀ ਇੰਪਰੂਵ ਹੋਈ ਹੈ। ਮੇਰੇ ਤੋਂ ਪਹਿਲਾਂ ਮਾਨਯੋਗ ਜਾਖੜ ਸਾਹਿਬ ਨੇ ਤੇ ਸਰਦਾਰ ਲਾਲ ਸਿੰਘ ਜੀ ਨੇ, ਕਿਉਂਕਿ ਲਾਲ ਸਿੰਘ Shadow Finance Minister ਬਣੇ ਹਨ ਕਿਉਂਕਿ ਹਰ ਫਾਈਨਾਂਸ ਦੀ ਡਿਬੇਟ ਸਰਦਾਰ ਲਾਲ ਸਿੰਘ ਜੀ ਕਰਦੇ ਹਨ । ਮੈਂ ਇਨ੍ਹਾਂ ਨੂੰ ਰਿਕੁਐਸਟ ਕੀਤੀ ਸੀ ਕਿ ਹੁਣ ਤਾਂ ਚੀਫ ਮਨਿਸਟਰ ਦੇ ਕੈਂਡੀਡੇਟ ਹਨ ਸ਼ਾਇਦ ਤੁਸੀਂ ਹੁਣ ਸ਼ੈਡੋ ਗਵਰਨਰਜ਼ ਐਡਰੈਸ ਤੇ ਆ ਜਾਉ, ਸ਼ਾਇਦ ਜਾਖੜ ਸਾਹਿਬ.....

**ਸ਼੍ਰੀ ਸੁਨੀਲ ਜਾਖੜ (ਬੈਠੇ ਬੈਠੇ):** ਮੈਂ ਤਾਂ ਕਿਹਾ ਸੀ ਕਿ ਕੱਲ੍ਹ ਦਾ ਕੀ ਪਤਾ ਹੈ..

---

**Expunged as ordered by the Chair.

**ਉਪ ਮੁੱਖ ਮੰਤਰੀ :** ਫਿਰ ਵੀ ਤੁਸੀਂ ਸ਼ੈਡੋ ਕੈਂਡੀਡੇਟ ਹੋ? ਸੋ, ਦੋਨੋਂ ਹੀ ਸ਼ਾਇਦ ਗਵਰਨਰ ਐਡਰੈਸ ਦੇ ਸ਼ੈਡੋ ਹਨ। ਅੱਛਾ, ਫਰੰਟ ਰੋਅ ਸਾਰੀ ਹੀ ਹੈ। (ਹਾਸਾ) (ਵਿਘਨ)

**Mr. Speaker :** Silence please.

**ਉਪ ਮੁੱਖ ਮੰਤਰੀ :** ਪਰ ਸਰਦਾਰ ਲਾਲ ਸਿੰਘ ਜੀ ਮੈਂ ਹੈਰਾਨ ਹਾਂ। ਜਾਖੜ ਸਾਹਿਬ, ਮੈਂ ਹੈਰਾਨ ਹਾਂ ਕਿ ਪਤਾ ਨਹੀਂ ਕੌਣ ਤੁਹਾਡੀ ਸਪੀਚ ਲਿਖਦਾ ਹੈ ਕਿਉਂਕਿ ਮੈਨੂੰ ਲੱਗਦਾ ਹੈ ਕਿ ਫੈਕਟਸ ਤੋਂ ਬਿਲਕੁਲ ਉਲਟ ਹੁੰਦੀ ਹੈ, ਮੇਰਾ ਖਿਆਲ ਹੈ ਕਿ ਜਿਹੜਾ ਲਿਖ ਕੇ ਫੜਾ ਦਿੰਦਾ ਹੈ, ਜਿਵੇਂ ** ** ** ਜੀ ਜਦੋਂ ਆਉਂਦੇ ਹਨ ਤਾਂ ਤੁਸੀਂ ਜੋ ਲਿਖ ਕੇ ਫੜਾ ਦਿੰਦੇ ਹੋ, ਉਹ ਉਹੀ ਬੋਲ ਦਿੰਦੇ ਹਨ।

**ਸ਼੍ਰੀ ਸੁਨੀਲ ਜਾਖੜ (ਬੈਠੇ ਬੈਠੇ) :** ਸਪੀਕਰ ਸਾਹਿਬ, ਇਹ ਨਾਂ ਐਕਸਪੰਜ ਕਰਵਾ ਦਿਉ।

**ਉਪ ਮੁੱਖ ਮੰਤਰੀ :** ਸੌਰੀ, ਚਲੋ ਮੈਂ ਮੀਤ ਪ੍ਰਧਾਨ ਜੀ ਕਹਿ ਦਿੰਦਾ ਹਾਂ। ** ** ** ਮੀਤ ਪ੍ਰਧਾਨ ਜੀ ਜਦੋਂ ਆਉਂਦੇ ਹਨ (ਵਿਘਨ) ਸਪੀਕਰ ਸਾਹਿਬ, ਉਨ੍ਹਾਂ ਨੂੰ ਕਿਸੇ ਨੇ ਲਿਖ ਕੇ ਦੇ ਦਿੱਤਾ ਕਿ 70 ਪਰਸੈਂਟ ਪੰਜਾਬੀ ਡਰੱਗਇਸਟ ਹਨ । ਉਨ੍ਹਾਂ ਨੇ ਪੜ੍ਹ ਦਿੱਤਾ, ਉਵੇਂ ਹੀ ਲਾਲ ਸਿੰਘ ਜੀ ਨੂੰ, ਜਿਵੇਂ ਤੁਸੀਂ ਬੋਲਣਾ ਹੈ ਤੇ ਸਰਦਾਰ ਲਾਲ ਸਿੰਘ ਜੀ ਨੂੰ ਕੋਈ ਕਾਗਜ਼ ਜਿਹੇ ਬਣਾ ਕੇ ਫੜਾ ਦਿੰਦੇ ਹਨ ਤੇ ਫਿਰ ਇਹ ਚਲ ਪੈਂਦੇ ਹਨ। ਹੁਣ ਅਫਸਰਾਂ ਦਾ ਕੀ ਹੈ, ਜੋ ਲਿਖਿਆ ਹੈ, ਉਸ ਦੇ ਉਲਟ ਲਿਖ ਦਿਉ, ਉਹੀ ਤੁਸੀਂ ਬੋਲ ਦੇਣਾ ਹੈ। ਮੈਂ ਜਾਖੜ ਸਾਹਿਬ ਦੀਆਂ ਸਾਰੀਆਂ ਗੱਲਾਂ ਸੁਣੀਆਂ ਹਨ । ਜਾਖੜ ਸਾਹਿਬ, ਮੈਨੂੰ ਤੁਹਾਡੇ ਤੋਂ ਬੜੀ ਉਮੀਦ ਸੀ ਪਰ ਤੁਸੀਂ ਉੱਤੇ ਜ਼ਿਆਦਾ ਐਡਰੈਸ ਕਰ ਰਹੇ ਸੀ, ਇੱਧਰਲੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਨਹੀਂ ਕਰ ਰਹੇ ਸੀ ਅਤੇ ਨਾ ਹੀ ਉਹ ਫੈਕਚੁਅਲ ਸੀ। ਤੁਸੀਂ ਉਹ ਗੱਲਾਂ ਕਰ ਰਹੇ ਸੀ, ਜਿਨ੍ਹਾਂ ਬਾਰੇ ਤੁਹਾਨੂੰ ਵੀ ਪਤਾ ਹੈ ਅਤੇ ਸਾਨੂੰ ਵੀ ਪਤਾ ਹੈ। ਜਿਵੇਂ 3,000 ਕਰੋੜ ਰੁਪਏ ਦੀ ਗੱਲ ਕੀਤੀ ਸੀ, ਜਿਸ ਨੂੰ ਤੁਸੀਂ ਇਵੇਂ ਸ਼ੋਅ ਕੀਤਾ ਜਿਵੇਂ ਪਤਾ ਨਹੀਂ ਇਹ 3,000 ਕਰੋੜ ਰੁਪਿਆ ਬਾਦਲ ਸਾਹਿਬ ਕਿੱਥੇ ਲੈ ਗਏ? ਤੁਸੀਂ ਜਾਣਦੇ ਹੋ ਕਿ ਇਹ PIDB funds ਸਾਡੇ ਟਾਈਮ ਅਸੀਂ ਵੀ ਯੂਜ਼ ਕਰਦੇ ਰਹੇ ਹਾਂ ਅਤੇ ਜਦੋਂ ਤੁਹਾਡੀ ਸਰਕਾਰ ਸੀ, ਤੁਸੀਂ ਵੀ ਇਹ ਯੂਜ਼ ਕਰਦੇ ਸੀ। ਸੋ, ਗੱਲ ਨੂੰ ਇਵੇਂ

**Expunged as ordered by the Chair.

[ ਉਪ ਮੁੱਖ ਮੰਤਰੀ ]

ਡਰਾਮੇਟਾਈਜ਼ ਕਰਨਾ ਕਿ ਪਤਾ ਨਹੀਂ ਕੀ ਹੋ ਗਿਆ, ਜੇਕਰ ਤੁਸੀਂ ਕੁਝ ਕੰਪੇਅਰ ਕਰਨਾ ਹੈ, it is better if apple should be compared with the apple ਜਿਵੇਂ ਕਹਿੰਦੇ ਹਨ ਕਿ don't compare apple with guava, ਇਹ ਨਹੀਂ ਕਿ ਇਸ ਨੂੰ ਅਮਰੂਦ ਨਾਲ ਜਾਂ ਕਿਸੇ ਹੋਰ ਨਾਲ ਕੰਪੇਅਰ ਕਰੋ। ਜਾਖੜ ਸਾਹਿਬ, ਬਾਕੀ ਜੋ ਮੈਂ ਦੇਖਿਆ ਹੈ, ਮੈਂ ਸਾਰਿਆਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਮੈਨੂੰ ਲਗਦਾ ਹੈ ਕਿ ਇਕੱਲੀ ਪੰਜਾਬ ਦੀ ਆਪੋਜ਼ੀਸ਼ਨ ਅਜਿਹੀ ਹੈ, ਜਿਹੜੀ ਪੰਜਾਬ ਨੂੰ ਬਦਨਾਮ ਕਰਨ ਤੇ ਲੱਗੀ ਹੋਈ ਹੈ ਜਦਕਿ ਟਾਰਗੈਟ ਅਸੀਂ ਹਾਂ। ਸਾਨੂੰ ਟਾਰਗੈਟ ਕਰ ਲਓ ਪਰੰਤੂ ਪੰਜਾਬ ਨੂੰ ਬਦਨਾਮ ਨਾ ਕਰੋ। ਮੈਂ ਹਰਿਆਣਾ ਜਾਂ ਕਿਸੇ ਹੋਰ ਸਟੇਟ ਬਾਰੇ ਨਹੀਂ ਸੁਣਿਆ, ਕਦੇ ਚੋਟਾਲਾ ਸਾਹਿਬ ਜਾਂ ਕਿਸੇ ਹੋਰ ਪਾਰਟੀ ਨੂੰ ਹਰਿਆਣੇ ਦੇ ਖਿਲਾਫ਼ ਬੋਲਦੇ ਨਹੀਂ ਸੁਣਿਆ। ਉਹ ਹੁੱਡਾ ਸਾਹਿਬ ਦੇ ਖਿਲਾਫ਼ ਬੋਲਣਗੇ ਜਾਂ ਉਨ੍ਹਾਂ ਦੀ ਸਰਕਾਰ ਦੇ ਖਿਲਾਫ਼ ਬੋਲਣਗੇ। ਹਿੰਦੁਸਤਾਨ ਦੀ ਕਿਸੇ ਸਟੇਟ ਵਿੱਚ ਚਲੇ ਜਾਓ, ਇਕੱਲੀ ਪੰਜਾਬ ਕਾਂਗਰਸ ਅਜਿਹੀ ਆਪੋਜ਼ੀਸ਼ਨ ਪਾਰਟੀ ਹੈ, ਜਿਹੜੀ ਇਹ ਕਹਿਣ ਤੇ ਲੱਗੀ ਹੋਈ ਹੈ ਕਿ ਪੰਜਾਬ ਬਰਬਾਦ ਹੋ ਗਿਆ, ਪੰਜਾਬ ਲੁੱਟਿਆ ਗਿਆ, ਪੰਜਾਬ ਨਸ਼ਈ ਹੋ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ, ਮੈਂ ਪਿੱਛੇ ਜਿਹੇ ਮੁੰਬਈ ਗਿਆ, ਉਥੇ ਇੰਡਸਟ੍ਰੀਲਿਸਟਸ ਦੀ ਮੀਟ ਸੀ। ਉਥੇ ਮੈਂ ਆਈ.ਟੀ. ਸੈਕਟਰ ਅਤੇ ਦੂਜੀਆਂ ਕੰਪਨੀਆਂ ਨੂੰ ਪੰਜਾਬ ਵਿੱਚ ਇਨਵੈਸਟ ਕਰਨ ਵਾਸਤੇ ਇਨਵਾਈਟ ਕਰਨਾ ਸੀ। ਇੱਕ ਕੰਪਨੀ ਦੇ ਐਮ.ਡੀ. ਨੇ ਮੈਨੂੰ ਸਵਾਲ ਪੁੱਛਿਆ, ਕਹਿਣ ਲੱਗਿਆ ਕਿ ਅਸੀਂ ਤੁਹਾਡੀ ਸਟੇਟ ਵਿੱਚ ਆ ਜਾਵਾਂਗੇ ਪਰ ਕੀ ਸਾਨੂੰ ਮੈਨ ਪਾਵਰ ਮਿਲ ਜਾਵੇਗੀ? ਮੈਂ ਕਿਹਾ, no problem. ਕਹਿਣ ਲੱਗਿਆ ਕਿ ਸਾਨੂੰ ਪਤਾ ਲੱਗਿਆ ਹੈ ਅਤੇ ਮੀਡੀਆ ਵਿੱਚ ਵੀ ਬਹੁਤ ਆ ਰਿਹਾ ਹੈ ਕਿ ਪੰਜਾਬ ਦਾ 70% ਨੌਜਵਾਨ ਨਸ਼ੇੜੀ ਹੋਇਆ ਬੈਠਾ ਹੈ। Who is responsible for this? ਫੇਰ ਉਨ੍ਹਾਂ ਕੰਪਨੀਆਂ ਨੇ ਕਿਹਾ ਕਿ ਫਾਈਨਾਂਸ...

**Shri Sunil Jakhar :** I am sorry but ਇਨ੍ਹਾਂ ਨੇ ਬੜਾ ਪੁਆਇੰਟ ਆਊਟ ਕਰਕੇ ਕਿਹਾ ਹੈ who is responsible for this ਮੁੰਬਈ ਵਾਲੇ ਸੋਚਦੇ ਹਨ। ਸਰ, ਮੁੰਬਈ ਤੱਕ ਤਾਂ ਸਾਡੀ ਅਵਾਜ਼ ਜਾਂਦੀ ਹੀ ਨਹੀਂ। ਰੇਡੀਓ ਦੀ ਅਵਾਜ਼ ਤਾਂ ਜਾਂਦੀ ਹੈ, ਮਨ ਕੀ ਬਾਤ ਵਿੱਚ ਪ੍ਰਾਈਮ ਮਨਿਸਟਰ ਸਾਹਿਬ ਨੇ ਕੀ ਕਿਹਾ ਸੀ, Are we responsible for this? (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਥੰਪਿੰਗ)

**Deputy Chief Minister :** This whole episode, how it started? ਜਦੋਂ ਤੁਹਾਡੇ ਵਾਈਸ ਪ੍ਰੈਜ਼ੀਡੈਂਟ ਨੇ ਇੱਥੇ ਪੰਜਾਬ ਵਿੱਚ ਬਿਆਨ ਦਿੱਤਾ ਅਤੇ ਨੈਸ਼ਨਲ ਟੀ.ਵੀ. ਨੇ ਵਾਰ ਵਾਰ ਦਿਖਾਇਆ ਕਿ 70 per cent of youth in Punjab is drug addict. ਮੈਨੂੰ ਦੱਸੋ ਕਿ ਉਹ ਕਿਹੜਾ ਸਰਵੇ ਹੈ ਜਿਹੜਾ ਇਹ ਕਹਿੰਦਾ ਹੈ ਕਿ ਅਸੀਂ ਇਹ ਉਥੇ ਪ੍ਰਾਜੈਕਟ ਸ਼ੁਰੂ ਕਰ ਦਿੱਤਾ। ਜਾਖੜ ਸਾਹਿਬ, ਕਿਸੇ ਨੂੰ ਬਦਨਾਮ ਕਰਨਾ ਬੜਾ ਸੌਖਾ ਹੈ ਅਤੇ ਜਦੋਂ ਕੋਈ ਬਦਨਾਮ ਹੋ ਜਾਵੇ ਤਾਂ ਉਸ ਨੂੰ ਆਪਣੀ ਇਮੇਜ਼ ਠੀਕ ਕਰਨੀ ਬੜੀ ਔਖੀ ਹੋ ਜਾਂਦੀ ਹੈ। ਤੁਹਾਡੇ ਟਾਰਗੇਟ ਅਸੀਂ ਹਾਂ, ਜਿੰਨਾ ਮਰਜ਼ੀ ਸਾਨੂੰ ਕਹਿ ਲਓ ਪਰੰਤੂ ਪੰਜਾਬੀਆਂ ਨੂੰ ਨਾ ਰੋਂਦੋ। ਮੈਂ ਤੁਹਾਨੂੰ ਦਿਲੋਂ ਕਹਿ ਰਿਹਾ ਹਾਂ ਕਿ ਸਭ ਤੋਂ ਵੱਧ ਪੰਜਾਬ ਵਾਸਤੇ disservice ਜੇ ਕਿਸੇ ਨੇ ਕੀਤੀ ਹੈ ਤਾਂ ਉਹ ਪੰਜਾਬ ਕਾਂਗਰਸ ਨੇ ਕੀਤੀ ਹੈ। ਇਨ੍ਹਾਂ ਨੇ wrongly ਬਦਨਾਮ ਕੀਤਾ ਹੈ ਕਿ ਪੰਜਾਬ ਤਬਾਹ ਹੋ ਗਿਆ, ਸਾਰੇ ਪੰਜਾਬੀ ਨਸ਼ੇੜੀ ਹੋ ਗਏ। ਪੂਰੀ ਦੁਨੀਆਂ ਵਿੱਚ ਤੁਸੀਂ ਇਹ ਮਾਹੌਲ ਬਣਾ ਦਿੱਤਾ ਕਿ ਸਾਰੇ ਪੰਜਾਬੀ ਨਸ਼ੇੜੀ ਹਨ। ਤੁਸੀਂ ਕਿਤੇ ਚਲੇ ਜਾਉ, ਕੀ ਆਪਣੇ 70% ਨੌਜਵਾਨ ਨਸ਼ੇੜੀ ਹਨ? ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸਲ ਵਿੱਚ ਸਰਵੇ ਕੀ ਹੋਇਆ ਸੀ? ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੇ 800-900 ਨੌਜਵਾਨਾਂ ਦਾ ਸੈਂਪਲ ਲਿਆ ਸੀ। ਸੈਂਪਲ ਕਿਸ ਚੀਜ਼ ਦਾ ਸੀ? ਜਿੰਨੇ ਵੀ ਪੰਜਾਬ ਦੇ ਡਰੱਗ ਐਡਿਕਟਸ ਸਨ, ਸਿਰਫ ਉਨ੍ਹਾਂ ਦਾ ਸੈਂਪਲ ਲਿਆ ਸੀ ਅਤੇ ਉਨ੍ਹਾਂ ਬਾਰੇ ਹੀ finding ਦਿੱਤੀ ਸੀ ਕਿ ਇਹ ਜਿਹੜੇ ਡਰੱਗ ਐਡਿਕਟ ਹਨ, ਇਨ੍ਹਾਂ ਵਿੱਚੋਂ 70% ਯੰਗ ਹਨ। Obviously, young people ਵਿੱਚ ਹੀ ਡਰੱਗ ਨਿਕਲਦਾ ਹੈ ਅਤੇ ਇਨ੍ਹਾਂ ਨੇ ਸਾਰੇ ਪੰਜਾਬ ਦੇ ਨੌਜਵਾਨਾਂ ਨੂੰ ਹੀ ਬਦਨਾਮ ਕਰ ਦਿੱਤਾ। ਕਾਂਗਰਸ ਪਾਰਟੀ ਨੇ ਜਿਹੜੀ ਇੱਕ perception ਕ੍ਰੀਏਟ ਕੀਤੀ ਗਈ ਹੈ, it is a wrong perception. ਤੁਸੀਂ ਜੋ ਕੀਤਾ ਹੈ ਤਾਂ ਹੀ ਤੁਹਾਨੂੰ ਕਿਸੇ ਨੇ ਬਖਸ਼ਿਆ ਨਹੀਂ ਅਤੇ ਨਾ ਹੀ ਬਖਸ਼ਣਾ ਹੈ। ਦੇਸ਼ ਦੀ ਜੋ ਹਾਲਤ ਕਾਂਗਰਸ ਨੇ ਕੀਤੀ ਹੈ, ਕਾਂਗਰਸ ਨੇ ਇੰਨੇ ਸਾਲ ਦੇਸ਼ ਤੇ ਰਾਜ ਕੀਤਾ ਹੈ, ਹੁਣ ਪੰਜਾਬ ਵਿੱਚ ਵੀ ਤੁਸੀਂ ਸੁਪਨੇ ਲਏ ਸਨ, ਮੈਂ ਤੁਹਾਨੂੰ ਇੰਨਾ ਦੱਸ ਦਿੰਦਾ ਹਾਂ ਕਿ ਤੁਸੀਂ ਅੱਗੇ ਨੂੰ ਵੀ ਨਹੀਂ ਆ ਸਕਦੇ, ਜੋ ਹਾਲਾਤ ਬਣ ਗਏ ਹਨ। ਜਿਹੜੀ perception ਤੁਸੀਂ ਕ੍ਰੀਏਟ ਕੀਤੀ ਹੈ, ਮੈਂ ਇੱਕ ਇੱਕ perception ਬਾਰੇ ਜਵਾਬ ਦੇਵਾਂਗਾ। ਇੱਕ perception ਜਿਹੜੀ ਇਨ੍ਹਾਂ ਨੇ ਕ੍ਰੀਏਟ ਕੀਤੀ ਹੈ, ਉਹ ਹੈ Punjab is in financial wreck.

[ ਉਪ ਮੁੱਖ ਮੰਤਰੀ ]

ਜਾਖੜ ਸਾਹਿਬ, ਤੁਸੀਂ ਕਹਿੰਦੇ ਹੋ ਕਿ ਮੈਂ ਸਿਰਫ਼ ਹਵਾ ਵਿੱਚ ਗੱਲ ਕਰਦਾ ਹਾਂ। These are facts and figures which are on record. ਸਪੀਕਰ ਸਾਹਿਬ, ਸਾਲ 2002 ਤੋਂ ਲੈ ਕੇ ਸਾਲ 2007 ਤੱਕ ਇਨ੍ਹਾਂ ਵੀਰਾਂ ਦੀ ਸਰਕਾਰ ਸੀ ਅਤੇ ਇਨ੍ਹਾਂ ਦੇ ਫਾਈਨਾਂਸ ਮਨਿਸਟਰ ਇੱਥੇ ਬੈਠੇ ਹਨ। ਉਦੋਂ ਰੈਵੇਨਿਊ ਗਰੋਥ ਕੀ ਸੀ? ਤੁਸੀਂ ਦੇਖੋ, ਸਾਲ 2002 ਵਿੱਚ ਇਨ੍ਹਾਂ ਦਾ ਵੈਟ ਸਿਰਫ 3000 ਕਰੋੜ ਰੁਪਏ ਸੀ। ਜਦੋਂ ਲਾਸਟ ਈਅਰ ਵਿੱਚ ਗਏ ਤਾਂ ਇਹ 5136 ਕਰੋੜ ਰੁਪਏ ਸੀ। ਸਪੀਕਰ ਸਾਹਿਬ, ਜਦੋਂ ਤੋਂ ਆਪਣਾ ਪੰਜਾਬ ਬਣਿਆ ਹੈ, ਉਦੋਂ ਤੋਂ ਲੈ ਕੇ ਇਹ ਇਕੱਲਾ 5000 ਕਰੋੜ ਰੁਪਏ ਤੱਕ ਹੀ ਵੈਟ ਵਿੱਚ ਪਹੁੰਚ ਸਕੇ। ਜਦੋਂ ਅਸੀਂ ਸਰਕਾਰ ਸੰਭਾਲੀ ਤਾਂ ਇਸ ਨੂੰ 5136 ਕਰੋੜ ਰੁਪਏ ਤੋਂ ਲੈ ਕੇ ਸਿੱਧਾ 12000 ਕਰੋੜ ਰੁਪਿਆ ਪਰ ਈਅਰ ਤੇ ਲੈ ਕੇ ਗਏ ਹਾਂ। (ਥੰਪਿੰਗ) ਤੇ ਅੱਜ ਚਾਰ ਸਾਲਾਂ ਵਿੱਚ ਹੋਰ ਅੱਗੇ 20000 ਕਰੋੜ ਰੁਪਏ ਪਰ੍ ਈਅਰ ਲਿਜਾਵਾਂਗੇ। ਗਰੋਥ ਰੇਟ, ਤੁਹਾਡੇ ਟਾਈਮ ਵਿੱਚ ਐਵਰੇਜ ਗਰੋਥ ਰੇਟ ਟੋਟਲ 13% ਸੀ, ਸਾਡੇ ਅੱਠ ਸਾਲਾਂ ਵਿੱਚ 31.07% ਗਰੋਥ ਰੇਟ ਵੈਟ ਦਾ ਹੈ। (ਥੰਪਿੰਗ) ਫਿਰ ਵੀ ਤੁਸੀਂ ਕਹਿੰਦੇ ਹੋ ਕਿ ਅਸੀਂ ਪੰਜਾਬ ਬਰਬਾਦ ਕਰ ਦਿੱਤਾ। ਮੈਂ ਸਹੀ ਮਾਅਨਿਆਂ ਵਿੱਚ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਸਾਡੀ ਸਰਕਾਰ ਹੁਣ ਨਾ ਹੁੰਦੀ ਅਤੇ ਤੁਹਾਡੀ ਸਰਕਾਰ ਹੀ ਹੁਣ ਰਹਿੰਦੀ ਤਾਂ ਅੱਜ ਪੰਜਾਬ ਨਹੀਂ ਹੋਣਾ ਸੀ। ਤੁਹਾਨੂੰ ਸਾਰਿਆਂ ਨੇ ਪੰਜਾਬ ਤੋਂ ਬਾਹਰ ਭਜਾ ਦੇਣਾ ਸੀ। ਹੁਣ ਤੁਹਾਡੀ ਦੂਜੀ ਗੱਲ ਦੱਸਦਾ ਹਾਂ। (ਵਿਘਨ) ਮੈਂ ਤੁਹਾਨੂੰ ਲਾਸਟ ਈਅਰ ਦੀ ਗੱਲ ਦੱਸਦਾ ਹਾਂ। ਇੱਕ ਮਿੰਟ ਜੀ। (ਵਿਘਨ)(ਸ਼ੋਰ)

**Mr. Speaker :** Silence please.

**ਉਪ ਮੁੱਖ ਮੰਤਰੀ :** ਜਾਖੜ ਸਾਹਿਬ, ਤੁਹਾਡੇ ਸਮੇਂ ਵਿੱਚ ਤਾਂ ਅਸੀਂ ਤੁਹਾਨੂੰ ਬੋਲਣ ਦਿੱਤਾ, ਅਸੀਂ ਚੁੱਪ ਰਹੇ ਹਾਂ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ ** ** **

**Mr. Speaker :** No point of Order.

**ਉਪ ਮੁੱਖ ਮੰਤਰੀ :** ਮੈਂ ਉਸ ਪੁਆਇੰਟ ਤੇ ਵੀ ਆ ਰਿਹਾ ਹਾਂ। ਹੁਣ

**Expunged as ordered by the Chair.

ਤੁਸੀਂ ਇੰਨੇ ਕਾਹਲੇ ਕਿਉਂ ਹੋ ਗਏ ਹੋ? ਅਸੀਂ ਚੁੱਪ ਕਰਕੇ ਬੈਠੇ ਰਹੇ। ਹੁਣ ਤੜਫ ਬੜੀ ਛੇਤੀ ਆ ਰਹੀ ਹੈ। ਦੂਜੀ ਗੱਲ, ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਇਥੇ ਬੈਠੇ ਹਨ।

ਐਕਸਾਈਜ਼ ਬਾਰੇ ਹੁਣ ਮੈਂ ਕਹਿਣਾ ਚਾਹੁੰਦਾ ਹਾਂ। ਜਾਖੜ ਸਾਹਿਬ, ਮੈਂ ਪਰਸਨਲੀ ਫੀਲ ਕਰਦਾ ਹਾਂ ਕਿ ਤੁਸੀਂ ਸਾਰਿਆਂ ਤੋਂ ਆਨੈਸਟ ਹੋ।

**Shri Sunil Jakhar ( while sitting) :** I am as good or bad as anybody else.

**ਉਪ ਮੁੱਖ ਮੰਤਰੀ :** ਨਹੀਂ ਜੀ। You are better, ਮੈਂ ਇੰਨਾ ਕੁ ਤਾਂ ਕਹਿ ਸਕਦਾ ਹਾਂ। Are you not? ਸਪੀਕਰ ਸਾਹਿਬ, ਕਿਤੇ ਇੰਨਾ ਕੁ ਇਹ ਦੱਸਣ ਕਿ ਕਿਤੇ ਕਦੇ ਐਕਸਾਈਜ਼ ਦੀ ਰੈਵੇਨਿਊ ਘਟਦੀ ਵੀ ਹੁੰਦੀ ਹੈ? ਮੈਂ ਪਹਿਲੀ ਵਾਰ ਹਿੰਦੁਸਤਾਨ ਵਿੱਚ ਦੇਖਿਆ ਹੈ ਕਿ ਪੰਜਾਬ ਦੀ ਇੱਕ ਸਟੇਟ ਹੈ ਜਿਥੇ ਜਦੋਂ ਇਨ੍ਹਾਂ ਦੀ ਸਰਕਾਰ ਬਣੀ ਤਾਂ ਰੈਵੇਨਿਊ ਦੀ ਐਕਸਾਈਜ਼ ਘਟਣ ਲਗ ਗਈ। ਪਰ ਹੋ ਕੀ ਗਿਆ ਸੀ? (ਸਰਦਾਰ ਅਜੀਤ ਇੰਦਰ ਸਿੰਘ ਮੋਫਰ ਵੱਲੋਂ ਵਿਘਨ) ਅੱਛਾ ਦਾਰੂ ਬੰਦ ਕਰ ਦਿੱਤੀ ਸੀ? ਮੋਫਰ ਸਾਹਿਬ, ਤੁਹਾਡੀ ਤਾਂ ਕੰਜਪਸ਼ਨ ਉਦੋਂ ਵਧੀ ਸੀ। (ਹਾਸਾ) ਸਪੀਕਰ ਸਾਹਿਬ, ਉਦੋਂ ਐਕਸਾਈਜ਼ ਘਟ ਗਈ। ਇਹ ਦੇਖੋ, ਸਾਲ 2002 ਵਿੱਚ 1429/- ਕਰੋੜ ਰੁਪਏ ਐਕਸਾਈਜ਼ ਦੀ ਰੈਵੇਨਿਊ ਸੀ, ਜਦੋਂ ਇਨ੍ਹਾਂ ਨੇ ਰਾਜ ਸ਼ੁਰੂ ਕੀਤਾ। ਜਦੋਂ ਖਤਮ ਹੋਇਆ ਤਾਂ ਇਹ ਫਿਗਰ 1368 ਕਰੋੜ ਰੁਪਏ ਸੀ, ਇਹ ਘਟ ਗਈ। ਇਹ ਕਿਧਰ ਜਾਂਦਾ ਸੀ? ਕੌਣ ਸੀ ਇੱਥੇ? ਕਿਵੇਂ ਆਪਸ਼ਨਾਂ ਆਉਂਦੀਆਂ ਸੀ? ਮੈਨੂੰ ਸਾਰਾ ਪਤਾ ਹੈ ਪਰ ਮੈਂ ਇਸ ਗੱਲ ਵਿੱਚ ਜਾਣਾ ਨਹੀਂ ਚਾਹੁੰਦਾ। I donot want to get into . The day we took over, 1368/- ਕਰੋੜ ਰੁਪਏ ਤੋਂ ਲੈ ਕੇ ਅੱਜ 5100/- ਕਰੋੜ ਰੁਪਏ ਤੇ ਇਸ ਨੂੰ ਅਸੀਂ ਲੈ ਕੇ ਆਏ ਹਾਂ। (ਥੰਪਿੰਗ) ਫਿਰ ਸੂਬੇ ਨੂੰ ਕੌਣ ਬਰਬਾਦ ਕਰਨ ਤੇ ਲੱਗਿਆ ਹੋਇਆ ਸੀ? ਜੇ ਅਸੀਂ ਤਿਨਕਾ ਤਿਨਕਾ ਇਕੱਠਾ ਨਾ ਕਰਦੇ, ਤੁਸੀਂ ਤਾਂ ਪੰਜਾਬ ਨੂੰ ਬਰਬਾਦ ਕਰਨ ਨੂੰ ਲੱਗੇ ਸੀ, ਲੁੱਟਣ ਨੂੰ ਲੱਗੇ ਸੀ, ਇਹ ਤਾਂ ਤਿਨਕਾ ਤਿਨਕਾ ਕਰਕੇ ਸਾਨੂੰ ਸਟੇਟ ਨੂੰ ਸੰਭਾਲਣਾ ਪਿਆ। ਤੁਸੀਂ ਤਾਂ ਬਰਬਾਦ ਕਰ ਗਏ ਸੀ, ਸਟੇਟ ਦਾ ਬੁਰਾ ਹਾਲ ਕਰ ਗਏ ਸੀ। ਇਕਨਾਮਿਕ ਕਰਾਇਸ ਹੋ ਗਿਆ ਸੀ, ਕੈਪਟਨ ਸਾਹਿਬ ਨੇ ਇੱਕ ਲੈਟਰ ਵਿੱਚ ਲਿਖਿਆ ਹੈ ਕਿ we are in fincancial mess. ਮੈਂ ਕਹਿੰਦਾ ਹਾਂ ਕਿ

[ ਉਪ ਮੁੱਖ ਮੰਤਰੀ ]

ਬਾਦਲ ਸਾਹਿਬ ਦੀ ਸਿਆਣਪ ਨਾਲ ਤਿਨਕਾ ਤਿਨਕਾ ਇਕੱਠਾ ਕਰਕੇ ਅਸੀਂ ਪੰਜਾਬ ਨੂੰ ਡਿਵੈਲਪ ਕੀਤਾ ਅਤੇ ਉਸ ਕ੍ਰਾਈਸਿਜ਼ ਵਿੱਚੋਂ ਬਾਹਰ ਕੱਢਿਆ।

ਹੁਣ ਮੈਂ ਟੋਟਲ ਰੈਵੇਨਿਊ ਤੇ ਆ ਜਾਂਦਾ ਹਾਂ ਜੀ। ਇਨ੍ਹਾਂ ਦੀ ਐਵਰੇਜ ਗ੍ਰੋਥ ਰੇਟ ਟੋਟਲ ਰੈਵੇਨਿਊ ਦੀ ਸਾਰੀਆਂ ਇਨਕਮਾਂ ਲਗਾ ਕੇ 11% ਸੀ ਅਤੇ ਮੈਂ 25% ਤੇ ਹਾਂ, just see the growth rate. ਹੁਣ ਮੈਂ ਦੂਜੀ ਗੱਲ ਤੇ ਆਉਂਦਾ ਹਾਂ। ਸਰਦਾਰ ਲਾਲ ਸਿੰਘ ਜੀ, ਇਹ ਮੇਰਾ ਡਾਟਾ ਨਹੀਂ ਹੈ। ਇਹ ਆਰ.ਬੀ.ਆਈ. ਦਾ ਡਾਟਾ ਹੈ। ਆਪਾਂ ਕਹਿੰਦੇ ਹਾਂ ਕਿ ਪੰਜਾਬ ਦਾ ਬੁਰਾ ਹਾਲ ਹੈ। There is the ratio which is revenue growth of a State in comparison with GSDP of the State. ਪੂਰੇ ਇੰਡੀਆ ਦੀ ਰੈਵੇਨਿਊ ਗ੍ਰੋਥ ਆਫ ਸਟੇਟ 7.62% ਹੈ, as percentage of the states GDP, ਤੇ ਆਪਣੇ ਪੰਜਾਬ ਦੀ ਰੈਵੇਨਿਊ ਗ੍ਰੋਥ ਰੇਟ 8.94% ਹੈ। ਆਪਾਂ ਕੰਟਰੀ ਵਿੱਚੋਂ ਨੰਬਰ 4 ਤੇ ਅੱਜ ਹਾਂ। (ਥੰਪਿੰਗ) ਆਪਣੇ ਤੋਂ ਉਤੇ ਕਿਹੜੀਆਂ ਸਟੇਟਾਂ ਹਨ? ਇੱਕ ਕਰਨਾਟਕਾ ਹੈ, ਦੂਜੀ ਤਾਮਿਲਨਾਡੂ ਹੈ ਅਤੇ ਤੀਜੀ ਗੋਆ ਹੈ, ਇਨ੍ਹਾਂ ਤੋਂ ਬਾਅਦ ਆਪਾਂ ਹਾਂ। ਈਵਨ ਕੇਰਲਾ, ਛਤੀਸਗੜ੍ਹ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਜੰਮੂ ਕਸ਼ਮੀਰ ਅਤੇ ਮੱਧ ਪ੍ਰਦੇਸ਼ ਸਾਰੀਆਂ ਸਟੇਟਾਂ ਆਪਣੇ ਤੋਂ ਪਿਛੇ ਹਨ। And this all happened in last 4-5 years for government. ਇਕੱਲਾ ਕ੍ਰਿਟੀਸਿਜ਼ਮ ਹੀ ਨਹੀਂ ਕਰਨਾ ਚਾਹੀਦਾ। ਸਰਦਾਰ ਲਾਲ ਸਿੰਘ ਜੀ ਤੁਸੀਂ ਕਹਿੰਦੇ ਸੀ ਕਿ ਜਦੋਂ ਤੁਸੀਂ ਵਿੱਤ ਮੰਤਰੀ ਸੀ ਤਾਂ ਬਹੁਤ ਵਧੀਆ ਸੀ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜਦੋਂ ਤੁਸੀਂ ਵਿੱਤ ਮੰਤਰੀ ਸੀ ਤਾਂ ਤੁਹਾਡੇ ਵੇਲੇ ਫਿਸੀਕਲ ਡੈਫੀਸੈਟ 6.29 ਫੀਸਦੀ ਸੀ, ਅੱਜ ਪੰਜਾਬ ਦਾ ਫਿਸੀਕਲ ਡੈਫੀਸਿਟ 2.98 ਫੀਸਦੀ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਹੁਣ ਦੱਸੋ, ਪੰਜਾਬ ਨੂੰ ਅਸੀਂ ਬਰਬਾਦ ਕੀਤਾ ਹੈ ਜਾਂ ਤੁਸੀਂ? ਤੁਸੀਂ ਕਹਿੰਦੇ ਹੋ ਕਿ ਹਰਿਆਣਾ ਬੜੀ ਤਰੱਕੀ ਕਰ ਰਿਹਾ ਹੈ, Haryana was better than us, when you took over in 2006-07, they were much better State, they have also gone down, their fiscal deficit is 4.22%. we are better than even Haryana now and for your information ਕਿ ਡਾਕਟਰ ਮਨਮੋਹਨ ਸਿੰਘ ਜੀ ਸਾਡੇ ਸਭ ਤੋਂ ਕਾਬਲ ਪ੍ਰਧਾਨ ਮੰਤਰੀ ਸੀ। ਭਾਰਤ ਸਰਕਾਰ ਦਾ ਪਿਛਲੇ ਸਾਲ ਦਾ ਫਿਸਕਲ ਡੈਫੀਸਿਟ 3.9 ਫੀਸਦੀ ਹੈ। ਸਾਡਾ 2.9 ਫੀਸਦੀ ਹੈ। We are less than Government of India's fiscal deficit and

other States.

**ਸਰਦਾਰ ਲਾਲ ਸਿੰਘ :** ** ** **

**ਮਾਨਯੋਗ ਸਪੀਕਰ :** ਨਹੀਂ ਜੀ, No point of order.

**ਉਪ ਮੁੱਖ ਮੰਤਰੀ :** ਸਰਦਾਰ ਲਾਲ ਸਿੰਘ ਜੀ ਅਸੀਂ ਪਿਛਲੇ ਇਲੈਕਸ਼ਨ ਵਿੱਚ ਵੀ ਲੋਕਾਂ ਕੋਲ ਗਏ ਸੀ ਅਤੇ ਜਿੱਤ ਕੇ ਆਏ ਸੀ ਅਤੇ ਅੱਗੇ ਨੂੰ ਵੀ ਲੋਕਾਂ ਕੋਲ ਜਾਵਾਂਗੇ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਲਾਲ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਮੈਂ ਕੋਸ਼ਿਸ਼ ਕੀਤੀ ਹੈ ਕਿ ਜਿੰਨੀ ਦੇਰ ਤੱਕ ਬਜਟ ਤੇ ਪਹਿਲੇ ਦਿਨ ਸਰਦਾਰ ਲਾਲ ਸਿੰਘ ਜੀ ਬੋਲੇ ਔਰ ਅੱਜ ਆਪੋਜੀਸ਼ਨ ਲੀਡਰ ਬਜਟ ਤੇ ਬੋਲੇ, ਕੋਈ ਵਿਘਨ ਨਾ ਪਵੇ, ਕੋਈ ਨੁਕਤਾਚਿਨੀ ਨਾ ਹੋਵੇ। ਇਸ ਕਰਕੇ ਜਿੰਨੀ ਦੇਰ ਤੱਕ ਕੋਈ ਅਜਿਹਾ ਪੁਆਇੰਟ ਨਹੀਂ ਆਉਂਦਾ, ਉਨੀ ਦੇਰ ਤੱਕ ਕੋਈ ਨੁਕਤਾਚੀਨੀ ਨਾ ਕਰੋ। ਜੇਕਰ ਕੋਈ ਅਜਿਹੀ ਗੱਲ ਹੋਵੇਗੀ, ਮੈਂ ਅਲਾਓ ਕਰ ਦਿਆਂਗਾ। ਹਾਂ ਜੀ, ਬਾਦਲ ਸਾਹਿਬ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਜੋ ਕੁਝ ਵੀ ਕਹਿ ਰਿਹਾ ਹਾਂ these all are matter of record, documents by Government of India, Finance Ministry as well as us. Hon'ble Shadow Finance Minister ਕਹਿ ਰਹੇ ਸੀ ਕਿ ਪੰਜਾਬ ਸਰਕਾਰ 126 ਦਿਨ ਓਵਰ ਡਰਾਫਟ ਰਹੀ ਹੈ। ਲਾਲ ਸਿੰਘ ਜੀ, ਤੁਸੀਂ ਸਾਲ 2003-04 ਵਿੱਚ ਵਿੱਤ ਮੰਤਰੀ ਸੀ, ਇਹ ਕੈਗ ਦੀ ਰਿਪੋਰਟ ਹੈ, ਤੁਹਾਡੇ ਵੇਲੇ 134 ਦਿਨ ਸਰਕਾਰ ਓਵਰ ਡਰਾਫਟ ਰਹੀ ਹੈ। ਮੇਰੇ ਕੋਲ ਆਫੀਸ਼ੀਅਲ ਡਾਕੂਮੈਂਟ ਹੈ, ਮੈਂ ਤੁਹਾਨੂੰ ਭੇਜ ਦਿੰਦਾ ਹਾਂ।

**ਸਰਦਾਰ ਲਾਲ ਸਿੰਘ :** ** ** **

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਰਿਕਾਰਡ ਨਾ ਕੀਤਾ ਜਾਵੇ।

**ਉਪ ਮੁੱਖ ਮੰਤਰੀ :** ਇਨ੍ਹਾਂ ਨੇ ਬਹੁਤ ਰੌਲਾ ਪਾਇਆ ਕਿ ਪੰਜਾਬ ਤੇ ਕਰਜ਼ਾ ਬਹੁਤ ਹੋ ਗਿਆ, ਲੁੱਟੇ ਗਏ, ਮਾਰੇ ਗਏ, ਪੰਜਾਬ ਬਰਬਾਦ ਹੋ ਗਿਆ। ਜਾਖੜ ਸਾਹਿਬ, ਪਹਿਲੀ ਗੱਲ ਪ੍ਰੋਡਕਟਿਵ ਡੈੱਟ is good, no State is without debt, ਮੈਂ ਤੁਹਾਨੂੰ ਭਾਰਤ ਦੀ ਹਰ ਸਟੇਟ ਦਾ ਡੈੱਟ ਦੱਸਣਾ ਚਾਹੁੰਦਾ

**Expunged as ordered by the Chair.

[ ਉਪ ਮੁੱਖ ਮੰਤਰੀ ]

ਹਾਂ। ਸਭ ਤੋਂ ਵੱਧ ਜਿਸ ਸਟੇਟ ਦਾ ਡੈੱਟ ਇਨਕਰੀਜ਼ ਹੋਇਆ ਹੈ, ਉਹ ਹਰਿਆਣੇ ਦਾ ਹੋਇਆ ਹੈ। ਸਾਲ 2006-07 ਵਿੱਚ ਜਦੋਂ ਸਾਡੀ ਸਰਕਾਰ ਆਈ, ਉਸ ਵੇਲੇ ਹਰਿਆਣੇ ਦਾ ਡੈੱਟ 29 ਹਜ਼ਾਰ ਕਰੋੜ ਸੀ ਅਤੇ ਸਾਡਾ 51 ਹਜ਼ਾਰ ਕਰੋੜ ਸੀ। ਇਸ ਸਾਲ ਹਰਿਆਣੇ ਦਾ ਡੈੱਟ 1 ਲੱਖ 5 ਹਜ਼ਾਰ ਕਰੋੜ ਰੁਪਏ ਹੈ, ਮਤਲਬ 260 ਫੀਸਦੀ ਗਰੋਥ ਹੋਈ ਹੈ। ਡੈੱਟ ਦੇ ਮਾਮਲੇ ਵਿੱਚ ਤਾਮਿਲਨਾਡੂ ਦੀ ਗਰੋਥ 154 ਫੀਸਦੀ ਅਤੇ ਕੇਰਲਾ ਦੀ ਗਰੋਥ 128% ਹੋਈ ਹੈ। ਡੈੱਟ ਦੀ ਗਰੋਥ ਸਾਲ 2006 ਤੋਂ ਅੱਜ ਤੱਕ ਆਂਧਰਾ ਪ੍ਰਦੇਸ਼ ਦੀ 108%, ਗੋਆ ਦੀ 110% , ਵੈਸਟ ਬੰਗਾਲ ਅਤੇ ਝਾਰਖੰਡ ਦੀ 104%, ਗੁਜਰਾਤ ਦੀ 103% ਅਤੇ ਪੰਜਾਬ ਦੀ 100% ਹੈ। ਆਪਣੇ ਤੋਂ ਥੱਲੇ ਦੂਜੀਆਂ ਸਟੇਟਾਂ ਹਨ। ਸਾਡੇ ਨਾਲੋਂ ਜ਼ਿਆਦਾ ਸਾਰਿਆਂ ਦਾ ਡੈੱਟ ਹੈ। ਸਾਨੂੰ ਬਦਨਾਮ ਕਰਨ ਵਾਸਤੇ ਵਾਰ ਵਾਰ ਇਹੀ ਕਹੀ ਜਾਣਾ ਕਿ ਅਸੀਂ ਲੁੱਟੇ ਗਏ, ਇਹ ਗ਼ਲਤ ਹੈ।

ਸਪੀਕਰ ਸਾਹਿਬ, ਦੂਜੀ ਗੱਲ ਡੈਟ ਦਾ ਪੈਮਾਨਾ ਇਹ ਹੁੰਦਾ ਹੈ ਕਿ ਕੀ ਸਟੇਟ ਠੀਕ ਚੱਲ ਰਹੀ ਹੈ ਕਿ ਨਹੀਂ, It is linked to GSDP Ratio. ਸਪੀਕਰ ਸਾਹਿਬ, ਦੇਸ਼ ਦੇ ਸਭ ਤੋਂ ਕਾਬਲ ਪ੍ਰਧਾਨ ਮੰਤਰੀ ਜਿਹੜੇ ਕਿ ਐਜੂਕੇਟਿਡ ਅਤੇ ਇਕਾਨੋਮਿਸਟ ਵੀ ਹਨ, ਸਰਦਾਰ ਮਨਮੋਹਨ ਸਿੰਘ ਜੀ ਰਹੇ ਹਨ। ਉਨ੍ਹਾਂ ਦੇ ਰਾਜ ਵਿੱਚ Government of India, Debt to GSDP Ratio 55 ਤੋਂ 60% ਰਿਹਾ ਹੈ। ਮੇਰੇ ਕੋਲ ਇਹ ਫਿਗਰਜ਼ ਹਨ। ਅਸੀਂ ਸਾਲ 2006-07 ਵਿੱਚ ਟੇਕ ਓਵਰ ਕੀਤਾ ਹੈ। ਉਦੋਂ 40% ਪੰਜਾਬ ਦਾ ਡੈੱਟ ਟੂ GSDP ratio ਸੀ। ਅਸੀਂ ਆਪਣਾ Debt to GSDP Ratio ਘਟਾ ਕੇ 31% ਕਰ ਦਿੱਤਾ ਹੈ। ਜੇ ਤੁਸੀਂ ਕਹਿੰਦੇ ਹੋ ਕਿ ਅਸੀਂ ਬਰਬਾਦ ਹੋ ਗਏ ਤਾਂ ਫਿਰ ਗੌਰਮਿੰਟ ਆਫ ਇੰਡਿਆ ਤਾਂ ਗਈ ਅਤੇ ਦੂਜੇ ਸੂਬੇ ਵੀ ਗਏ। ਬਗੈਰ ਸੋਚੇ ਸਮਝੇ ਫੈਕਟਸ ਲਿਖੇ ਜਾਣੇ, ਝੂਠ ਬੋਲੀ ਜਾਣਾ ਠੀਕ ਗੱਲ ਨਹੀਂ ਹੈ। ਜਾਖੜ ਸਾਹਿਬ, ਤੁਸੀਂ ਪੁੱਛਿਆ ਸੀ ਕਿ ਮੈਂ ਪ੍ਰੋਫੈਸਰਾਂ ਕੋਲ ਕਿਉਂ ਗਿਆ, ਯੂਨੀਵਰਸਿਟੀਆਂ ਵਿੱਚ ਕਿਉਂ ਗਿਆ? ਜਦੋਂ ਪਾਣੀ ਸਿਰ ਉਪਰੋਂ ਟੱਪ ਗਿਆ, ਜਦੋਂ ਬੰਬਈ ਵਿੱਚ ਇਨਵੈਸਟਰ ਕਹਿਣ ਲੱਗ ਗਏ ਕਿ ਤੁਹਾਡੇ ਤਾਂ 75% ਡਰੱਗ ਐਡਿਕਟਸ ਹਨ, ਤੁਸੀਂ ਖਤਮ ਹੋ ਗਏ ਹੋ ਤੇ ਲੋਕਾਂ ਵਿੱਚ ਮੀਡੀਆ ਨੇ ਪ੍ਰਚਾਰ ਬਹੁਤ ਕਰ ਦਿੱਤਾ, ਕੋਈ ਚਾਰਾ ਨਹੀਂ ਰਿਹਾ ਤਾਂ ਮੈਨੂੰ ਪੰਜਾਬ ਦੀ ਈਮੇਜ ਨੂੰ ਬਚਾਉਣ ਵਾਸਤੇ ਉਥੇ ਜਾਣਾ ਪਿਆ ਕਿਉਂਕਿ ਤੁਸੀਂ ਤਾਂ ਚਾਹੁੰਦੇ ਹੋ ਕਿ ਪੰਜਾਬ ਥੱਲੇ ਜਾਵੇ, ਤੁਹਾਡਾ ਕੋਈ ਇੰਟਰੈਸਟ

ਨਹੀਂ ਸੀ। ਮੈਂ ਤੁਹਾਨੂੰ ਹੋਰ ਵੀ ਦੱਸਦਾ ਹਾਂ, ਅਸੀਂ ਡੈਂਟ ਦੀ ਗੱਲ ਕਰਦੇ ਹਾਂ। ਜਾਖੜ ਸਾਹਿਬ, ਤੁਸੀਂ ਬਹੁਤ ਟਰੈਵਲ ਕੀਤਾ ਹੈ। Japan is a very developed country. Do you know Japan's debt is 225% ਅਤੇ ਆਪਣਾ ਸਿਰਫ 31% ਹੈ। ਸਿੰਗਾਪੁਰ ਦਾ 98.9% ਹੈ, United States has 92.7% of GSDP as debt. ਉਹ ਡਾਲਰ ਬਣਾ ਬਣਾ ਸੁਟੀ ਜਾਂਦੇ ਹਨ ਅਤੇ ਕਰਜ਼ਈ ਹੋਏ ਪਏ ਹਨ। US Economy is under complete control of China, ਸਾਰਾ ਡੈਂਟ ਯੂ.ਐਸ ਦਾ ਚਾਈਨਾ ਲਈ ਬੈਠਾ ਹੈ। ਇਹ ਹਾਲਾਤ ਬਣੇ ਹੋਏ ਹਨ। ਮੈਂ ਤਾਂ ਹੀ ਫਾਈਨਾਂਸ ਮਨਿਸਟਰ ਨੂੰ ਵਧਾਈ ਦਿੱਤੀ ਹੈ, ਅਸੀਂ ਹੌਲੀ ਹੌਲੀ ਆਪਣਾ Debt to GSDP Ratio ਘਟਾ ਰਹੇ ਹਾਂ ਅਤੇ ਜੋ 13ਵੀ Finance Commission ਨੇ Revenue deficit and financial deficit ਲਈ ਟਾਰਗੈਟ ਦਿੱਤੇ ਸੀ, We have performed much better than them. That is why we are saying that we lived within our means. ਅਸੀਂ ਇੱਕਲੇ ਲਿਫਾਫਿਆਂ ਵਿੱਚ ਗੱਲ ਨਹੀਂ ਕੀਤੀ।

ਬਾਕੀ ਸਰਦਾਰ ਲਾਲ ਸਿੰਘ ਜੀ ਨੇ ਸਾਰੀਆਂ ਕਾਰਪੋਰੇਸ਼ਨਾਂ ਬਾਰੇ 90 ਹਜ਼ਾਰ ਕਰੋੜ ਰੁਪਏ ਦਾ ਜ਼ਿਕਰ ਕੀਤਾ ਸੀ।

**ਸਰਦਾਰ ਲਾਲ ਸਿੰਘ :** ਟੋਟਲ ਮਿਲਾ ਕਿ 92 ਹਜ਼ਾਰ ਕਰੋੜ ਰੁਪਏ ਦਾ ਮੈਂ ਜ਼ਿਕਰ ਕੀਤਾ ਸੀ।

**ਉਪ ਮੁੱਖ ਮੰਤਰੀ :** ਤੁਸੀਂ ਜੋਸ਼ ਵਿੱਚ ਆ ਕੇ ਵਧਾ ਦਿੰਦੇ ਹੋ। ਆਫੀਸ਼ੀਅਲ ਫਿਗਰਜ਼ ਹਨ: total debt of all corporations is Rs.71374 crores, ਜਿਸਦੇ ਵਿੱਚੋਂ ਫੂਡ ਕ੍ਰੈਡਿਟ ਲਿਮਟ 36,900 ਹੈ, that is a revolving limit. ਦੂਸਰਾ ਆਪਣੀ ਪਾਵਰ ਕਾਰਪੋਰੇਸ਼ਨ ਹੈ, ਉਸ ਦਾ 26 ਹਜ਼ਾਰ ਕਰੋੜ ਰੁਪਏ ਹੈ, ਇਹ ਡੈਂਟ ਹੈ। ਬਾਕੀ ਸਾਰੀਆਂ ਨੂੰ ਮਿਲਾ ਕੇ ਜਿਵੇਂ ਕਿ ਪੁੱਡਾ ਤੋਂ ਜਿਵੇਂ ਲੈਂਡ ਐਕੁਆਇਰ ਕੀਤਾ ਹੈ, ਉਹ ਸਾਰਾ ਮਿਲਾ ਕੇ 7000 ਕਰੋੜ ਰੁਪਏ ਹੈ, and all this is within control. Electricity Board ਦਾ ਜਿਹੜਾ ਡੈਂਟ ਵਧਿਆ ਹੈ it is because in the last 4-5 years we expanded the network. ਮੈਂ ਤੁਹਾਨੂੰ ਅੱਗੇ ਦੱਸਾਂਗਾ ਕਿ ਕਿਵੇਂ ਅਸੀਂ ਨੈਟਵਰਕ ਐਕਸਪੈਂਡ ਕੀਤਾ ਹੈ। ਜਦੋਂ ਇਨ੍ਹਾਂ ਦੀ ਸਰਕਾਰ ਸੀ, Power Corporation which was considered one of the worst

[ ਉਪ ਮੁੱਖ ਮੰਤਰੀ ]

corporations of the country but in eight years this has been declared the best Power Corporation of the country. This is the achievement of the government (Thumping)

ਇੱਕ ਗੱਲ ਮੈਂ ਹੋਰ ਦੱਸਣੀ ਚਾਹੁੰਦਾ ਹਾਂ ਕਿ ਜਦੋਂ ਤੁਹਾਡੀ ਸਰਕਾਰ ਸੀ, ਉਦੋਂ ਪੰਜਾਬ ਦੀ ਜੀ.ਡੀ.ਪੀ. ਗਰੋਥ was less than Government of India's GDP growth. ਅੱਜ ਦੀ ਤਾਰੀਖ ਵਿੱਚ ਹੈ ਕਿ Punjab's GDP growth is more than Government of India's GDP growth. We are performing better than the Government of India's GDP growth. ਇਹ ਫਰਕ ਹੈ। We have changed the full table and this is happened in last four-five years. ਇੱਕ ਤੁਸੀਂ ਵਾਰ ਵਾਰ ਟਰੱਕ ਦੀ ਗੱਲ ਕਰਦੇ ਸੀ ਕਿ ਨੋਟਾਂ ਦੇ ਟਰੱਕ ਆਉਣਗੇ। ਮੈਂ ਕਿਹਾ ਸੀ ਅਤੇ ਤੁਸੀਂ ਇਹ ਰੇਜ਼ ਕੀਤਾ ਸੀ। ਮੈਂ ਦੱਸਾਂ ਕਿ ਇੱਕ ਟਰੱਕ ਨਹੀਂ, ਕਈ ਟਰੱਕ ਆ ਗਏ। ਲਾਲ ਸਿੰਘ ਜੀ ਤੁਸੀਂ ਦੱਸੋ ਕਿ ਇੱਕ ਟਰੱਕ ਵਿੱਚ ਕਿੰਨੇ ਨੋਟ ਆ ਜਾਂਦੇ ਹਨ। (ਸ਼ੋਰ) ਦੋ ਚਾਰ ਹਜ਼ਾਰ ਕਰੋੜ ਤਾਂ ਆ ਜਾਂਦੇ ਹੋਣਗੇ। ਸੌਰੀ, ਮੈਂ ਕਹਿ ਨਹੀਂ ਸਕਦਾ ਕਿਉਂਕਿ ਜਦੋਂ ਇਹ ਐਫ.ਐਮ. ਸੀ ਉਦੋਂ ਭਾਵੇਂ ਦਿੱਲੀ ਤੁਹਾਡੀ ਸਰਕਾਰ ਸੀ ਪਰ ਤੁਹਾਨੂੰ ਕੋਈ ਦਿੰਦਾ ਤਾਂ ਹੈ ਨਹੀਂ ਸੀ।

**ਸਰਦਾਰ ਲਾਲ ਸਿੰਘ :** ** ** **

**ਉਪ ਮੁੱਖ ਮੰਤਰੀ :** ਮੈਂ ਟਰੱਕ ਦੀ ਗੱਲ ਕਰ ਰਿਹਾ ਹਾਂ।

**Mr. Speaker :** Other than the speech of Sardar Sukhbir Singh Badal, nothing should be recorded.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, 8-9 ਮਹੀਨੇ ਹੋਏ ਹਨ ਕਿ ਜਾਖੜ ਸਾਹਿਬ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਇਕੱਲੀਆਂ ਗੱਲਾਂ ਕਰਦਾ ਹੈ। ਹਾਂ ਮੈਂ ਗੱਲਾਂ ਕਰਦਾ ਹਾਂ ਅਤੇ ਇੰਪਲੀਮੈਂਟ ਵੀ ਕਰਵਾਉਂਦਾ ਹਾਂ। (ਥੰਪਿੰਗ) ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਮੋਹਾਲੀ ਵਿੱਚ ਇੰਟਰਨੈਸ਼ਨਲ ਏਅਰਪੋਰਟ ਆਵੇਗਾ ਅਤੇ ਕਾਂਗਰਸੀਆਂ ਦਾ ਬਿਆਨ ਆਇਆ ਸੀ ਕਿ

**Expunged as ordered by the Chair.

ਐਵੇਂ ਹੀ ਹਵਾ ਵਿੱਚ ਗੱਲਾਂ ਹਨ। ਅੱਜ ਤੁਸੀਂ ਉਥੇ ਜਾ ਕੇ ਦੇਖੋ। ਰਿਫ਼ਾਈਨਰੀ ਵੀ ਅਸੀਂ ਲੈ ਕੇ ਆਏ ਹਾਂ। ਬਠਿੰਡਾ ਏਅਰਪੋਰਟ ਵੀ ਅਸੀਂ ਕਿਹਾ ਸੀ ਕਿ ਲਿਆਵਾਂਗੇ। ਹੁਣ ਮੈਂ ਦੱਸਦਾ ਹਾਂ ਕਿ ਟਰੱਕ ਕਿਹੜੇ ਆਏ ਹਨ। ਜਾਖੜ ਸਾਹਿਬ, ਅਸਲੀਅਤ ਹੈ, ਮੈਂ ਝੂਠ ਨਹੀਂ ਬੋਲ ਰਿਹਾ। ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਵਿੱਚ ਰੋਡ ਟਰਾਂਸਪੋਰਟ ਦੇ ਮਨਿਸਟਰ ਰਾਜਸਥਾਨ ਦੇ ਸਨ। ਤੁਸੀਂ ਜਾਣਦੇ ਹੋਵੋਗੇ। ਮੈਂ ਨਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਨਾਂ ਲੈ ਨਹੀਂ ਸਕਦੇ। ਅਸੀਂ ਤਿੰਨ ਜਾਂ ਚਾਰ ਸਾਲ ਉਨ੍ਹਾਂ ਦੇ ਮਗਰ ਲੱਗੇ ਰਹੇ। I don't know the exact time. ਮੈਂ ਘੱਟੋ-ਘੱਟ 50 ਵਾਰ ਗਿਆ ਹੋਣਾ ਅਤੇ ਸੀ.ਐਮ. ਸਾਹਿਬ ਵੀ ਗਏ ਹੋਣੇ ਪਰ ਉਨ੍ਹਾਂ ਨੇ ਸਾਨੂੰ ਮਨਜ਼ੂਰੀ ਨਹੀਂ ਦਿੱਤੀ। ਅਖੀਰ ਵਿੱਚ ਸਾਨੂੰ ਕਹਿਣਾ ਪਿਆ ਕਿ ਤਿੰਨ ਮਹੀਨੇ ਰਹਿ ਗਏ ਹਨ, ਅਸੀਂ ਆਪ ਹੀ ਕਰਵਾ ਲਵਾਂਗੇ। ਇਮੀਜੇਟਲੀ ਜਦੋਂ ਜੋਸ਼ੀ ਜੀ ** ** * *ਹਟੇ ਅਤੇ ਸਾਡੀ ਸਰਕਾਰ ਆਈ ਤਾਂ 20 ਹਜ਼ਾਰ ਕਰੋੜ ਦੇ ਟਰੱਕ ਆਏ, ਸੜਕਾਂ ਦੀ ਵੱਡੀ ਰੇਲ ਆਈ। (ਥੰਪਿੰਗ) ਤੁਸੀਂ ਦੱਸੋ ਪਹਿਲਾਂ ਕਿਉਂ ਨਾ ਆ ਸਕੀ? ਇੱਕ ਮਿੰਟ ਵਿੱਚ ਸੜਕਾਂ ਲਈ ਇਕੱਠਾ 20 ਹਜ਼ਾਰ ਕਰੋੜ ਰੁਪਿਆ ਆਇਆ। ਤੁਸੀਂ ਦੱਸੋ ਕਿ ਕਿਸ ਸਟੇਟ ਨੂੰ ਇੰਨਾ ਰੋਡ ਨੈੱਟਵਰਕ ਦਿੱਤਾ ਗਿਆ ਹੈ।

ਜਿਵੇਂ ਮੈਂ ਕਿਹਾ ਸੀ ਕਿ ਪਾਵਰ ਸਰਪਲਸ ਕਰਾਂਗਾ ਤਾਂ ਅਸੀਂ ਤੁਹਾਡੇ ਸਾਹਮਣੇ ਪਾਵਰ ਪਲਾਂਟ ਬਣਾ ਦਿੱਤੇ ਹਨ। ਮੇਰੀ ਇਹ ਵੀ ਸਟੇਟਮੈਂਟ ਹੈ ਕਿ ਪੰਜਾਬ ਦਾ ਹਰ ਵੱਡਾ ਸ਼ਹਿਰ ਅਗਲੇ ਦੋ ਢਾਈ ਸਾਲ ਵਿੱਚ will be connected to four to six lanes and I stand by it ਕਿਉਂਕਿ ਸਾਰੇ ਪ੍ਰਾਜੈਕਟਾਂ ਲਈ ਟੈਂਡਰ ਹੋ ਗਏ ਹਨ। ਕਈਆਂ ਦੇ ਟੈਂਡਰ ਅੱਜ ਹੀ ਖੁੱਲ੍ਹੇ ਹਨ। ਮੈਨੂੰ ਹੁਣੇ ਹੀ ਪਤਾ ਲੱਗਾ ਹੈ ਕਿ ਟੈਂਡਰ ਖੁੱਲ੍ਹ ਗਏ ਹਨ ਅਤੇ ਕੰਪਨੀਆਂ ਨੂੰ ਕੰਸਟ੍ਰਕਸ਼ਨ ਅਲਾਟ ਹੋ ਗਈ ਹੈ, ਕੰਮ ਸ਼ੁਰੂ ਹੋ ਜਾਣਾ ਹੈ। ਇਹ 20 ਹਜ਼ਾਰ ਕਰੋੜ ਰੁਪਏ ਦੇ ਟਰੱਕ ਹੀ ਤਾਂ ਆਏ ਹਨ।

ਅਗਲੀ ਗੱਲ ਕਿ ਬਾਦਲ ਸਾਹਿਬ, ਸੀ.ਐਮ. ਸਾਹਿਬ ਬੀਬੀ ਉਮਾ ਭਾਰੰਤੀ ਜੀ ਕੋਲ ਗਏ ਜਿਹੜੇ ਕਿ ਵਾਟਰ ਵਰਕਸ ਦੇ ਮੰਤਰੀ ਹਨ, ਇੱਕ ਮਿੰਟ ਵਿੱਚ 920 ਕਰੋੜ ਰੁਪਿਆ ਖਾਲੇ ਪੱਕੇ ਕਰਨ ਲਈ ਮਨਜ਼ੂਰ ਕਰਵਾ ਕੇ ਲਿਆਏ

---

**Expunged as ordered by the Chair.

[ ਉਪ ਮੁੱਖ ਮੰਤਰੀ ]

ਹਨ। (ਥੰਪਿੰਗ) ਤੁਸੀਂ ਦੱਸੋ ਕਿ ਤੁਹਾਡੀ ਕੇਂਦਰ ਦੀ ਸਰਕਾਰ ਸਮੇਂ ਪਿਛਲੇ 10 ਸਾਲਾਂ ਵਿੱਚ ਕੋਈ ਦੁਆਨੀ ਆਈ ਹੈ? ਤੁਹਾਡਾ ਭਾਰਤ ਸਰਕਾਰ ਦਾ 10 ਸਾਲ ਬਜਟ ਆਇਆ, ਕਿਤੇ ਰੇਲ ਬਜਟ ਵਿੱਚ ਪੰਜਾਬ ਦਾ ਜ਼ਿਕਰ ਆਇਆ? ਜਦੋਂ ਦੀ ਸਾਡੀ ਸਰਕਾਰ ਬਣੀ ਹੈ, ਦੋ ਬਜਟ ਆਏ ਹਨ, ਇੱਕ ਤਾਂ ਇਮੀਜੇਟਲੀ ਬਜਟ ਆਇਆ ਸੀ। ਪਹਿਲੀ ਵਾਰ ਉਨ੍ਹਾਂ ਨੇ ਅੰਮ੍ਰਿਤਸਰ ਵਾਸਤੇ ਏਮਜ਼ ਦੇ ਦਿੱਤਾ, ਦੂਜਾ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਰਹੇ ਹਨ। ਫਿਰ ਹਾਰਟੀਕਲਚਰ ਇੰਸਟੀਚਿਊਟ ਦੇ ਦਿੱਤਾ, ਸਪੈਸ਼ਲ ਪੈਕੇਜ ਫਾਰ ਡਿਵੈਲਪਮੈਂਟ ਆਫ ਅੰਮ੍ਰਿਤਸਰ ਦਿੱਤਾ। ਜਿਨ੍ਹਾਂ ਨੂੰ ਤੁਸੀਂ ਵਿਚਾਰੇ ਕਹਿੰਦੇ ਹੋ, ਉਨ੍ਹਾਂ ਵਿਚਾਰਿਆਂ ਨੇ ਇਹ ਕਰਕੇ ਦਿੱਤਾ ਹੈ। ਮੈਂ ਤੁਹਾਨੂੰ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ, ਤੁਸੀਂ ਸਾਰੀ ਆਪੋਜ਼ੀਸ਼ਨ ਬੈਠੀ ਹੋ.....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਨਹੀਂ, ਨਹੀਂ। Please sit down.

**ਸਰਦਾਰ ਬਲਬੀਰ ਸਿੰਘ ਸਿੱਧੂ :** ਕੈਂਸਰ ਹਸਪਤਾਲ, ਸੰਗਰੂਰ ਤੇ ਫਿਰੋਜ਼ਪੁਰ ਅਤੇ ਜਿਹੜੀ ਸ਼੍ਰੀ ਅਨੰਦਪੁਰ ਸਾਹਿਬ ਤੋਂ ਹਜ਼ੂਰ ਸਾਹਿਬ ਨੂੰ ਟਰੇਨ ਚੱਲੀ ਹੈ, ਜਿਹੜੀ ਅੰਮ੍ਰਿਤਸਰ ਸਾਹਿਬ ਨੂੰ ਟਰੇਨ ਚੱਲੀ ਹੈ, ਉਹ ਕਿਸ ਦੀ ਦੇਣ ਹੈ?

**Mr. Speaker :** Now please sit down.

**ਉਪ ਮੁੱਖ ਮੰਤਰੀ :** ਇੱਕ ਮਿੰਟ, ਮੈਂ ਤੁਹਾਨੂੰ ਦੱਸਦਾ ਹਾਂ ਕਿ ਉਥੋਂ ਕੋਈ ਚੀਜ਼ ਨਹੀਂ ਮਿਲਦੀ....

**ਮਾਨਯੋਗ ਸਪੀਕਰ :** ਮਾਨਯੋਗ ਡਿਪਟੀ ਚੀਫ ਮਨਿਸਟਰ ਦੀ ਸਪੀਚ ਤੋਂ ਇਲਾਵਾ ਹੋਰ ਕੁਝ ਵੀ ਰਿਕਾਰਡ ਨਹੀਂ ਕਰਨਾ।

**ਉਪ ਮੁੱਖ ਮੰਤਰੀ :** ਮੈਂ ਤੁਹਾਨੂੰ ਇੱਕ ਗੱਲ ਦੱਸਾਂ ਕਿ ਕੋਈ ਵੀ ਚੀਜ਼ ਇਸ ਤਰ੍ਹਾਂ ਨਹੀਂ ਮਿਲਦੀ। ਮੁੱਖ ਮੰਤਰੀ ਹਫਤੇ ਵਿੱਚ ਘੱਟੋ ਘੱਟ ਦੋ ਦਿਨ ਦਿੱਲੀ ਹਰ ਮਨਿਸਟਰ ਦੇ ਦਫਤਰ ਤੇ ਘਰ ਵਿੱਚ ਜਾਂਦੇ ਰਹਿੰਦੇ ਹਨ ਹਾਲਾਂਕਿ ਉਹ ਇੰਨੇ ਸੀਨੀਅਰ ਮੋਸਟ ਪਾਲੇਟੀਸ਼ੀਅਨ ਹਨ ਅਤੇ ਰਿਸਪੈਕਟਿਡ ਲੀਡਰ ਹਨ। ਜਿੰਨਾ ਕੁਝ ਇਹ ਕਰਦੇ ਹਨ, ਤੁਸੀਂ ਮੈਨੂੰ ਦੱਸੋ ਕਿ ** ** **ਮੁੱਖ ਮੰਤਰੀ ਸਨ।

---

**Expunged as ordered by the Chair.

**ਮਾਨਯੋਗ ਸਪੀਕਰ :** ਇਹ ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਉਪ ਮੁੱਖ ਮੰਤਰੀ :** ਕਿੰਨੀ ਵਾਰ ਉਥੇ ਗਏ, ਕਿਸ ਨੂੰ ਮਿਲਣ ਵਾਸਤੇ ਗਏ ਸਨ? ਜਿਹੜੇ ਪੰਜਾਬ ਦੇ ਐਕਸ ਚੀਫ ਮਨਿਸਟਰ ਸਾਹਿਬ ਰਹੇ ਸੀ, ਉਹ ਕਿਹੜੇ ਦਫਤਰਾਂ ਵਿੱਚ ਗਏ ਸਨ, ਤੁਸੀਂ ਮੈਨੂੰ ਦੱਸ ਦਿਉ? (ਵਿਘਨ) ਉਹ ਨਾਲ ਤਾਂ ਕਿਸੇ ਨੂੰ ਲੈ ਕੇ ਨਹੀਂ ਜਾਂਦੇ ਸਨ। ਹੁਣ ਇੱਕ ਹੋਰ ਆਪਾਂ ਨੂੰ ਬਦਨਾਮ ਕੀਤਾ ਹੋਇਆ ਹੈ ਕਿ ਜਦੋਂ ਵੀ ਅਕਾਲੀ ਸਰਕਾਰ ਆਈ, ਇੱਥੋਂ ਇੰਡਸਟਰੀ ਭੱਜ ਗਈ। ਮੈਂ ਤੁਹਾਨੂੰ ਗੌਰਮਿੰਟ ਆਫ ਇੰਡੀਆ ਦਾ ਡਾਟਾ ਦੇਣਾ ਚਾਹੁੰਦਾ ਹਾਂ। ਸਾਲ 2002 ਤੋਂ ਲੈ ਕੇ ਸਾਲ 2013-14 ਤੱਕ ਦਾ ਡਾਟਾ ਹੈ, ਜਿੰਨੇ ਨਵੇਂ ਮਾਈਕਰੋ, ਸਮਾਲ, ਸਮਾਲ ਅਤੇ ਮੀਡੀਅਮ ਯੂਨਿਟ ਪੰਜਾਬ ਵਿੱਚ ਲੱਗੇ ਹਨ। ਮੈਂ ਹਰ ਸਾਲ ਦਾ ਨਹੀਂ ਦੱਸਦਾ, ਐਵਰੇਜ ਦੱਸਦਾ ਹਾਂ। ਤੁਹਾਡੇ ਪੰਜ ਸਾਲਾਂ ਦੇ ਸਮੇਂ ਐਵਰੇਜ ਸਾਲ ਵਿੱਚ 757 ਯੂਨਿਟ ਨਵੇਂ ਲੱਗੇ ਸੀ। ਸਾਡੇ ਸਾਲ ਦੀ ਐਵਰੇਜ 2019 ਹੈ। ਸੋ, ਕਿਹੜੀ ਸਰਕਾਰ ਨੇ ਚੰਗਾ ਕੀਤਾ ਹੈ? ਇੱਕ ਮੈਂ ਇੰਟਰੈਸਟਿੰਗ ਫੈਕਟ ਦੇਣਾ ਚਾਹੁੰਦਾ ਹਾਂ। ਆਪਾਂ ਐਵੇਂ ਹੀ ਝੂਠੇ ਫੈਕਟਸ ਫਲਾਇੰਗ ਸ਼ਾਰਟਸ ਦੇਈ ਜਾਂਦੇ ਹਾਂ ਜਿਵੇਂ ਆਪਾਂ ਇਲੈਕਸ਼ਨ ਲੜਨੇ ਹੁੰਦੇ ਹਨ।

ਸਾਲ 2002 ਵਿੱਚ 1,92,098 ਇੰਡਸਟਰੀਅਲ ਕੁਨੈਕਸ਼ਨ ਪੰਜਾਬ ਵਿੱਚ ਸ਼ੁਰੂ ਹੋਏ ਸਨ। ਸਾਲ 2002 ਤੋਂ ਲੈ ਕੇ 2007 ਤੱਕ ਜਦੋਂ ਤੁਹਾਡੀ ਸਰਕਾਰ ਸੀ, 17708 ਨਵੇਂ ਇੰਡਸਟਰੀਅਲ ਕੁਨੈਕਸ਼ਨ ਅਲਾਟ ਹੋਏ ਸੀ। ਇੱਕ ਹੋਰ ਇੰਟਰੈਸਟਿੰਗ ਫੈਕਟ ਹੈ। ਇਸੇ ਹੀ ਟਾਈਮ ਵਿੱਚ ਜਿੰਨੇ ਕੁਨੈਕਸ਼ਨ ਡਿਸ-ਕੁਨੈਕਟ ਹੋਏ ਜਾਂ ਇੰਡਸਟਰੀਅਲ ਯੂਨਿਟ ਬੰਦ ਹੋਏ, ਉਨ੍ਹਾਂ ਦੀ ਗਿਣਤੀ 18025 ਹੈ। 17000 ਦੇ ਕਰੀਬ ਲੱਗੇ ਅਤੇ 18000 ਦੇ ਕਰੀਬ ਬੰਦ ਹੋਏ। ਇੱਕ ਹਜ਼ਾਰ ਯੂਨਿਟ ਰਹਿ ਗਿਆ, ਭਾਵ ਇਹ ਤੁਹਾਡੀ ਨੈਗੇਟਿਵ ਗਰੋਥ ਸੀ। ਹੁਣ ਮੈਂ ਸਾਡੀ ਸਰਕਾਰ ਵੇਲੇ ਦਾ ਦੱਸਦਾ ਹਾਂ ਕਿ ਸਾਲ 2007 ਤੋਂ ਲੈ ਕੇ ਅੱਜ ਤੱਕ 33537 ਕੁਨੈਕਸ਼ਨ ਐਡ ਹੋਏ ਹਨ ਅਤੇ 16000 ਕੱਟੇ ਗਏ ਹਨ। ਇਸ ਤਰ੍ਹਾਂ 16-17 ਹਜ਼ਾਰ ਯੂਨਿਟਸ ਜ਼ਿਆਦਾ ਦੀ ਗਰੋਥ ਹੋਈ ਹੈ। ਪਰ ਇਹ ਪ੍ਰਾਪੇਗੰਡਾ ਕੀਤਾ ਗਿਆ ਹੈ ਕਿ ਸਾਰੀ ਇੰਡਸਟਰੀ ਭੱਜ ਗਈ ਹੈ, ਹਿਮਾਚਲ ਵਿੱਚ ਭੱਜ ਗਈ ਜਾਂ ਹੋਰ ਇੱਧਰ ਉੱਧਰ ਭੱਜ ਗਈ ਹੈ। ਇਹ ਤਾਂ ਨਵੇਂ ਯੂਨਿਟ ਲੱਗੇ ਹਨ। ਮੈਂ ਤੁਹਾਨੂੰ ਲੋਡ ਦਾ ਵੀ ਦੱਸਦਾ ਹਾਂ। ਸਪੀਕਰ ਸਾਹਿਬ, ਸਾਲ 2002 ਵਿੱਚ ਇੰਡਸਟਰੀਅਲ ਯੂਨਿਟਸ ਤੇ ਲੋਡ ਤਕਰੀਬਨ 4700 ਮੈਗਾਵਾਟ ਸੀ। ਸਾਲ

[ ਉਪ ਮੁੱਖ ਮੰਤਰੀ ]

2007 ਵਿੱਚ ਜਦੋਂ ਅਸੀਂ ਟੇਕ-ਔਫ ਕੀਤਾ ਸੀ ਤਾਂ ਇਹ ਲੋਡ ਵੱਧ ਕੇ 5800 ਮੈਗਾਵਾਟ ਹੋ ਗਿਆ ਹੈ। ਅੱਜ ਲੋਡ 8452 ਮੈਗਾਵਾਟ ਹੈ। Just look at the growth. ਤਾਂਹੀਉਂ ਮੈਂ ਕਹਿੰਦਾ ਹਾਂ ਕਿ ਤੁਸੀਂ ਬੈਠੇ ਝੂਠੇ ਇਲਜ਼ਾਮ ਲਗਾਈ ਜਾਂਦੇ ਹੋ। ਪੰਜਾਬ ਨਾਲ ਇੰਨੀ ਦੁਸ਼ਮਣੀ ਨਾ ਕਰੋ ਸਾਡੇ ਨਾਲ ਤਾਂ ਤੁਹਾਡੀ ਦੁਸ਼ਮਣੀ ਹੈਗੀ ਹੀ ਹੈ।

**ਸਰਦਾਰ ਲਾਲ ਸਿੰਘ :** ਅਸੀਂ ਆਰ.ਟੀ.ਆਈ. ਤੋਂ ਸੂਚਨਾ ਮੰਗੀ ਹੈ।ਉਹੀ ਇਨਫਰਮੇਸ਼ਨ ਮੈਂ ਇੱਥੇ ਦੱਸੀ ਹੈ। ਮੈਂ ਕੋਈ ਵੀ ਅੰਕੜਾ ਅੱਜ ਤੱਕ ਬਣਾਉਟੀ ਪੇਸ਼ ਨਹੀਂ ਕੀਤਾ। ਮੈਨੂੰ ਇਹ ਨਹੀਂ ਪਤਾ ਇਹ ਕਿੱਥੋਂ ਅੰਕੜੇ ਲੈ ਕੇ ਆਏ ਹਨ। ਮੇਰਾ ਅੰਕੜਾ ਠੀਕ ਹੈ, ਜਿਹੜਾ ਕਿ ਮੈਂ ਆਰ.ਟੀ.ਆਈ. ਤੋਂ ਸੂਚਨਾ ਲੈ ਕੇ ਦਿੱਤਾ ਹੈ ਕਿ ਪੰਜਾਬ ਵਿੱਚ 18770 ਯੂਨਿਟ ਚਲੇ ਗਏ। ਮੈਂ ਆਪਣੇ ਕੋਲੋਂ ਕੁਝ ਨਹੀਂ ਦੱਸ ਰਿਹਾ। ਇਹ ਦੱਸੀ ਜਾ ਰਹੇ ਹਨ ਕਿ ਇਹ ਅੰਕੜਾ 16,000 ਦਾ ਹੈ। ਮੈਨੂੰ ਦੱਸਣ ਕਿ ਕਿਹੜਾ ਅੰਕੜਾ ਠੀਕ ਹੈ?

**ਉਪ ਮੁੱਖ ਮੰਤਰੀ :** ਪਹਿਲੀ ਗੱਲ ਤਾਂ ਇਹ ਇਨਫਰਮੇਸ਼ਨ ਬਿਜਲੀ ਬੋਰਡ ਦੀ ਹੈ । ਇਹ ਇਨਫਰਮੇਸ਼ਨ ਅਥੰਟਿਕ ਹੈ । ਮੈਂ ਸਾਰੀ ਡਿਟੇਲ ਕਢਵਾਈ ਹੈ । ਮੈਨੂੰ ਕੋਈ ਲੋੜ ਨਹੀਂ ਸੀ । ਵੱਧ ਤੋਂ ਵੱਧ ਹਜ਼ਾਰ ਦੋ ਹਜ਼ਾਰ ਦਾ ਫਰਕ ਹੋ ਸਕਦਾ ਹੈ । ਸਰਦਾਰ ਲਾਲ ਸਿੰਘ ਜੀ, ਨਾ ਮੈਂ ਅਜਿਹਾ ਕਦੇ ਕੀਤਾ ਹੈ ਤੇ ਨਾ ਹੀ ਕਰਾਂਗਾ । ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਪਿੱਛੇ ਵੀ ਤੁਹਾਨੂੰ ਦੱਸਿਆ ਸੀ । ਜਿਹੜੀਆਂ ਤੁਸੀਂ quantity of figures ਦਿੱਤੀਆਂ ਸਨ ਤੇ ਉਥੇ ਵੀ ਮੈਂ ਤੁਹਾਨੂੰ ਸਮਝਾਇਆ ਸੀ । ਸੋ, ਦੂਜੀ ਗੱਲ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ, ਲੀਡਰ ਆਫ ਦਿ ਆਪੋਜ਼ੀਸ਼ਨ ਬੈਠੇ ਹਨ, ਜਦੋਂ ਤੁਹਾਡੀ ਸਰਕਾਰ ਸੀ ਕਿਹੜਾ ਇੰਡਸਟਰੀਅਲ ਯੂਨਿਟ ਸੀ ਜਿਹੜਾ ਲੱਗਿਆ ਹੋਵੇ । ਇੱਧਰ ਦੇਖ ਲਉ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਿ ਕਿੰਨੀ ਸ਼ਾਂਤੀ ਹੈ ।

**Shri Sunil Jakhar :** So, I don't want to interrupt. since he has asked pointedly. ਸਪੀਕਰ ਸਾਹਿਬ, ਸਾਡੇ ਮੰਤਰੀ ਜੀ ਕਹਿ ਦਿੰਦੇ ਹਨ, ਮੈਨੂੰ ਲਿਖ ਕੇ ਦੇ ਦਿਉ, ਮੈਂ ਰਿਕਾਰਡ ਕਢਵਾ ਕੇ ਲਿਆਵਾਂਗਾ ਕਿ ਕੀ ਲੱਗਿਆ ਹੈ ਤੇ ਕੀ ਨਹੀਂ ਲੱਗਿਆ, ਮੈਂ ਦੇ ਦੇਵਾਂਗਾ । ਮੈਂ ਕਹਿਣਾ ਚਾਹੁੰਦਾ ਹਾਂ, because of his Industrial policy, at least he has given a voice to the meak.

ਅੱਜ ਤੱਕ ਇੰਡਸਟਰੀਲਿਸਟ ਨੂੰ ਕਹਿੰਦੇ ਸੀ ਕਿ ਸਰਕਾਰ ਦੇ ਖਿਲਾਫ਼ ਬੋਲਦੇ ਨਹੀਂ, ਸਪਿਨਿੰਗ ਐਸੋਸੀਏਸ਼ਨ ਵਾਲਿਆਂ ਦੀਆਂ ਪਹਿਲੀ ਦਫਾ ਫੁੱਲ ਪੇਜ਼ ਐਡਵਰਟਾਈਜ਼ਮੈਂਟਸ ਲੱਗੀਆਂ ਹਨ ਕਿ ਵਧਾਈ ਹੋਵੇ, ਸਰਕਾਰ ਦੀ 10,000 ਕਰੋੜ ਰੁਪਏ ਦੀ ਇੰਡਸਟਰੀ ਮੱਧ ਪ੍ਰਦੇਸ਼ ਵਿੱਚ ਤੋਰ ਦਿੱਤੀ । ਅੱਜ ਤੱਕ ਕਦੀ ਹੋਇਆ ਹੈ ? Have you taken action against those people?

**ਉਪ ਮੁੱਖ ਮੰਤਰੀ :** ਉਹ ਮੇਰੇ ਕੋਲ ਵੀ ਆਏ ਸੀ । It had nothing to do with this. There are two groups of people. One is spinning industry which has 40 people and other is knitting industry, which has about 30000 people, if decision for 40 people affects directly 40000 people, so we have to take a decision as it has to be a decision which is appropriate, we have to see it. ਆਪਾਂ ਇਕੱਲੇ ਅਖਬਾਰ ਵਿੱਚ ਨਾ ਜਾਈਏ, ਐਕਚੂਅਲ ਫੈਕਟਸ ਵੀ ਦੇਖੀਏ । ਮੈਂ ਦੱਸਣਾ ਚਾਹੁੰਦਾ ਹਾਂ, ਇਨ੍ਹਾਂ ਨੇ ਜ਼ੋਰ ਲਗਾਇਆ ਕਿ ਬਠਿੰਡਾ ਰਿਫਾਈਨਰੀ ਨਹੀਂ ਆਉਣ ਦੇਣੀ, ਨਹੀਂ ਚੱਲਣ ਦਿੱਤੀ । ਇਹ ਤਾਂ ਮੁੱਖ ਮੰਤਰੀ ਜੀ ਨੇ ਰਿਫਾਈਨਰੀ ਲਿਆਂਦੀ । ਤੁਸੀਂ ਪੂਰਾ ਜ਼ੋਰ ਲਗਾ ਲਿਆ ਸੀ । ਸਪੀਕਰ ਸਾਹਿਬ, ਹੁਣ ਮੈਂ ਦੱਸਦਾ ਹਾਂ, ਆਈ.ਟੀ.ਸੀ. building the worlds best food park in Kapurthala, BSI cycles Rajpura, Ayurs, Amul, Kargil, etc. (interruption)

**Mr. Speaker :** Badal Sahib, please continue.

**ਉਪ ਮੁੱਖ ਮੰਤਰੀ :** ਆਈ. ਟੀ. ਦੇ 29 ਹੱਬ ਬਣਾਵਾਂਗੇ। ਤੁਸੀਂ ਕਿਹਾ ਹੈ ਕਿ ਮੈਂ ਆਈ. ਟੀ. ਹੱਬ ਬਣਾਉਣ ਵਾਸਤੇ ਕਿਹਾ ਸੀ । ਤੁਸੀਂ ਨੋਟ ਕਰੀ ਜਾਣਾ। ਇੱਕ-ਦੋ ਚੀਜ਼ਾਂ ਦੇ ਬਗੈਰ ਮੈਂ ਜੋ ਵੀ ਕਿਹਾ ਹੈ, ਮੈਟਰੋ ਨੂੰ ਛੱਡ ਕੇ, ਭਾਵੇਂ ਸਾਲ ਜਾਂ ਦੋ ਸਾਲ ਲੇਟ ਹੋ ਗਿਆ ਹੈ ਪਰ we have implemented it. ਇਕੱਲੇ ਮੈਟਰੋ ਦਾ ਰੀਜ਼ਨ ਮੈਂ ਦੱਸਦਾ ਹਾਂ ਕਿ ਇਹ ਕਿਉਂ ਨਹੀਂ ਸਿਰੇ ਚੜ੍ਹਿਆ । ਇਸ ਦਾ ਕਾਰਨ ਇਹ ਹੈ ਕਿ ਜਿਹੜਾ ਦਿੱਲੀ ਸ੍ਰੀਧਨ ਹੈ, I gave him the responsibility and we paid Rs. 1 crore as consultancy fee to him for doing full study and design everything, ਉਨ੍ਹਾਂ ਦੀ ਰਿਪੋਰਟ ਆਈ that it is not viable. ਇਸ ਤੇ ਬਾਰਾਂ ਤੇਰਾਂ ਹਜ਼ਾਰ ਕਰੋੜ

[ ਉਪ ਮੁੱਖ ਮੰਤਰੀ ]

ਰੁਪਿਆ ਲੱਗੇਗਾ, as Ludhiana is too small and that is why ਮੇਰਾ ਕੋਈ ਫੈਸਲਾ ਗਲਤ ਵੀ ਹੋ ਸਕਦਾ ਹੈ। It is good that you retract at the right time ਨਹੀਂ ਤਾਂ ਤੁਸੀਂ ਬਾਰਾਂ ਤੇਰਾਂ ਹਜ਼ਾਰ ਕਰੋੜ ਰੁਪਏ ਦਾ ਬੋਝ ਸਰਕਾਰ ਤੇ ਪਾ ਦਿਉ, ਉਹ ਕੋਈ ਚੰਗਾ ਰਹਿਣਾ ਸੀ, ਜਿੱਦ ਕਰਕੇ ਕਿ ਮੈਂ ਮੈਟਰੋ ਕਿਹਾ ਹੈ ਤੇ ਮੈਟਰੋ ਹੀ ਕਰਨਾ ਹੈ । Then we came out with the BRTS System and ਜਿਹੜਾ ਅਸੀਂ ਅੰਮ੍ਰਿਤਸਰ 700 ਕਰੋੜ ਰੁਪਏ ਨਾਲ ਲਾਗੂ ਕੀਤਾ ਹੈ। By the end of this year BRTS at Amritsar will be operational and next will be Ludhiana. ਦੂਜੀ ਗੱਲ ਮੈਂ ਕਹੀ ਸੀ ਕਿ ਆਈ. ਟੀ. ਹੱਬ ਮੁਹਾਲੀ ਵਿਖੇ ਬਣਾਵਾਂਗੇ । ਨਾਰਥ ਇੰਡੀਆ ਦਾ ਹੱਬ ਤੇ ਮੈਂ ਖੁਸ਼ੀ ਨਾਲ ਕਹਿ ਸਕਦਾ ਹਾਂ ਕਿ allotments has taken place, designs are coming and ਜਿੰਨੀਆਂ ਮੈਂ ਪਿੱਛੇ ਮੀਟਿੰਗਾਂ ਕੀਤੀਆਂ ਹਨ, 3-4 ਮਹੀਨਿਆਂ ਵਿੱਚ ਕੰਸਟਰਕਸ਼ਨਜ਼ ਸ਼ੁਰੂ ਹੋ ਜਾਣੀਆਂ ਹਨ। ਜਾਖੜ ਸਾਹਿਬ, ਮੈਂ ਤੁਹਾਨੂੰ ਇੰਨਾ ਦੱਸਦਾ ਹਾਂ, within next two years, you will see that Mohali the very big IT Hub (thumping) ਮੈਂ ਇੱਥੇ ਮੈਡੀਸਿਟੀ ਅਨਾਊਂਸ ਕੀਤਾ । ਤੁਸੀਂ ਕਿਹਾ ਸੀ ਅਸੀਂ ਅੱਠ ਲੇਨ ਦੀਆਂ ਸੜਕਾਂ ਉਤੇ ਖਜੂਰਾਂ ਕਿਉਂ ਲਗਾਈਆਂ ਹਨ। ਪਹਿਲੀ ਗੱਲ ਤਾਂ ਮੈਂ ਦੱਸਦਾ ਹਾਂ ਕਿ ਉਹ ਖਜੂਰਾਂ ਪੰਜਾਬ ਸਰਕਾਰ ਨੇ ਨਹੀਂ ਲਗਾਈਆਂ, ਡਿਵੈਲਪਰਜ਼ ਨੇ ਲਗਾਈਆਂ ਹਨ ਜਿਹੜੀ ਮੈਡੀਸਿਟੀ ਹੈ...

**ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) :** ਲੋਕਾਂ ਵਿੱਚ ਚਰਚਾ ਆਈ ਹੈ ਕਿ ਉਥੇ ਲੱਗੇ ਹੋਏ ਹਨ ।

**ਉਪ ਮੁੱਖ ਮੰਤਰੀ :** ਤੁਹਾਡੇ 'ਸਪੋਕਸਮੈਨ' ਨੇ ਜ਼ਿਆਦਾ ਚਰਚਾ ਕਰਵਾਈ ਸੀ । ਦੂਜੀ ਗੱਲ, ਜਾਖੜ ਸਾਹਿਬ ਜਿਹੜਾ ਮੈਂ ਇੱਥੇ ਮੈਡੀਸਿਟੀ ਦਾ ਕਿਹਾ ਸੀ । For it, already four hospitals have been allotted and ਇੱਕ ਹੋਰ ਐਡ ਕਰ ਰਿਹਾ ਹਾਂ, we are going to have the best one and within two months the best university, everything in one complex which is one of the biggest achievement, they are also going to set-up an Education City as a result three-four big Universities have approached us and ਟੈਂਡਰ ਅਸੀਂ ਕੱਢਣ ਲੱਗੇ ਹਾਂ ਤੇ ਫਾਰਮੈਲਿਟੀ ਚੱਲ ਰਹੀ ਹੈ ।

ਜਾਖੜ ਸਾਹਿਬ, ਮੈਂ ਤੁਹਾਨੂੰ ਦੱਸਾਂ। ਜਿਹੜਾ ਨਿਊ ਚੰਡੀਗੜ੍ਹ ਹੈ, if we would not have developed, it could have been another Zirakpur. ਜਿਹੜੀ ਤੁਸੀਂ 600 ਫੁੱਟ ਰੋਡਜ਼ ਦੀ ਗੱਲ ਕਰ ਰਹੇ ਹੋ, throughout New Chandigarh, left and right everything, they are of the same size because this is a planned city for the future. ਹੁਣ ਤੁਸੀਂ ਲਿਫਾਫੇ ਬਾਜ਼ੀ ਦੀ ਗੱਲ ਕਰਦੇ ਹੋ। ਮਾਨਯੋਗ ਮੈਂਬਰ ਢਿੱਲੋਂ ਸਾਹਿਬ ਮੇਰੇ ਤਾਂ ਬੜੇ ਮਿੱਤਰ ਹਨ, ਆਏ ਨਹੀਂ ਅੱਜ? ਪਿਛਲੀ ਵਾਰ ਲਾਲ ਸਿੰਘ ਜੀ, ਯਾਦ ਹੈ? ਜਾਖੜ ਸਾਹਿਬ ਵੀ ਹੋਣੇ ਹਨ। ਜਦੋਂ ** ** **ਦੀ ਸਰਕਾਰ ਸੀ, ਇੱਕ ਲੱਖ ਕਰੋੜ ਦੇ ਐਮ.ਓ.ਯੂ. ਬਣਾਏ ਸੀ। ਮੇਰੇ ਕੋਲ ਸਾਰੇ ਐਮ.ਓ.ਯੂ. ਦੀ ਲਿਸਟ ਹੈ। ਇਹ ਇੱਕ ਲੱਖ ਕਰੋੜ ਵਾਲੇ ਦੀ ਲਿਸਟ ਹੈ। ਇੱਕ ਲੱਖ ਕਰੋੜ ਪਤਾ ਨਹੀਂ ਡੇਢ ਲੱਖ ਕਰੋੜ ਨੌਕਰੀਆਂ ਦੀ ਗੱਲ ਸੀ। ਇਸ ਵਿੱਚ ਮੈਨੂੰ ਇੱਕ ਐਡਰੈਸ ਦੇਖਿਆ ਹੋਇਆ ਲਗਦਾ ਸੀ ਕਿਉਂਕਿ ਮੈਂ ਕਈ ਵਾਰ ਇੱਥੇ ਗਿਆ ਹਾਂ। ਹਾਊਸ ਨੰ: 302, ਸੈਕਟਰ-9....

**ਸ੍ਰੀ ਸੁਨੀਲ ਜਾਖੜ (ਬੈਠੇ-ਬੈਠੇ) :** ਨੰਬਰ ਹੀ ਬੜਾ ਖਤਰਨਾਕ ਹੈ।

**ਉਪ ਮੁੱਖ ਮੰਤਰੀ :** ਹਾਂ ਜੀ, ਖਤਰਨਾਕ ਹੈ। ਮੈਂ ਲਿਸਟ ਵਿੱਚ ਦੇਖਿਆ .....(ਵਿਘਨ).... ਰਾਣਾ ਜੀ, ਮੈਂ ਇਸ ਵਿੱਚ ਦੇਖਿਆ, ਜਿਹੜਾ ਤੁਹਾਡਾ ਇੱਕ ਲੱਖ ਕਰੋੜ ਹੈ, ਉਸ ਵਿੱਚੋਂ 30-40 ਕਰੋੜ ਦੇ ਐਮ.ਓ.ਯੂ. ਢਿੱਲੋਂ ਸਾਹਿਬ ਨੇ ਸਾਈਨ ਕੀਤੇ ਸਨ।

**ਮਾਨਯੋਗ ਸਪੀਕਰ :** ** ** ** ਕੱਟ ਦੇਣਾ।

**ਉਪ ਮੁੱਖ ਮੰਤਰੀ :** ਉਸ ਵਿੱਚ ਲਿਖਿਆ ਹੈ ਕਿ 35,000 ਜੌਬਜ਼ ਕਰੀਏਟ ਕਰਾਂਗੇ। 35,000 ਬੱਚਿਆਂ ਨੂੰ ਜੌਬਜ਼ ਦੇਣਗੇ।

**ਇੱਕ ਆਵਾਜ਼ :** 301 ਹੈ।

**ਉਪ ਮੁੱਖ ਮੰਤਰੀ :** 302 ਹੈ, 301 ਨਾਲ ਵਾਲਾ ਹੈ। ਨਹੀਂ, ਦੋ ਪਲਾਟ ਇਕੱਠੇ ਲਏ ਹਨ।

**ਇੱਕ ਆਵਾਜ਼ :** ਉਹ ਤੁਹਾਡੇ ਵਾਲੇ ਹਨ।

**Mr. Speaker :** Silence please.

---

**Expunged as ordered by the Chair.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ। ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਜਾਖੜ ਸਾਹਿਬ, ਹੁਣ ਨਹੀਂ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਇੰਟਰਪਟ ਨਹੀਂ ਕਰਨਾ ਚਾਹੁੰਦਾ। ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ:

ਕੌਣ ਕਹਤਾ ਹੈ ਸੋਬਤ ਕਾ ਨਹੀਂ ਹੋਤਾ ਅਸਰ
ਇਨਸਾਨ ਤੋ ਕਿਆ ਦੀਵਾਰ ਬਦਲ ਜਾਤੇ ਹੈਂ।

ਤੁਹਾਡੇ ਨਾਲ ਰਹਿ ਕੇ ਅਸਰ ਹੋ ਗਿਆ ਹੈ। ਤੁਹਾਡੇ ਨਾਲ ਉਨ੍ਹਾਂ ਦਾ ਉੱਠਣਾ-ਬੈਠਣਾ ਬਹੁਤ ਹੈ।

**ਉਪ ਮੁੱਖ ਮੰਤਰੀ :** ਨਹੀਂ, ਕਈ ਸਾਲਾਂ ਤੋਂ ਮੇਰੇ ਨਾਲ ਘੱਟ ਹੈ। ਮੇਰੇ ਤਾਂ ਮਨ ਵਿੱਚ, ਸਹੀ ਦੱਸਾਂ, ਬਹੁਤ ਪੁਰਾਣੀ ਗੱਲ ਹੈ, when I was young during the college days. ਰਾਣਾ ਜੀ, ਬਾਜਪੁਰ ਦਾ ਯਾਦ ਹੈ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ) :** ਸਭ ਕੁਝ ਯਾਦ ਹੈ।

**ਉਪ ਮੁੱਖ ਮੰਤਰੀ :** ਜਿਹੜੀ ਤੁਸੀਂ ਗੱਲ ਕੀਤੀ ਹੈ, ਮੈਂ ਤੁਹਾਨੂੰ ਇੰਨਾ ਪੁੱਛਣਾ ਚਾਹੁੰਦਾ ਹਾਂ। ਤੁਸੀਂ ਸਾਰੇ ਬੈਠੇ ਹੋ। 2002 ਤੋਂ 2007 ਤੱਕ ਪੰਜ ਸਾਲ ਤੁਹਾਡੀ ਸਰਕਾਰ ਰਹੀ ਹੈ। ਤੁਸੀਂ ਮੈਨੂੰ ਕੋਈ ਪੰਜ ਅਚੀਵਮੈਂਟਸ ਦੱਸ ਦਿਉ। ਕੋਈ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ :** ਪਿੰਡਾਂ ਦੀਆਂ ਫਸਲਾਂ ਦੀ ਪਰਕਿਉਰਮੈਂਟ .....(ਵਿਘਨ)...

**ਉਪ ਮੁੱਖ ਮੰਤਰੀ :** ਮੈਂ ਡਿਵੈਲਪਮੈਂਟ ਦੀ ਗੱਲ ਕਰ ਰਿਹਾ ਹਾਂ, ਤੁਸੀਂ ਪਿੰਡਾਂ ਦੀਆਂ ਫਸਲਾਂ ਕਹਿ ਰਹੇ ਹੋ। ਪਰਕਿਉਰਮੈਂਟ ਕਹਿ ਰਹੇ ਹੋ ....(ਵਿਘਨ)... ਇੱਕ ਮਿੰਟ, ਮੈਨੂੰ ਪੰਜ ਡਿਵੈਲਪਮੈਂਟ ਦੇ ਕੋਈ ਪ੍ਰੋਜੈਕਟ ਜਾਂ ਪੰਜ ਚੀਜਾਂ ਜਿਹੜੀਆਂ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਤੁਸੀਂ ਕੀਤੀਆਂ ਹੋਣ, ਉਹ ਦੱਸ ਦਿਉ। ਕੋਈ ਵੀ ਪੰਜ। ਚਲੋ, ਪੰਜ ਨਹੀਂ ਦੱਸ ਸਕਦੇ ਤਾਂ ਚਾਰ ਦੱਸ ਦਿਉ। । ਚਾਰ ਨਹੀਂ ਦੱਸ ਸਕਦੇ ਤਾਂ ਤਿੰਨ ਦੱਸ ਦਿਉ। ਤਿੰਨ ਨਹੀਂ ਦੱਸ ਸਕਦੇ ਤਾਂ ਦੋ ਦੱਸ ਦਿਉ ....(ਵਿਘਨ)... ਦੋ ਨਹੀਂ ਦੱਸ ਸਕਦੇ ਤਾਂ ਇੱਕ ਦੱਸ ਦਿਉ। ਜ਼ੀਰੋ, ਜ਼ੀਰੋ .....(ਵਿਘਨ).... (ਥੰਪਿੰਗ) ....

**ਸਰਦਾਰ ਬਲਬੀਰ ਸਿੰਘ ਸਿੱਧੂ :** ਐਮ.ਐਸ.ਪੀ. .....(ਵਿਘਨ)....

**ਉਪ ਮੁੱਖ ਮੰਤਰੀ :** ਐਮ.ਐਸ.ਪੀ. ਤੁਹਾਡੀ ਅਚੀਵਮੈਂਟ ਥੋੜ੍ਹਾ ਹੈ, ਉਹ ਗੌਰਮਿੰਟ ਆਫ ਇੰਡੀਆ ਦੀ ਹੈ। ਮੈਂ ਹੈਰਾਨ ਹਾਂ। ਤੁਸੀਂ ਸਾਰੇ ਬੈਠੇ ਹੋ। ਮੈਂ ਪੰਜ ਤੋਂ ਸ਼ੁਰੂ ਹੋਇਆ ਸੀ, ਚਾਰ, ਤਿੰਨ, ਦੋ, ਇੱਕ ਤੱਕ ਗਿਣ ਦਿੱਤਾ ਹੈ.. (ਵਿਘਨ).... ਮਲਟੀਪਲੈਕਸ ਢਿੱਲੋਂ ਸਾਹਿਬ ਨੇ ਬਣਾਏ ਹਨ, ਇਹ ਲਿਸਟ ਚੈੱਕ ਕਰ ਲਵੋ ...(ਵਿਘਨ)....

**ਮਾਨਯੋਗ ਸਪੀਕਰ :** ਹਾਂ ਜੀ, ਧਰਮਸੋਤ ਜੀ .....(ਵਿਘਨ)...

**ਸਰਦਾਰ ਸਾਧੂ ਸਿੰਘ :** ** ** **

**Mr. Speaker :** No Point of order. Please sit down. Please sit down.

**ਸਰਦਾਰ ਸਾਧੂ ਸਿੰਘ :** ** ** **

**Mr. Speaker :** Please sit down. Not to be recorded.

**ਉਪ ਮੁੱਖ ਮੰਤਰੀ :** ਮਾਨਯੋਗ ਮੈਂਬਰ ਸਾਹਿਬ ਮੰਡੀ ਗੋਬਿੰਦਗੜ੍ਹ ਦੇ ਹਨ। ਤੁਸੀਂ ਹੁਣ ਜਾ ਕੇ ਪੁੱਛੋ, ਉਹ ਸਾਰੇ ਮੈਨੂੰ ਆਨਰ ਵੀ ਕਰਨ ਲੱਗੇ ਹਨ, ਜਿਹੜੀਆਂ ਮੈਂ ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਹਨ। ਸ਼ਾਇਦ ਉਨ੍ਹਾਂ ਨੇ ਤੁਹਾਨੂੰ ਨਹੀਂ ਬੁਲਾਇਆ, ਤੁਸੀਂ ਗੁੱਸੇ ਹੋਵੋਗੇ ਪਰ ਉਨ੍ਹਾਂ ਨੇ ਮੈਨੂੰ ਕਿਹਾ ਹੈ ਔਰ ਸੈਸ਼ਨ ਤੋਂ ਬਾਅਦ ਮੈਨੂੰ ਆਨਰ ਕਰਨਗੇ ਪਰ ਉਸ ਟਾਈਮ ਮੈਂ ਤੁਹਾਨੂੰ ਜਰੂਰ ਬੁਲਾਵਾਂਗਾ।

**ਸਰਦਾਰ ਸਾਧੂ ਸਿੰਘ :** ** ** **

**Mr. Speaker :** Please sit down. Not to be recorded.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ ....(ਵਿਘਨ)....

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਲਾਲ ਸਿੰਘ ਜੀ, ਹੁਣ ਆਪਣਾ ਕੋਈ ਮਸਲਾ ਹੈ ਨਹੀਂ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਜਦੋਂ ਅਸੀਂ ਬੋਲਣ ਲੱਗ ਜਾਈਏ ਤਾਂ ਇਹ ਰੌਲਾ ਪਾਉਂਦੇ ਹਨ। ਜਾਖੜ ਸਾਹਿਬ, ਮੈਂ ਜਦੋਂ ਯੂਨੀਵਰਸਿਟੀ

**Expunged/ Not recorded as by the Chair.

[ ਉਪ ਮੁੱਖ ਮੰਤਰੀ ]

ਗਿਆ ਸੀ ਤਾਂ ਮੈਨੂੰ ਇਹ ਦੱਸਣ ਵਾਸਤੇ ਡੇਢ ਘੰਟਾ ਲੱਗਿਆ ਸੀ ਕਿ ਅਸੀਂ ਕੀ ਕੀ ਚੀਜ਼ਾਂ ਕੀਤੀਆਂ ਹਨ। ਤੁਸੀਂ ਪੰਜਾਬ ਵਿੱਚ ਕਿਤੇ ਵੀ ਚਲੇ ਜਾਉ, ਕਿਸੇ ਵੀ ਫੀਲਡ ਵਿੱਚ ਡਿਵੈਲਪਮੈਂਟ ਦੇਖ ਲਉ, ਫਲਾਈ ਓਵਰ ਲੈ ਲਵੋ, ਤੁਹਾਡੇ ਨਾਲੋਂ ਅਸੀਂ ਦਸ ਗੁਣਾਂ ਜ਼ਿਆਦਾ ਬਣਾਏ ਹਨ, ਬਿਜਲੀ ਦੇ ਗਰਿਡ ਲੈ ਲਵੋ, ਮੈਂ ਤੁਹਾਨੂੰ ਐਗਜਾਂਪਲ ਦਿੰਦਾ ਹਾਂ, ਤੁਹਾਡੇ ਨਾਲੋਂ ਦਸ ਗੁਣਾਂ ਵੱਧ ਗਰਿੱਡ ਅਸੀਂ ਬਣਾਏ ਹਨ। ਪਾਵਰ ਟਰਾਂਸਮਿਸ਼ਨ ਤੁਹਾਡੇ ਨਾਲੋਂ ਦਸ ਗੁਣਾਂ ਜ਼ਿਆਦਾ ਕੀਤੀਆਂ ਹਨ। We are changing the shape of this system.

ਤੁਸੀਂ ਅਰਬਨ ਏਰੀਏ ਦੀ ਗੱਲ ਕਰਦੇ ਹੋ। ਮੈਂ ਤੁਹਾਨੂੰ ਅਰਬਨ ਏਰੀਏ ਦੀ ਗੱਲ ਦੱਸਦਾ ਹਾਂ ਕਿ ਤੁਹਾਡੀ ਸਰਕਾਰ ਵੇਲੇ ਸਾਰਾ ਵੈਟ ਆਦਿ ਪਾ ਕੇ ਜਿੰਨਾ ਤੁਸੀਂ ਪੰਜ ਸਾਲਾਂ ਵਿੱਚ ਪੈਸਾ ਦਿੱਤਾ ਹੈ, ਉਹ ਸਿਰਫ ਤੁਸੀਂ 1500 ਕਰੋੜ ਰੁਪਿਆ ਦਿੱਤਾ ਹੈ, ਇਹ ਸਾਰੇ ਸ਼ਹਿਰਾਂ ਦੇ ਲਈ ਵਾਟਰ ਸਪਲਾਈ, ਸੀਵਰੇਜ, ਰੋਡਜ਼, ਆਰ.ਓ.ਬੀ., ਸਟਰੀਟ ਲਾਈਟਸ ਆਦਿ ਵਾਸਤੇ ਕੁੱਲ 1500 ਕਰੋੜ ਰੁਪਿਆ ਦਿੱਤਾ ਸੀ ਤੇ ਸਾਡਾ ਛੇ ਹਜ਼ਾਰ ਕਰੋੜ ਰੁਪਏ ਤੋਂ ਵੀ ਉਪਰ ਟੱਪ ਗਿਆ ਹੈ। ਇੱਕ ਮੈਂ ਤੁਹਾਨੂੰ ਹੋਰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਆਪ ਨੂੰ ਗਰੀਬਾਂ ਦੀ ਪਾਰਟੀ ਕਹਿੰਦੇ ਹੋ। ਉਦੋਂ ਪੁਰਾਣਾ ਨਾਅਰਾ ਹੁੰਦਾ ਸੀ ਕਿ ਕਾਂਗਰਸ ਗਰੀਬਾਂ ਦੀ ਪਾਰਟੀ ਹੈ, ਇਹ ਹੀ ਨਾਅਰਾ ਹੁੰਦਾ ਸੀ..

**ਇੱਕ ਆਵਾਜ਼ :** ਅੱਜ ਵੀ ਹੈ।

**ਉਪ ਮੁੱਖ ਮੰਤਰੀ :** ਨਹੀਂ, ਮੈਂ ਇੰਨਾ ਪੁੱਛਣਾ ਚਾਹੁੰਦਾ ਹਾਂ, ਚਲੋ ਮੈਂ ਤੁਹਾਨੂੰ ਇੱਕ ਹੋਰ ਸੰਵਾਲ ਪੁੱਛਦਾ ਹਾਂ ਪਰ ਹੁਣ ਤੁਹਾਡੇ ਕੋਲੋਂ ਪੰਜ ਸਵਾਲ ਨਹੀਂ ਪੁੱਛਦਾ ਕਿਉਂਕਿ ਪੰਜ ਤਾਂ ਬਹੁਤ ਜ਼ਿਆਦਾ ਹਨ, ਤੁਸੀਂ ਪੰਜ ਨਹੀਂ ਦੱਸ ਸਕਦੇ । ਸਪੀਕਰ ਸਾਹਿਬ, ਇਹ ਦੋ ਸਵਾਲਾਂ ਬਾਰੇ ਹੀ ਦੱਸ ਦੇਣ । (ਵਿਘਨ) ਸਪੀਕਰ ਸਾਹਿਬ, ਦੋ ਵੈਲਫੇਅਰ ਸਕੀਮਜ਼ ਦੇ ਬਾਰੇ ਦੱਸ ਦੇਣ ਜਿਹੜੀਆਂ ਗਰੀਬਾਂ ਜਾਂ ਆਮ ਆਦਮੀ ਵਾਸਤੇ ਚਲਾਈਆਂ ਹੋਣ, ਗਰੀਬਾਂ ਵਾਸਤੇ ਜੇ ਕੋਈ ਦੋ ਫੈਸਲੇ ਜਾਂ ਕੋਈ ਵੀ ਡਿਸੀਜ਼ਨ ਲਏ ਹੋਣ ਤਾਂ ਇਹ ਮੈਨੂੰ ਉਨ੍ਹਾਂ ਦੇ ਨਾਂ ਲੈ ਦੇਣ ।

**ਇੱਕ ਅਵਾਜ਼ :** ਸਿਕਿਉਰਿਟੀ ਬਿਲ ਕਿਸ ਦਾ ਹੈ?

**ਉਪ ਮੁੱਖ ਮੰਤਰੀ :** ਮੈਂ ਪੰਜਾਬ ਸਰਕਾਰ ਦੀ ਗੱਲ ਕਰ ਰਿਹਾ ਹਾਂ। ਮੈਂ

ਸਾਲ 2002 ਤੋਂ ਲੈ ਕੇ ਸਾਲ 2007 ਤੱਕ ਜਦੋਂ ਤੁਹਾਡੀ ਸਰਕਾਰ ਇੱਥੇ ਸੀ ਤਾਂ ਤੁਸੀਂ ਮੈਨੂੰ ਦੋ ਫੈਸਲੇ ਦੱਸ ਦਿਉ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਸਿੱਧੂ ਸਾਹਿਬ, ਇਨ੍ਹਾਂ ਨੂੰ ਪੁੱਛ ਲੈਣ ਦਿਉ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੈਨਸ਼ਨ ਸੀ ਜਿਹੜੀ 250 ਰੁਪਿਆ ਥਰੂ ਸਰਪੰਚ ਮਹੀਨੇ ਦੇ ਪਹਿਲੇ ਦਿਨ ਹੀ ਮਿਲਦੀ ਸੀ ਤਾਂ ਉਹ ਕਿਸ ਨੇ ਦਿੱਤੀ ਸੀ? ਉਹ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਦੀ ਦੇਣ ਸੀ ਔਰ ਕੈਪਟਨ ਅਮਰਿੰਦਰ ਸਿੰਘ ਦੀ ਦੇਣ ਸੀ। (ਵਿਘਨ)

**ਉਪ ਮੁੱਖ ਮੰਤਰੀ :** ਮੈਂ ਇਹ ਨਹੀਂ ਸੀ ਪੁੱਛਿਆ। ਮੈਂ ਕਿਹਾ ਸੀ ਕਿ ਕੋਈ ਦੋ ਨਵੀਆਂ ਸਕੀਮਾਂ ਜੋ ਗਰੀਬਾਂ ਵਾਸਤੇ ਤੁਸੀਂ ਦਿੱਤੀਆਂ ਹੋਣ ਜਾਂ ਫੈਸਲੇ ਕੀਤੇ ਹੋਣ, ਉਹ ਦੱਸੇ ਜਾਣ। ਸਾਲ 2002 ਤੋਂ 2007 ਤੱਕ ਅਜਿਹਾ ਕੀਤਾ ਹੋਵੇ ਤਾਂ ਉਹ ਦੱਸ ਦਿਉ । (ਵਿਘਨ)

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਮੈਂ ਜਨਰਲ ਗੱਲ ਕਰਨ ਲੱਗਿਆ ਹਾਂ। (ਵਿਘਨ) ਸਾਰੇ ਪੰਜਾਬ ਵਿੱਚ ਜਾ ਕੇ ਪੁੱਛ ਲਵੋ ਕਿ ਜਿੰਨੇ ਬਿਲਡਰਜ਼ ਹਨ, ਜਿੰਨੇ ਪ੍ਰਾਪਰਟੀ ਡੀਲਰ ਹਨ, ਜਿੰਨੀਆਂ ਪ੍ਰਾਪਰਟੀਆਂ ਦੀ ਕੀਮਤ, ਜਿੰਨੀ ਖੁਸ਼ਹਾਲੀ ਸਾਡੇ ਵੇਲੇ ਆਈ, ਉਹ ਸਾਰੀ ਖਤਮ ਹੋ ਗਈ ਹੈ।

**ਉਪ ਮੁੱਖ ਮੰਤਰੀ :** ਸਰਦਾਰ ਲਾਲ ਸਿੰਘ ਜੀ, ਤੁਸੀਂ ਮੇਰਾ ਜਵਾਬ ਦੇ ਦਿੱਤਾ। ਸਪੀਕਰ ਸਾਹਿਬ, ਮੈਂ ਸਰਦਾਰ ਲਾਲ ਸਿੰਘ ਜੀ ਦਾ ਧੰਨਵਾਦੀ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਜਵਾਬ ਇੱਕ ਮਿੰਟ ਵਿੱਚ ਦੇ ਦਿੱਤਾ । ਇਨ੍ਹਾਂ ਨੇ ਇਕੱਲੇ ਪ੍ਰਾਪਰਟੀ ਡੀਲਰਾਂ ਤੇ ਪ੍ਰਾਪਰਟੀ ਦੀ ਗੱਲ ਕੀਤੀ ਹੈ ਪਰ ਮੈਂ ਗਰੀਬਾਂ ਦੀ ਗੱਲ ਪੁੱਛ ਰਿਹਾ ਹਾਂ (ਵਿਘਨ) ਮੈਂ ਗਰੀਬਾਂ ਵਾਸਤੇ ਪੁੱਛ ਰਿਹਾ ਹਾਂ। ਸਪੀਕਰ ਸਾਹਿਬ, ਹੁਣ ਇਨ੍ਹਾਂ ਦੀ ਸੋਚ..

**Mr. Speaker :** Silence please. ਸਰਦਾਰ ਲਾਲ ਸਿੰਘ ਜੀ, ਪਲੀਜ਼, ਤੁਸੀਂ ਬੈਠ ਜਾਉ। ਸਰਦਾਰ ਲਾਲ ਸਿੰਘ ਜੀ ਕਿਰਪਾ ਕਰਕੇ ਹੁਣ ਬੈਠ ਜਾਉ। (ਵਿਘਨ) Please sit down. Nothing is going to be recorded.No, No, No. Mofar Sahib No. Please sit down.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਉਹ ਅਸੀਂ ਦਿੱਤੇ ਹਨ। (ਵਿਘਨ) ਸਪੀਕਰ ਸਾਹਿਬ, ਮੈਨੂੰ ਸਰਦਾਰ ਲਾਲ ਸਿੰਘ ਜੀ ਦਾ ਦਰਦ ਪਤਾ ਹੈ ਕਿਉਂਕਿ ਜਿਹੜੀਆਂ ਪ੍ਰਾਪਰਟੀਆਂ ਸਨ, ਉਨ੍ਹਾਂ ਦੇ ਰੇਟ ਅੱਧੇ ਹੋ ਗਏ ।ਪਰ ਮੈਂ ਗਰੀਬਾਂ ਦੀ ਗੱਲ ਪੁੱਛ ਰਿਹਾ ਹਾਂ ਜਿਨ੍ਹਾਂ ਪਾਸ ਕੋਈ ਪ੍ਰਾਪਰਟੀ ਨਹੀਂ ਹੈ, ਮੈਂ ਉਨ੍ਹਾਂ ਵਾਸਤੇ ਗੱਲ ਕਰ ਰਿਹਾ ਹਾਂ ਜਿਹੜੇ ਗਰੀਬ ਹਨ। ਸਪੀਕਰ ਸਾਹਿਬ,ਜਿੰਨੇ ਵੀ ਫੈਸਲੇ ਪੰਜਾਬ ਵਿੱਚ (ਵਿਘਨ)

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ....

**ਮਾਨਯੋਗ ਸਪੀਕਰ :** ਨਹੀਂ, ਹੁਣ ਤੁਸੀਂ ਉਨ੍ਹਾਂ ਨੂੰ ਸੁਣੋ।

**ਉਪ ਮੁੱਖ ਮੰਤਰੀ :** ਐਮ.ਐਲ.ਏ. ਸਾਹਿਬ, ਮੈਂ ਖਤਮ ਹੀ ਕਰਨ ਵਾਲਾ ਹਾਂ। (ਵਿਘਨ)

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ :** ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਬੋਲੇ, ਸਰਦਾਰ ਲਾਲ ਸਿੰਘ ਜੀ ਬੋਲੇ ਤਾਂ ਕੀ ਸਾਡੇ ਵਿੱਚੋਂ ਕੋਈ ਬੋਲਿਆ? ਅਸੀਂ ਅਰਾਮ ਨਾਲ ਸੁਣੀ ਗਏ ਤੇ ਹੁਣ ਇਨ੍ਹਾਂ ਕੋਲੋਂ ਸੁਣਿਆ ਨਹੀਂ ਜਾਂਦਾ । (ਵਿਘਨ)

**Mr. Speaker :** Silence please.

**ਉਪ ਮੁੱਖ ਮੰਤਰੀ :** ਹੁਣ ਮੈਂ ਜ਼ਿਆਦਾ ਟਾਈਮ ਨਹੀਂ ਲੈਂਦਾ । ਸਪੀਕਰ ਸਾਹਿਬ, ਜਿੰਨੀਆਂ ਵੀ ਚੀਜ਼ਾਂ ਹਨ (ਵਿਘਨ) ਸਪੀਕਰ ਸਾਹਿਬ, ਜਿੰਨੀਆਂ ਵੀ ਚੀਜ਼ਾਂ ਗਰੀਬਾਂ ਵਾਸਤੇ, ਜਿੰਨੇ ਵੀ ਫੈਸਲੇ ਗਰੀਬਾਂ ਵਾਸਤੇ ਪੰਜਾਬ ਵਿੱਚ ਹੋਏ ਤਾਂ ਉਹ ਇਕੱਲੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕੀਤੇ ਹਨ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਭਾਵੇਂ ਟਿਊਬਵੈਲਾਂ ਦੇ ਬਿਲ ਮੁਆਫ ਕਰਨੇ, ਗਰੀਬਾਂ ਦੇ ਐਸ.ਸੀ.ਫੈਮਿਲੀਜ਼ ਦੇ 200 ਯੂਨਿਟ ਮੁਆਫ ਕਰਨੇ, ਪੈਨਸ਼ਨ ਸਕੀਮ ਸਭ ਤੋਂ ਪਹਿਲਾਂ ਪੰਜਾਬ ਵਿੱਚ ਲਾਗੂ ਹੋਈ (ਰੂਲਿੰਗ ਪਾਰਟੀ ਵਲੋਂ ਥੰਪਿੰਗ) ਉਦੋਂ ਵੀ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਹੀ ਸੀ। ਸ਼ਗਨ ਸਕੀਮ, ਆਟਾ ਦਾਲ ਸਕੀਮ, ਭਗਤ ਪੂਰਨ ਸਿੰਘ ਸਕੀਮ, ਮਾਈ ਭਾਗੋ ਸਕੀਮ, ਮੇਰੇ ਕੋਲ ਇਨ੍ਹਾਂ ਸਕੀਮਾਂ ਬਾਰੇ ਬਹੁਤ ਵੱਡੀ ਲਿਸਟ ਹੈ, ਇਸ ਨੂੰ ਦੱਸਣ ਵਿੱਚ ਮੈਨੂੰ ਘੰਟਾ ਲੱਗ ਜਾਵੇਗਾ ਫਿਰ ਤੁਸੀਂ ਮੈਨੂੰ ਲੱਗਦਾ ਹੈ ..

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।

**ਮਾਨਯੋਗ ਸਪੀਕਰ :** ਰਾਣਾ ਜੀ, ਪਲੀਜ਼ ਬੈਠ ਜਾਉ। ਨਹੀਂ । (ਵਿਘਨ)

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਇਹ ਜਿਹੜੀਆਂ ਸਕੀਮਾਂ ਇਨ੍ਹਾਂ ਨੇ ਪੜ੍ਹੀਆਂ ਤੇ ਸੁਣਾਈਆਂ ਹਨ ਇਹ ਇੱਧਰੋਂ ਵੀ ਸੁਣਾਈਆਂ ਜਾ ਸਕਦੀਆਂ ਹਨ..

**ਉਪ ਮੁੱਖ ਮੰਤਰੀ :** ਤੁਹਾਡੇ ਕੋਲ ਇਹ ਸਕੀਮਾਂ ਹੈ ਹੀ ਨਹੀਂ ।

**ਰਾਣਾ ਗੁਰਜੀਤ ਸਿੰਘ :** ਇੱਕ ਮਿੰਟ ਜੀ, ਮੈਨੂੰ ਬੋਲਣ ਦਿਉ, ਤੁਹਾਨੂੰ ਜਵਾਬ ਨਹੀਂ ਆਉਣਾ।

**ਉਪ ਮੁੱਖ ਮੰਤਰੀ :** ਤੁਸੀਂ ਮੇਰੇ ਭਰਾ ਹੋ। ਭਰਾ ਨੂੰ ਭਰਾ ਪੁੱਛ ਰਿਹਾ ਹੈ (ਹਾਸਾ) ਮੈਡੀਸਿਟੀ ਦੀ ਗੱਲ ਕੀਤੀ ਹੈ, ਕੀ ਇਨ੍ਹਾਂ ਨੇ ਕਿਸੇ ਸਰਕਾਰੀ ਹਸਪਤਾਲ ਦੀ ਗੱਲ ਕੀਤੀ ਹੈ? ਕੀ ਕਿਸੇ ਸਰਕਾਰੀ ਹਸਪਤਾਲ ਨੂੰ ਅਪਗ੍ਰੇਡ ਕੀਤਾ ਹੈ? ਜਿੱਥੇ ਜਾ ਕੇ ਗਰੀਬ ਆਦਮੀ ਆਪਣਾ ਇਲਾਜ ਕਰਵਾ ਸਕੇ। (ਵਿਘਨ)(ਸ਼ੋਰ) ਚੀਮਾ ਸਾਹਿਬ, ਮੈਂ ਬਹਿ ਜਾਣਾ ਹੈ। ਐਵੇਂ ਪੰਗਾ ਨਾ ਪਾਉ। ਮੈਡੀਸਿਟੀ ਬਾਰੇ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਸਪਤਾਲ ਪ੍ਰਾਈਵੇਟਾਈਜ਼ ਹੋ ਰਹੇ ਹਨ, ਇਸ ਵਾਸਤੇ ਕੋਈ ਰੈਗੂਲੇਟਰੀ ਕਮਿਸ਼ਨ ਬਿਠਾਉਣ ਦੀ ਗੱਲ ਕਰ ਰਹੇ ਹੋ? ਕੋਈ ਟ੍ਰਾਂਸਪੇਰੈਂਸੀ ਦੀ ਗੱਲ ਕਰਨਾ ਚਾਹੁੰਦੇ ਹੋ?

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**Mr. Speaker :** Rana ji, please sit down.

**ਰਾਣਾ ਗੁਰਜੀਤ ਸਿੰਘ :** ** ** **

**Mr. Speaker :** Not to be recorded. Rana ji, please sit down now.

**ਰਾਣਾ ਗੁਰਜੀਤ ਸਿੰਘ :** ** ** **

**ਮਾਨਯੋਗ ਸਪੀਕਰ :** ਮੈਂ ਕਿਹਾ, ਰਾਣਾ ਜੀ, ਨਹੀਂ। ਸੁਖਬੀਰ ਸਿੰਘ ਜੀ, ਤੁਸੀਂ ਬੋਲੋ।

**ਉਪ ਮੁੱਖ ਮੰਤਰੀ :** ਜੋ ਰਾਣਾ ਜੀ ਕਹਿੰਦੇ ਹਨ, ਇਨ੍ਹਾਂ ਤੋਂ ਜ਼ਰੂਰ ਸੁਜੈਸ਼ਨਜ਼ ਲਵਾਂਗੇ।

---

**Expunged as ordered by the Chair.

**ਰਾਣਾ ਗੁਰਜੀਤ ਸਿੰਘ :** ** ** **

**Mr. Speaker :** Not to be recorded. Please sit down, Rana ji.

**ਉਪ ਮੁੱਖ ਮੰਤਰੀ :** ਜਾਖੜ ਸਾਹਿਬ, ਅੱਜ ਮੈਂ ਬੜਾ ਇੰਪਰੈਸ ਹਾਂ। ਜਾਖੜ ਸਾਹਿਬ ਨੇ ਕਿਹਾ ਹੈ ਕਿ ਸਾਡੇ ਐਡਵਾਈਜ਼ਰ ਚੇਂਜ ਹੋਣੇ ਚਾਹੀਦੇ ਹਨ। ਮੈਂ ਤਾਂ ਚਾਹੁੰਦਾ ਹਾਂ, ਰਾਣਾ ਜੀ, ਤੁਸੀਂ ਆ ਜਾਉ। ਬਾਇ ਇਲੈਕਸ਼ਨ ਕਰਵਾ ਦਿੰਦੇ ਹਾਂ। ਅੱਜ ਮੈਂ ਦੇਖਿਆ ਹੈ ਕਿ ਐਗਰੀਕਲਚਰ ਅਤੇ ਹੋਰ ਦੂਜੇ ਟਾਪਿਕਸ ਤੇ ਬੜੇ ਵਧੀਆ ਸੁਝਾਅ ਹਨ।

**Mr. Speaker :** Only speech of Deputy Chief Minister would be recorded.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਕੱਲੀ ਡਿਵੈਲਪਮੈਂਟ ਦੀ ਗੱਲ ਨਹੀਂ, ਐਡਮਨਿਸਟ੍ਰੇਸ਼ਨ ਵਿੱਚ ਜਿੱਥੇ ਵੀ ਕਮੀਆਂ ਸਨ, ਉਸ ਵਾਸਤੇ ਅਸੀਂ ਹਿਸਟੋਰਿਕ ਸਟੈੱਪ ਲਏ ਹਨ। ਪੰਜਾਬ ਇੱਕ ਅਜਿਹੀ ਸਟੇਟ ਹੈ ਜਿਸ ਨੇ Right to Service Act ਬਣਾਇਆ। ਮੈਂ ਡਿਟੇਲ ਵਿੱਚ ਨਹੀਂ ਜਾਣਾ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ, ਜਾਖੜ ਸਾਹਿਬ, we have come up with a historic decision, ਸ਼ਾਇਦ ਤੁਹਾਨੂੰ ਪੂਰੀ ਨਾਲਿਜ ਨਾ ਹੋਵੇ, by the end of this year, all districts of Punjab will be e-districts ਜਿਹੜੇ ਅਸੀਂ ਸੇਵਾ ਕੇਂਦਰ ਖੋਲ੍ਹਣ ਲੱਗੇ ਹਾਂ, ਇਹ ਦੋ-ਜਾਂ ਤਿੰਨ ਪਿੰਡਾਂ ਪਿੱਛੇ ਇੱਕ ਸੇਵਾ ਕੇਂਦਰ ਖੋਲ੍ਹਿਆ ਜਾਵੇਗਾ। Approximately 2500-3000 ਸੇਵਾ ਕੇਂਦਰ ਪੂਰੇ ਪੰਜਾਬ ਵਿੱਚ ਖੁੱਲ੍ਹਣਗੇ। 200 services of Punjab Government will be delivered in these centres, all this will be online, not only that, all these 200 services, by the end of this year, can be available even from your house. This is the level of work we have done. And this is the only State to do that, you will be happy to note that. ਜਿੱਥੇ ਆਮ ਪਬਲਿਕ ਜਾਂਦੀ ਸੀ, ਜਿਵੇਂ ਡੀ.ਸੀ., ਬੀ.ਡੀ.ਓ. ਦਫ਼ਤਰ ਵਿੱਚ ਜਾਂਦਾ ਸੀ। ਇਕੱਲਾ ਇਹੀ ਨਹੀਂ, ਜਿਹੜੀ ਹਰਿਆਣਾ ਵਿੱਚ ਨਵੀਂ ਗੌਰਮਿੰਟ ਬਣੀ ਹੈ, ਉਨ੍ਹਾਂ ਨੇ ਇੱਥੇ ਆ ਕੇ ਸਾਡੀ ਪ੍ਰੈਜ਼ੈਂਟੇਸ਼ਨ ਦੇਖੀ। ਜਿਹੜਾ ਇਨਵੈਸਟ ਪੰਜਾਬ ਸਿਸਟਮ ਬਣਾਇਆ ਹੈ, you ask industrialists,

**Not recorded as ordered by the Chair.

this is the best decision which we have taken, Prime Minister sent a team from Government of India to look into this "Invest Punjab" system that how it works .ਸਾਰਾ ਸਿਸਟਮ ਇਸ ਤਰ੍ਹਾਂ ਹੈ ਕਿ ਸਾਰੇ ਡਿਪਾਰਟਮੈਂਟ ਇੱਕ ਹੈੱਡ ਹੇਠ ਕਰਕੇ within 37 days ਵਿੱਚ ਅਸੀਂ ਸਾਰੀ ਕਲੀਅਰੈਂਸ ਦੇ ਰਹੇ ਹਾਂ। These all are the initiatives taken by us.

ਬਾਕੀ ਸਪੋਰਟਸ ਬਾਰੇ ਗੱਲ ਕੀਤੀ ਗਈ ਹੈ। ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਇਹ ਸਾਰੇ ਤਸੱਲੀ ਨਾਲ ਬਹਿ ਗਏ ਹਨ। ਅਖੀਰ ਵਿੱਚ ਮੈਂ ਫਾਈਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਹ ਬੜਾ amazing budget ਹੈ। Thank you very much. (Thumping)

**ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਸਪੀਚ ਤੇ ਡਿਸਕਸ਼ਨ ਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ ਹੈ। ਇਹ ਮੇਰੇ ਵਾਸਤੇ ਬੜੇ ਮਾਣ ਦੀ ਗੱਲ ਹੈ ਕਿ ਮੈਨੂੰ ਚੌਥੀ ਵਾਰ ਇਸ ਮਹਾਨ ਸੂਬੇ ਦਾ ਬਜਟ ਪੇਸ਼ ਕਰਨ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ ਹਾਂ ਕਿ ਬਹੁਤ ਘੱਟ ਖੁਸ਼ਕਿਸਮਤ ਲੋਕ ਹੁੰਦੇ ਹਨ, ਜਿਨ੍ਹਾਂ ਨੂੰ ਇੰਨੀ ਵੱਡੀ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਮਿਲਦਾ ਹੈ। ਸਾਡੇ ਹਰਮਨਪਿਆਰੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਅਤੇ ਸਾਡੇ ਉਦਮੀ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਦਾ ਮੈਂ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਵਿੱਚ ਬਹੁਤ ਵੱਡਾ ਵਿਸ਼ਵਾਸ ਪ੍ਰਗਟ ਕੀਤਾ ਹੈ। ਸਪੀਕਰ ਸਾਹਿਬ, ਕਿਉਂਕਿ ਜਿਹੜਾ ਬਜਟ ਹੈ, ਉਹ ਕਿਸੇ ਵੀ ਸੂਬੇ ਜਾਂ ਦੇਸ਼ ਦੇ ਅਰਥਚਾਰੇ ਨਾਲ ਜੁੜਿਆ ਹੁੰਦਾ ਹੈ। ਉਸ ਅਰਥਚਾਰੇ ਦੇ ਜੋ ਮੌਜੂਦਾ ਹਾਲਾਤ ਹਨ, ਜੋ ਪਿਛਲੇ ਸਮੇਂ ਦਾ ਇਤਿਹਾਸ ਹੈ, ਜੋ ਭਵਿੱਖ ਵਿੱਚ ਦਿਖ ਰਿਹਾ ਹੈ, ਬਜਟ ਤੇ ਬੋਲਣ ਤੋਂ ਪਹਿਲਾਂ ਉਸ ਤੇ ਚਰਚਾ ਕਰਨੀ ਵੀ ਬੜੀ ਜ਼ਰੂਰੀ ਬਣ ਜਾਂਦੀ ਹੈ। ਪਿਛਲੇ ਤਿੰਨ ਸਾਲ ਬਾਰੇ ਮੈਂ ਕਹਿ ਸਕਦਾ ਹਾਂ ਕਿ ਸਾਡਾ ਦੇਸ਼ ਮੰਦੀ ਦੇ ਦੌਰ ਵਿੱਚੋਂ ਗੁਜ਼ਰਿਆ ਹੈ। ਇਹ ਹਰ ਬੰਦਾ ਜਾਣਦਾ ਹੈ। ਇਸ ਦਾ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੋ ਪਿਛਲੀ ਯੂ.ਪੀ.ਏ. ਦੀ ਸਰਕਾਰ ਰਹੀ ਹੈ, ਉਹ ਸਿਰਫ ਤੇ ਸਿਰਫ ਇਸ ਮੰਦੀ ਵਾਸਤੇ ਜ਼ਿੰਮੇਵਾਰ ਹੈ, ਜੋ ਉਨ੍ਹਾਂ ਦੀਆਂ

ਪਾਲਿਸੀਜ਼ ਸੀ, ਜੋ ਉਨ੍ਹਾਂ ਦੇ ਰਾਜ ਵਿੱਚ ਘਪਲੇ ਹੋਏ, ਜੋ ਵਿਦੇਸ਼ਾਂ ਵਿੱਚ ਹਿੰਦੁਸਤਾਨ ਦਾ ਮਜ਼ਾਕ ਬਣਿਆ, ਹਿੰਦੁਸਤਾਨ ਵਿੱਚ ਵਿਦੇਸ਼ੀ ਇਨਵੈਸਟਮੈਂਟ ਆਉਣੀ ਬੰਦ ਹੋ ਗਈ, ਹਿੰਦੁਸਤਾਨ ਦੇ ਫਾਰੇਨ ਕਰੰਸੀ ਰਿਜ਼ਰਵ ਡਾਊਨ ਚਲੇ ਗਏ, ਗਰੋਥ ਰੇਟ ਇੰਨੀ ਥੱਲੇ ਆ ਗਈ ਕਿ ਅਸਲ ਮਾਅਨਿਆਂ ਵਿੱਚ ਹਿੰਦੁਸਤਾਨ ਵਰਗੇ ਦੇਸ਼ ਵਿੱਚ ਇਸ ਨੂੰ ਗਰੋਥ ਰੇਟ ਨਹੀਂ ਸਗੋਂ ਰਿਸੈਸ਼ਨ ਕਿਹਾ ਜਾ ਸਕਦਾ ਹੈ। ਇਹ ਅੰਕੜੇ ਹਨ ਕਿ ਹਿੰਦੁਸਤਾਨ ਦੀ ਜੋ ਗਰੋਥ ਰੇਟ ਹੈ, ਉਹ ਕਦੇ ਔਸਤਨ 8% ਤੋਂ ਉਤੇ ਹੁੰਦੀ ਸੀ, ਉਹ ਸਾਲ 2012-13 ਵਿੱਚ 4.4% ਅਤੇ ਸਾਲ 2013-14 ਵਿੱਚ 4.74% ਫੀਸਦੀ ਰਹਿ ਗਈ। ਹੁਣ ਦੱਸੋ ਕਿ ਹਿੰਦੁਸਤਾਨ ਵਰਗੇ ਦੇਸ਼ ਵਿੱਚ ਕੀ ਇਹ ਗਰੋਥ ਹੈ? ਗਰੋਥ ਰੇਟ ਕੀ ਹੁੰਦਾ ਹੈ? ਇਹ ਦੇਸ਼ ਦੀ ਟੋਟਲ ਪ੍ਰੋਡਕਟੀਵਿਟੀ ਹੁੰਦੀ ਹੈ। ਇੱਕ ਤਾਂ ਆਪਣੇ ਦੇਸ਼ ਦੀ ਅਬਾਦੀ ਇੰਨੀ ਵਧ ਰਹੀ ਹੈ ਕਿ ਇੰਨੀ ਪ੍ਰੋਡਕਟੀਵਿਟੀ ਤਾਂ ਵੈਸੇ ਨੈਚੁਰਲ ਤੌਰ ਤੇ ਹੀ ਆ ਜਾਂਦੀ ਹੈ, ਕਿਉਂਕਿ ਕੰਜਪਸ਼ਨ ਵਧ ਰਹੀ ਹੈ। ਇਸ ਲਈ ਅਸਲ ਮਾਅਨਿਆਂ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ ਦੇਸ਼ ਰਿਸੈਸ਼ਨ ਵਿੱਚ ਚਲਾ ਗਿਆ। ਇਸ ਦਾ ਅਸਰ ਤੁਹਾਨੂੰ ਦੇਸ਼ ਵਿੱਚ ਹਰ ਫੀਲਡ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

*8.06 ਵਜੇ ਸ਼ਾਮ (*ਇਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਫਿਰ ਇੰਡਸਟਰੀਅਲ ਪ੍ਰੋਡਕਸ਼ਨ ਵੀ ਖੜੋਤ ਵਿੱਚ ਆ ਗਈ। ਇੰਡਸਟਰੀਅਲ ਪ੍ਰੋਡਕਸ਼ਨ ਦੇ ਅੰਕੜੇ ਦੇਖ ਲਵੋ, ਇਹ ਮੇਰੇ ਅੰਕੜੇ ਨਹੀਂ ਹਨ, ਇਹ ਸੈਂਟਰਲ ਸਟੈਟੇਟਿਕਸ ਆਰਗੇਨਾਈਜੇਸ਼ਨ ਜਿਹੜੀ ਕਲਕੱਤੇ ਵਿੱਚ ਹੈ, ਉਸ ਦੇ ਅੰਕੜੇ ਹਨ ਕਿ ਸਾਲ 2012-13 ਵਿੱਚ ਇੰਡਸਟਰੀਅਲ ਪ੍ਰੋਡਕਸ਼ਨ ਸਿਰਫ 1.27 ਫੀਸਦੀ ਵਧੀ ਹੈ। ਸਾਲ 2013-14 ਵਿੱਚ ਮਾਈਨਸ .76% (-.76 %) ਇੰਡਸਟਰੀਅਲ ਪ੍ਰੋਡਕਸ਼ਨ ਦੇਸ਼ ਦੀ ਘਟੀ। ਮੈਨੂੰ ਲਗਦਾ ਹੈ ਕਿ ਦੇਸ਼ ਦੇ ਇਤਿਹਾਸ ਵਿੱਚ ਕਦੇ ਨਹੀਂ ਹੋਇਆ ਹੋਣਾ ਕਿ ਇੰਡਸਟਰੀਅਲ ਪ੍ਰੋਡਕਸ਼ਨ ਕਿਸੇ ਸਾਲ ਵਿੱਚ ਦੇਸ਼ ਦੀ ਘਟੀ ਹੋਵੇ। ਇਹ ਪੰਜਾਬ ਦੀ ਗੱਲ ਕਰਦੇ ਹਨ। ਇਹ ਅੰਕੜੇ ਇਨ੍ਹਾਂ ਦੀ ਉਦੋਂ ਦੀ Central Statistics Organisation ਦੇ ਹਨ। ਜਦੋਂ ਹਿੰਦੁਸਤਾਨ ਦੀ 1.27% ਇੰਡਸਟਰੀਅਲ ਪ੍ਰੋਡਕਸ਼ਨ ਵਧੀ ਤਾਂ

ਪੰਜਾਬ ਦੀ 2.63% ਰਹੀ, ਜਦੋਂ ਦੇਸ਼ ਦੀ ਇੰਡਸਟਰੀਅਲ ਪ੍ਰੋਡਕਸ਼ਨ ਨੈਗੇਟਿਵ ਵਿੱਚ ਗਈ ਭਾਵ .76% ਸੀ ਤਾਂ ਪੰਜਾਬ ਦੀ ਇੰਡਸਟਰੀਅਲ ਪ੍ਰੋਡਕਸ਼ਨ 1.28% ਵਧੀ। ਮੈਂ ਇਹ ਨਹੀਂ ਕਹਿੰਦਾ ਕਿ ਇਹ ਬਹੁਤ ਵਧੀ ਹੈ। ਲੇਕਿਨ ਹਿੰਦੁਸਤਾਨ ਨਾਲੋਂ ਪੰਜਾਬ ਦੀ ਇੰਡਸਟਰੀਅਲ ਆਉਟਪੁੱਟ ਬੇਹਤਰ ਰਹੀ ਹੈ। ਇੰਨੇ ਮਾੜੇ ਹਾਲਾਤਾਂ ਦੇ ਬਾਵਜੂਦ, ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਬਾਵਜੂਦ ਅੱਜ ਦੇਸ਼ ਵਿੱਚ ਇਹ ਹਾਲਾਤ ਹਨ।

ਇੱਥੇ ਪ੍ਰਾਪਰਟੀ ਰੇਟ ਘੱਟਣ ਦੀ ਗੱਲ ਕੀਤੀ ਗਈ ਹੈ। ਸਰਦਾਰ ਲਾਲ ਸਿੰਘ ਜੀ ਕਹਿੰਦੇ ਹਨ ਕਿ ਪ੍ਰਾਪਰਟੀ ਦੇ ਰੇਟ ਨੀਚੇ ਚਲੇ ਗਏ। ਹੁਣ ਤੁਸੀਂ ਦੱਸੋ ਕਿ ਦਿੱਲੀ ਵਿੱਚ ਪ੍ਰਾਪਰਟੀ ਰੇਟ ਕਿਸ ਨੇ ਥੱਲੇ ਕਰ ਦਿੱਤੇ ਹਨ? ਰਾਜਸਥਾਨ ਜਾਂ ਕਿਸੇ ਵੀ ਹੋਰ ਸਟੇਟ ਵਿੱਚ ਚਲੇ ਜਾਉ; ਹਰ ਥਾਂ ਪ੍ਰਾਪਰਟੀ ਦੇ ਰੇਟ ਥੱਲੇ ਗਏ ਹਨ। ਦਰਅਸਲ ਪਿਛਲੀ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਅਸਰ ਸਾਰੇ ਹਿੰਦੁਸਤਾਨ ਤੇ ਪੈ ਰਿਹਾ ਹੈ ਅਤੇ ਉਸ ਦਾ ਪ੍ਰਭਾਵ ਪੰਜਾਬ ਤੇ ਪੈਣਾ ਵੀ ਲਾਜ਼ਮੀ ਹੈ। ਇਸ ਲਈ ਹੁਣ ਜਦੋਂ ਦੀ ਨਵੀਂ ਐਨ.ਡੀ.ਏ. ਸਰਕਾਰ ਬਣੀ ਹੈ, ਪੂਰੀ ਦੁਨੀਆਂ ਦੀ ਨਿਗਾਹ ਹਿੰਦੁਸਤਾਨ ਤੇ ਲੱਗੀ ਹੋਈ ਹੈ। ਲੋਕ ਦੇਖ ਰਹੇ ਹਨ ਕਿ ਦੁਬਾਰਾ ਵਿਸ਼ਵ ਦੇ ਲੋਕਾਂ ਦਾ ਜੋ ਵਿਸ਼ਵਾਸ ਹੈ, ਉਹ ਹਿੰਦੁਸਤਾਨ ਤੇ ਬੱਝਾ ਹੈ। ਪਿੱਛੇ ਜਿਹੇ haristine.Lagarde, ਐਮ.ਡੀ., ਆਈ.ਐਮ.ਐਫ ਹਿੰਦੁਸਤਾਨ ਵਿੱਚ ਆ ਕੇ ਗਏ। ਉਨ੍ਹਾਂ ਦੀ ਵੀ ਇੱਕ ਸਟੇਟਮੈਂਟ ਹੈ, ਉਹ ਵਿਸ਼ਵ ਦੇ ਸਭ ਤੋਂ ਵੱਡੇ ਮੌਨੀਟਰੀ ਫੰਡ ਅਦਾਰੇ ਦੀ ਲੀਡਰ ਹੈ, ਉਸ ਨੂੰ ਉਹ ਲੀਡ ਕਰਦੀ ਹੈ। ਵਿਸ਼ਵ ਦੀਆਂ ਮੌਨੀਟਰੀ ਪਾਲਿਸੀਜ਼ ਨੂੰ ਕੋਆਰਡੀਨੇਟ ਕਰਨ ਵਿੱਚ ਵਿਦੇਸ਼ਾਂ ਵਿੱਚ ਇੰਟਰਨੈਸ਼ਨਲ ਟਰੇਡ ਨੂੰ ਫੈਸਲੀਟੇਟ ਕਰਨ ਵਿੱਚ ਇਸ ਅਦਾਰੇ ਦਾ ਬਹੁਤ ਵੱਡਾ ਰੋਲ ਹੈ। ਉਨ੍ਹਾਂ ਨੇ ਕਿਹਾ ਹੈ ਕਿ India is the bright spot in the world's economy ਕਿਉਂਕਿ ਚਾਈਨਾ ਦੀ ਗਰੋਥ ਵੀ ਥੱਲੇ ਜਾ ਰਹੀ ਹੈ। ਯੂਰਪ ਵਿੱਚ ਵੀ ਰਿਸੈਸ਼ਨ ਚਲ ਰਹੀ ਹੈ, ਥੋੜ੍ਹਾ ਬਹੁਤਾ ਅਮਰੀਕਾ ਹੁਣ ਉਠਣ ਲੱਗਾ ਹੈ ਬਾਕੀ ਸਾਰੇ ਦੇਸ਼ਾਂ ਵਿੱਚ ਮੰਦੀ ਦਾ ਮਾਹੌਲ ਹੈ ਪਰ ਹਿੰਦੁਸਤਾਨ ਦੀ ਸਰਕਾਰ ਨੇ ਹੁਣ ਆ ਕੇ ਜੋ ਨੀਤੀਆਂ ਬਣਾਈਆਂ ਹਨ, ਹੁਣ ਵਿਕਾਸ ਦਰ ਦੇ ਜਿਹੜੇ ਇਸ ਸਾਲ ਦੇ ਅੰਕੜੇ ਹਨ ਉਹ 60 ਫੀਸਦੀ ਤੋਂ ਉਪਰ ਜਾਣ ਦੀ ਉਮੀਦ ਹੈ। ਹੋਲ ਸੇਲ ਪ੍ਰਾਈਜ਼ ਇੰਡੈਕਸ ਇੱਕ ਤੋਂ ਦੋ ਫੀਸਦੀ ਤੱਕ ਆ ਗਿਆ ਹੈ, ਜਿਹੜਾ ਤੁਹਾਡੇ ਰਾਜ ਵਿੱਚ 10% ਸੀ। ਫੌਰਨ ਇੰਸਟੀਚਿਊਟ ਇਨਵੈਸਟਮੈਂਟ ਤੇ ਐਫ.ਡੀ.ਆਈ. ਇਨਵੈਸਟਮੈਂਟ ਦੁੱਗਣੀ ਹੋ ਗਈ ਹੈ। ਚੇਅਰਮੈਨ ਸਾਹਿਬ, ਇਹ ਇੱਕ ਸਾਲ

[ ਵਿੱਤ ਮੰਤਰੀ ]

ਵਿੱਚ ਦੁੱਗਣੀ ਹੋ ਗਈ। ਫੌਰਨ ਕਰੰਸੀ ਰਿਜ਼ਰਵ 335 ਬਿਲੀਅਨ ਡਾਲਰ ਤੇ ਪਹੁੰਚ ਗਈ ਹੈ। ਟਰੇਡ ਡੈਫੀਸਿਟ ਰਿਕਾਰਡ low ਤੇ ਚਲਿਆ ਗਿਆ ਹੈ। ਸੋ, ਇਸ ਕਰਕੇ ਪਿਛਲੀ ਸਰਕਾਰ ਦੀਆਂ ਨੀਤੀਆਂ ਦਾ ਮਾੜਾ ਪ੍ਰਭਾਵ ਸਾਰੇ ਦੇਸ਼ ਤੇ ਪੈਣਾ ਸੁਭਾਵਿਕ ਹੈ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਦੇਸ਼ ਦਾ ਆਉਣ ਵਾਲਾ ਭਵਿੱਖ ਬੜਾ ਉਜਵਲ ਹੈ।

ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਦੀਆਂ ਸਾਰੀਆਂ ਕਮੀਆਂ ਦੇ ਬਾਵਜੂਦ ਵੀ ਅਸੀਂ ਫਿਸਕਲ ਕਨਸੌਲੀਡੇਸ਼ਨ ਦਾ ਇੱਕ ਰਸਤਾ ਚੁਣਿਆ। ਅਸੀਂ ਉਸ ਤੇ ਪੂਰਾ ਚੱਲੇ ਹਾਂ। ਅਸੀਂ ਆਪਣੀ ਪ੍ਰਫਾਰਮੈਂਸ ਇੰਪਰੂਵ ਕੀਤੀ ਹੈ। ਜਿਹੜੇ ਅਸੀਂ ਟਾਰਗੈੱਟ ਸੈੱਟ ਕੀਤੇ ਸੀ, ਉਸ ਹੱਦ ਤੱਕ ਪਹੁੰਚਣ ਲਈ ਸਾਡੇ ਵਿੱਚ ਜ਼ਰੂਰ ਕੁਝ ਕਮੀਆਂ ਰਹੀਆਂ ਹਨ, ਪਰ ਮੈਂ ਤੁਹਾਨੂੰ ਉਸ ਦਾ ਕਾਰਨ ਦੱਸਿਆ ਹੈ। ਜਿਵੇਂ ਸਾਡੇ ਡਿਪਟੀ ਸੀ.ਐਮ. ਸਾਹਿਬ ਨੇ ਫਿਸਕਲ ਡੈਫੀਸਿਟ ਬਾਰੇ ਦੱਸਿਆ ਹੈ, ਅਸੀਂ ਲਗਾਤਾਰ ਇਹ 3 % ਤੋਂ ਘੱਟ ਰੱਖਿਆ ਹੈ। ਜਦੋਂ ਸਰਦਾਰ ਲਾਲ ਸਿੰਘ ਜੀ ਵਿੱਤ ਮੰਤਰੀ ਸੀ ਤਾਂ ਉਦੋਂ ਇੱਕ ਸਾਲ ਇਹ 6% ਤੋਂ ਵੱਧ ਸੀ, ਦੂਜੇ ਸਾਲ 5% ਅਤੇ ਤੀਜੇ ਸਾਲ 4% ਤੋਂ ਵੱਧ ਸੀ। 6% ਦਾ ਮਤਲਬ ਹੈ ਕਿ ਜਿੰਨਾ ਕਰਜ਼ਾ ਅਸੀਂ ਦੋ ਸਾਲ ਵਿੱਚ ਲੈਂਦੇ ਹਾਂ, ਉਨਾ ਕਰਜ਼ਾ ਇਹ ਇੱਕ ਸਾਲ ਵਿੱਚ ਲੈ ਰਹੇ ਸੀ। ਮੈਂ ਫਿਸਕਲ ਡੈਫੀਸਿਟ ਇਨ ਪਰਸੈਂਟੇਜ ਦੀ ਗੱਲ ਕਰ ਰਿਹਾ ਹਾਂ ਕਿਉਂਕਿ ਫਿਸਕਲ ਡੈਫੀਸਿਟ ਨੂੰ ਤੁਸੀਂ ਆਈਸੋਲੇਟ ਕਰਕੇ ਨਹੀਂ ਦੇਖ ਸਕਦੇ। ਜੋ ਸੂਬੇ ਦਾ ਕੁੱਲ ਘਰੇਲੂ ਉਤਪਾਦ ਹੈ, ਇਸ ਨੂੰ ਉਸ ਨਾਲ ਜੋੜ ਕੇ ਦੇਖਣਾ ਪੈਂਦਾ ਹੈ। ਤੁਸੀਂ ਸਟੇਟਮੈਂਟ ਦਿੱਤੀ ਹੈ ਕਿ ਇਸ ਵੇਲੇ 1 ਲੱਖ 24 ਹਜ਼ਾਰ ਕਰੋੜ ਕਰਜ਼ਾ ਹੋ ਗਿਆ ਹੈ, ਜਿਹੜਾ ਸਾਡੇ ਵੇਲੇ 15 ਹਜ਼ਾਰ ਕਰੋੜ ਸੀ। ਪਰ ਜਦੋਂ ਤੁਹਾਡਾ ਕਰਜ਼ਾ 15 ਹਜ਼ਾਰ ਕਰੋੜ ਰੁਪਏ ਸੀ, ਉਦੋਂ ਤੁਹਾਡੇ ਵੇਲੇ ਸਾਲ 1997 ਵਿੱਚ ਸੂਬੇ ਦਾ ਘਰੇਲੂ ਉਤਪਾਦ ਸਿਰਫ 36 ਹਜ਼ਾਰ ਕਰੋੜ ਸੀ ਜਦੋਂ ਕਿ ਅੱਜ 3 ਲੱਖ 98 ਹਜ਼ਾਰ ਦੇ ਕਰੀਬ ਪਹੁੰਚ ਗਿਆ ਹੈ। ਡੈੱਟ ਦਾ ਵਾਧਾ 8.2 ਗੁਣਾ ਹੋਇਆ ਹੈ ਅਤੇ ਸਾਡੀ ਜੀ.ਐਸ.ਡੀ.ਪੀ. 11 ਗੁਣਾ ਵਧੀ ਹੈ। ਫਿਰ ਤੁਸੀਂ ਦੱਸੋ ਕਿ ਸੁਧਾਰ ਲਿਆਂਦਾ ਹੈ ਕਿ ਨਹੀਂ? ਸਾਡੀ ਡੈੱਟ ਟੂ ਜੀ.ਐਸ.ਡੀ.ਪੀ 31.21 ਫੀਸਦੀ ਹੈ। ਜਿਹੜਾ ਅਸੀਂ ਟਾਰਗੈੱਟ ਸੈੱਟ ਕੀਤਾ ਸੀ, ਉਸ ਦੇ ਵਿੱਚ ਇਹ ਆਉਂਦਾ ਹੈ। ਰੈਵੇਨਿਊ ਡੈਫੀਸਿਟ ਘਟਾਉਣਾ ਸਭ ਤੋਂ ਜ਼ਰੂਰੀ ਗੱਲ ਹੁੰਦੀ ਹੈ। ਅਸੀਂ ਤਿੰਨ ਸਾਲਾਂ ਵਿੱਚ ਰੈਵੀਨਿਊ ਡੈਫੀਸਿਟ

2.6 ਫੀਸਦੀ ਤੋਂ ਘਟਾ ਕੇ 1.6 ਫੀਸਦੀ ਤੱਕ ਲੈ ਕੇ ਆਏ ਹਾਂ। ਇਹ ਜਿਹੜੀ ਫਿਗਰ ਹੈ ਰੈਵੀਨਿਊ ਡੈਫੀਸਿਟ ਦੀ, ਇਹ ਬੜੀ ਜ਼ਰੂਰੀ ਹੈ, ਕਿਉਂਕਿ ਇਸ ਨਾਲ ਹੀ ਪਤਾ ਲਗਦਾ ਹੈ ਕਿ ਅਸੀਂ ਕਿੰਨਾ ਸਹੀ ਢੰਗ ਨਾਲ ਖਰਚਾ ਕਰ ਰਹੇ ਹਾਂ ਅਤੇ ਕਿੰਨਾ ਕੈਪੀਟਲ ਐਕਸਪੈਂਡੀਚਰ ਹੋ ਰਿਹਾ ਹੈ। ਸੋ, ਪਿਛਲੇ ਸਾਲ ਨਾਲੋਂ ਬਜਟਰੀ ਕੈਪੀਟਲ ਐਕਸਪੈਂਡੀਚਰ 2 ਹਜ਼ਾਰ ਕਰੋੜ ਤੋਂ ਵੱਧ ਕੇ 3600 ਕਰੋੜ ਰੁਪਿਆ ਹੋਣ ਦੀ ਉਮੀਦ ਹੈ ਅਤੇ 80 ਫੀਸਦੀ ਕੈਪੀਟਲ ਐਕਸਪੈਂਡੀਚਰ ਵਿੱਚ ਵਾਧਾ ਹੈ। ਇਹ ਬਹੁਤ ਵੱਡੀ ਚੀਜ਼ ਹੈ।

**ਸ਼੍ਰੀ ਸੁਨੀਲ ਜਾਖੜ :** ਚੇਅਰਮੈਨ ਸਾਹਿਬ, ਵਿੱਤ ਮੰਤਰੀ ਜੀ ਬੜੇ ਵਿਸਥਾਰ ਨਾਲ ਦੱਸ ਰਹੇ ਹਨ, obviously this is his field, ਮੇਰਾ ਸਿੰਪਲ ਜਿਹਾ ਸਵਾਲ ਹੈ ਇਸ ਟਾਪਿਕ ਤੇ if he could clarify : Did the Union Finance Minister stop your payment saying that Punjab government is not following the fiscal deficit and Budgetary Management norms? Did they not withhold? Did he not write you, because you are in violation of those? Did he write to you or not?

**ਵਿੱਤ ਮੰਤਰੀ :** ਚੇਅਰਮੈਨ ਸਾਹਿਬ, ਜਿਹੜੀ ਇਹ ਐਫ.ਆਰ.ਬੀ.ਐਮ. ਐਕਟ ਦੀ ਗੱਲ ਕਰ ਰਹੇ ਹਨ, ਉਸ ਦੀ ਵਜ੍ਹਾ ਨਾਲ ਸਾਡੀ ਕੋਈ ਪੇਮੈਂਟ ਨਹੀਂ ਰੋਕੀ ਗਈ । ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਸਮਾਲ ਸੇਵਿੰਗ ਵਿੱਚ ਜੋ ਸਾਨੂੰ ਇੰਟਰੈਸਟ ਤੋਂ ਰਿਲੀਫ ਸੀ, ਉਹ ਨਾ ਮਿਲਣ ਦੀ ਤੁਸੀਂ ਗੱਲ ਕਰ ਰਹੇ ਹੋ। ਉਸ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ। (ਵਿਘਨ)

**ਸ਼੍ਰੀ ਸਭਾਪਤੀ :** ਸੁਣ ਲਉ ਜੀ। He is giving the figures.

**ਵਿੱਤ ਮੰਤਰੀ :** ਮੈਨੂੰ ਗੱਲ ਕਰਨ ਦਿਉ। ਮੈਂ ਇਸ ਨੂੰ ਲੈ ਕੇ ਆਇਆ ਹਾਂ। ਉਸ ਦੇ ਵਿੱਚ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ 13ਵੇਂ ਵਿੱਤ ਕਮਿਸ਼ਨ ਨੇ ਸਾਰੀਆਂ ਸਟੇਟਾਂ ਨੂੰ ਇਹ ਰੀਲੀਫ ਦਿੱਤੀ ਸੀ ਕਿ ਤੁਸੀਂ 10%, ਸਾਢੇ 10 %, ਸਾਢੇ 9%, ਜਿੰਨੇ ਤੇ ਵੀ ਸਮਾਲ ਸੇਵਿੰਗ ਦਾ ਡੈੱਟ ਹੈ, ਉਸ ਨੂੰ ਘਟਾ ਕੇ 9% ਤੱਕ ਕਰ ਦਿਉ, ਉਸ ਦੇ ਵਿੱਚ ਸਾਨੂੰ 5 ਸਾਲਾਂ ਵਿੱਚ 703 ਕਰੋੜ ਰੁਪਏ ਦਾ

[ ਵਿੱਤ ਮੰਤਰੀ ]

ਰਿਲੀਫ ਮਿਲਦਾ ਸੀ। ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੀ ਯੂ.ਪੀ. ਏ. ਸਰਕਾਰ ਨੇ ਜੋ ਕੀਤਾ, ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾਉਂਦਾ ਹਾਂ। ਫਿਰ ਇਹ ਕਹਿੰਦੇ ਹਨ ਕਿ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ "The above relief should be given to States for interest on NSS schemes contracted till 2006-07 and outstanding till the end of the year preceding the year in which this condition is met, should be considered for the rest. ਫਿਰ ਜਿਹੜਾ ਮੇਨ ਪੁਆਇੰਟ ਇਸ ਦੇ ਵਿੱਚ ਸੀ, with the regard to compliance with the targets, ਜਿਹੜਾ ਇਨ੍ਹਾਂ ਨੇ FRBM ਐਕਟ ਬਾਰੇ ਕਿਹਾ ਹੈ ਕਿ ਕੋਈ ਪੇਮੈਂਟ ਰੋਕੀ ਗਈ ਹੈ, We have set no conditionalities with regard to compliance with the targets since we believe that the mechanism mentioned in para 9.85, ਉਹ ਮੈਕੇਨਿਜ਼ਮ ਕੀ ਹੈ ਕਿ ਇਨ੍ਹਾਂ ਨੇ ਫਿਸਕਲ ਡੈਫੀਸਿਟ ਦੀ ਲਿਮਟ ਲਗਾ ਦਿੱਤੀ ਕਿ 3 ਫੀਸਦੀ ਤੋਂ ਉੱਤੇ ਫਿਸਕਲ ਡੈਫੀਸਿਟ ਤੇ ਤੁਸੀਂ ਨਹੀਂ ਜਾ ਸਕਦੇ। For setting borrowing limits and allowing open marketing borrowings, the States can act as an effective tool. ਐਫ.ਡੀ. ਤੇ ਅਸੀਂ ਫਿਸਕਲ ਡੈਫੀਸਿਟ ਦੀ ਲਿਮਟ ਲਾ ਦਿੱਤੀ ਹੈ। ਇਹ ਆਪਣੇ ਆਪ ਵਿੱਚ effective tool ਹੈ ਪਰ ਇਸ ਦੇ ਉਲਟ ਪਹਿਲੀ ਵਾਰ ਇਤਿਹਾਸ ਵਿੱਚ ਹੋਇਆ ਹੈ, ਜਾਂ ਤਾਂ 13ਵੇਂ ਵਿੱਤ ਕਮਿਸ਼ਨ ਦੀਆਂ ਰਿਕੁਮੈਂਡੇਸ਼ਨ ਤੁਸੀਂ ਮੰਨੋ ਜਾਂ ਰਿਜੈਕਟ ਕਰੋ ਪਰ ਇਨ੍ਹਾਂ ਨੇ ਕੀ ਕੀਤਾ ਕਿ ਇਨ੍ਹਾਂ ਦੀ ਸਰਕਾਰ ਨੇ ਕੈਬਨਿਟ ਦੇ ਵਿੱਚ ਲਿਜਾ ਕੇ ਇਹ ਸ਼ਰਤ ਲਗਾ ਦਿੱਤੀ ਕਿ ਐਫ.ਆਰ.ਬੀ.ਐਮ ਐਕਟ ਦੀਆਂ ਸ਼ਰਤਾਂ ਜੋ ਕੋਈ ਪੂਰੀਆਂ ਕਰੇਗਾ, ਸਿਰਫ ਉਸ ਨੂੰ ਹੀ ਇਹ ਦਿੱਤੀ ਜਾਏਗੀ। ਇਹ ਪੰਜਾਬ ਨਾਲ ਧੱਕਾ ਨਹੀਂ ਤਾਂ ਹੋਰ ਕੀ ਹੈ? ਇਸ ਸਬੰਧ ਵਿੱਚ ਮੈਂ ਤੇ ਸੀ.ਐਮ ਸਾਹਿਬ, ਸ਼੍ਰੀ ਅਰੁਣ ਜੇਤਲੀ ਜੀ ਨੂੰ ਮਿਲੇ ਤੇ ਉਨ੍ਹਾਂ ਨੇ ਸਾਨੂੰ ਕਿਹਾ ਕਿ ਕਿਉਂਕਿ ਇਹ ਕੈਬਨਿਟ ਦਾ ਡਿਸੀਜ਼ਨ ਹੈ ਅਤੇ ਇਸ 13ਵੇਂ ਵਿੱਤ ਕਮਿਸ਼ਨ ਦਾ ਸਮਾਂ ਇੱਕ ਮਹੀਨਾ ਹੀ ਰਹਿ ਗਿਆ ਹੈ। ਇਹ ਫੈਸਲਾ ਸ਼੍ਰੀ ਅਰੁਣ ਜੇਤਲੀ ਜੀ ਦਾ ਨਹੀਂ ਹੈ, ਇਹ ਤੁਹਾਡੀ ਪਿਛਲੀ ਯੂ.ਪੀ.ਏ ਸਰਕਾਰ ਦਾ ਹੈ ਜਿਸ ਕਾਰਨ ਸਾਨੂੰ ਤਕਰੀਬਨ 400 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਾਨੂੰ ਪੈਸਾ ਦੇ ਕੇ

ਵਾਪਸ ਲੈ ਲਿਆ ਗਿਆ ਹੈ। ਸਪੀਕਰ ਸਾਹਿਬ, ਇਹ ਤੱਥ ਹੈ। (ਵਿਘਨ)

**ਸ਼੍ਰੀ ਸਭਾਪਤੀ :** ਢੀਂਡਸਾ ਸਾਹਿਬ ਨੂੰ ਸੁਣ ਲਓ।

**ਸਰਦਾਰ ਲਾਲ ਸਿੰਘ :** ਚੇਅਰਮੈਨ ਸਾਹਿਬ, ਮੈਂ ਇੱਕ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਸੀ। ਇੱਕ ਮੈਂ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਭਾਰਤ ਸਰਕਾਰ ਨੇ ਏਸ਼ੀਆ ਬੈਂਕ ਨੂੰ ਚਿੱਠੀ ਲਿਖ ਕੇ ਕਰਜ਼ਾ ਰੋਕਣ ਵਾਸਤੇ ਹਦਾਇਤ ਕੀਤੀ ਹੈ ਕਿ ਇਨ੍ਹਾਂ ਨੂੰ ਹੋਰ ਕਰਜ਼ਾ ਨਾ ਦਿੱਤਾ ਜਾਵੇ। 200 ਕਰੋੜ ਰੁਪਿਆ ਸੋਲਰ ਪੰਪ ਸੈੱਟਾਂ ਵਾਸਤੇ ਮਨਜ਼ੂਰ ਹੋ ਕੇ ਗਿਆ ਸੀ, ਕੀ ਉਹ ਭਾਰਤ ਸਰਕਾਰ ਨੇ ਚਿੱਠੀ ਲਿਖੀ ਸੀ? ਪਹਿਲਾਂ ਤਾਂ ਮੈਨੂੰ ਇਸ ਦਾ ਜੁਆਬ ਦੇ ਦੇਣ। ਦੂਸਰਾ ਸਰਦਾਰ ਸੁਖਬੀਰ ਸਿੰਘ ਜੀ, ਇਹ ਕਹਿਣਾ ਕਿ ਹਾਲਤ ਬਹੁਤ ਚੰਗੀ ਹੈ, ਕੀ ਅਸੀਂ ਘੋੜੀਆਂ ਗਾ ਸਕਦੇ ਹਾਂ ਕਿਉਂਕਿ ਪੰਜਾਬ ਵਿੱਚ 10 ਸਾਲ ਤੋਂ ਸੜਕਾਂ ਨਹੀਂ ਬਣੀਆਂ।

**ਸ਼੍ਰੀ ਸਭਾਪਤੀ :** ਲਾਲ ਸਿੰਘ ਜੀ ਸੁਣ ਲਉ। ਬੈਠੋ ਪਲੀਜ਼।

**ਵਿੱਤ ਮੰਤਰੀ :** ਚੇਅਰਮੈਨ ਸਾਹਿਬ, ਮੈਂ ਇੱਕ ਬੇਨਤੀ ਕਰਦਾ ਹਾਂ ਕਿ ਦੋ ਦਿਨ ਜੋ ਵੀ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ, ਉਹ ਮੈਂ ਲਿਖਦਾ ਰਿਹਾ ਹਾਂ, ਮੈਂ ਇਨ੍ਹਾਂ ਨੂੰ ਬਿਲਕੁਲ ਨਹੀਂ ਟੋਕਿਆ। ਇੱਕ ਵਾਰ ਵੀ ਜੇ ਟੋਕਿਆ ਹੋਵੇ ਤਾਂ ਇਹ ਦੱਸਣ, ਇਹ ਹਰ ਚੀਜ਼ ਦੇ ਵਿੱਚ ਟੋਕਦੇ ਹਨ। ਤੁਹਾਡਾ ਜੁਆਬ ਵੀ ਦੇ ਦਿੰਦਾ ਹਾਂ (ਵਿਘਨ)

**ਸ਼੍ਰੀ ਸਭਾਪਤੀ :** ਸਰਦਾਰ ਲਾਲ ਸਿੰਘ ਜੀ, ਹੁਣ ਫਾਈਨਾਂਸ ਮਨਿਸਟਰ ਸਹਿਬ ਨੂੰ ਧੀਰਜ ਨਾਲ ਸੁਣ ਲਉ।

**ਵਿੱਤ ਮੰਤਰੀ :** ਚੇਅਰਮੈਨ ਸਾਹਿਬ, ਇਹ ਪਤਾ ਨਹੀਂ ਕਿਹੜੀ ਚਿੱਠੀ ਦੀ ਗੁੱਲ ਕਰਦੇ ਹਨ। ਏ.ਡੀ.ਪੀ. ਨੇ ਹੁਣ ਪੰਜਾਬ ਸਰਕਾਰ ਨੂੰ ਲੋਨ ਦਿੱਤਾ ਹੈ, ਫਾਈਨਾਂਸ ਡਿਪਾਰਟਮੈਂਟ ਨੂੰ, ਸਾਨੂੰ ਵਰਲਡ ਬੈਂਕ ਤੋਂ ਲੋਨ ਮਿਲਿਆ ਹੈ। ਕਿਸੇ ਵੀ ਐਕਸਟਰਨਲ ਪ੍ਰੋਜੈਕਟ ਦੇ ਵਾਸਤੇ ਰੂਲ ਸੇਮ ਹੁੰਦੇ ਹਨ। ਸਾਨੂੰ ਅੱਜ ਮਿਲ ਰਿਹਾ ਹੈ, ਫਿਰ ਲਿਖਣ ਵਾਲੀ ਤਾਂ ਕੋਈ ਗੱਲ ਬਣਦੀ ਨਹੀਂ ਹੈ।

ਹੁਣੇ ਹੀ ਪਿਛਲੇ ਮਹੀਨੇ ਜਿਹੜਾ ਸਾਡਾ ਨਵਾਂ ਵਾਟਰ ਸਪਲਾਈ ਸੈਨੀਟੇਸ਼ਨ

[ ਵਿੱਤ ਮੰਤਰੀ ]

ਦਾ ਪ੍ਰਾਜੈਕਟ ਹੈ, ਵਰਲਡ ਬੈਂਕ ਤੋਂ ਪਾਸ ਹੋ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਇਹੀ ਕਹਿ ਰਿਹਾ ਸੀ ਕਿ ਫਿਸਕਲ ਕੰਸੋਲੀਡੇਸ਼ਨ ਲਈ ਜੋ ਸਾਡੇ ਸਾਰੇ ਪੈਰਾਮੀਟਰਜ਼ ਹਨ, they are on the right path. ਮੈਂ ਇਹ ਨਹੀਂ ਕਹਿੰਦਾ ਕਿ ਅਸੀਂ ਪੂਰੇ ਸੈਟੀਸਫਾਈਡ ਹਾਂ। ਸਾਨੂੰ ਹਾਲੇ ਹੋਰ ਵੀ ਕੋਸ਼ਿਸ਼ ਕਰਨ ਦੀ ਲੋੜ ਹੈ। ਪਿਛਲੇ ਸਾਲ ਕੁਝ ਲੈਪਸਜ਼ ਹੋਣ ਦਾ ਕਾਰਨ ਇਹ ਸੀ ਕਿ ਪੂਰੇ ਹਿੰਦੁਸਤਾਨ ਵਿੱਚ ਰੈਵੇਨਿਊ ਗਰੋਥ ਘਟਿਆ ਹੈ। ਅਸੀਂ ਤਕਰੀਬਨ 18 ਫੀਸਦੀ ਟਾਰਗੈਟ ਕੀਤਾ ਸੀ ਪਰ ਉਹ ਅਚੀਵ ਨਹੀਂ ਹੋ ਸਕਿਆ। ਇਸ ਤਰ੍ਹਾਂ ਜਿਹੜੀ ਇਨ੍ਹਾਂ ਨੇ ਕੇਂਦਰ ਸਰਕਾਰ ਤੋਂ ਡੈਵੋਲਿਊਸ਼ਨ ਆਫ ਟੈਕਸਿਜ਼ ਦੀ ਗੱਲ ਕੀਤੀ ਹੈ, ਅਸੀਂ ਬਜਟ 5400 ਕਰੋੜ ਕੀਤਾ ਸੀ ਪਰ ਸਾਨੂੰ ਉਮੀਦ ਹੈ ਕਿ ਸਾਨੂੰ ਸਿਰਫ 4700 ਕਰੋੜ ਆਵੇਗਾ ਕਿਉਂਕਿ ਸਾਡੀ ਸਿਰਫ ਇੱਕ ਕਿਸ਼ਤ ਰਹਿ ਗਈ ਹੈ। ਸੋ, ਉਸ ਵਿੱਚ ਵੀ 700 ਕਰੋੜ ਦੀ ਸ਼ਾਰਟਫਾਲ ਹੋਣ ਦੀ ਉਮੀਦ ਹੈ। ਦੇਸ਼ ਵਿੱਚ ਆਰਥਿਕ ਹਾਲਾਤ ਐਸੇ ਹੋਣ ਦੇ ਨਾਲ ਰੈਵੇਨਿਊ ਦੀ ਗਰੋਥ ਘਟੀ ਹੈ ਇਸ ਕਰਕੇ ਸਾਡੀ ਰੈਵੇਨਿਊ ਡੈਫੀਸਿਟ ਫਿਗਰ ਅਸੀਂ ਅਚੀਵ ਨਹੀਂ ਕਰ ਸਕੇ। ਇਸ ਦਾ ਅਸਰ ਇਹ ਹੋਇਆ ਕਿ ਅਸੀਂ ਜਿਹੜੀ ਪਲਾਨ ਪਰਫਾਰਮੈਂਸ ਚਾਹੁੰਦੇ ਸੀ ਕਿ 100 ਫੀਸਦੀ ਹੋਵੇ, ਉਹ ਘਟੇਗੀ। ਸੋ, ਸਾਨੂੰ ਉਮੀਦ ਹੈ ਕਿ ਤਕਰੀਬਨ 80 ਫੀਸਦੀ ਪਲਾਨ ਪਰਫਾਰਮੈਂਸ ਹੋਵੇਗੀ। ਇੱਕ ਸਾਡੀ ਰੈਵੇਨਿਊ ਡੈਫੀਸਿਟ ਲਿਮਿਟ ਹੈ, ਉਹ ਐਕਸੀਡ ਕਰਨ ਦੀ ਗੱਲ ਹੈ।

ਹੁਣ ਮੈਂ 2015-16 ਦੇ ਬਜਟ ਬਾਰੇ ਟਿੱਪਣੀ ਕਰਨਾ ਚਾਹੁੰਦਾ ਹਾਂ। ਤੁਸੀਂ ਵੀ ਪੜ੍ਹਿਆ ਹੋਣਾ ਹੈ। ਚੇਅਰਮੈਨ ਸਾਹਿਬ, ਟੈਕਸ ਰੈਵੇਨਿਊ ਵਿੱਚ 7-8 ਸੌ ਕਰੋੜ ਦਾ ਵਾਧਾ ਅਤੇ ਨਾਨ ਟੈਕਸ ਰੈਵੇਨਿਊ ਵਿੱਚ ਤਕਰੀਬਨ 1000 ਕਰੋੜ ਦਾ ਵਾਧਾ ਅਸੀਂ ਰੱਖਿਆ ਹੈ।

*8.22 ਵਜੇ ਸ਼ਾਮ) (* ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, 14ਵੇਂ ਵਿੱਤ ਕਮਿਸ਼ਨ ਨੇ ਸੈਂਟਰ ਟੈਕਸ ਡੈਵੋਲਿਊਸ਼ਨ ਵਿੱਚ ਵਾਧਾ ਕੀਤਾ ਹੈ, ਉਸ ਦਾ ਅਸੀਂ ਸਮਝਦੇ ਹਾਂ ਕਿ 3000 ਕਰੋੜ ਰੁਪਿਆ ਵਧੇਗਾ ਕਿਉਂਕਿ ਸਾਨੂੰ 4700 ਕਰੋੜ ਰੁਪਿਆ ਇਸ ਸਾਲ ਸਾਨੂੰ ਰਿਸੀਵ ਹੋਣ ਦੀ ਉਮੀਦ ਹੈ। ਅਗਲੇ ਸਾਲ 7900 ਕਰੋੜ ਰੁਪਏ ਤੇ ਪਹੁੰਚਣ ਦੇ ਦੋ ਕਾਰਨ ਹੈ, ਇੱਕ ਤਾਂ ਇਹ ਹੈ ਕਿ ਸਾਡਾ ਸ਼ੇਅਰ 1.389% ਤੋਂ ਵਧ ਕੇ 1.577 ਫੀਸਦੀ

ਹੋ ਗਿਆ। 700 ਕਰੋੜ ਰੁਪਏ ਦਾ ਫਾਇਦਾ ਸਾਨੂੰ ਇਸ ਫਾਰਮੂਲੇ ਨਾਲ ਹੋਵੇਗਾ। ਬਾਕੀ ਜਿਹੜਾ 32 ਤੋਂ 42 ਫੀਸਦੀ ਦਾ ਵਾਧਾ ਹੋਇਆ ਹੈ, ਉਸ ਨਾਲ ਸਾਨੂੰ 2200 ਤੋਂ 2500 ਕਰੋੜ ਰੁਪਏ ਤੱਕ ਦਾ ਫਾਇਦਾ ਹੋਣ ਦੀ ਉਮੀਦ ਹੈ।

**Shri Sunil Jakhar :** Speaker Sahib, he is contradicting himself. You are on one hand saying that you are expecting 4700 crores instead of 5000 something. In case, your share has been increased how can it be decreasing from 5000 crores which you were expecting? 700 ਕਰੋੜ ਰੁਪਏ ਦਾ ਤੁਸੀਂ ਨੁਕਸਾਨ ਦੱਸ ਰਹੇ ਹੋ। Is it from the State's share? ਆਪਣੇ ਆਪ ਨੂੰ ਹੀ ਕੰਟਰਾਡਿਕਟ ਕਰੀ ਜਾਂਦੇ ਹੋ।

**ਵਿੱਤ ਮੰਤਰੀ :** ਨਹੀਂ, ਜਾਖੜ ਸਾਹਿਬ, ਤੁਹਾਨੂੰ ਸਮਝਣ ਵਿੱਚ ਪ੍ਰਾਬਲਮ ਆ ਰਹੀ ਹੈ। ਮੈਂ ਕਹਿ ਰਿਹਾ ਹਾਂ ਕਿ ਸਾਡਾ ਸ਼ੇਅਰ 1.389 ਫੀਸਦੀ ਪਿਛਲੇ ਸਾਲ ਸੀ, ਜਿਹੜਾ ਇਸ ਸਾਲ ਚੱਲ ਰਿਹਾ ਹੈ। ਅਗਲੇ ਸਾਲ 1.77 ਫੀਸਦੀ ਹੋਣਾ ਹੈ। ਉਸ ਨਾਲ 750 ਕਰੋੜ ਸਾਨੂੰ ਐਡੀਸ਼ਨਲ ਆਵੇਗਾ ਕਿਉਂਕਿ ਸਟੇਟ ਸ਼ੇਅਰ ਦੀ ਪਰਸੈਂਟੇਜ ਵਧੀ ਹੈ। ਬਾਕੀ ਡੈਵੋਲਿਊਸ਼ਨ ਜੋ ਹੈ, ਉਹ 32 ਤੋਂ 42 ਫੀਸਦੀ ਹੋ ਗਈ, ਉਸ ਨਾਲ ਸਾਨੂੰ 2200 ਕਰੋੜ ਰੁਪਏ ਦਾ ਫਾਇਦਾ ਹੋਵੇਗਾ। ਇਹ ਮੈਂ ਤੁਹਾਨੂੰ ਮੋਟਾ-ਮੋਟਾ ਦੱਸਿਆ ਸੀ। ਡੈਵੋਲਿਊਸ਼ਨ ਵਧਣ ਦਾ ਕੀ ਫਾਇਦਾ ਹੈ, ਉਹ ਇਹ ਹੈ ਕਿ ਇੱਕ ਤਾਂ ਜਿਹੜੇ ਫੰਡਜ਼ ਹਨ, they are not linked to any scheme, they are untide and non-lapsable, ਉਹ ਸਾਨੂੰ ਆਪਣੇ ਆਪ ਆ ਜਾਣੇ ਹਨ। ਬਾਕੀ ਜਿਹੜੀਆਂ ਗੌਰਮਿੰਟ ਆਫ ਇੰਡੀਆ ਦੀਆਂ ਸਕੀਮਾਂ ਹਨ, ਉਸ ਵਿੱਚ ਕਈ ਵਾਰ ਸਾਡਾ ਪੈਸਾ ਨਾ ਪਾਉਣ ਕਰਕੇ ਅਤੇ ਕਈ ਵਾਰੀ ਗੌਰਮਿੰਟ ਆਫ ਇੰਡੀਆ ਵਿੱਚ ਦੇਰੀ ਹੋ ਜਾਂਦੀ ਹੈ ਜਿਵੇਂ ਕਿ ਮਾਰਚ ਦੇ ਅੰਤ ਵਿੱਚ 31-31 ਮਾਰਚ ਨੂੰ ਗੌਰਮਿੰਟ ਪੈਸੇ ਰਿਲੀਜ਼ ਕਰਦੀ ਹੈ, ਉਸ ਦੀ ਯੂਟੀਲਾਈਜ਼ੇਸ਼ਨ ਨਹੀਂ ਹੋ ਸਕਦੀ, ਉਸ ਕਾਰਨ ਇਹ ਪੈਸੇ ਕਈ ਵਾਰੀ ਲੈਪਸ ਹੋ ਜਾਂਦੇ ਸਨ ਪਰ ਇਹ ਪੈਸੇ ਕਿਸੇ ਵੀ ਹਾਲਤ ਵਿੱਚ ਲੈਪਸ ਨਹੀਂ ਹੋਣੇ। ਇੱਕ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 8000 ਤੋਂ ਘਟ ਕੇ 5000 ਹੋ ਗਿਆ, ਇਹ ਇਨ੍ਹਾਂ ਦੀ ਗੱਲ ਠੀਕ ਹੈ। ਤੁਸੀਂ ਵੇਖਿਆ ਹੋਣਾ ਹੈ, ਇਸ ਬਜਟ ਵਿੱਚ ਜ਼ਿਆਦਾ

[ ਵਿੱਤ ਮੰਤਰੀ ]

ਜ਼ੋਰ ਇਨਫਰਾਸਟ੍ਰਕੱਚਰ ਤੇ ਦਿੱਤਾ ਗਿਆ ਹੈ। ਇਨਫਰਾਸਟ੍ਰਕਚਰ ਦੇ ਜਿੰਨੇ ਪ੍ਰੋਜੈਕਟ ਪੰਜਾਬ ਨੂੰ ਮਿਲੇ ਹਨ, ਇਨ੍ਹਾਂ ਨਾਲ ਪੰਜਾਬ ਨੂੰ ਕਈ ਹਜ਼ਾਰ ਕਰੋੜ ਰੁਪਏ ਦਾ ਫਾਇਦਾ ਹੈ। 1500 ਤੋਂ 2000 ਕਰੋੜ ਰੁਪਏ ਤੱਕ ਤਾਂ ਲੈਂਡ ਐਕੁਜ਼ੀਸ਼ਨ ਦਾ ਹੀ ਕਿਸਾਨਾਂ ਨੂੰ ਮਿਲਿਆ ਹੈ ਜਿਹੜਾ ਨੈਸ਼ਨਲ ਹਾਈਵੇਜ਼ ਨਾਲ ਸਬੰਦਤ ਹੈ। ਤਕਰੀਬਨ 3000 ਕਰੋੜ ਰੁਪਏ ਦੇ ਕੰਮ ਪਹਿਲਾਂ ਹੀ ਅਲਾਟ ਹੋ ਚੁੱਕੇ ਹਨ। ਬਾਕੀ ਹੋਰ ਕੰਮ ਆ ਰਹੇ ਸਨ। ਗੌਰਮਿੰਟ ਆਫ ਇੰਡੀਆ ਨੇ ਸਾਰੀਆਂ ਸਕੀਮਾਂ ਵਿੱਚੋਂ ਪੈਸਾ ਡਾਈਵਰਟ ਕਰਕੇ ਇਨਫਰਾਸਟ੍ਰਕਚਰ ਉਤੇ ਲਗਾਇਆ ਹੈ। ਉਸ ਵਿੱਚ ਪੰਜਾਬ ਨੂੰ ਆਪਣੇ ਸ਼ੇਅਰ ਨਾਲੋਂ ਵੱਧ ਪੈਸਾ ਆਉਣਾ ਹੈ। ਓਵਰਆਲ ਸਾਨੂੰ ਇਸ ਦਾ ਕੋਈ ਨੁਕਸਾਨ ਨਹੀਂ ਹੈ। ਜਿਹੜਾ ਸਾਡਾ ਸ਼ੇ ਅਰ ਵਧਿਆ ਹੈ, ਉਸਦਾ ਸਾਨੂੰ ਫਾਇਦਾ ਹੀ ਹੋਣਾ ਹੈ।

ਫਿਰ ਵੀ ਅਸੀਂ ਇਹ ਜ਼ਰੂਰ ਕਹਿੰਦੇ ਹਾਂ ਕਿ ਜੋ 14ਵੇਂ ਵਿੱਤ ਕਮਿਸ਼ਨ ਨੇ, ਜੋ ਅਸੀਂ ਫਰੀ ਬਿਜਲੀ ਦੇ ਰਹੇ ਹਾਂ, ਉਸ ਬਿਜਲੀ ਦੇ ਬਿਲ ਨੂੰ ਰੈਵੇਨਿਊ ਡੈਫੀਸਿਟ ਵਾਸਤੇ ਨਹੀਂ ਗਿਣਿਆ ਗਿਆ। ਅਸੀਂ ਕਹਿੰਦੇ ਹਾਂ ਕਿ ਜਦੋਂ ਕੋਈ ਇੰਡਸਟਰੀ ਨੂੰ ਕਨਸੈਸ਼ਨ ਦਿੰਦਾ ਹੈ, ਉਸ ਨੂੰ ਤੁਸੀਂ ਰੈਵੇਨਿਊ ਡੈਫੀਸਿਟ ਵਿੱਚ ਗਿਣ ਸਕਦੇ ਹੋ। ਜੇਕਰ ਕੋਈ ਸਟੇਟ ਜਿਵੇਂ ਕਿ ਮੱਧ ਪ੍ਰਦੇਸ਼ ਬੋਨਸ ਦਿੰਦਾ ਹੈ, ਉਸ ਨੂੰ ਵੀ ਗਿਣਿਆ ਜਾਂਦਾ ਹੈ ਤਾਂ ਸਾਡੀ ਬਿਜਲੀ ਦੇ ਬਿਲ ਨੂੰ ਕਿਉਂ ਬਾਹਰ ਕੱਢ ਦਿੱਤਾ ਹੈ? ਅਸੀਂ ਕਹਿੰਦੇ ਹਾਂ ਕਿ ਸਾਨੂੰ ਇਹ ਮਿਲਣਾ ਚਾਹੀਦਾ ਹੈ। ਇਹ ਕੋਈ ਸੈਂਟਰ ਸਰਕਾਰ ਦੇ ਹੱਥ ਵਿੱਚ ਨਹੀਂ ਹੈ। We are against the formula adopted by the 14th Finance Commission. It is an independent constitutional body and they decide on their own. ਗੌਰਮਿੰਟ ਆਫ ਇੰਡੀਆ ਉਸ ਨੂੰ ਮੰਨ ਵੀ ਸਕਦੀ ਹੈ ਅਤੇ ਨਹੀਂ ਵੀ ਮੰਨ ਸਕਦੀ। ਇਹ ਤਾਂ ਇਸ ਦਾ ਰੈਵੇਨਿਊ ਪੱਖ ਦੱਸਿਆ ਹੈ ਕਿ ਇਨ੍ਹਾਂ ਤੋਂ ਸਾਨੂੰ ਰੈਵੇਨਿਊ ਆਵੇਗਾ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਕਹੋ ਕਿ ਬਜਟ can please everyone, ਉਹ ਤਾਂ ਪਾਸੀਬਲ ਨਹੀਂ ਹੈ। ਬਜਟ ਤਾਂ ਉਹ ਹੁੰਦਾ ਹੈ ਜਿਹੜਾ ਐਕਸੀਪੈਂਡੀਚਰ ਨੂੰ ਸਹੀ ਢੰਗ ਨਾਲ ਬੈਲੈਂਸ ਕਰਕੇ ਲੋਕਾਂ ਦੀਆਂ ਲੋੜਾਂ ਅਨੁਸਾਰ, ਵੱਖ ਵੱਖ ਸੈਕਟਰ ਦੀਆਂ ਲੋੜ ਅਨੁਸਾਰ ਉਸ ਨੂੰ ਵੰਡ ਸਕੇ, ਉਸ ਨੂੰ ਆਪਾਂ ਸਹੀ ਬਜਟ ਕਹਿ ਸਕਦੇ ਹਾਂ। ਆਪਾਂ ਇਕ ਡਿਪਾਰਟਮੈਂਟ

ਵਿੱਚ ਤਾਂ ਸਾਰਾ ਪੈਸਾ ਨਹੀਂ ਲਗਾ ਸਕਦੇ । ਹੁਣ 20,000 ਕਰੋੜ ਰੁਪਏ ਤਾਂ ਨੈਸ਼ਨਲ ਹਾਈਵੇਜ਼ ਤੇ ਲੱਗ ਰਿਹਾ ਹੈ। ਇਸ ਕਰਕੇ ਅਸੀਂ ਕੋਸ਼ਿਸ਼ ਕੀਤੀ ਹੈ ਕਿ ਬਜਟ ਵਿੱਚ ਸਾਰੇ ਸੈਕਟਰਜ਼ ਨੂੰ ਬੈਲੈਂਸ ਕੀਤਾ ਜਾਵੇ। ਪਿਛਲੇ ਸਾਲ ਸਾਡਾ ਐਗਰੀਕਲਚਰ ਦਾ ਪਲੈਨ 1287 ਕਰੋੜ ਰੁਪਏ ਸੀ। ਇਸ ਸਾਲ ਐਗਰੀਕਲਚਰ ਦਾ ਪਲੈਨ ਵਧਾ ਕੇ 1723 ਕਰੋੜ ਰੁਪਏ ਕੀਤਾ ਹੈ ਜਿਹੜਾ ਕਿ 33% ਵੱਧ ਹੈ। ਇਸ ਵਿੱਚ ਸਬਸਿਡੀ ਨਹੀਂ ਹੈ, ਇਹ ਸਬਸਿਡੀ ਤੋਂ ਬਿਨਾਂ ਐਗਰੀਕਲਚਰ ਦੀਆਂ ਵੱਖ ਵੱਖ ਸਕੀਮਾਂ ਵਿੱਚ 33% ਦਾ ਵਾਧਾ ਕੀਤਾ ਹੈ।

ਇੱਕ ਇਨ੍ਹਾਂ ਨੇ ਆਰ.ਕੇ.ਵੀ.ਵਾਈ. ਦੀ ਗੱਲ ਕੀਤੀ ਹੈ। ਉਹ ਅਸੀਂ ਗੌਰਮਿੰਟ ਆਫ ਇੰਡੀਆ ਨਾਲ ਟੇਕ-ਅੱਪ ਕਰ ਰਹੇ ਹਾਂ ਕਿ ਜਿਹੜੀ ਇਨ੍ਹਾਂ ਦੀ 50% ਸ਼ੇਅਰਿੰਗ ਆਈ ਹੈ। ਜੇਕਰ ਉਹ 50% ਹਿੱਸਾ ਗੌਰਮਿੰਟ ਆਫ ਇੰਡੀਆ ਤੋਂ ਨਹੀਂ ਵੀ ਆਉਂਦਾ, ਕਿਉਂਜੋ ਸਾਨੂੰ ਆਪ ਵੀ ਪਾਉਣਾ ਪੈਂਦਾ ਹੈ, ਇਸ ਕਰਕੇ ਸਟੇਟ ਗੌਰਮਿੰਟ ਵੱਲੋਂ ਇਹ ਜ਼ਰੂਰ ਪਾਵਾਂਗੇ ਅਤੇ ਆਰ.ਕੇ.ਵੀ.ਵਾਈ. ਸਕੀਮ ਨੂੰ ਚਾਲੂ ਰੱਖਾਂਗੇ।

ਸਪੀਕਰ ਸਾਹਿਬ, ਕਈ ਚੀਜ਼ਾਂ ਨਹੀਂ ਆਉਂਦੀਆਂ ਜਿਵੇਂ ਅਸੀਂ ਕਈ ਕਨਸੈਸ਼ਨਜ਼ ਦਿੱਤੀਆਂ ਸਨ, ਭਾਵੇਂ ਉਸ ਦਾ ਇਫੈਕਟ ਬਜਟ ਵਿੱਚ ਨਹੀਂ ਹੈ। ਅਸੀਂ ਬਾਸਮਤੀ ਐਕਸਪੋਰਟ ਲਈ ਜੋ ਆਰ.ਡੀ.ਐਫ.ਈ ਘੱਟ ਕੀਤੀ ਹੈ, ਉਸ ਨਾਲ 500-600 ਕਰੋੜ ਰੁਪਏ ਦਾ ਸਟੇਟ ਨੂੰ ਘਾਟਾ ਪਿਆ ਹੈ। ਅਸੀਂ ਨੈੱਟ ਫਾਇਦਾ ਬਾਸਮਤੀ ਨੂੰ ਇਸ ਕਰਕੇ ਦਿੱਤਾ ਹੈ ਤਾਂ ਕਿ ਬਾਸਮਤੀ ਦੀ ਡਾਈਵਰਸੀਫਿਕੇਸ਼ਨ ਨੂੰ ਫਾਇਦਾ ਮਿਲੇ। ਇਸੇ ਤਰ੍ਹਾਂ ਅਸੀਂ 600 ਕਰੋੜ ਰੁਪਿਆ ਜਿਵੇਂ ਸੀ.ਐਮ. ਸਾਹਿਬ ਨੇ ਕਿਹਾ ਹੈ, ਸ਼ੂਗਰਕੇਨ ਲਈ ਕੋਆਪਰੇਟਿਵ ਮਿੱਲਾਂ ਵਾਸਤੇ ਰੱਖਿਆ ਹੈ। ਜੇਕਰ ਕਿਸਾਨਾਂ ਨੂੰ ਟਾਈਮਲੀ ਪੇਮੈਂਟ ਨਹੀਂ ਹੋਵੇਗੀ ਤਾਂ ਉਸ ਨਾਲ ਡਾਈਵਰਸੀਫਿਕੇਸ਼ਨ ਹਿੱਟ ਹੋਵੇਗੀ। ਇਸ ਕਰਕੇ ਅਸੀਂ ਪੰਜਾਬ ਦੇ ਕਿਸਾਨਾਂ ਨੂੰ 600 ਕਰੋੜ ਰੁਪਏ ਸਮੇਂ ਸਿਰ ਤੇ ਵਾਜਬ ਪੇਮੈਂਟ ਕਰਨ ਵਾਸਤੇ ਰੱਖੇ ਹਨ।

ਇਹ ਇੰਡਸਟਰੀ ਦੀ ਹਮੇਸ਼ਾਂ ਗੱਲ ਕਰਦੇ ਹਨ, ਸਾਡੇ ਕਈ ਮੈਂਬਰ ਸਾਹਿਬਾਨ ਜਿਵੇਂ ਸਰਦਾਰ ਸਾਧੂ ਸਿੰਘ ਨੇ ਵੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਇੰਡਸਟਰੀ ਵਿੱਚ ਪਿਛਲੇ ਸਾਲ ਨਾਲੋਂ ਇਸ ਸਾਲ ਇਕੱਲੇ ਪਲਾਨ ਦੀ ਗੱਲ ਕਰਾਂ ਤਾਂ 16 ਕਰੋੜ ਰੁਪਏ ਤੋਂ ਵਧਾ ਕੇ 161 ਕਰੋੜ ਰੁਪਏ ਦੀ ਪਲਾਨ

[ ਵਿੱਤ ਮੰਤਰੀ ]

ਬਣਾਈ ਹੈ, ਇਸ ਵਿੱਚ ਇੰਨਾ ਵਾਧਾ ਕੀਤਾ ਹੈ ਪਰ ਇਸ ਦੇ ਵਿੱਚ ਕਈ ਚੀਜ਼ਾਂ ਐਸੀਆਂ ਹਨ, ਜਿਵੇਂ ਕਨਸੈਸ਼ਨਜ਼ ਹਨ, ਉਹ ਡਾਇਰੈਕਟ ਬੀਰਿੰਗ ਬਜਟ ਵਿੱਚ ਨਹੀਂ ਪੈਂਦੇ। ਉਹ ਬਜਟ ਵਿੱਚੋਂ ਨਹੀਂ ਜਾਂਦਾ ਕਿਉਂਕਿ ਉਨ੍ਹਾਂ ਨੂੰ ਕਨਸੈਸ਼ਨਜ਼ ਵੀ ਮਿਲਣਾ ਹੈ।

ਅਸੀਂ ਓ.ਟੀ.ਐਸ. ਸਕੀਮ, ਵੰਨ ਟਾਈਮ ਸੈਟਲਮੈਂਟ ਸਕੀਮ ਫਾਰ ਇੰਡਸਟਰੀ ਜੋ ਹੈ, ਉਹ ਲਾਗੂ ਕੀਤੀ ਹੈ । ਇਸ ਵਿੱਚ ਪੰਜਾਬ ਐਗਰੋ, ਪੀ. ਐਸ. ਆਈ. ਡੀ. ਸੀ., ਪੀ. ਐਫ.ਸੀ. ਤੋਂ ਜਿਸ ਨੇ ਕਰਜ਼ਾ ਲਿਆ ਹੈ, ਉਸ ਦਾ ਫਾਇਦਾ ਹੋਵੇਗਾ, ਅਸਰ ਹੋਵੇਗਾ । ਇਸ ਕਰਕੇ ਸਰਕਾਰ ਨੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਧਿਆਨ ਵਿੱਚ ਰੱਖ ਕੇ ਓਵਰਆਲ ਇੰਡਸਟਰੀ ਵਾਸਤੇ ਹਰ ਤਰ੍ਹਾਂ ਦਾ ਯਤਨ ਕੀਤਾ ਹੈ । ਜਿਵੇਂ ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਹੈ, ਇਹ ਗੱਲ ਕਰਦੇ ਹਨ ਕਿ ਉਥੋਂ ਦੀ ਆਇਰਨ ਇੰਡਸਟਰੀ ਵਾਸਤੇ, ਉਨ੍ਹਾਂ ਦੀਆਂ ਤਿੰਨ ਵਾਰੀ ਸਰਕਾਰ ਨੇ ਡਿਮਾਂਡਜ਼ ਮੰਨੀਆਂ । ਜੋ ਜੋ ਵੀ ਇੰਡਸਟਰੀ ਦੀ ਰਿਵਾਈਵਲ ਵਾਸਤੇ ਕਹਿੰਦੇ ਰਹੇ, ਸਰਕਾਰ ਉਹ ਫੈਸਲੇ ਕਰਦੀ ਰਹੀ, ਡਿਪਟੀ ਸੀ. ਐਮ.ਸਾਹਿਬ ਖੁਦ ਮੀਟਿੰਗਾਂ ਕਰਕੇ ਫੈਸਲੇ ਕਰਦੇ ਰਹੇ। ਫਿਰ ਦੱਸੋ, ਹੋਰ ਸਰਕਾਰ ਕੀ ਕਰ ਸਕਦੀ ਹੈ ? ਇੰਡਸਟਰੀ ਦੇ ਫਿਗਰਜ਼ ਮੈਂ ਦੱਸ ਹੀ ਦਿੱਤੇ ਹਨ ਕਿ ਇੰਡਸਟਰੀਅਲ ਗਰੋਥ ਪੰਜਾਬ ਦੀ ਕਿੰਨੀ ਹੈ ਤੇ ਹਿੰਦੁਸਤਾਨ ਦੀ ਕੀ ਰਹੀ ਹੈ । ਜਿਹੜੀ ਇੰਡਸਟਰੀ ਹੈ, ਇਹ ਸਾਡੀ ਗਰੋਥ ਵਿੱਚ ਅਹਿਮ ਹਿੱਸਾ ਪਾਉਂਦੀ ਹੈ ।

ਜੋ ਅਸੀਂ ਨਵੀਂ ਪਾਲਿਸੀ ਤੇ ਸਕੀਮ ਆਪਣੇ ਨੌਜਵਾਨਾਂ ਵਾਸਤੇ ਲੈ ਕੇ ਆ ਰਹੇ ਹਾਂ, ਐਂਟਰਪ੍ਰਨਿਓਰ ਡਿਵੈਲਪਮੈਂਟ ਸਕੀਮ, ਮੈਂ ਜਦੋਂ ਯੂਥ ਦੀ ਗੱਲ ਕਰਾਂਗਾ, ਉਸ ਵਿੱਚ ਉਸ ਦਾ ਵਰਨਣ ਕਰਾਂਗਾ । ਇਸੇ ਤਰ੍ਹਾਂ ਮੈਂ ਸਾਰੇ ਸੈਕਟਰਜ਼ ਟੱਚ ਨਹੀਂ ਕਰਨੇ । ਇਸੇ ਤਰ੍ਹਾਂ, ਸਪੀਕਰ ਸਾਹਿਬ, ਵੈਲਫੇਅਰ ਸਟੇਟ ਹੈ । ਸਾਡੀ ਐਜੂਕੇਸ਼ਨ, ਹੈਲਥ ਅਤੇ ਐਸ.ਸੀਜ਼/ਬੀ.ਸੀਜ਼ ਵੈਲਫੇਅਰ ਵਾਸਤੇ ਜ਼ੁੰਮੇਵਾਰੀ ਬਣਦੀ ਹੈ ਕਿ ਉਸ ਵਾਸਤੇ ਐਲੋਕੇਸ਼ਨ ਸਰਕਾਰ ਕਰੇ । ਅਸੀਂ ਐਜੂਕੇਸ਼ਨ ਦਾ ਟੋਟਲ ਬਜਟ 8235 ਕਰੋੜ ਤੋਂ ਵਧਾ ਕੇ 9235 ਕਰੋੜ ਰੁਪਏ ਕੀਤਾ ਹੈ ਜੋ ਕਿ 12 ਫੀਸਦੀ ਵੱਧ ਹੈ (ਥੰਪਿੰਗ) ਜਿਸ ਵਿੱਚ ਆਈ. ਸੀ. ਟੀ. ਪ੍ਰੋਜੈਕਟ ਤਹਿਤ ਸਕੂਲਾਂ ਨੂੰ ਕਵਰ ਕਰਨਾ ਤੇ ਗਰਲਜ਼ ਸਕੂਲਜ਼ ਦੀ ਨਵੀਂ ਸਕੀਮ ਸ਼ਾਮਲ ਹੈ । ਨਾਲ ਹੀ ਮੇਰੇ ਇੱਕ ਦੋ ਵਿਰੋਧੀ ਧਿਰ ਦੇ ਮਿੱਤਰਾਂ

ਨੇ ਗੱਲ ਕੀਤੀ ਹੈ ਕਿ ਗੌਰਮਿੰਟ ਏਡਿਡ ਸਕੂਲਾਂ ਬਾਰੇ ਕੀ ਕੀਤਾ ਹੈ । ਸਪੀਕਰ ਸਾਹਿਬ, ਮੈਨੂੰ ਇਹ ਦੱਸ ਕੇ ਖੁਸ਼ੀ ਹੈ ਕਿ ਸਰਕਾਰ ਨੇ ਪਿੱਛੇ ਜਿਹੇ ਫੈਸਲਾ ਕੀਤਾ ਹੈ ਕਿ ਜਿਹੜੇ ਗੌਰਮਿੰਟ ਏਡਿਡ ਸਕੂਲ ਅਤੇ ਕਾਲਜ ਹਨ, ਉਨ੍ਹਾਂ ਦੀਆਂ ਜਿਹੜੀਆਂ ਖਾਲੀ ਪੋਸਟਾਂ ਸੀ, ਮੈਨੂੰ ਲੱਗਦਾ ਹੈ ਕਿ ਦਸ ਪੰਦਰਾਂ ਸਾਲ ਤੋਂ ਬਾਅਦ ਉਹ ਅਸੀਂ ਸੈਂਕਸ਼ਨ ਕੀਤੀਆਂ ਹਨ ਤੇ ਉਹ ਤਿੰਨ ਸਾਲਾਂ ਵਿੱਚ ਸਾਰੀਆਂ ਦੀਆਂ ਸਾਰੀਆਂ ਭਰ ਦਿੱਤੀਆਂ ਜਾਣਗੀਆਂ । ਜਿਵੇਂ ਸਕੂਲਾਂ ਵਿੱਚ ਗੌਰਮਿੰਟ ਏਡਿਡ ਵਾਸਤੇ 4445 ਨਵੀਆਂ ਪੋਸਟਾਂ ਭਰਨ ਲਈ ਤਿੰਨ ਸਾਲ ਵਿੱਚ ਇਜਾਜ਼ਤ ਦਿੱਤੀ ਹੈ । ਇਸੇ ਤਰ੍ਹਾਂ ਗੌਰਮਿੰਟ ਏਡਿਡ ਕਾਲਜਾਂ ਵਿੱਚ 1925 ਲੈਕਚਰਾਰ ਭਰਨ ਦੀ ਇਜਾਜ਼ਤ ਦੇ ਚੁੱਕੇ ਹਾਂ । ਇਸ ਕਰਕੇ ਐਜੂਕੇਸ਼ਨ ਵਿੱਚ ਸਾਡੀ ਪੂਰੀ ਤਵੱਜੋ ਹੈ।

ਸਪੀਕਰ ਸਾਹਿਬ, ਹੈਲਥ ਵਾਸਤੇ 2780 ਕਰੋੜ ਤੋਂ ਵਧਾ ਕੇ 3135 ਕਰੋੜ ਰੁਪਏ ਵਾਧਾ ਕੀਤਾ ਹੈ ਜੋ ਕਿ 13% ਬਣਦਾ ਹੈ । ਮੈਨੂੰ ਇਹ ਗੱਲ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਭਾਵੇਂ ਵਿਰੋਧੀ ਧਿਰ ਮੰਨੇ ਜਾਂ ਨਾ ਮੰਨੇ, ਹੁਣ ਜਿਹੜੇ ਸਰਕਾਰੀ ਹਸਪਤਾਲ ਹਨ, ਤੁਸੀਂ ਓ. ਪੀ. ਡੀ. ਚੈੱਕ ਕਰੋ ਕਿ ਉਸ ਵਿੱਚ ਇਲਾਜ ਕਰਵਾਉਣ ਵਾਸਤੇ ਆਉਣ ਵਾਲਿਆਂ ਦਾ ਕਿੰਨੇ ਗੁਣਾਂ ਵਾਧਾ ਹੋਇਆ ਹੈ । ਅੱਜ ਦੁਬਾਰਾ ਲੋਕਾਂ ਦਾ ਸਰਕਾਰੀ ਹਸਪਤਾਲਾਂ ਵਿੱਚ ਵਿਸ਼ਵਾਸ ਬਣ ਗਿਆ ਹੈ। ਅਸੀਂ ਜੈਨਰਿਕ ਡਰੱਗਜ਼ ਹਸਪਤਾਲਾਂ ਵਿੱਚ ਪ੍ਰੋਵਾਈਡ ਕਰਵਾਈਆਂ ਹਨ । ਤੁਸੀਂ ਕਿਸੇ ਹਸਪਤਾਲ ਵਿੱਚ ਚਲੇ ਜਾਓ ਤਾਂ ਜੈਨਰਿਕ ਡਰੱਗਜ਼ ਉਥੇ ਅਵੇਲੇਬਲ ਹੋਣਗੀਆਂ । ਜਿਹੜੇ ਮਰੀਜ਼ ਹਨ, ਅਸੀਂ ਉਨ੍ਹਾਂ ਨੂੰ ਇਨਸ਼ਿਓਰ ਕੀਤਾ ਹੈ । ਸਪੈਸ਼ਲਿਸਟ ਡਾਕਟਰਾਂ ਨੂੰ ਭਰਨ ਦੀ ਗੱਲ ਹੈ । ਸਪੈਸ਼ਲਿਸਟ ਡਾਕਟਰ ਆਉਂਦੇ ਰਹਿੰਦੇ ਹਨ । ਇਹ ਗੱਲ ਕਰਦੇ ਹਨ ਕਿ ਅਸੀਂ ਸਪੈਸ਼ਲਿਸਟ ਡਾਕਟਰਜ਼ ਦੀਆਂ ਪੋਸਟਾਂ ਨਹੀਂ ਭਰੀਆਂ । ਬਾਦਲ ਸਾਹਿਬ ਨੇ ਪਹਿਲੀ ਵਾਰੀ ਫੈਸਲਾ ਕੀਤਾ ਹੈ ਕਿ ਇਸ ਨੂੰ ਪੀ. ਪੀ. ਐਸ. ਸੀ. ਦੇ ਪਰਵਿਊ ਵਿੱਚੋਂ ਕੱਢ ਕੇ ਡਾਕਟਰਾਂ ਦੀ ਭਰਤੀ ਸਬੰਧੀ ਇੱਕ ਕਮੇਟੀ ਬਣਾ ਦਿਓ ਤੇ ਵਾਕ-ਇਨ-ਇੰਟਰਵਿਊ ਲਈ ਜਾਵੇ । ਜਿਹੜਾ ਵੀ ਸਪੈਸ਼ਲਿਸਟ ਡਾਕਟਰ ਹੈ ਜੇਕਰ ਉਹ ਗੌਰਮਿੰਟ ਦੀ ਜੱਬ ਕਰਨਾ ਚਾਹੁੰਦਾ ਹੈ ਤਾਂ ਉਹ ਆ ਕੇ ਇੰਟਰਵਿਊ ਦੇਵੇ ਤੇ ਆਪਣੀ ਇੰਟਰਵਿਊ ਦੇ ਬਾਅਦ ਆਪਣਾ ਐਪੁਆਇੰਟਮੈਂਟ ਲੈਟਰ ਲੈ ਜਾਵੇ । ਹੁਣ ਅਸੀਂ ਇੰਨਾ ਕਰ ਦਿੱਤਾ ਹੈ, ਚੰਗਾ ਬੰਦਾ ਡਾਇਰੈਕਟਲੀ ਆਪਣੀ ਇੰਟਰਵਿਊ ਦੇ ਕੇ ਆਪਣਾ ਐਪੁਆਇੰਟਮੈਂਟ ਲੈਟਰ ਲੈ ਸਕਦਾ ਹੈ । ਅਸੀਂ ਭਰਤੀ ਕਰਨ

[ ਵਿੱਤ ਮੰਤਰੀ ]

ਦੀ ਕੋਸ਼ਿਸ਼ ਕਰ ਸਕਦੇ ਹਾਂ । ਸਾਡੀ ਸਰਕਾਰ ਵੱਲੋਂ ਫਾਇਨਾਂਸ਼ੀਅਲ ਕਾਰਨਾਂ ਕਰਕੇ ਕਿਸੇ ਕਿਸਮ ਦੀ ਕੋਈ ਅਜਿਹੀ ਭਾਵਨਾ ਨਹੀਂ ਹੈ । ਜਿਵੇਂ ਜਿਵੇਂ ਸਾਡੇ ਕੋਲ ਡਾਕਟਰਜ਼ ਅਵੇਲੇਬਲ ਹੁੰਦੇ ਹਨ, ਅਸੀਂ ਭਰਤੀ ਕਰ ਰਹੇ ਹਾਂ ਤੇ ਸਾਡਾ ਟੀਚਾ ਵੀ ਹੈ ਕਿ ਕੁਆਲਟੀ ਹੈਲਥ ਸਰਵਿਸਿਜ਼ ਪੰਜਾਬ ਵਿੱਚ ਅਵੇਲੇਬਲ ਹੋਣ ।

ਸਪੀਕਰ ਸਾਹਿਬ, ਸੋਸ਼ਲ ਸਿਕਿਓਰਟੀ ਦਾ ਜੋ ਬਜਟ ਹੈ, ਉਸ ਦਾ ਵੀ ਅਸੀਂ 1440 ਕਰੋੜ ਤੋਂ ਵਧਾ ਕੇ 1609 ਕਰੋੜ ਰੁਪਏ ਇਸ ਸਾਲ ਵਿੱਚ ਰੱਖਿਆ ਹੈ ਜਿਸ ਵਿੱਚ ਪੈਨਸ਼ਨ ਸਕੀਮ, ਆਂਗਨਵਾੜੀ ਸੈਂਟਰ, ਮਾਈ ਭਾਗੋ ਸਕੀਮਾਂ ਆਦਿ ਆ ਜਾਂਦੀਆਂ ਹਨ । ਜਾਖੜ ਸਾਹਿਬ ਨੇ ਗੱਲ ਕੀਤੀ ਸੀ ਕਿ ਮਾਈ ਭਾਗੋ ਸਕੀਮ ਦੇ ਜਿਹੜੇ ਪੈਸੇ ਹਨ, ਉਨ੍ਹਾਂ ਦਾ ਕੀ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਵੱਲੋਂ ਜਿਹੜਾ ਸਾਲ 2013-14 ਦੇ ਵਿੱਚ 40 ਕਰੋੜ ਰੁਪਿਆ ਰੱਖਿਆ ਸੀ, 40 ਕਰੋੜ ਰੁਪਿਆ ਅਸੀਂ ਮਾਈ ਭਾਗੋ ਸਕੀਮ ਦੇ ਵਿੱਚ ਹੁਣ ਤੱਕ ਰਿਲੀਜ਼ ਕਰ ਚੁੱਕੇ ਹਾਂ। (ਥੰਪਿੰਗ) ਇਹ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ 1072 ਕਰੋੜ ਰੁਪਏ ਤੋਂ ਵਧਾ ਕੇ 1174 ਕਰੋੜ ਰੁਪਿਆ ਕੀਤਾ ਹੈ। ਐਸ.ਸੀ., ਐਸ.ਪੀ. ਪਲਾਨ 6764 ਕਰੋੜ ਰੁਪਏ ਦਾ ਰੱਖਿਆ ਗਿਆ ਹੈ। ਸਾਲ 2009 ਅਤੇ ਸਾਲ 2010 ਦਾ ਜੋ ਵੀ ਸਾਡਾ ਬੈਕਲਾਗ ਸੀ, ਸ਼ਗਨ ਸਕੀਮਾਂ ਦਾ ਸਾਰਾ ਬੈਕਲਾਗ ਅਸੀਂ ਫਰਵਰੀ ਤੱਕ ਦਾ, ਪਿਛਲੇ ਸਾਲ ਵੀ ਕੀਤਾ ਸੀ ਅਤੇ ਹੁਣ ਵੀ ਫਰਵਰੀ ਤੱਕ ਦਾ ਸਾਰਾ ਬੈਕਲਾਗ ਅਸੀਂ ਕੱਢ ਚੁੱਕੇ ਹਾਂ। (ਥੰਪਿੰਗ)

ਇਸੇ ਤਰ੍ਹਾਂ ਪ੍ਰੀ-ਮੈਟਰਿਕ ਅਤੇ ਪੋਸਟ-ਮੈਟਰਿਕ ਸਕਾਲਰਸ਼ਿਪ ਹੈ, Pre-Matric and Post-Matric scholarship for children of scheduled castes and backward classes ਪੈਂਡਿੰਗ ਨਹੀਂ ਹੈ।

ਜੋ ਯੂਥ ਹੈ, ਉਸ ਦੇ ਵੱਲ ਵੀ ਵਿਸ਼ੇਸ਼ ਤਵੱਜੋ ਦਿੱਤੀ ਹੈ ਕਿਉਂਕਿ ਯੂਥ ਦੇ ਕੁਝ ਮਸਲੇ ਹਨ। ਇੱਕ ਤਾਂ ਹੈ ਡਰੱਗ ਡੀ-ਅਡਿਕਸ਼ਨ, ਉਸ ਦੇ ਵਾਸਤੇ ਇਨਫ੍ਰਾਸਟਰਕਚਰ ਤਿਆਰ ਕੀਤਾ ਹੈ। ਬਾਦਲ ਸਾਹਿਬ ਅਤੇ ਡਿਪਟੀ ਸੀ.ਐਮ. ਸਾਹਿਬ ਨੇ ਇਸ ਵਿਸ਼ੇਸ਼ ਮੁੱਦੇ ਤੇ ਆਪਣਾ ਧਿਆਨ ਕੇਂਦਰਤ ਕਰਕੇ ਸਟੈਪ ਚੁੱਕੇ ਹਨ, ਉਨ੍ਹਾਂ ਦੇ ਨਤੀਜੇ ਜੇ ਆਪਾਂ ਕਹੀਏ ਰਾਤੋ-ਰਾਤ ਆ ਜਾਣ, ਇਹ

ਤਾਂ ਪਾਸੀਬਲ ਨਹੀਂ ਹੁੰਦਾ। ਉਸ ਦੇ ਨਤੀਜੇ ਆਉਣ ਵਾਲੇ ਸਮੇਂ ਦੇ ਵਿੱਚ ਜ਼ਰੂਰ ਤੁਹਾਨੂੰ ਦੇਖਣ ਨੂੰ ਮਿਲਣਗੇ। ਇਕੱਤੀ, 10 ਬੈਡਿਡ ਡੀ-ਅਡਿਕਸ਼ਨ ਸੈਂਟਰ, ਅਸੀਂ ਡਿਸਟ੍ਰਿਕਟ ਹਸਪਤਾਲਾਂ ਵਿੱਚ ਬਣਾਏ ਹਨ। ਪੰਜਾਬ ਵਿੱਚ ਪੰਜ, 50 ਬੈਡਿਡ ਵੱਡੇ ਡੀ-ਅਡਿਕਸ਼ਨ ਸੈਂਟਰ ਬਣਾਏ ਹਨ। ਡਰੱਗ ਰੀਹੈਬਲੀਟੇਸ਼ਨ ਸੈਂਟਰਜ਼ ਇਸ ਕਾਰਨ ਬਣਾਏ ਜਾ ਰਹੇ ਹਨ ਤਾਂ ਕਿ ਜਦ ਕੋਈ ਡਰੱਗ ਅਡਿਕਸ਼ਨ ਪ੍ਰਾਬਲਮ ਤੋਂ ਬਾਹਰ ਆਉਂਦਾ ਹੈ, ਉਸ ਦੀ ਪਰਾਪਰ ਰੀਹੈਬਲੀਟੇਸ਼ਨ ਹੋ ਸਕੇ। ਭਾਵੇਂ ਇਸ ਕੰਮ ਵਾਸਤੇ ਚਾਹੇ ਡਾਕਟਰਜ਼ ਹਨ, ਚਾਹੇ ਸਾਈਕੈਟਰਿਸਟ ਹਨ, ਉਨ੍ਹਾਂ ਦੀ ਅਵੇਲੇਬਿਲਟੀ ਬੜੀ ਔਖੀ ਹੈ ਪਰ ਫਿਰ ਵੀ ਅਸੀਂ ਭਰਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਡਰੱਗ ਡੀ-ਅਡਿਕਸ਼ਨ ਵਾਸਤੇ ਜੋ ਵੀ ਹੈ, ਉਸ ਲਈ ਅਸੀਂ ਜਲਦੀ ਤੋਂ ਜਲਦੀ ਕਦਮ ਚੁੱਕ ਸਕੀਏ। 100 ਕਰੋੜ ਰੁਪਿਆ ਅਸੀਂ ਇਸ ਵਾਸਤੇ ਰੱਖਿਆ ਹੈ। ਸਪੀਕਰ ਸਾਹਿਬ, ਇਸੇ ਤਰ੍ਹਾਂ ਸਕਿੱਲ ਡਿਵੈਲਪਮੈਂਟ ਹੈ। ਨੌਜਵਾਨਾਂ ਨੂੰ ਕਿੱਤਾ ਮੁਖੀ ਸਕਿੱਲਜ਼ ਪ੍ਰੋਵਾਈਡ ਕਰਨੀਆਂ ਹਨ। ਇਹ ਮਿਸ਼ਨ ਸੀ.ਐਮ. ਸਾਹਿਬ ਦੀ ਚੇਅਰਮੈਨਸ਼ਿਪ ਥੱਲੇ ਲੈ ਕੇ ਸਰਕਾਰ ਚੱਲੀ ਹੈ, ਉਸ ਵਿੱਚ 22 ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਸਾਰੇ ਡਿਸਟ੍ਰਿਕਟਸ ਦੇ ਵਿੱਚ ਸੈਟ ਅੱਪ ਕੀਤੇ ਜਾ ਰਹੇ ਹਨ। ਤਿੰਨ ਸਕਿੱਲ ਡਿਵੈਲਪਮੈਂਟ ਸੈਂਟਰ ਹੈਲਥ ਸੈਕਟਰ ਦੇ ਤਿੰਨੇ ਮੈਡੀਕਲ ਕਾਲਜਿਜ਼ ਦੇ ਵਿੱਚ, ਤਿੰਨ ਸਪੈਸ਼ਲ ਸਕਿੱਲ ਡਿਵੈਲਪਮੈਂਟ ਸੈਂਟਰ ਕੰਸਟ੍ਰਕਸ਼ਨ ਸੈਕਟਰ ਦੇ ਵਿੱਚ, ਇੱਕ ਪੀ.ਪੀ.ਪੀ. ਮੋਡ ਤੇ ਵੱਡੀਆਂ ਕੰਸਟ੍ਰਕਸ਼ਨ ਕੰਪਨੀਆਂ ਨਾਲ ਰਲ ਕੇ ਕਰ ਰਹੇ ਹਾਂ, ਇਹ ਇੱਕ ਨਵਾਂ ਉਪਰਾਲਾ ਹੈ। ਜਦੋਂ ਸਕੂਲ ਟਾਈਮਜ਼ ਓਵਰ ਹੋ ਜਾਂਦੇ ਹਨ, ਪਿੰਡਾਂ ਦੇ 2000 ਸਕੂਲਾਂ ਦੇ ਵਿੱਚ ਕੁੜੀਆਂ ਦੇ ਲਈ ਈਵਨਿੰਗ ਸਕੂਲ ਸਕਿੱਲ ਟਰੇਨਿੰਗ ਸੈਂਟਰ ਇਨ੍ਹਾਂ ਬਿਲਡਿੰਗਾਂ ਨੂੰ ਯੂਟੇਲਾਈਜ਼ ਕਰਕੇ ਸਥਾਪਿਤ ਕਰਨੇ ਹਨ ਅਤੇ ਉਨ੍ਹਾਂ ਬੱਚੀਆਂ ਨੂੰ ਉਥੇ ਸੈਲਫ ਇੰਪਲਾਇਮੈਂਟ ਸਕਿੱਲਜ਼ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ 500 ਨੌਜਵਾਨਾਂ ਨੂੰ ਵੀ ਇਹ ਸੈਲਫ ਇੰਪਲਾਇਮੈਂਟ ਸਕਿੱਲਜ਼ ਦੇਣੀਆਂ ਹਨ। ਇਹ ਪਹਿਲੀ ਵਾਰ ਹੈ ਕਿ ਸਕਿੱਲ ਮੈਚ ਸਟੱਡੀ ਗੌਰਮਿੰਟ ਨੇ ਕਰਵਾਈ ਹੈ ਕਿ ਜਿਹੜੀਆਂ ਵੀ ਕੋਈ ਸਕਿੱਲ ਮਿਸ ਮੈਚਡ ਹਨ, ਇੰਡਸਟਰੀ ਵਿੱਚ ਡਿਮਾਂਡ ਕਿਸੇ ਹੋਰ ਸਕਿੱਲ ਦੀ ਹੈ, ਅਸੀਂ ਕੋਈ ਹੋਰ ਕੋਰਸ ਚਲਾਈ ਜਾਂਦੇ ਹਾਂ, ਉਨ੍ਹਾਂ ਦੀ ਜਗ੍ਹਾ ਨੀਡ ਬੇਸਡ ਸਾਰੇ ਕੋਰਸ ਆਈ.ਟੀ.ਆਈਜ਼ ਦੇ ਵਿੱਚ, ਪਾਲੀਟੈਕਨਿਕ ਦੇ ਵਿੱਚ ਜਾਂ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਵਿੱਚ ਪ੍ਰੋਵਾਈਡ ਕੀਤੇ ਜਾਣਗੇ। ਸਕਿੱਲ ਪ੍ਰੋਵਾਈਡ

[ ਵਿੱਤ ਮੰਤਰੀ ]

ਕਰਨ ਤੋਂ ਬਾਅਦ ਉਨ੍ਹਾਂ ਨੂੰ ਜੌਬ ਔਪਰਚੂਨਿਟੀ ਲਈ ਪ੍ਰਾਈਵੇਟ ਸੈਕਟਰ ਦੇ ਵਿੱਚ ਪੀ.ਪੀ.ਪੀ. ਮੋਡ ਰਾਹੀਂ ਅਸੀਂ ਕੀਤਾ ਹੈ ਤਾਂ ਕਿ ਕੁਝ ਕੰਪਨੀਆਂ ਆਪਣੇ ਵਿੱਚ ਆਬਜ਼ਾਰਵ ਕਰਨਗੀਆਂ, ਕੁਝ ਗੌਰਮਿੰਟ ਸੈਕਟਰ ਦੇ ਵਿੱਚ ਆਬਜ਼ਾਰਵ ਹੋਣਗੇ। ਬਾਕੀ ਉਨ੍ਹਾਂ ਨੂੰ ਸੈਲਫ ਇੰਪਲਾਇਮੈਂਟ ਦੇਣ ਲਈ ਅਸੀਂ ਇਸ ਵਾਰ 100 ਕਰੋੜ ਰੁਪਏ ਦਾ ਬਜਟ ਇੰਟਰਪ੍ਰਨਿਓਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਲਈ ਰੱਖਿਆ ਹੈ। ਕੀ ਹੁੰਦਾ ਹੈ ਕਿ ਆਮ ਤੌਰ ਤੇ ਜਿਹੜੇ ਬੱਚੇ ਹਨ, ਜਦੋਂ ਉਹ ਆਪਣਾ ਕੋਈ ਛੋਟਾ ਕਿੱਤਾ ਸ਼ੁਰੂ ਕਰਦੇ ਹਨ ਤਾਂ ਲੋਨ ਲੈ ਕੇ ਕਰਦੇ ਹਨ। ਉਸ ਲੋਨ ਦਾ ਜਿਹੜਾ ਵਿਆਜ ਹੈ, ਚਾਹੇ ਵੱਡਾ ਬਿਜ਼ਨਿਸਮੈਨ ਹੈ, ਚਾਹੇ ਛੋਟਾ ਵਪਾਰੀ ਹੈ, ਉਹ ਲੋਨ ਉਸ ਨੂੰ ਮਾਰਦਾ ਹੈ। ਇਹ ਸਕੀਮ ਹੈ, ਤਿੰਨ ਪਰਸੈਂਟ ਇੰਟਰੈਸਟ ਸਬਵੈਂਸ਼ਨ ਆਨ ਟਰਮ ਲੋਨ ਪੰਜ ਸਾਲ ਵਾਸਤੇ ਉਸ ਨੂੰ ਦਿੱਤਾ ਜਾਵੇਗਾ। ਅਸੀਂ ਇਹ ਸਕੀਮ ਮਾਈਕਰੋ ਤੇ ਸਮਾਲ ਇੰਡਸਟਰੀ ਵਾਸਤੇ ਲਿਆਂਦੀ ਹੈ ਤਾਂ ਕਿ ਜਿਹੜੇ ਨੌਜਵਾਨ ਹਨ, ਜਿਨ੍ਹਾਂ ਕੋਲ ਸਕਿੱਲਜ਼ ਹਨ, ਸੈਲਫ ਇੰਪਲਾਇਮੈਂਟ ਦੇ ਵਿੱਚ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕੀਤਾ ਜਾ ਸਕੇ। ਇਹ ਇੰਟਰਪ੍ਰਨਿਓਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਦਾ ਹੀ ਇੱਕ ਲਿੰਕੇਜ ਹੈ। ਸਕਿੱਲ ਡਿਵੈਲਪਮੈਂਟ ਦੀ ਲਿੰਕੇਜ ਨਾਲ ਬਣਾ ਕੇ ਹੀ ਅਸੀਂ ਲਿਆਂਦਾ ਹੈ।

ਸਪੀਕਰ ਸਾਹਿਬ, ਸਪੋਰਟਸ ਵਾਸਤੇ 27 ਕਰੋੜ ਰੁਪਿਆ ਤਾਂ ਬਜਟ ਦਾ ਪਲਾਨ ਹੈ ਤੇ ਬਾਕੀ 87 ਕਰੋੜ ਰੁਪਿਆ ਡੈਡੀਕੇਟਿਡ ਸਪੋਰਟਸ ਫੰਡ ਵਾਸਤੇ ਹੈ। ਡਿਪਟੀ ਸੀ.ਐਮ. ਸਾਹਿਬ ਦੀ ਇੱਕ ਸੋਚ ਹੈ ਕਿ ਇਸ ਪੈਸੇ ਨਾਲ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਦੁਆਰਾ ਪੰਜਾਬ ਦੇ ਬੱਚਿਆਂ ਨੂੰ 12 ਸਪੋਰਟਸ ਵਿੱਚ ਸਪੈਸ਼ੇਲਾਈਜ਼ਡ ਟਰੇਨਿੰਗ ਵਧੀਆ ਸਹੂਲਤਾਂ ਦੇ ਕੇ ਬੈਸਟ ਇਨਫਰਾਸਟ੍ਰਕਚਰ ਰਾਹੀਂ ਦਿੱਤੀ ਜਾਵੇ। ਇਸ ਵਾਸਤੇ ਸਾਲਾਨਾ ਬਜਟ 50 ਕਰੋੜ ਰੁਪਿਆ ਜੋ ਹੈ, ਉਹ running ਦਾ ਹੋਵੇਗਾ ਜਿਹੜਾ ਕਿ ਡੈਡੀਕੇਟਿਡ ਸਪੋਰਟਸ ਫੰਡ ਰੰਨਿੰਗ ਦਾ ਹੋਵੇਗਾ। ਸੋ 27 ਕਰੋੜ ਅਤੇ 87 ਕਰੋੜ ਰੁਪਿਆ ਮਿਲਾ ਕੇ ਕੁੱਲ 110 ਕਰੋੜ ਰੁਪਏ ਤੋਂ ਵੀ ਉਪਰ ਪੈਸਾ ਸਪੋਰਟਸ ਦੇ ਉਤੇ ਖਰਚਿਆ ਜਾਵੇਗਾ।

ਫਿਰ ਈ-ਗਵਰਨੈਂਸ ਸਹੂਲਤ ਪ੍ਰਦਾਨ ਕਰਨ ਵਾਸਤੇ ਅਸੀਂ 2174 unified ਸੈਂਟਰ ਖੋਲ੍ਹਣੇ ਹਨ। ਇਸ ਸਕੀਮ ਤਹਿਤ 500 ਕਰੋੜ ਰੁਪਏ ਰੱਖੇ ਗਏ ਹਨ ਜਿਨ੍ਹਾਂ ਨਾਲ 50 ਸਰਵਿਸਿਜ਼ ਪਿੰਡਾਂ ਅਤੇ ਮੁਹੱਲਿਆਂ ਵਿੱਚ ਲੋਕਾਂ ਨੂੰ ਪ੍ਰਦਾਨ ਹੋਣਗੀਆਂ ।

ਕੁਝ ਹੋਰ ਸਕੀਮਾਂ ਹਨ ਜਿਵੇਂ ਕਿ ਮੁੱਖ ਮੰਤਰੀ ਪੇਂਡੂ ਵਿਕਾਸ ਤੇ ਅਰਬਨ ਡਿਵੈਲਪਮੈਂਟ ਮਿਸ਼ਨ, ਵਰਲਡ ਬੈਂਕ ਫੇਸ-II ਜਿਹੜਾ ਪ੍ਰਾਜੈਕਟ ਹੈ, ਕ੍ਰਿਸੀਚੀਅਨ ਤੇ ਮੁਸਲਿਮ ਭਰਾਵਾਂ ਲਈ ਕਬਰਿਸਤਾਨ ਵਾਸਤੇ 20 ਕਰੋੜ ਰੁਪਿਆ ਰੱਖਿਆ ਹੈ। ਸੋ, ਅਜਿਹੇ ਹੋਰ ਵੀ ਕਈ ਹਨ। ਮੈਂ ਉਨ੍ਹਾਂ ਦੀ ਡਿਟੇਲ ਵਿੱਚ ਜਾਣਾ ਨਹੀਂ ਚਾਹੁੰਦਾ ਕਿਉਂਕਿ ਬਜਟ ਦੇ ਵਿੱਚ ਸਾਰਾ ਪੜ੍ਹ ਹੀ ਲਿਆ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਇਸ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਇਸ ਸਾਲ ਦਾ ਜਿਹੜਾ ਸਾਡਾ ਟੀਚਾ ਹੈ, ਜੋ ਪਲਾਨ ਪਰਫਾਰਮੈਂਸ ਹੈ, I assure this house that this year our plan performance will cross 90 per cent and ਵੈਸੇ ਮੇਰੀ ਕੋਸ਼ਿਸ਼ ਤਾਂ ਇਹੀ ਹੈ ਕਿ ਇਹ 100 ਪ੍ਰਤੀਸ਼ਤ ਹੋਵੇ (ਰੂਲਿੰਗ ਬੈਂਚਿਜ਼ ਵੱਲੋਂ ਥੰਪਿੰਗ) I am hopeful that it will be 100 per-cent. (thumping) but still to be on the safer side I want to give an assurance, ਮੈਂ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਆਉਣ ਵਾਲੇ ਸਾਲ ਵਿੱਚ 90 ਪਰਸੈਂਟ ਤੋਂ ਉਪਰ ਪਲਾਨ ਪਰਫਾਰਮੈਂਸ ਨੂੰ ਲੈ ਕੇ ਜਾਵਾਂਗੇ।

ਸਪੀਕਰ ਸਾਹਿਬ, ਬਾਕੀ ਸਾਡੇ ਕੁਝ ਮੈਂਬਰ ਸਾਹਿਬਾਨ ਨੇ ਜਿਹੜੇ ਇਸ਼ੂ ਰੇਜ਼ ਕੀਤੇ ਸੀ, ਉਸ ਦੇ ਬਾਰੇ ਵੀ ਮੈਂ ਵਾਰੀ ਵਾਰੀ ਡਿਸਕਸ ਕਰਦਾ ਹਾਂ। ਇੱਕ ਤਾਂ ਜਾਖੜ ਸਾਹਿਬ ਨੇ ਹੀ ਕਿਹਾ ਸੀ ਕਿ ਸਬਸਿਡੀ ਦੇ ਜਿਹੜੇ ਫਿਗਰਜ਼ ਹਨ, ਉਹ ਕੁਝ ਹੋਰ ਹਨ ਤੇ ਤੁਸੀਂ ਕੁਝ ਹੋਰ ਬੋਲੇ ਹਨ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਗੌਰਮਿੰਟ ਦੀ ਸਬਸਿਡੀ ਹੈ, ਇਹ ਕੁਝ ਤਾਂ ਕੈਸ਼ ਵਿੱਚ ਪੇਅ ਕਰਦੇ ਹਾਂ। ਇਹ ਪੰਜਾਬ ਪਾਵਰਕੌਮ ਨੂੰ ਕੀਤੀ ਜਾਂਦੀ ਹੈ। ਕੁਝ ਸਾਡਾ ਪੈਸਾ, ਸਾਨੂੰ ਇਲੈਕਟ੍ਰੀਸਿਟੀ ਡਿਊਟੀ ਜਿਹੜੀ ਗੌਰਮਿੰਟ ਦੀ ਇਕੱਠੀ ਹੁੰਦੀ ਹੈ, ਉਹ ਅਸੀਂ ਉਨ੍ਹਾਂ ਨੂੰ ਰਾਈਟ ਆਫ ਕਰਵਾ ਦਿੰਦੇ ਹਾਂ। ਉਹ ਐਡਜਸਟਮੈਂਟ ਕਰ ਲੈਂਦੇ ਹਨ। ਸੋ, ਜਿਹੜੀ ਤਾਂ ਇਲੈਕਟ੍ਰੀਸਿਟੀ ਡਿਊਟੀ ਦੀ ਐਡਜਸਟਮੈਂਟ ਹੈ ਤੇ ਨਾਲ ਅਸੀਂ ਜਿਹੜੇ ਗਰੀਬ ਪਰਿਵਾਰ ਹਨ ਉਨ੍ਹਾਂ ਨੂੰ 200 ਯੂਨਿਟ ਬਿਜਲੀ ਦੇ ਮਾਫ ਕਰਦੇ ਹਾਂ, ਅਸੀਂ ਉਨ੍ਹਾਂ ਦਾ ਉਹ ਖਰਚਾ ਤਾਂ ਪਾਵਰ ਸੈਕਟਰ ਵਿੱਚ ਪਾ ਦਿੱਤਾ । ਬਾਕੀ ਜਿਹੜਾ ਬੈਲੰਸ ਹੈ, ਉਹ ਐਗਰੀਕਲਚਰ ਵਿੱਚ ਪਾ ਕੇ ਜਿਹੜਾ ਟੋਟਲ ਪੈਸਾ ਹੈ, ਇਹ 5400 ਕਰੋੜ ਦੇ ਕਰੀਬ ਹੈ, ਇਹ ਉਤਨਾ ਹੀ ਰਹੇਗਾ । ਉਸ ਨੂੰ ਅਸੀਂ ਦੋ ਡਿਫਰੈਂਟ ਹੈੱਡਜ਼ ਦੇ ਵਿੱਚ ਐਡਜਸਟ ਕੀਤਾ ਹੈ।

**ਸ਼੍ਰੀ ਸੁਨੀਲ ਜਾਖੜ:** ਦੋਨੋਂ ਪਾਸੇ ਤਾਂ ਨਹੀਂ ਕਰ ਲੈਂਦੇ? ਉਥੇ ਉਨ੍ਹਾਂ ਨੂੰ ਰਾਈਟ ਆਫ ਕਰਵਾ ਲੈਂਦੇ ਹੋਵੋਗੇ ਤੇ ਇੱਧਰ ਰੈਵੇਨਿਊ ਵਿੱਚ ਪਾ ਕੇ ਵਿਖਾ ਦਿੰਦੇ ਹੋਵੋਗੇ। ਜਿਹੜਾ ਕੈਗ ਨੇ ਇੰਡਿਕਟ ਕੀਤਾ ਹੈ, The CAG has indicated you because you are very capable of adjusting both sides.

**ਵਿੱਤ ਮੰਤਰੀ :** ਜਾਖੜ ਸਾਹਿਬ, ਜੇਕਰ ਮੈਂ ਤੁਹਾਨੂੰ ਕਾਗਜ਼ ਵੀ ਵਿਖਾ ਦਿਆਂਗਾ ਤਾਂ ਤੁਸੀਂ ਕਹਿ ਦਿਉਗੇ ਕਿ ਇਹ ਝੂਠੇ ਹਨ, ਤੁਸੀਂ ਐਵੇਂ ਚੁੱਕੀ ਫਿਰਦੇ ਹੋ। ਸਪੀਕਰ ਸਾਹਿਬ, ਜਿਹੜੀ ਮੈਂ ਇੱਥੇ ਸਟੇਟਮੈਂਟ ਦੇ ਰਿਹਾ ਹਾਂ, ਇਹ ਗਲਤ ਨਹੀਂ ਹੋ ਸਕਦੀ । ਜਾਖੜ ਸਾਹਿਬ, ਜੋ ਮੈਂ ਹਾਊਸ ਵਿੱਚ ਸਟੇਟਮੈਂਟ ਦੇ ਰਿਹਾ ਹਾਂ, ਜੇ ਤੁਹਾਨੂੰ ਉਸ ਦੇ ਉਤੇ ਵਿਸ਼ਵਾਸ ਨਹੀਂ ਫਿਰ ਮੈਂ ਇਸ ਦਾ ਤੁਹਾਨੂੰ ਕੀ ਜਵਾਬ ਦੇ ਸਕਦਾ ਹਾਂ ? ਤੁਸੀਂ ਮੰਨਣ ਨੂੰ ਤਿਆਰ ਨਹੀਂ ਹੋ, ਮੈਂ ਤੁਹਾਨੂੰ ਮਨਾ ਵੀ ਨਹੀਂ ਸਕਦਾ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜਾ ਵੈਟ ਰਿਫੰਡ ਦੀ ਗੱਲ ਕੀਤੀ ਹੈ, ਉਸ ਬਾਰੇ ਵੀ ਮੈਂ ਦੱਸਦਾ ਹਾਂ ਕਿ ਡਿਪਟੀ ਸੀ.ਐਮ. ਸਾਹਿਬ ਨੇ ਸਪੈਸ਼ਲੀ ਕੀਤਾ ਹੈ ਕਿ ਜਿਹੜਾ ਵੈਟ ਰਿਫੰਡ ਹੈ, ਉਹ ਖਜ਼ਾਨੇ ਵਿੱਚੋਂ ਨਹੀਂ ਜਾਣਾ, ਜੋ ਐਡਵਾਂਸ ਟੈਕਸ ਆਉਂਦਾ ਹੈ, ਉਸ ਦੇ ਵਾਸਤੇ ਸੈਪਰੇਟ ਅਕਾਊਂਟ ਬਣਾ ਦਿੱਤਾ ਹੈ, ਐਡਵਾਂਸ ਟੈਕਸ ਪਹਿਲਾਂ ਉਸ ਵਿੱਚ ਜਮ੍ਹਾਂ ਹੋਵੇਗਾ ਤੇ ਉਸ ਵਿੱਚੋਂ ਹੀ ਰਿਫੰਡ ਜਾਵੇਗਾ, ਫਿਰ ਉਹ ਖਜ਼ਾਨੇ ਵਿੱਚ ਆਵੇਗਾ। ਉਸ ਨੂੰ ਸਿੰਪਲੀਫਾਈ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਨੂੰ ਲੱਗਦਾ ਹੈ ਕਿ ਇਹ ਪਹਿਲੀ ਵਾਰ ਕਿਸੇ ਸਟੇਟ ਨੇ ਕੀਤਾ ਹੈ ਕਿ ਜਿਹੜਾ ਵੈਟ ਰਿਫੰਡ ਹੈ, ਉਹ ਕੰਸੋਲੀਡੇਟਿਡ ਫੰਡ ਵਿੱਚੋਂ ਜਾਂਦਾ ਹੈ ਅਤੇ ਅਜਿਹਾ ਇਸ ਵਾਸਤੇ ਕੀਤਾ ਹੈ ਤਾਂ ਕਿ ਰਿਫੰਡ ਵਿੱਚ ਕੋਈ ਦੇਰੀ ਨਾ ਹੋਵੇ, ਇਸ ਲਈ ਉਸ ਵਾਸਤੇ ਡੈਡੀਕੇਟਿਡ ਸਿਸਟਮ ਬਣਾ ਦਿੱਤਾ ਹੈ।

ਇੱਕ ਵਡਾਲਾ ਸਾਹਿਬ ਨੇ ਐਨ.ਆਰ.ਆਈ. ਸਕੀਮ ਦੀ ਗੱਲ ਕੀਤੀ ਸੀ, ਉਸ ਦੇ ਵਾਸਤੇ ਅਸੀਂ ਸਾਢੇ 5 ਕਰੋੜ ਰੁਪਿਆ ਇਸ ਸਾਲ ਰੱਖਿਆ ਹੈ ਤੇ ਜੇ ਕੋਈ ਵੀ ਤੁਹਾਡੇ ਕੋਲ ਐਨ.ਆਰ.ਆਈ. ਹੈ ਤੇ ਇਸ ਸਕੀਮ ਤੋਂ ਫਾਇਦਾ ਲੈਣਾ ਚਾਹੁੰਦੇ ਹਨ they are always welcome. ਜੇ ਇਸ ਤੋਂ ਬਾਅਦ ਵੀ ਬਜਟ ਦੀ ਕੋਈ ਐਲੋਕੇਸ਼ਨ ਵਧਾਉਣੀ ਪਵੇ ਤਾਂ during the course of the year ਕੀਤਾ ਜਾ ਸਕਦਾ ਹੈ ।

ਇੱਕ ਭਗਤ ਪੂਰਨ ਸਿੰਘ ਬੀਮਾ ਯੋਜਨਾ ਦੇ ਬਾਰੇ ਤੁਸੀਂ ਖਦਸ਼ਾ ਜ਼ਾਹਿਰ ਕੀਤਾ ਹੈ। ਮੈਂ ਇਹ ਵੀ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਜਿਹੜੀ ਬੀਮੇ ਦੀ ਯੋਜਨਾ ਹੈ, ਇਸ ਨੂੰ ਸੌ ਫੀਸਦੀ ਲਾਗੂ ਕਰਾਂਗੇ, 50 ਦਾ 50 ਕਰੋੜ ਰੁਪਿਆ ਅਸੀਂ ਜਿਹੜਾ ਐਲੋਕੇਟ ਕੀਤਾ ਹੈ, ਉਹ ਖਰਚਾਂਗੇ । ਤੁਹਾਨੂੰ ਇਸ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ।

ਜਾਖੜ ਸਾਹਿਬ, ਇੱਕ ਇਹ ਗੱਲ ਹੈ ਕਿ ਕਈ ਚੀਜ਼ਾਂ ਨੂੰ ਤੁਸੀਂ ਆਪ ਸੈਂਸੇਸ਼ਨਲਾਈਜ਼ ਕਰ ਦਿੰਦੇ ਹੋ। ਜਿਵੇਂ ਕਹਿੰਦੇ ਹਨ make a mountain out of mole hill. ਇੱਥੇ ਕਮੋਡਟੀਜ਼ ਪ੍ਰਾਈਸ ਦੀ ਗੱਲ ਕੀਤੀ ਗਈ ਹੈ ਕਿ ਇਹ ਭਾਅ ਘੱਟ ਰਹੇ ਹਨ। ਤੁਹਾਨੂੰ ਵੀ ਪਤਾ ਹੈ, ਤੁਸੀਂ ਸਾਰੇ ਜਾਣਦੇ ਹੋ ਕਿ ਇਸ ਵਿੱਚ ਹਿੰਦੁਸਤਾਨ ਦੀ ਸਰਕਾਰ ਦਾ ਕੋਈ ਰਿਲੇਸ਼ਨ ਨਹੀਂ। ਪੂਰੀ ਦੁਨੀਆਂ ਵਿੱਚ ਕਮੋਡਟੀਜ਼ ਪ੍ਰਾਈਸਿਜ਼ ਘੱਟ ਰਹੀਆਂ ਹਨ ਕਿ ਨਹੀਂ? ਇਹ ਉਸੇ ਦਾ ਪ੍ਰਭਾਵ ਹੈ ਕਿ ਸ਼ੂਗਰਕੇਨ, ਮੇਜ਼, ਵ੍ਹੀਟ, ਰਾਈਸ, ਬਾਸਮਤੀ ਹਰ ਚੀਜ਼ ਦੀ ਕਮੋਡਟੀ ਪ੍ਰਾਈਸ ਦੁਨੀਆਂ ਵਿੱਚ ਘੱਟ ਰਹੀ ਹੈ। ਸਿਰਫ਼ ਜਿਨ੍ਹਾਂ ਤੇ ਐਮ.ਐਸ.ਪੀ. ਲਾਗੂ ਹੈ ਜਿਵੇਂ ਵ੍ਹੀਟ ਅਤੇ ਰਾਈਸ ਹਨ, ਉਹੀ ਇਸ ਤੋਂ ਬਚੇ ਹਨ। ਬਾਕੀ all other things are governed by international prices. ਇਸ ਬਾਰੇ ਸਾਨੂੰ ਕਹਿਣਾ ਠੀਕ ਨਹੀਂ। ਕੱਲ੍ਹ ਨੂੰ ਤਾਂ ਇਹ ਪ੍ਰਾਈਸ ਉੱਤੇ ਵੀ ਚਲੇ ਜਾਣਗੇ, ਜੇ ਭਾਅ ਵਧਣਗੇ, ਫੇਰ ਤੁਸੀਂ ਸਰਕਾਰ ਨੂੰ ਕੀ ਕ੍ਰੈਡਿਟ ਦਿਓਗੇ? ਇਸ ਲਈ ਮੈਂ ਸਮਝਦਾ ਹਾਂ ਕਿ ਵਧਾ-ਚੜ੍ਹਾ ਕੇ ਗੱਲ ਨਾ ਕਰੀਏ।

ਸਪੀਕਰ ਸਾਹਿਬ, ਸਮਾਂ ਬਹੁਤ ਹੋ ਗਿਆ ਹੈ। ਹੁਣ ਤਾਂ ਸਾਰੇ ਮੈਂਬਰ ਸਾਹਿਬ ਵੀ ਕਹਿ ਰਹੇ ਹਨ ਕਿ ਇਸ ਨੂੰ ਵਾਈਂਡ ਅੱਪ ਕਰੀਏ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕੋ ਗੱਲ ਦਾ ਵਿਸ਼ਵਾਸ ਦਿਵਾ ਸਕਦਾ ਹਾਂ ਕਿ ਇਹ ਜਿਹੜਾ ਬਜਟ ਹੈ, ਇਹ ਵਿਕਾਸਮੁਖੀ ਹੈ। ਇਹ ਸੂਬੇ ਨੂੰ ਤਰੱਕੀ ਵੱਲ ਲੈ ਕੇ ਜਾਵੇਗਾ ਅਤੇ ਹਰ ਵਰਗ ਦੀਆਂ ਆਸਾਂ ਤੇ ਪੂਰਾ ਉਤਰੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਜਟ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। (ਥੰਪਿੰਗ)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਸਾਰੀਆਂ ਡਿਮਾਂਡਜ਼ ਇਕੱਠੀਆਂ ਲੈ ਲਈਆਂ ਜਾਣ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਮੈਂ ਜ਼ਿਆਦਾ ਲੰਬੀ ਗੱਲ

[ ਸਰਦਾਰ ਲਾਲ ਸਿੰਘ ]

ਨਹੀ ਕਰਨੀ। ਸਿਰਫ਼ ਇੱਕ ਕਲੈਰੀਫਿਕੇਸ਼ਨ ਹੈ। ਮੰਤਰੀ ਜੀ ਕਹਿ ਰਹੇ ਹਨ ਕਿ ਸਿੱਖਿਆ ਵਾਸਤੇ ਇੰਨਾ ਰੱਖਿਆ ਹੈ, ਹੈਲਥ ਵਾਸਤੇ ਇੰਨੀ ਐਲੋਕੇਸ਼ਨ ਕੀਤੀ ਗਈ ਹੈ, ਮੈਨੂੰ ਇੰਨਾ ਦੱਸ ਦਿਓ ਕਿ ਜਿਹੜਾ ਤੁਸੀਂ 17,500 ਕਰੋੜ ਰੁਪਿਆ ਵੇਜ਼ ਐਂਡ ਮੀਨਜ਼ ਵਾਸਤੇ ਸ਼ੋਅ ਕੀਤਾ ਹੈ, ਇਹ ਕਿੱਥੋਂ ਆਵੇਗਾ? ਕਿਉਂਕਿ ਜੇਕਰ ਉਹ ਐਡਵਾਂਸ ਵਿੱਚ ਆਵੇਗਾ ਤਾਂ ਹੀ ਸਾਰੇ ਕੰਮ ਹੋਣਗੇ ਵਰਨਾ ਇਹ ਸਾਰੀ ਜ਼ੁਬਾਨੀ ਜਮ੍ਹਾਂ-ਖਰਚੀ ਹੈ। ਇਸ ਵਿੱਚ ਕੁਝ ਨਹੀਂ ਲੱਭਣਾ। ਸਾਨੂੰ ਥੋੜ੍ਹਾ ਜਿਹਾ ਦੱਸ ਦਿਓ ਕਿ ਜਿਹੜਾ ਘਾਟਾ ਹੈ, ਇਹ ਕਿੱਥੋਂ ਪੂਰਾ ਕਰੋਗੇ? ਤੁਸੀਂ ਇਹ ਵੀ ਦੱਸੋ ਕਿ ਕੋਈ ਨਵਾਂ ਟੈਕਸ ਤਾਂ ਨਹੀਂ ਲਗਾਓਗੇ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਸਰਦਾਰ ਲਾਲ ਸਿੰਘ ਫਾਈਨਾਂਸ ਮਨਿਸਟਰ ਰਹੇ ਹਨ ਅਤੇ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਵੇਜ਼ ਐਂਡ ਮੀਨਜ਼ ਕਿੱਥੋਂ ਆਉਣਗੇ ਅਤੇ ਕਿੱਥੇ ਜਾਣਗੇ? (ਹਾਸਾ) ਕੋਈ ਹੋਰ ਬੰਦਾ ਪੁੱਛੇ ਤਾਂ ਅਸੀਂ ਸਮਝ ਸਕਦੇ ਹਾਂ। ਸਰਦਾਰ ਲਾਲ ਸਿੰਘ ਜੀ, ਵੇਜ਼ ਐਂਡ ਮੀਨਜ਼ ਕੀ ਹਨ? (ਵਿਘਨ) ਮੇਰੀ ਗੱਲ ਤਾਂ ਸੁਣ ਲਓ। ਰਿਜ਼ਰਵ ਬੈਂਕ ਕੋਲ ਸੂਬੇ ਦਾ ਅਕਾਊਂਟ ਹੁੰਦਾ ਹੈ, ਜਦੋਂ ਅਸੀਂ ਪੈਸੇ ਜਮ੍ਹਾਂ ਕਰਵਾਉਂਦੇ ਹਾਂ ਤਾਂ ਅਕਾਊਂਟ ਪਾਜ਼ੇਟਿਵ ਚਲਾ ਜਾਂਦਾ ਹੈ ਅਤੇ ਜਦੋਂ ਵਿਦਡਰਾਅ ਕਰਦੇ ਹਾਂ (ਸਰਦਾਰ ਲਾਲ ਸਿੰਘ ਵੱਲੋਂ ਵਿਘਨ) ਹੁਣ ਤੁਸੀਂ ਜਵਾਬ ਦੇਣ ਨਹੀਂ ਦਿੰਦੇ। ਗੱਲ ਤਾਂ ਸੁਣ ਲਓ। ਮੈਂ ਇਸੇ ਕਰਕੇ ਗੱਲ ਕੀਤੀ ਸੀ ਕਿ ਐਕਚੂਅਲ ਬਜਟ 61,000 ਕਰੋੜ ਰੁਪਏ ਦਾ ਹੈ। ਸਾਨੂੰ ਵੇਜ਼ ਐਂਡ ਮੀਨਜ਼ ਇਸ ਕਰਕੇ ਸ਼ੋਅ ਕਰਨੇ ਪੈਂਦੇ ਹਨ ਕਿਉਂਕਿ ਅਸੀਂ ਲੈਂਦੇ ਵੀ ਹਾਂ ਅਤੇ ਹਫ਼ਤੇ ਜਾਂ ਦਸ ਦਿਨ ਬਾਅਦ ਅਤੇ ਵੱਧ ਤੋਂ ਵੱਧ 14 ਦਿਨ ਬਾਅਦ ਆਰ.ਬੀ.ਆਈ. ਨੂੰ ਉਹ ਅਮਾਊਂਟ ਮੋੜ ਵੀ ਦਿੰਦੇ ਹਾਂ। ਉਹ ਸਿਰਫ਼ ਇੱਕ ਟ੍ਰਾਂਸਜੈਕਸ਼ਨ ਹੈ।

**ਸਰਦਾਰ ਲਾਲ ਸਿੰਘ** : ਫੇਰ ਤੁਸੀਂ ਟੈਕਸ ਤਾਂ ਨਹੀਂ ਲਗਾਓਗੇ?

**ਵਿੱਤ ਮੰਤਰੀ** : ਵੇਜ਼ ਐਂਡ ਮੀਨਜ਼ ਦਾ ਟੈਕਸ ਨਾਲ ਕੀ ਸਬੰਧ ਹੈ? ਅਸੀਂ ਆਰ.ਬੀ.ਆਈ. ਨੂੰ 14 ਦਿਨ ਵਿੱਚ ਪੈਸੇ ਮੋੜ ਦਿੰਦੇ ਹਾਂ। ਐਂਟਰੀ ਸਾਨੂੰ ਸ਼ੋਅ ਕਰਨੀ ਪੈਂਦੀ ਹੈ। ਇਹ ਸਿਰਫ਼ ਇੱਕ ਟ੍ਰਾਂਸਜੈਕਸ਼ਨ ਹੈ।

**ਸ਼੍ਰੀ ਸੁਨੀਲ ਜਾਖੜ** : ਸਪੀਕਰ ਸਾਹਿਬ, ਇਨ੍ਹਾਂ ਨੇ ਬਹੁਤ ਵੱਡੀ ਗੱਲ ਕਰ ਦਿੱਤੀ ਹੈ। ਇਨ੍ਹਾਂ ਨੇ ਸਰਦਾਰ ਲਾਲ ਸਿੰਘ ਜੀ ਨੂੰ ਚੈਲੰਜ ਕੀਤਾ ਹੈ, of course he knows ways and means ਪਰ ਜਿਹੜੀ ਆਰ.ਬੀ.ਆਈ. ਵਾਲੀ ਗੱਲ

ਕੀਤੀ ਹੈ, ਜਿਹੜੇ ਬਹੁਤ ਚੁਸਤ ਹੁੰਦੇ ਹਨ, ਜਿਨ੍ਹਾਂ ਨੂੰ ਇਹ ਬਾਣੀਏ ਕਹਿੰਦੇ ਹਨ, ਉਹ ਆਪਣਾ ਸਰਕਲ ਰੱਖਦੇ ਹਨ। ਜਿਹੜਾ 16,000 ਕਰੋੜ ਰੁਪਿਆ ਹੈ, ਉਹ ਤੁਸੀਂ ਆਪਣਾ ਰੈਵੇਨਿਊ ਟੇਕ ਕਰ ਰੱਖਿਆ ਹੈ। ਇਹ ਤੁਸੀਂ ਪਰਦੇ ਵਿੱਚ ਕਰਦੇ ਹੋ। ਤੁਸੀਂ ਕਦੀ ਅੱਜ ਤੱਕ ਸੁਣਿਆ ਹੈ, ਬਜਟ ਇਨ੍ਹਾਂ ਦਾ 16,000 ਕਰੋੜ ਰੁਪਏ ਦਾ ਹੈ। ਇਹ ਅਸਲ ਵਿੱਚ ਇਨ੍ਹਾਂ ਦੀ ਦੇਣਦਾਰੀ ਹੈ। (ਵਿਘਨ)( ਸ਼ੋਰ)

**ਵਿੱਤ ਮੰਤਰੀ :** ਮੇਰੀ ਗੱਲ ਸੁਣੋ, ਮੈਂ ਤੁਹਾਨੂੰ ਚੈਲੰਜ ਕਰਦਾ ਹਾਂ ਕਿ ਜਿੰਨਾ ਅਸੀਂ ਰੈਵੇਨਿਊ ਸ਼ੋਅ ਕੀਤਾ ਹੈ, ਉਤਨਾ ਹੀ ਹੋਵੇਗਾ।

**ਸ਼੍ਰੀ ਸੁਨੀਲ ਜਾਖੜ :** ਤੁਹਾਡੀ ਦੇਣਦਾਰੀ ਤਾਂ ਹੈ। ਇਹ ਤੁਸੀਂ ਕਿੱਥੋਂ ਮੋੜੋਗੇ?(ਵਿਘਨ, ਸ਼ੋਰ)

**ਵਿੱਤ ਮੰਤਰੀ :** ਸਾਡੀ ਕੋਈ ਦੇਣਦਾਰੀ ਨਹੀਂ ਹੈ।

**Shri Sunil Jakhar :** That is part of your debt. (ਵਿਘਨ) (ਸ਼ੋਰ)

**ਵਿੱਤ ਮੰਤਰੀ :** ਡੈੱਟ ਤਾਂ ਹੈ ਜੇਕਰ ਅਸੀਂ ਅਗਲੇ ਸਾਲ ਕੈਰੀ ਓਵਰ ਕਰੀਏ। ਸਪੀਕਰ ਸਾਹਿਬ, ਮੈਨੂੰ ਦੁੱਖ ਹੁੰਦਾਂ ਹੈ ਕਿ ਇਹ ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਤੁਹਾਨੂੰ ਵੀ ਪਤਾ ਹੈ ਕਿ ਅਸਲ ਵਿੱਚ ਕੀ ਹੈ। ਜੋ ਅਗਲੇ ਸਾਲ ਵਿੱਚ ਕੈਰੀ ਓਵਰ ਹੋਵੇਗਾ, ਉਹ ਤੁਸੀਂ ਕਹਿ ਸਕਦੇ ਹੋ। ਉਹ ਅਸੀਂ ਕਿਹਾ ਹੈ ਕਿ 125 ਕਰੋੜ ਰੁਪਿਆ ਨੈਕਸਟ ਈਅਰ ਵਿੱਚ ਕੈਰੀ ਓਵਰ ਹੋਵੇਗਾ, that is what is the negative balance. ਜਿਹੜਾ ਬਾਕੀ ਹੈ, that is only a transaction, one on revenue and one on expenditure account, ਇਹ ਐਕਚੂਅਲ ਰੈਵੇਨਿਊ ਐਂਡ ਐਕਚੂਅਲ ਐਕਸਪੈਂਡੀਚਰ ਹੈ।

**ਮਾਨਯੋਗ ਸਪੀਕਰ :** ਧੰਨਵਾਦ ਜੀ।

---------

## FINANCIAL BUSINESS

**Discussion and Voting on Demands for Grants Relating to the Budget Estimates for the Year 2015-16.**

**ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2015-16 ਲਈ ਬਜਟ ਅਨੁਮਾਨਾਂ ਨਾਲ ਸਬੰਧਿਤ ਗਰਾਂਟਾਂ ਲਈ ਮੰਗਾਂ ਪੇਸ਼ ਕਰਦਾ ਹਾਂ।

**Discussion and Voting on Demands for Grants Relating to the Budget Estimates for the Year 2015-16.**

**ਮਾਨਯੋਗ ਸਪੀਕਰ :** ਸਦਨ ਦੀ ਬਹਿਸ ਅਤੇ ਵੋਟਿੰਗ ਲਈ ਸਾਲ 2015-16 ਲਈ ਬਜਟ ਅਨੁਮਾਨਾਂ ਨਾਲ ਸਬੰਧਿਤ ਗਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਮੰਗ ਨੰਬਰ 1 ਤੋਂ 30 ਤੱਕ, ਜੋ ਅੱਜ ਦੀ ਕਾਰਜਸੂਚੀ ਵਿੱਚ ਦਰਜ ਹਨ, ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਸਮਝੀਆਂ ਜਾਣ ਅਤੇ ਇਹ ਮੰਗਾਂ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ।

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮੰਗ ਨੰ: 1**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 37561844000 ਰੁਪਏ ਅਤੇ ਪੂੰਜੀਗਤ ਲੇਖੇ ਤੇ 19773000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 4658443000 ਰੁਪਏ ਅਤੇ ਪੂੰਜੀਗਤ ਲੇਖੇ ਤੇ 388528000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 921209000 ਰੁਪਏ ਅਤੇ ਪੂੰਜੀਗਤ ਲੇਖੇ ਤੇ 6800000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 366673000 ਰੁਪਏ ਅਤੇ ਪੂੰਜੀਗਤ ਲੇਖੇ ਤੇ 342160000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 5**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 89848485000 ਰੁਪਏ ਅਤੇ ਪੂੰਜੀਗਤ ਲੇਖੇ ਤੇ 2503121000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 978753000 ਰੁਪਏ ਤੋਂ ਵੱਧ ਨਾ ਹੋਵੇ,ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:7**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1571698000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ:8**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 172250023000 ਰੁਪਏ ਅਤੇ ਪੂੰਜੀਗਤ ਲੇਖੇ ਤੇ 212338452000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5704154000 ਰੁਪਏ ਅਤੇ ਪੂੰਜੀਗਤ ਲੇਖੇ ਤੇ 490000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:10**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2327678000 ਰੁਪਏ ਅਤੇ ਪੂੰਜੀਗਤ ਲੇਖੇ ਤੇ 281100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 31307360000 ਰੁਪਏ ਅਤੇ ਪੂੰਜੀਗਤ ਲੇਖੇ ਤੇ 39883000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:12**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 55452462000 ਰੁਪਏ ਅਤੇ ਪੂੰਜੀਗਤ ਲੇਖੇ ਤੇ 929246000 ਰੁਪਏ ਤੋਂ ਵੱਧ ਨਾ ਹੋਵੇ,

ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:13**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2467271000 ਰੁਪਏ ਅਤੇ ਪੂੰਜੀਗਤ ਲੇਖੇ ਤੇ 110042000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:14**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 667200000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 43098503000 ਰੁਪਏ ਅਤੇ ਪੂੰਜੀਗਤ ਲੇਖੇ ਤੇ 10755100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 535770000 ਰੁਪਏ ਅਤੇ ਪੂੰਜੀਗਤ ਲੇਖੇ ਤੇ 55000000 ਰੁਪਏ ਤੋਂ ਵੱਧ ਨਾ ਹੋਵੇ,ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ: 17**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 8879906000 ਰੁਪਏ ਅਤੇ ਪੂੰਜੀਗਤ ਲੇਖੇ ਤੇ 703256000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 172612000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:19**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 592591000 ਰੁਪਏ ਅਤੇ ਪੂੰਜੀਗਤ ਲੇਖੇ ਤੇ 7136300000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇੱਕ ਰਕਮ ਜੋ ਮਾਲੀਆ ਲੇਖੇਂ ਤੇ 0 ਰੁਪਏ ਅਤੇ ਪੂੰਜੀਗਤ ਲੇਖੇ ਤੇ 0 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 21**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 10486510000 ਰੁਪਏ

ਅਤੇ ਪੂੰਜੀਗਤ ਲੇਖੇ ਤੇ 19068500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

## ਮੰਗ ਨੰ: 22

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 12614156000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

## ਮੰਗ ਨੰ: 23

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 9878247000 ਰੁਪਏ ਅਤੇ ਪੂੰਜੀਗਤ ਲੇਖੇ ਤੇ 1251800000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

## ਮੰਗ ਨੰ: 24

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 64580000 ਰੁਪਏ ਅਤੇ ਪੂੰਜੀਗਤ ਲੇਖੇ ਤੇ 100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

## ਮੰਗ ਨੰ: 25

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 26105833000 ਰੁਪਏ ਅਤੇ ਪੂੰਜੀਗਤ ਲੇਖੇ ਤੇ 1693932000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ

[ ਮਾਨਯੋਗ ਸਪੀਕਰ ]

ਸੁਰੱਖਿਆ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 359720000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2854490000 ਰੁਪਏ ਅਤੇ ਪੂੰਜੀਗਤ ਲੇਖੇ ਤੇ 798601000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 171685000 ਰੁਪਏ ਅਤੇ ਪੂੰਜੀਗਤ ਲੇਖੇ ਤੇ 1570000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 3893805000 ਰੁਪਏ ਅਤੇ ਪੂੰਜੀਗਤ ਲੇਖੇ ਤੇ 70250000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 440372000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਜੇਕਰ ਮਾਨਯੋਗ ਮੈਂਬਰ ਸਾਹਿਬਾਨ ਸਹਿਮਤ ਹੋਣ ਤਾਂ ਇਹ ਸਾਰੀਆਂ ਮੰਗਾਂ ਸਦਨ ਦੀ ਵੋਟ ਲਈ ਇਕੱਠੀਆਂ ਹੀ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

**ਮੰਗ ਨੰ: 1**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 37561844000 ਰੁਪਏ ਅਤੇ ਪੂੰਜੀਗਤ ਲੇਖੇ ਤੇ 19773000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 2**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 4658443000 ਰੁਪਏ ਅਤੇ ਪੂੰਜੀਗਤ ਲੇਖੇ ਤੇ 388528000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 3**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 921209000 ਰੁਪਏ ਅਤੇ ਪੂੰਜੀਗਤ ਲੇਖੇ ਤੇ 6800000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ

[ ਮਾਨਯੋਗ ਸਪੀਕਰ ]

ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਹਿਕਾਰਤਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 4**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 366673000 ਰੁਪਏਂ ਅਤੇ ਪੂੰਜੀਗਤ ਲੇਖੇ ਤੇ 342160000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰੱਖਿਆ ਸੇਵਾਵਾਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 5**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 89848485000 ਰੁਪਏ ਅਤੇ ਪੂੰਜੀਗਤ ਲੇਖੇ ਤੇ 2503121000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੱਖਿਆ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 6**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 978753000 ਰੁਪਏ ਤੋਂ ਵੱਧ ਨਾ ਹੋਵੇ,ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੋਣਾਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:7**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 1571698000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:8**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 172250023000 ਰੁਪਏ ਅਤੇ ਪੂੰਜੀਗਤ ਲੇਖੇ ਤੇ 21233845200 ਰੁਪਏ ਤੋਂ ਵੱਧ ਨਾ

ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਵਿੱਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 9**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 5704154000 ਰੁਪਏ ਅਤੇ ਪੂੰਜੀਗਤ ਲੇਖੇ ਤੇ 490000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:10**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2327678000 ਰੁਪਏ ਅਤੇ ਪੂੰਜੀਗਤ ਲੇਖੇ ਤੇ 281100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਆਮ ਪ੍ਰਸ਼ਾਸਨ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 11**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 31307360000 ਰੁਪਏ ਅਤੇ ਪੂੰਜੀਗਤ ਲੇਖੇ ਤੇ 39883000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:12**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 55452462000 ਰੁਪਏ ਅਤੇ ਪੂੰਜੀਗਤ ਲੇਖੇ ਤੇ 929246000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿੱਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ:13**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2467271000 ਰੁਪਏ ਅਤੇ ਪੂੰਜੀਗਤ ਲੇਖੇ ਤੇ 110042000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਉਦਯੋਗ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:14**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 667200000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 15**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 43098503000 ਰੁਪਏ ਅਤੇ ਪੂੰਜੀਗਤ ਲੇਖੇ ਤੇ 10755100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 16**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 535770000 ਰੁਪਏ ਅਤੇ ਪੂੰਜੀਗਤ ਲੇਖੇ ਤੇ 55000000 ਰੁਪਏ ਤੋਂ ਵੱਧ ਨਾ ਹੋਵੇ,ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਕਿਰਤ ਅਤੇ ਰੋਜ਼ਗਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 17**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 8879906000 ਰੁਪਏ ਅਤੇ ਪੂੰਜੀਗਤ ਲੇਖੇ ਤੇ 703256000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ

ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 18**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 172612000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ:19**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 592591000 ਰੁਪਏ ਅਤੇ ਪੂੰਜੀਗਤ ਲੇਖੇ ਤੇ 7136300000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਯੋਜਨਾਬੰਦੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 20**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 0 ਰੁਪਏ ਅਤੇ ਪੂੰਜੀਗਤ ਲੇਖੇ ਤੇ 0 ਰੁਪਏ ਤੋਂ ਵੱਧ ਨਾ ਹੋਵੇ,ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਪ੍ਰੋਗਰਾਮ ਲਾਗੂ ਕਰਨ ਦੇ ਸਬੰਧ ਵਿੱਚ ਕੀਤੀ ਜਾਵੇ ਗੀ।

**ਮੰਗ ਨੰ: 21**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 10486510000 ਰੁਪਏ ਅਤੇ ਪੂੰਜੀਗਤ ਲੇਖੇ ਤੇ 19068500000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਲੋਕ ਨਿਰਮਾਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

[ ਮਾਨਯੋਗ ਸਪੀਕਰ ]

**ਮੰਗ ਨੰ: 22**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 12614156000 ਰੁਪਏ ਅਤੇ ਪੂੰਜੀਗਤ ਲੇਖੇ ਤੇ 20000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਮਾਲ ਅਤੇ ਮੁੜ ਵਸੇਬਾ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 23**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 9878247000 ਰੁਪਏ ਅਤੇ ਪੂੰਜੀਗਤ ਲੇਖੇ ਤੇ 1251800000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 24**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 64580000 ਰੁਪਏ ਅਤੇ ਪੂੰਜੀਗਤ ਲੇਖੇ ਤੇ 100000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 25**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 26105833000 ਰੁਪਏ ਅਤੇ ਪੂੰਜੀਗਤ ਲੇਖੇ ਤੇ 1693932000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 26**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 359720000 ਰੁਪਏ ਤੋਂ

ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 27**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 2854490000 ਰੁਪਏ ਅਤੇ ਪੂੰਜੀਗਤ ਲੇਖੇ ਤੇ 798601000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 28**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 171685000 ਰੁਪਏ ਅਤੇ ਪੂੰਜੀਗਤ ਲੇਖੇ ਤੇ 1570000000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 29**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 3893805000 ਰੁਪਏ ਅਤੇ ਪੂੰਜੀਗਤ ਲੇਖੇ ਤੇ 70250000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਟ੍ਰਾਂਸਪੋਰਟ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮੰਗ ਨੰ: 30**

ਕਿ ਇੱਕ ਰਕਮ ਜੋ ਮਾਲੀਆ ਲੇਖੇ ਤੇ 440372000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2015-2016 ਲਈ ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ ਚੌਕਸੀ ਦੇ ਸਬੰਧ ਵਿੱਚ ਕੀਤੀ ਜਾਵੇਗੀ।

**ਮਾਨਯੋਗ ਸਪੀਕਰ :** ਸਾਲ 2015-16 ਦੇ ਬਜਟ ਅਨੁਮਾਨਾਂ ਲਈ ਮਾਲੀਆ ਪੂੰਜੀਗਤ ਲੇਖੇ ਤੇ ਕੁੱਲ 79,313,86,67,000 ਰੁਪਏ ਤੋਂ ਵੱਧ ਨਾ ਹੋਣ, ਵੱਖਰੇ ਵੱਖਰੇ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਭੇਜ ਦਿੱਤੀਆਂ ਜਾਣ।

*ਪ੍ਰਸਤਾਵ ਪ੍ਰਵਾਨ ਹੋਇਆ।*

-------------

## THE PUNJAB APPROPRIATION (No.3) BILL, 2015

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2015 ਪੇਸ਼ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 3) ਬਿਲ, 2015 ਪੇਸ਼ ਕਰਦਾ ਹਾਂ

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

> ਕਿ ਪੰਜਾਬ ਨਮਿੱਤਣ (ਨੰ: 3) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਪੰਜਾਬ ਨਮਿੱਤਣ (ਨੰ: 3) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

> ਕਿ ਪੰਜਾਬ ਨਮਿੱਤਣ (ਨੰ: 3) ਬਿਲ, 2015 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ; ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਆਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8703/03-2015(5)